3047

# ਭਾਈ ਨੰਦ ਲਾਲ ਗ੍ਰੰਥਾਵਲੀ

ਸੰਪਾਦਕ
**ਗੰਡਾ ਸਿੰਘ**

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਭਾਈ ਨੰਦ ਲਾਲ ਗ੍ਰੰਥਾਵਲੀ

ਜਿਸ ਵਿਚ ਭਾਈ ਨੰਦ ਲਾਲ ਜੀ ਗੋਯਾ ਦੀਆਂ ਫ਼ਾਰਸੀ ਲਿਖਤਾਂ ਦਾ ਪੰਜਾਬੀ ਉਲਥਾ ਅਤੇ ਪੰਜਾਬੀ ਰਚਨਾਵਾਂ ਹਨ

ਸੰਪਾਦਕ

ਗੰਡਾ ਸਿੰਘ

MATA GUJRI LIBRARY
G.T.B. GURDWARA
106 EAST PARK ROAD
LEICESTER
TEL: (0116) 276 0517

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਯੂਨੀਵਰਸਿਟੀ, ਪਟਿਆਲਾ

BHAI NAND LAL GRANTHAVALI *(Punjabi)*

*edited by*

GANDA SINGH

ISBN 81-7380-046-4

2000

ਤੀਜੀ ਵਾਰ : 1100

ਮੁੱਲ : 125-00

ਡਾ. ਬਲਬੀਰ ਸਿੰਘ ਭਾਟੀਆ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ ਮੈ. ਰਾਮ ਪ੍ਰਿੰਟੋਗ੍ਰਾਫ, ਦਿੱਲੀ ਵਿਖੇ ਛਪੀ।

# ਆਰੰਭਕ ਸ਼ਬਦ
## (ਪਹਿਲਾ ਸੰਸਕਰਣ)

ਭਾਈ ਨੰਦ ਲਾਲ ਜੀ ਦੀਆਂ ਫ਼ਾਰਸੀ ਅਤੇ ਪੰਜਾਬੀ ਰਚਨਾਵਾਂ ਦਾ ਅਸਲ ਰੂਪ ਵਿਚ ਸੰਗ੍ਰਹਿ—ਕੁੱਲੀਆਤਿ ਭਾਈ ਨੰਦ ਲਾਲ ਗੋਯਾ—ਸੰਤ ਮੋਹਨ ਸਿੰਘ ਜੀ ਮੱਲਾਕਾ (ਮਲੇਸ਼ੀਆ) ਅਤੇ ਸਰਦਾਰ ਜੋਗਿੰਦਰ ਸਿੰਘ ਜੀ, ਐਮ. ਐਸ. (ਐੱਡ.), ਤੰਜੋਂਗ-ਮਾਲਿਮ ਦੀ ਇੱਛਾ ਅਤੇ ਪ੍ਰੇਰਨਾ ਅਨੁਸਾਰ ਜੁਲਾਈ 1963 ਵਿਚ ਪ੍ਰਕਾਸ਼ਤ ਕੀਤਾ ਗਿਆ ਸੀ। ਇਸ ਨਾਲ ਭਾਈ ਸਾਹਿਬ ਦੀਆਂ ਕੁੱਲ ਪ੍ਰਾਪਤ ਲਿਖਤਾਂ ਇਕ ਸੰਚੇ ਵਿਚ ਇਕੱਠੀਆਂ ਹੋ ਗਈਆਂ। ਪਰ ਇਨ੍ਹਾਂ ਦਾ ਬਹੁਤ ਰਸ ਫ਼ਾਰਸੀ ਪੜ੍ਹੇ ਹੀ ਮਾਣ ਸਕਦੇ ਹਨ। ਇਸ ਲਈ ਇਨ੍ਹਾਂ ਨੂੰ ਪੰਜਾਬੀ ਬੋਲੀ ਵਿਚ ਉਲਥਾ ਕਰਨ ਦਾ ਵਿਚਾਰ ਪੈਦਾ ਹੋਣਾ ਕੁਦਰਤੀ ਸੀ ਅਤੇ ਸੰਤ ਸੋਹਨ ਸਿੰਘ ਜੀ ਦੀ ਇੱਛਾ ਪੂਰੀ ਕਰਦੇ ਹੋਏ ਇਹ 'ਭਾਈ ਨੰਦ ਲਾਲ ਗ੍ਰੰਥਾਵਲੀ' ਪੰਜਾਬੀ ਵਿਚ ਹਾਜ਼ਰ ਹੈ। ਇਸ ਤੋਂ ਪਹਿਲਾਂ ਭੀ ਪੰਜਾਬੀ ਵਿਚ ਭਾਈ ਨੰਦ ਲਾਲ ਜੀ ਦੀਆਂ ਕੁਝ ਕੁ ਫ਼ਾਰਸੀ ਰਚਨਾ ਦੇ ਉਲਥੇ ਹੋਏ ਹੋਏ ਹਨ ਜੋ ਜਾਂ ਤਾਂ ਆਮ ਨਹੀਂ ਮਿਲਦੇ ਜਾਂ ਵੱਖਰੇ ਵੱਖਰੇ ਛਪੇ ਹੋਏ ਹਨ ਅਤੇ ਇਕ ਸੰਚੇ ਵਿਚ ਇਕੱਠੇ ਨਹੀਂ ਮਿਲਦੇ। ਇਸੇ ਲਈ ਇਹ ਉੱਦਮ ਕੀਤਾ ਗਿਆ ਹੈ ਤਾਂ ਕਿ ਭਾਈ ਸਾਹਿਬ ਦੀਆਂ ਸਾਰੀਆਂ ਲਿਖਤਾਂ—ਫ਼ਾਰਸੀ ਅਤੇ ਪੰਜਾਬੀ—ਨੂੰ ਇਕੋ ਗ੍ਰੰਥਾਵਲੀ ਵਿਚ ਪੇਸ਼ ਕੀਤਾ ਜਾ ਸਕੇ।

ਮੇਰੀ ਬੇਨਤੀ ਨੂੰ ਪ੍ਰਵਾਨ ਕਰਕੇ ਪੰਜਾਬੀ ਉਲਥੇ ਦਾ ਪਹਿਲਾ ਖਰੜਾ ਡਾਕਟਰ ਜੀਤ ਸਿੰਘ ਸੀਤਲ ਨੇ ਤਿਆਰ ਕੀਤਾ ਸੀ ਜਿਸ ਨੂੰ ਪੜ੍ਹਨ ਵੇਖਣ ਦੀ ਖੇਚਲ ਪ੍ਰੋਫ਼ੈਸਰ ਗੁਲਵੰਤ ਸਿੰਘ ਜੀ ਅਤੇ ਪ੍ਰੋਫ਼ੈਸਰ ਭਗਤ ਸਿੰਘ ਜੀ ਨੇ ਕੀਤੀ ਅਤੇ ਇਸ ਦੀ ਅੰਤਮ ਰੂਪ ਵਿਚ ਪ੍ਰੈਸ-ਕਾਪੀ ਸ੍ਰੀ ਜਵਾਹਰ ਸਿੰਘ ਨੇ ਟਾਈਪ ਕੀਤੀ। ਇਨ੍ਹਾਂ ਸਾਰਿਆਂ ਦਾ ਮੈਂ ਦਿਲੋਂ ਧੰਨਵਾਦੀ ਹਾਂ। ਪਰ ਇਸ ਵਿਚ ਵਾਧੇ ਘਾਟੇ ਇਸ ਦੇ ਅੰਤਮ ਰੂਪ ਦੀ ਸਾਰੀ ਜ਼ਿੰਮੇਵਾਰੀ ਮੇਰੀ ਹੈ। ਗ਼ਜ਼ਲਾਂ—ਪ੍ਰਸਿੱਧ ਦੀਵਾਨਿ ਗੋਯਾ—ਜ਼ਿੰਦਗੀ ਨਾਮਾ ਅਤੇ ਜੋਤਿ ਬਿਗਾਸ (ਫ਼ਾਰਸੀ) ਚੂੰਕਿ ਕਵਿਤਾ ਵਿਚ ਹਨ ਅਤੇ ਬੰਦ ਛੋਟੇ ਛੋਟੇ ਹਨ ਜੋ ਪੜ੍ਹਨੇ ਅਤੇ ਸਮਝਣੇ ਸੌਖੇ ਹਨ ਇਸ ਲਈ ਉਨ੍ਹਾਂ ਦਾ ਮੂਲ ਅਤੇ ਉਲਥਾ ਦੋਨੋਂ ਇਕੱਠੇ ਦੇ ਦਿੱਤੇ ਹਨ ਤਾਂ ਕਿ ਕੀਰਤਨ ਅਤੇ ਵਿਆਖਿਆ ਕਰਨ ਵਾਲਿਆਂ ਨੂੰ ਸਹੂਲੀਅਤ ਰਹੇ। ਇਸੇ ਤਰ੍ਹਾਂ ਹੀ ਗੰਜ ਨਾਮੇ ਦੀ ਕਵਿਤਾ ਦੇ ਬੰਦਾਂ ਅਤੇ ਤੌਸੀਫ਼ੋ-ਸਨਾ ਦੇ ਖ਼ਾਤਿਮੇ ਦੇ ਬੰਦਾਂ ਦਾ ਮੂਲ ਦੇ ਕੇ ਉਨ੍ਹਾਂ ਦੇ ਨਾਲ ਹੀ ਉਨ੍ਹਾਂ ਦਾ ਉਲਥਾ ਦੇ ਦਿੱਤਾ ਹੈ।

ਜੋਤਿ ਬਿਗਾਸ (ਪੰਜਾਬੀ), ਰਹਿਤ ਨਾਮਾ ਅਤੇ ਤਨਖ਼ਾਹਨਾਮਾ ਚੂੰਕਿ ਹਨ ਹੀ ਸਰਲ ਪੰਜਾਬੀ—ਹਿੰਦੀ (ਹਿੰਦਵੀ)—ਵਿਚ, ਇਸ ਲਈ ਇਨ੍ਹਾਂ ਦਾ ਕੇਵਲ ਮੂਲ ਹੀ ਦਿੱਤਾ ਹੈ। ਇਨ੍ਹਾਂ ਦੇ ਅਰਥ ਕਰਨ ਦੀ ਲੋੜ ਨਹੀਂ ਭਾਸਦੀ।

ਭਾਈ ਨੰਦ ਲਾਲ ਜੀ ਦੀ ਵਾਰਤਕ ਰਚਨਾ ਚੂੰਕਿ ਬੜੀ ਗੁੰਝਲਦਾਰ, ਅਰਬੀ ਸ਼ਬਦਾਂ ਨਾਲ

ਭਰਪੂਰ ਅਤੇ ਲੰਬੇ ਲੰਬੇ ਵਾਕਾਂ ਵਾਲੀ ਹੈ ਜਿਸ ਨੂੰ ਪੜ੍ਹਨਾ ਸਮਝਣਾ ਹਰ ਕਿਸੇ ਲਈ ਬਹੁਤ ਸੌਖਾ ਨਹੀਂ, ਇਸ ਲਈ ਇਸ ਨੂੰ ਪੰਜਾਬੀ ਲਿਪੀ ਵਿਚ ਦੇਣਾ ਵਿਅਰਥ ਸਮਝਿਆ ਗਿਆ ਹੈ। ਜਿਨ੍ਹਾਂ ਨੂੰ ਫ਼ਾਰਸੀ ਬੋਲੀ ਆਉਂਦੀ ਹੈ, ਉਨ੍ਹਾਂ ਨੇ ਤਾਂ ਇਨ੍ਹਾਂ ਵਾਰਤਕ ਲਿਖਤਾਂ ਨੂੰ ਅਸਲ ਲਿਪੀ ਵਿਚ ਹੀ ਪੜ੍ਹਨਾ ਹੈ, ਗੁਰਮੁਖੀ ਵਿਚ ਨਹੀਂ। ਜਿਨ੍ਹਾਂ ਨੂੰ ਫ਼ਾਰਸੀ ਨਹੀਂ ਆਉਂਦੀ, ਉਨ੍ਹਾਂ ਲਈ ਇਸ ਨੂੰ ਗੁਰਮੁਖੀ ਵਿਚ ਦੇਣਾ ਕੋਈ ਅਰਥ ਹੀ ਨਹੀਂ ਰਖਦਾ। ਅਸਲ ਵਿਚ ਕੋਈ ਭੀ ਬੋਲੀ ਕਿਸੇ ਹੋਰ ਲਿਪੀ ਵਿਚ ਨਾ ਤਾਂ ਸਰਲ ਤੌਰ ਤੇ ਪੂਰੀ ਲਿਖੀ ਹੀ ਜਾ ਸਕਦੀ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਸ਼ੁੱਧ ਉਚਾਰੀ ਜਾ ਸਕਦੀ ਹੈ। ਸਮਝਣਾ ਤਾਂ ਹੋਰ ਭੀ ਔਖਾ ਹੋਇਆ। ਇਸ ਲਈ ਗੰਜ-ਨਾਮੇ ਅਤੇ ਦਸਤੂਰੁਲ-ਇਨਸ਼ਾ ਦੀ ਵਾਰਤਕ ਦਾ ਕੇਵਲ ਪੰਜਾਬੀ ਉਲਥਾ ਹੀ ਦਿੱਤਾ ਗਿਆ ਹੈ।

'ਅਰਜ਼ੁਲ-ਅਲਫ਼ਾਜ਼' ਨਾਮੀ ਰਚਨਾ ਭੀ ਇਸ ਸੰਚੇ ਵਿਚ ਸਾਰੀ ਸ਼ਾਮਲ ਨਹੀਂ ਕੀਤੀ ਗਈ, ਕੇਵਲ ਆਦਿ ਅੰਤ ਦੇ ਕੁਝ ਕੁ ਬੰਦ ਹੀ ਦਿੱਤੇ ਹਨ। ਇਹ ਠੀਕ ਹੈ ਕਿ ਇਹ ਰਚਨਾ ਕਵਿਤਾ ਵਿਚ ਹੈ ਅਤੇ ਇਸ ਵਿਚ ਕੁਝ ਥਾਈਂ ਸਿੱਖ ਗੁਰੂ ਸਾਹਿਬਾਂ ਅਤੇ ਧਰਮ ਵੱਲ ਇਸ਼ਾਰੇ ਹਨ, ਪਰ ਉਹ ਮਾਮੂਲੀ ਹਨ ਅਤੇ ਉਨ੍ਹਾਂ ਦੀ ਕੂਤ ਕੋਈ ਖ਼ਾਸ ਇਤਿਹਾਸਕ ਜਾਂ ਧਾਰਮਕ ਨਹੀਂ, ਕੇਵਲ ਸਾਹਿਤਕ ਹੀ ਹੈ। ਇਸ ਵਿਚ ਆਏ ਅਰਬੀ ਅਤੇ ਫ਼ਾਰਸੀ ਸ਼ਬਦਾਂ ਦੀ ਵਿਸ਼ਾਲਤਾ ਅਤੇ ਡੂੰਘਾਈ, ਇਨ੍ਹਾਂ ਦੀ ਆਪਸ ਵਿਚ ਸੰਧੀ, ਇਕ ਮੂਲ ਤੋਂ ਹੋਰ ਸ਼ਬਦਾਂ ਦੀ ਸਾਜਨਾ ਅਤੇ ਅਰਥਾਂ ਦੀ ਬਹੁ-ਪੱਖਤਾ ਆਦਿ ਸਾਰਿਆਂ ਦਾ ਸੰਬੰਧ ਭੀ ਨਿਰੋਲ ਫ਼ਾਰਸੀ ਸਾਹਿਤ ਨਾਲ ਹੈ ਜਿਨ੍ਹਾਂ ਦੀ ਖ਼ੂਬੀ ਨੂੰ ਫ਼ਾਰਸੀ ਸਾਹਿਤਕਾਰ ਹੀ ਭਲੀ-ਭਾਂਤ ਅਨੁਭਵ ਕਰ ਸਕਦੇ ਹਨ।

ਤੌਸੀਫ਼ੋ-ਸਨਾ ਇਕ ਵਾਰਤਕ ਸਤੋਤਰ ਹੈ ਜਿਸ ਵਿਚ ਵਿਦਵਾਨ ਸ਼ਰਧਾਲੂ ਨੇ ਪੂਰਨ ਸਤਿਗੁਰੂ ਦੀ ਸਿਫ਼ਤ ਵਿਚ ਫ਼ਾਰਸੀ ਅਤੇ ਅਰਬੀ ਦੇ ਮੇਲ ਖਾਂਦੇ ਸ਼ਬਦਾਂ ਨੂੰ ਬੜੀ ਖ਼ੂਬੀ ਨਾਲ ਸੁਹਾਵਣੇ ਹਾਰਾਂ ਵਿਚ ਪਰੋਇਆ ਹੈ। ਇਹ ਭਾਈ ਸਾਹਿਬ ਦੀ ਅਤਿ ਵਿਸ਼ਾਲ, ਡੂੰਘੀ ਅਤੇ ਅਨੂਪ ਵਿਦਵਤਾ ਅਤੇ ਸੋਹਜ ਦੇ ਲਖਾਇਕ ਹਨ ਜਿਨ੍ਹਾਂ ਦੀ ਕਦਰ ਕੀਮਤ ਇਨ੍ਹਾਂ ਬੋਲੀਆਂ ਦੇ ਮਾਹਰ ਜੌਹਰੀ ਹੀ ਪਾ ਸਕਦੇ ਹਨ। ਇਸ ਅਥਾਹ ਸਮੁੰਦਰ ਨੂੰ ਅੱਖਰੀ ਉਲਥੇ ਦੇ ਛੋਟੇ ਜਿਹੇ ਕੁੱਜੇ ਵਿਚ ਬੰਦ ਕਰ ਸਕਣਾ ਅਸੰਭਵ ਹੈ। ਉਲਥੇ ਵਿਚ ਨਾ ਤਾਂ ਅਸਲ ਬੋਲੀ ਦੀ ਗੌਂਦ ਦੀ ਖ਼ੂਬੀ ਹੀ ਆ ਸਕਦੀ ਹੈ ਅਤੇ ਨਾ ਹੀ ਅਸਲ ਵਾਲਾ ਰਸ ਪੈਦਾ ਹੋ ਸਕਦਾ ਹੈ। ਇਸ ਵਿਚ ਸਮਾਨ-ਅਰਥੀ ਸ਼ਬਦ ਮੁੜ ਮੁੜ ਕੇ ਅਨੇਕਾਂ ਵਾਰੀ ਦੁਹਰਾਏ ਗਏ ਹਨ ਅਤੇ ਜ਼ਿਆਦਾ ਧਿਆਨ ਇਕ-ਵਜ਼ਨੀ ਸ਼ਬਦਾਂ ਦੇ ਸੁਮੇਲ ਵੱਲ ਦਿੱਤਾ ਗਿਆ ਹੈ ਜੋ ਇਕ ਪ੍ਰਕਾਰ ਦੀ ਅਨੋਖੀ ਅਤੇ ਮਨੋਹਰ ਸਾਹਿੱਤਕ ਜਾਦੂਗਰੀ ਹੈ। ਇਸ ਵਿਚ ਇਤਿਹਾਸਕ ਸਤਿ ਅਤੇ ਸਿਧਾਂਤਕ ਵਿਆਖਿਆ ਦਾ ਬਹੁਤ ਹਿੱਸਾ ਨਹੀਂ ਜਿਸ ਲਈ ਕਿ ਇਸ ਨੂੰ ਹਵਾਲੇ ਦੇ ਤੌਰ ਤੇ ਜਾਂ ਵਿਚਾਰ-ਵਟਾਂਦਰੇ ਵਿਚ ਵਰਤਿਆ ਜਾ ਸਕੇ। ਇਸ ਲਈ ਗ੍ਰੰਥਾਵਲੀ ਵਿਚ ਇਸ ਦਾ ਪੂਰਾ ਉਲਥਾ ਸ਼ਾਮਲ ਨਹੀਂ ਕੀਤਾ ਗਿਆ। ਹਾਂ, ਇਸ ਦੇ ਅੰਤਲੇ ਹਿੱਸੇ ਖ਼ਾਤਿਮੇ ਦੇ ਬੰਦ ਟੀਕਾ ਸਮੇਤ ਦੇ ਦਿੱਤੇ ਗਏ ਹਨ।

ਅੰਤ ਵਿਚ ਮੈਂ ਸੰਤ ਸੋਹਨ ਸਿੰਘ ਜੀ ਅਤੇ ਸਰਦਾਰ ਜੋਗਿੰਦਰ ਸਿੰਘ ਜੀ ਦਾ ਇਕ ਵਾਰੀ ਫੇਰ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਦੀ ਪ੍ਰੇਰਨਾ ਅਤੇ ਉਤਸਾਹ ਨਾਲ ਇਸ ਗ੍ਰੰਥਾਵਲੀ ਦੀ ਸੇਵਾ ਸਿਰੇ ਚੜ੍ਹੀ ਹੈ।

ਲੋਇਰ ਮਾਲ, ਪਟਿਆਲਾ
30 ਜਨਵਰੀ, 1968

ਗੰਡਾ ਸਿੰਘ

# ਵਿਸ਼ੈ-ਸੂਚੀ

ਆਰੰਭਕ ਸ਼ਬਦ ........................................ (v)
ਭਾਈ ਨੰਦ ਲਾਲ ਦੇ ਜੀਵਨ ਦੇ ਸੰਖੇਪ ਹਾਲ ........................................ 1
ਭਾਈ ਨੰਦ ਲਾਲ ਦੀਆ ਰਚਨਾਵਾਂ ........................................ 12
ਭਾਈ ਨੰਦ ਲਾਲ ਦਾ ਖ਼ਾਨਦਾਨ ਅਤੇ ਬੰਸਾਵਲੀ ........................................ 15
ਭਾਈ ਨੰਦ ਲਾਲ ਦੀਆਂ ਛਪੀਆਂ ਅਤੇ ਲਿਖਤੀ ਪੁਸਤਕਾਂ ਦਾ ਵੇਰਵਾ ........................................ 21
ਭਾਈ ਨੰਦ ਲਾਲ ਦੀ ਜੀਵਨੀ ਅਤੇ ਉਨ੍ਹਾਂ ਦੇ ਖ਼ਾਨਦਾਨ ਦੇ ਹਾਲਾਤ ਸੰਬੰਧੀ ਕੁਝ ਕੁ ਪ੍ਰਸਿੱਧ ਸੋਮੇ ........................................ 24

## ਭਾਈ ਨੰਦ ਲਾਲ ਗ੍ਰੰਥਾਵਲੀ

ਗ਼ਜ਼ਲਾਂ—ਦੀਵਾਨਿ ਗੋਯਾ ........................................ 27
ਜ਼ਿੰਦਗੀ ਨਾਮਾ ........................................ 77
ਗੰਜ ਨਾਮਾ ........................................ 138
ਜੋਤਿ ਬਿਗਾਸ (ਫ਼ਾਰਸੀ) ........................................ 162
ਜੋਤਿ ਬਿਗਾਸ (ਪੰਜਾਬੀ) ........................................ 183
ਰਹਿਤ ਨਾਮਾ ........................................ 186
ਤਨਖ਼ਾਹ ਨਾਮਾ ........................................ 189
ਦਸਤੂਰੁਲ-ਇਨਸ਼ਾ ........................................ 194
ਅਰਜ਼ੁਲ-ਅਲਫ਼ਾਜ਼ ........................................ 205
ਤੌਸੀਫ਼ੋ-ਸਨਾ ........................................ 210
ਖ਼ਾਤਿਮਾ ........................................ 211

# ਭਾਈ ਨੰਦ ਲਾਲ ਦੇ ਜੀਵਨ ਦੇ ਸੰਖੇਪ ਹਾਲ

ਭਾਈ ਨੰਦ ਲਾਲ ਦੇ ਬਜ਼ੁਰਗਾਂ ਦੇ ਅਸਲੀ ਵਤਨ ਬਾਰੇ ਇਸ ਵੇਲੇ ਪੱਕੀ ਤਰ੍ਹਾਂ ਕੁਝ ਨਹੀਂ ਕਿਹਾ ਜਾ ਸਕਦਾ। ਇਤਿਹਾਸਕ ਪੁਸਤਕਾਂ ਅਤੇ ਖ਼ਾਨਦਾਨੀ ਰਵਾਇਤਾਂ ਇਸ ਬਾਬਤ ਸਾਡੀ ਕੋਈ ਸਹਾਇਤਾ ਨਹੀਂ ਕਰਦੀਆਂ, ਪਰ ਸੰਕਟ ਸਮੇਂ ਪਨਾਹ ਲੈਣ ਲਈ ਆਪ ਦਾ ਪੰਜਾਬ ਵਿਚ ਆ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਪੁੱਜਣਾ ਇਸ ਗੱਲ ਦੀ ਕਿਸੇ ਹੱਦ ਤਕ ਪੁਸ਼ਟੀ ਕਰਦਾ ਹੈ ਕਿ ਆਪ ਦੇ ਖ਼ਾਨਦਾਨ ਦਾ ਪੰਜਾਬ ਦੇਸ਼ ਅਤੇ ਸਿੱਖ ਗੁਰੂਆਂ ਨਾਲ ਪਹਿਲਾਂ ਤੋਂ ਹੀ ਸੰਬੰਧ ਸੀ, ਜਿਨ੍ਹਾਂ ਲਈ ਸ਼ਰਧਾ ਨੇ ਭਾਈ ਨੰਦ ਲਾਲ ਨੂੰ ਆਪਣਾ ਜਾਨ ਮਾਲ ਅਤੇ ਧਰਮ ਈਮਾਨ ਸਭ ਕੁਝ ਉਨ੍ਹਾਂ ਦੇ ਹਵਾਲੇ ਕਰਨ ਦੀ ਪ੍ਰੇਰਨਾ ਕੀਤੀ।

ਭਾਈ ਨੰਦ ਲਾਲ ਦੇ ਪਿਤਾ ਛੱਜੂ ਮੱਲ ਫ਼ਾਰਸੀ ਅਤੇ ਅਰਬੀ ਦੇ ਚੰਗੇ ਵਿਦਵਾਨ ਮਾਲੂਮ ਹੁੰਦੇ ਹਨ। ਚੁਗੱਤਿਆਂ ਦੇ ਰਾਜ ਵਿਚ ਵਿਦਵਤਾ ਅਤੇ ਨਿਜੀ ਯੋਗਤਾ ਹੀ ਅਜਿਹੇ ਵਸੀਲੇ ਸਨ ਜਿਨ੍ਹਾਂ ਨਾਲ ਕੋਈ ਗ਼ੈਰ-ਮੁਸਲਮਾਨ ਜਾਂ ਹਿੰਦੂ ਬਾਦਸ਼ਾਹੀ ਅਮਲੇ ਵਿਚ ਅਹਿਲਕਾਰ ਬਣ ਸਕਦਾ ਸੀ। ਸ਼ਾਹ ਜਹਾਨ ਦੇ ਵੇਲੇ ਮੁਨਸ਼ੀ ਛੱਜੂ ਮੱਲ ਰੁਜ਼ਗਾਰ ਦੀ ਭਾਲ ਵਿਚ ਦਿੱਲੀ ਪੁੱਜੇ ਅਤੇ ਸ਼ਾਹੀ ਮੁਨਸ਼ੀਖ਼ਾਨੇ ਵਿਚ ਨੌਕਰ ਹੋ ਗਏ। ਦਿੱਲੀ ਉਸ ਵੇਲੇ ਮੁਗ਼ਲਾਂ ਦੀ ਰਾਜਧਾਨੀ ਸੀ। ਇੱਥੇ ਮੁਨਸ਼ੀ ਛੱਜੂ ਮੱਲ ਦਾ ਮੇਲ ਸ਼ਹਿਜ਼ਾਦਾ ਦਾਰਾ ਸ਼ੁਕੋਹ ਨਾਲ ਹੋ ਗਿਆ। ਦਾਰਾ ਸੰਸਕ੍ਰਿਤ ਭਾਸ਼ਾ ਅਤੇ ਭਾਰਤੀ ਵਿੱਦਿਆ ਦਾ ਇਕ ਚੰਗਾ ਪੰਡਤ ਸੀ ਅਤੇ ਹਿੰਦੂ ਵਿਦਵਾਨਾਂ ਦੀ ਬੜੀ ਕਦਰ ਕਰਦਾ ਸੀ। ਉਸ ਦੀਆਂ ਆਪਣੀਆਂ ਲਿਖਤਾਂ ਅਤੇ ਉਸ ਦੀ ਨਿਗਰਾਨੀ ਹੇਠ ਜਾਂ ਉਸ ਦੀ ਇੱਛਾ ਅਨੁਸਾਰ ਤਿਆਰ ਹੋਏ ਸੰਸਕ੍ਰਿਤ ਦੇ ਗ੍ਰੰਥਾਂ ਦੇ ਫ਼ਾਰਸੀ ਵਿਚ ਉਲਥੇ ਇਸ ਗੱਲ ਦੀ ਜਿਉਂਦੀ ਜਾਗਦੀ ਗਵਾਹੀ ਹਨ।

ਮੁਨਸ਼ੀ ਛੱਜੂ ਮੱਲ ਦੀ ਵਿਦਵਤਾ ਅਤੇ ਈਮਾਨਦਾਰੀ ਨੇ ਸ਼ਹਿਜ਼ਾਦਾ ਦਾਰਾ ਸ਼ਿਕੋਹ ਦੇ ਦਿਲ ਵਿਚ ਅਜਿਹੀ ਥਾਂ ਬਣਾ ਲਈ ਕਿ ਜਦੋਂ ਬਾਦਸ਼ਾਹ ਜਹਾਨ ਨੇ 1639 ਈ. ਵਿਚ ਸ਼ਾਹਜ਼ਾਦੇ ਨੂੰ ਕੰਧਾਰ ਦੀ ਪਹਿਲੀ ਮੁਹਿੰਮ ਉੱਤੇ ਭੇਜਿਆ ਤਾਂ ਉਹ ਛੱਜੂ ਮੱਲ ਨੂੰ ਆਪਣਾ ਮੀਰ ਮੁਨਸ਼ੀ ਬਣਾ ਕੇ ਲੈ ਗਿਆ। ਇੱਥੇ ਆ ਕੇ ਮੁਨਸ਼ੀ ਛੱਜੂ ਮੱਲ ਦੀਵਾਨ ਦੀ ਪਦਵੀ ਪੁਰ ਨਿਯੁਕਤ ਹੋ ਗਏ ਅਤੇ ਬਹੁਤ ਸਾਰੇ ਮਾਲੀ, ਪ੍ਰਬੰਧਕੀ ਅਤੇ ਫ਼ੌਜੀ ਮੁਆਮਲੇ ਵੀ ਉਨ੍ਹਾਂ ਦੇ ਹਵਾਲੇ ਹੋ ਗਏ। ਸ਼ਾਹਜ਼ਾਦਾ ਤਾਂ ਛੇਤੀ ਹੀ ਕੰਧਾਰ ਤੋਂ ਪਰਤ ਆਇਆ ਪਰ ਮੁਨਸ਼ੀ ਛੱਜੂ ਮੱਲ ਉੱਥੇ ਹੀ ਟਿਕੇ ਰਹੇ ਅਤੇ ਉੱਥੇ ਹੀ ਲਗਭਗ 1652 ਈ. ਵਿਚ ਉਨ੍ਹਾਂ ਦਾ ਦੇਹਾਂਤ ਹੋਇਆ।

ਰੱਬ ਦੀ ਮਰਜ਼ੀ, ਮੁਨਸ਼ੀ ਛੱਜੂ ਮੱਲ ਦੇ ਘਰ ਪਹਿਲੀ ਉਮਰੇ ਕੋਈ ਔਲਾਦ ਜਿਊਂਦੀ ਨਹੀਂ ਸੀ ਰਹਿੰਦੀ। ਬੱਚੇ ਛੋਟੀ ਉਮਰੇ ਹੀ ਮਰ ਜਾਂਦੇ ਸਨ। ਉਨ੍ਹਾਂ ਦੀ ਪੰਜਾਹ ਸਾਲ ਦੀ ਆਯੂ ਤਕ ਉਨ੍ਹਾਂ ਦਾ ਕੋਈ ਭੀ ਅੰਞਾਣਾ ਨਾ ਜਿਉ ਸਕਿਆ। ਇਸ ਲਈ ਜਦ ਢਲਦੀ ਉਮਰੇ ਉਨ੍ਹਾਂ ਦੇ ਘਰ ਨੰਦ ਲਾਲ ਦਾ ਜਨਮ ਹੋਇਆ ਤਾਂ ਕੋਈ ਖ਼ਾਸ ਖ਼ੁਸ਼ੀ ਨਾ ਕੀਤੀ ਗਈ। ਨੰਦ ਲਾਲ ਦੇ ਜਨਮ ਦੀ ਥਾਂ

ਅਤੇ ਮਿਤੀ ਕਿਸੇ ਵੀ ਭਰੋਸੇ ਯੋਗ ਵਸੀਲੇ ਤੋਂ ਪ੍ਰਾਪਤ ਨਹੀਂ ਹੋ ਸਕੀ। ਖ਼ਾਨਦਾਨੀ ਕਾਗ਼ਜ ਪੱਤਰ ਨਾ ਰਹੇ ਹੋਣ ਕਰ ਕੇ ਇਨ੍ਹਾਂ ਦੇ ਬੰਸ ਵਿਚੋਂ ਭਾਈ ਮੇਘਰਾਜ ਅਤੇ ਭਾਈ ਰਾਮ ਦਿਆਲ ਨੇ ਵੀ ਆਪਣੀਆਂ ਰਚਨਾਵਾਂ ਵਿਚ ਇਸ ਬਾਰੇ ਚਰਚਾ ਨਹੀਂ ਕੀਤੀ। ਹਾਂ, ਸ੍ਰੀ ਪਰਮਾਨੰਦ ਅਰੋੜਾ, ਐਮ. ਏ., ਨੇ ਆਪਣੇ ਇਕ ਲੇਖ 'ਭਾਈ ਨੰਦ ਲਾਲ ਦੀ ਜੀਵਨੀ ਅਤੇ ਰਚਨਾ' ਵਿਚ ਉਨ੍ਹਾਂ ਦੇ ਜਨਮ ਦੀ ਤਾਰੀਖ਼ 1633 ਈ. ਅਤੇ ਥਾਂ ਗ਼ਜ਼ਨੀ ਦਿੱਤੇ ਹਨ।

ਪਰ ਇਹ ਦੋਵੇਂ ਗੱਲਾਂ ਇਕੱਠੀਆਂ ਤਾਂ ਹੀ ਸਹੀ ਮੰਨੀਆਂ ਜਾ ਸਕਦੀਆਂ ਹਨ, ਜੇ ਮੁਨਸ਼ੀ ਛੱਜੂ ਮੱਲ ਦਾ ਸ਼ਾਹਜ਼ਾਦਾ ਦਾਰਾ ਸ਼ੁਕੋਹ ਦੇ ਗ਼ਜ਼ਨੀ ਦੀ ਮੁਹਿੰਮ ਪਰ ਜਾਣ ਤੋਂ ਪਹਿਲਾਂ ਉੱਥੇ ਜਾਣਾ ਮੰਨ ਲਿਆ ਜਾਵੇ। 1630 ਈ. ਵਿਚ ਦਾਰਾ ਸ਼ੁਕੋਹ ਹਾਲੀ ਪੰਦਰਾਂ ਸਾਲਾਂ ਦਾ ਹੀ ਸੀ। ਉਸ ਦਾ ਜਨਮ 28 ਸਫਰ, 1024 ਹਿਜਰੀ, 20 ਮਾਰਚ, ਸੰਨ 1615 ਈ. ਨੂੰ ਹੋਇਆ ਸੀ। ਉਸ ਸਮੇਂ ਤਕ ਨਾ ਤਾਂ ਉਸ ਨੂੰ ਕਾਬੁਲ ਦੀ ਸੂਬੇਦਾਰੀ ਮਿਲੀ ਸੀ ਅਤੇ ਨਾ ਹੀ ਕੰਧਾਰ ਦੀ ਮੁਹਿੰਮ ਸਮੇਂ ਉਸ ਦੀ ਗ਼ਜ਼ਨੀ ਵਿਚ ਨਿਯੁਕਤੀ ਹੋਈ ਸੀ (ਇਹ ਮੁਹਿੰਮ ਛੇ ਸਾਲ ਪਿਛੋਂ 1639 ਈ. ਵਿਚ ਚੜ੍ਹੀ ਸੀ), ਜਿੱਥੇ ਕਿ ਉਹ ਮੁਨਸ਼ੀ ਛੱਜੂ ਮੱਲ ਨੂੰ ਲੈ ਗਿਆ ਹੋਵੇ। ਲਾਲਾ ਪਰਮਾਨੰਦ ਨੇ ਆਪਣੇ ਵਿਚਾਰਾਂ ਦਾ ਸੋਮਾ ਨਹੀਂ ਦੱਸਿਆ, ਜਿਸ ਦੇ ਬਿਨਾਂ ਉਨ੍ਹਾਂ ਦੇ ਨਤੀਜੇ ਨੂੰ ਠੀਕ ਮੰਨ ਲੈਣਾ ਰਤਾ ਔਖਾ ਹੈ। ਪਰ ਭਰੋਸੇ ਅਤੇ ਤਸੱਲੀ ਵਾਲੇ ਇਤਿਹਾਸਕ ਸਬੂਤ ਤੋਂ ਬਿਨਾਂ ਖ਼ਾਨਦਾਨੀ ਰਵਾਇਤਾਂ ਨੂੰ ਵੀ ਇਕ ਦਮ ਗ਼ਲਤ ਕਹਿ ਦੇਣਾ ਮੁਸ਼ਕਲ ਹੈ। ਇਸ ਲਈ ਸਾਨੂੰ ਹਾਲ ਦੀ ਘੜੀ ਇਸ ਗੱਲ ਨੂੰ ਹੀ ਪ੍ਰਵਾਨ ਕਰਨਾ ਹੋਵੇਗਾ ਕਿ ਮੁਨਸ਼ੀ ਛੱਜੂ ਮੱਲ ਸ਼ਾਹਜ਼ਾਦਾ ਦਾਰਾ ਸ਼ੁਕੋਹ ਨਾਲ 1639 ਈ. ਵਿਚ ਗ਼ਜ਼ਨੀ ਗਏ ਸਨ ਅਤੇ ਭਾਈ ਨੰਦ ਲਾਲ ਦਾ ਜਨਮ ਇਸ ਤੋਂ ਪਹਿਲਾਂ ਆਗਰੇ ਜਾਂ ਕਿਸੇ ਹੋਰ ਥਾਂ ਹੋ ਚੁੱਕਿਆ ਸੀ। ਭਾਈ ਨੰਦ ਲਾਲ ਨੇ ਵਿੱਦਿਆ ਗ਼ਜ਼ਨੀ ਵਿਚ ਪ੍ਰਾਪਤ ਕੀਤੀ ਹੋਣੀ ਹੈ ਅਤੇ ਉੱਥੇ ਹੀ ਉਸ ਦਾ ਬਾਲਪਨ ਗੁਜ਼ਰਿਆ ਹੋਣਾ ਹੈ।

ਜਦ ਨੰਦ ਲਾਲ ਦੀ ਆਯੂ ਦੇ ਉਹ ਸਾਲ ਟੱਪ ਗਏ ਜਦੋਂ ਕਿ ਪਹਿਲੇ ਬੱਚੇ ਮਰ ਜਾਂਦੇ ਸਨ, ਤਾਂ ਦੀਵਾਨ ਛੱਜੂ ਮੱਲ ਨੇ ਉਨ੍ਹਾਂ ਦੀ ਪੜ੍ਹਾਈ ਅਤੇ ਪਰਵਰਿਸ਼ ਦਾ ਯੋਗ ਪ੍ਰਬੰਧ ਕਰਨਾ ਆਰੰਭ ਕਰ ਦਿੱਤਾ। ਇਕ ਅਰਬੀ ਫ਼ਾਰਸੀ ਦਾ ਵਿਦਵਾਨ ਉਨ੍ਹਾਂ ਨੂੰ ਪੜ੍ਹਾਉਣ ਲਈ ਲਗਾ ਦਿੱਤਾ ਅਤੇ ਦੀਵਾਨ ਛੱਜੂ ਮੱਲ ਆਪ ਵੀ ਖਾਸਾ ਸਮਾਂ ਪੁੱਤਰ ਦੀ ਵਿੱਦਿਆ ਦੀ ਦੇਖ ਭਾਲ ਤੇ ਲਾਉਂਦੇ। ਨੰਦ ਲਾਲ ਇਕ ਹੋਨਹਾਰ ਤੇ ਮਿਹਨਤੀ ਮੁੰਡਾ ਸੀ। ਛੇਤੀ ਹੀ ਪੜ੍ਹ ਲਿਖ ਕੇ ਤਾਕ ਹੋ ਗਿਆ। ਵਾਰਤਕ ਰਚਨਾ ਅਤੇ ਕਵਿਤਾ ਦਾ ਉਸ ਨੂੰ ਖ਼ਾਸ ਸ਼ੌਕ ਸੀ। ਇਨ੍ਹਾਂ ਵਿਚ ਉਸ ਨੇ ਬੜੀ ਨਿਪੁੰਨਤਾ ਪ੍ਰਾਪਤ ਕਰ ਲਈ।

ਦੀਵਾਨ ਛੱਜੂ ਮੱਲ ਰਾਮਾਨੰਦੀ ਵੈਸ਼ਨੂੰ ਬੈਰਾਗੀਆਂ ਦਾ ਚੇਲਾ ਸੀ। ਪਰ ਇਉਂ ਮਾਲੂਮ ਹੁੰਦਾ ਹੈ ਜਿਵੇਂ ਕਿ ਨੰਦ ਲਾਲ ਉੱਤੇ ਬਚਪਨ ਤੋਂ ਹੀ ਸਿੱਖ ਮਤ ਦਾ ਪ੍ਰਭਾਵ ਪੈ ਗਿਆ ਹੋਇਆ ਸੀ। ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਅਫ਼ਗਾਨਿਸਤਾਨ ਵਿਚ ਸਿੱਖ ਸੰਗਤਾਂ ਮੌਜੂਦ ਸਨ ਅਤੇ ਕਾਬਲ, ਗ਼ਜ਼ਨੀ ਅਤੇ ਕੰਧਾਰ ਵਿਚ ਸਿੱਖ ਧਰਮਸਾਲਾਂ (ਗੁਰਦੁਆਰੇ) ਸਥਾਪਤ ਹੋ ਚੁੱਕੀਆਂ ਸਨ, ਜਿੱਥੇ ਸੰਗਤਾਂ ਸਵੇਰ ਸ਼ਾਮ ਇਕੱਤਰ ਹੋ ਕੇ ਸ਼ਬਦ ਕੀਰਤਨ ਕਰਦੀਆਂ ਅਤੇ ਗੁਰਮਤਿ ਦਾ ਵਿਚਾਰ ਕਰਦੀਆਂ ਸਨ। ਦਬਿਸਤਾਨਿ-ਮਜ਼ਾਹਬ ਦੇ ਕਰਤਾ ਦੇ ਕਥਨ ਅਨੁਸਾਰ ਉੱਤਰੀ ਭਾਰਤ ਅਤੇ ਅਫ਼ਗਾਨਿਸਤਾਨ ਵਿਚ ਅਜਿਹੇ ਬਹੁਤ ਥੋੜ੍ਹੇ ਸ਼ਹਿਰ ਸਨ, ਜਿੱਥੇ ਉਦੋਂ ਸਿੱਖ ਨਹੀਂ ਸਨ। ਇਹ ਸਤਾਰ੍ਹਵੀਂ ਸਦੀ ਦੇ ਅੱਧ ਦੀ ਗੱਲ ਹੈ। ਅਫ਼ਗਾਨਿਸਤਾਨ ਅਤੇ ਇਰਾਕ ਵਿਚ ਸਿੱਖ ਆਮ ਤੌਰ ਤੇ ਘੋੜਿਆਂ ਦਾ ਵਿਉਪਾਰ ਕਰਦੇ ਸਨ। ਇਸ ਤਰ੍ਹਾਂ ਇਕ ਖ਼ਾਨਦਾਨੀ ਰਵਾਇਤ ਅਨੁਸਾਰ ਗੁਰਮਤਿ ਦੇ

ਪ੍ਰਭਾਵ ਹੇਠ ਭਾਈ ਨੰਦ ਲਾਲ ਨੇ ਆਪਣੇ ਪਿਤਾ ਦੇ ਬਾਰ ਬਾਰ ਕਹਿਣ ਪੁਰ ਵੀ ਬੈਰਾਗੀ ਗੁਰੂਆਂ ਤੋਂ ਦੀਖਿਆ ਲੈਣ ਅਤੇ ਕੰਠੀ ਪਾਉਣ ਤੋਂ ਨਾਂਹ ਕਰ ਦਿੱਤੀ ਸੀ ਅਤੇ ਇੱਛਾ ਪ੍ਰਗਟ ਕੀਤੀ ਸੀ ਕਿ ਉਸ ਨੂੰ ਅਜਿਹੀ ਮਾਲਾ ਪਹਿਨਾਈ ਜਾਵੇ ਜਿਹੜੀ ਕਦੀ ਨਾ ਟੁੱਟੇ ਅਤੇ ਜੀਵਨ ਦਾ ਸੁੱਖ ਚੈਨ ਲਿਆਉਣ ਵਿਚ ਸਹਾਈ ਹੋਵੇ। ਇਹ ਰਵਾਇਤ ਗੁਰੂ ਨਾਨਕ ਦੀ ਪੰਡਿਤ ਹਰ ਦਿਆਲ ਹੱਥੋਂ ਪਾਉਣ ਤੋਂ ਨਾਂਹ ਕਰਨ ਵਾਲੀ ਸਾਖੀ ਨਾਲ ਮਿਲਦੀ ਜੁਲਦੀ ਹੈ। ਨੰਦ ਲਾਲ ਦੀ ਉਮਰ ਉਸ ਵੇਲੇ ਸੋਲਾਂ ਕੁ ਸਾਲਾਂ ਦੀ ਹੋਵੇਗੀ ਜਦ ਕਿ ਉਸ ਦੀ ਮਾਤਾ ਗੁਜ਼ਰ ਗਈ। ਦੋ ਸਾਲ ਪਿਛੋਂ ਪਿਤਾ ਦਾ ਹੱਥ ਵੀ ਸਿਰ ਤੋਂ ਜਾਂਦਾ ਰਿਹਾ। ਲਾਲਾ ਪਰਮਾਨੰਦ ਨੇ ਆਪਣੇ ਲੇਖ ਵਿਚ ਦੀਵਾਨ ਛੱਜੂ ਮੱਲ ਦੀ ਮ੍ਰਿਤੂ 1652 ਈ. ਵਿਚ ਹੋਈ ਦੱਸੀ ਹੈ, ਜੋ ਹੋ ਸਕਦਾ ਹੈ ਠੀਕ ਹੀ ਹੋਵੇ। ਇਸ ਤਰ੍ਹਾਂ ਯਤੀਮ ਹੋ ਜਾਣ ਕਾਰਣ ਭਾਈ ਨੰਦ ਲਾਲ ਦੇ ਸਿਰ ਤੇ ਮੁਸੀਬਤ ਦੇ ਪਹਾੜ ਟੁੱਟ ਪਏ। ਆਮ ਰਿਵਾਜ ਅਨੁਸਾਰ ਭਾਈ ਨੰਦ ਲਾਲ ਨੇ ਆਪਣੇ ਪਿਤਾ ਦੀ ਪਦਵੀ ਲਈ ਜਤਨ ਵੀ ਕੀਤਾ ਪਰ ਉਨ੍ਹਾਂ ਦੇ ਪਿਤਾ ਦਾ ਮਿਹਰਬਾਨ ਸ਼ਾਹਜ਼ਾਦਾ ਦਾਰਾ ਸ਼ੁਕੋਹ ਗ਼ਜ਼ਨੀ ਤੋਂ ਜਾ ਚੁੱਕਾ ਸੀ (ਅਤੇ ਕੰਧਾਰ ਦੀ ਤੀਜੀ ਮੁਹਿੰਮ ਦਾ ਜਿਹੜੀ ਫ਼ਰਵਰੀ 1653 ਈ. ਵਿਚ ਚੜ੍ਹੀ, ਨੰਦ ਲਾਲ ਨੂੰ ਪਤਾ ਨਹੀਂ ਹੋਣਾ)। ਨਵਾਂ ਹਾਕਮ ਦੀਵਾਨ ਛੱਜੂ ਮੱਲ ਦੀ ਸੇਵਾ ਅਤੇ ਭਾਈ ਨੰਦ ਲਾਲ ਦੀ ਵਿਦਵਤਾ ਤੋਂ ਜਾਣੂ ਨਹੀਂ ਸੀ, ਜਿਸ ਕਰਕੇ ਉਸ ਨੇ ਇਨ੍ਹਾਂ ਵੱਲ ਕੋਈ ਵਿਸ਼ੇਸ਼ ਧਿਆਨ ਨਾ ਦਿੱਤਾ ਅਤੇ ਨੰਦ ਲਾਲ ਨੂੰ ਇਕ ਨਵੇਂ ਆਦਮੀ ਵਾਂਗ ਇਕ ਸਾਧਾਰਣ ਮੁਨਸ਼ੀ ਦੀ ਪਦਵੀ ਪੇਸ਼ ਕੀਤੀ, ਪਰ ਭਾਈ ਨੰਦ ਲਾਲ ਦੀ ਅਣਖ ਨੇ ਅਜਿਹੀ ਪਦਵੀ ਉਸੇ ਥਾਂ ਤੇ ਪਰਵਾਨ ਕਰਨੀ ਮਨਜ਼ੂਰ ਨਾ ਕੀਤੀ, ਜਿੱਥੇ ਕਿ ਉਸ ਦੇ ਪਿਤਾ ਰਾਜ ਦਰਬਾਰ ਦੇ ਇਕ ਮੁਖੀ ਰਹਿ ਚੁੱਕੇ ਸਨ। ਹੁਣ ਉਹ ਪਰਦੇਸ ਵਿਚ ਬਿਨਾਂ ਕਿਸੇ ਸਹਾਰੇ ਅਤੇ ਸਹਾਈ ਦੇ ਸਨ। ਉਨ੍ਹਾਂ ਦੇ ਦੋ ਹੋਰ ਛੋਟੇ ਭਰਾ ਸਨ, ਜਿਨ੍ਹਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਵੀ ਉਨ੍ਹਾਂ ਦੇ ਮੋਢਿਆਂ ਤੇ ਹੀ ਸੀ। ਨੰਦ ਲਾਲ ਨੇ ਮਹਿਸੂਸ ਕੀਤਾ ਕਿ ਉਹ ਹੁਣ ਗ਼ਜ਼ਨੀ ਸ਼ਹਿਰ ਵਿਚ ਆਪਣੀਆਂ ਖ਼ਾਨਦਾਨੀ ਰਵਾਇਤਾਂ ਨੂੰ ਕਾਇਮ ਨਹੀਂ ਰਖ ਸਕਣਗੇ, ਇਸ ਲਈ ਉਨ੍ਹਾਂ ਦਾ ਉੱਥੇ ਰਹਿਣਾ ਔਖਾ ਹੋਵੇਗਾ। ਇਸ ਪੁਰ ਉਨ੍ਹਾਂ ਹਿੰਦੁਸਤਾਨ ਨੂੰ ਆਉਣ ਦਾ ਮਨ ਬਣਾ ਲਿਆ।

ਗ਼ਜ਼ਨੀ ਵਿਚ ਭਾਈ ਨੰਦ ਲਾਲ ਦੇ ਪਿਤਾ ਦੀਵਾਨ ਛੱਜੂ ਮੱਲ ਕਾਫ਼ੀ ਰੁਪਇਆ ਪੈਸਾ ਅਤੇ ਜਾਇਦਾਦ ਛੱਡ ਗਏ ਸਨ। ਪਰ ਰੁਪਇਆ ਖਿਲਰਿਆ ਹੋਇਆ ਸੀ। ਇਸ ਲਈ ਇਨ੍ਹਾਂ ਆਪਣੀ ਸਾਰੀ ਜਾਇਦਾਦ ਵੇਚ ਵੱਟ ਕੇ ਨਕਦੀ ਵਿਚ ਬਦਲ ਲਈ ਅਤੇ ਆਪਣੇ ਦੋਹਾਂ ਭਰਾਵਾਂ ਅਤੇ ਦੋ ਅਫ਼ਗਾਨ ਨੌਕਰਾਂ ਸਮੇਤ ਮੁਲਤਾਨ ਨੂੰ ਜਾਣ ਲਈ ਕਾਫ਼ਲੇ ਵਿਚ ਸ਼ਾਮਲ ਹੋ ਗਏ। ਮੁਲਤਾਨ ਚਿਰ ਤੋਂ ਭਾਰਤ ਦੇ ਪ੍ਰਸਿੱਧ ਸ਼ਹਿਰਾਂ ਵਿਚੋਂ ਸੀ। ਇਹ ਪ੍ਰਸਿੱਧੀ ਕੇਵਲ ਰਾਜਨੀਤਕ ਜਾਂ ਧਾਰਮਿਕ ਗੱਲਾਂ ਕਰਕੇ ਹੀ ਨਹੀਂ ਸੀ, ਸਗੋਂ ਇਸ ਲਈ ਵੀ ਕਿ ਮੁਲਤਾਨ ਅਫ਼ਗਾਨਿਸਤਾਨ, ਈਰਾਨ, ਬਲੋਚਿਸਤਾਨ ਅਤੇ ਹਿੰਦੁਸਤਾਨ ਵਿਚ ਇਕ ਵੱਡਾ ਤਜਾਰਤੀ ਕੇਂਦਰ ਬਣ ਚੁੱਕਾ ਹੋਇਆ ਸੀ। ਇਸ ਲਈ ਇਹ ਸ਼ਹਿਰ ਪੰਜਾਬ ਅਤੇ ਦਿੱਲੀ ਦੇ ਵਿਉਪਾਰੀਆਂ ਦਾ ਇਕ ਵੱਡਾ ਟਿਕਾਣਾ ਸੀ।

ਜਦ ਭਾਈ ਨੰਦ ਲਾਲ ਦਾ ਕਾਫ਼ਲਾ ਇੱਥੇ ਪੁੱਜਾ, ਅਤੇ ਸ਼ਹਿਰ ਦੇ ਧਨਾਢ ਹਿੰਦੂ ਖੱਤਰੀਆਂ ਨਾਲ ਆਪ ਦਾ ਮੇਲ ਮਿਲਾਪ ਵੱਧਣ ਲੱਗਾ, ਤਾਂ ਆਪ ਨੇ ਇੱਥੇ ਹੀ ਟਿਕ ਜਾਣ ਦਾ ਫ਼ੈਸਲਾ ਕਰ ਲਿਆ। ਦਿੱਲੀ ਦਰਵਾਜ਼ੇ ਦੇ ਬਾਹਰ ਕੁਝ ਅਮੀਰ ਖੱਤਰੀਆਂ ਦੇ ਘਰ ਸਨ। ਭਾਈ ਨੰਦ ਲਾਲ ਨੇ ਉੱਥੇ ਹੀ ਗਵਾਂਢ ਵਿਚ ਇਕ ਮਕਾਨ ਲੈ ਕੇ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਮਕਾਨ ਬਣਾ ਲਏ। ਹੌਲੀ ਹੌਲੀ ਹੋਰ ਲੋਕ ਵੀ ਉੱਥੇ ਆ ਕੇ ਵਸਣ ਲੱਗ ਪਏ ਅਤੇ ਉੱਥੇ ਇਕ ਚੰਗਾ ਮੁਹੱਲਾ ਬਣ

ਗਿਆ। ਇੱਥੇ ਹੀ ਆਪ ਦਾ ਵਿਵਾਹ ਹੋ ਗਿਆ। ਆਪ ਦਾ ਸਹੁਰਾ ਘਰ ਗੁਰੂ-ਘਰ ਦਾ ਸ਼ਰਧਾਲੂ ਸੀ, ਜਿਸ ਨਾਲ ਆਪ ਦੇ ਘਰ ਵਿਚ ਸਿੱਖ ਧਰਮ ਲਈ ਸ਼ਰਧਾ ਸਤਿਕਾਰ ਹੋਰ ਵੀ ਵੱਧ ਗਿਆ।

ਭਾਈ ਨੰਦ ਲਾਲ ਦੇ ਅਫ਼ਗਾਨ ਨੌਕਰ ਜੋ ਆਪ ਦੇ ਨਾਲ ਹੀ ਗ਼ਜ਼ਨੀ ਤੋਂ ਆਏ ਸਨ, ਅਤੇ ਇੱਥੇ ਆਪ ਦੇ ਪਾਸ ਹੀ ਠਹਿਰ ਗਏ ਸਨ, ਭਾਈ ਸਾਹਿਬ ਨੂੰ ਆਗਾ (ਆਕਾ) ਕਹਿ ਕੇ ਬੁਲਾਉਂਦੇ ਸਨ, ਇਸ ਲਈ ਮੁਲਤਾਨ ਵਿਚ ਆਪ 'ਆਗਾ' ਕਰਕੇ ਮਸ਼ਹੂਰ ਹੋ ਗਏ ਅਤੇ ਉਨ੍ਹਾਂ ਕਰਕੇ ਇਹ ਨਵੀਂ ਆਬਾਦੀ ਭੀ ਆਗ਼ਾਪੁਰ ਕਰਕੇ ਹੀ ਮਸ਼ਹੂਰ ਹੋ ਗਈ। ਸਰ ਐਡਵਰਡ ਮੈਕਲੇਗਨ ਦਾ ਵਿਚਾਰ ਹੈ ਕਿ ਭਾਈ ਨੰਦ ਲਾਲ ਦੇ ਆਉਣ ਤੋਂ ਢੇਰ ਚਿਰ ਪਹਿਲਾਂ ਤੋਂ ਹੀ ਇੱਥੇ ਮੁਗ਼ਲ 'ਆਗਿਆਂ' ਅਤੇ ਅਮੀਰਾਂ ਦੇ ਘਰ ਹੋਣ ਕਰਕੇ ਇਹ ਆਬਾਦੀ ਆਗ਼ਾਪੁਰਾ ਕਹਿਲਾਉਂਦੀ ਸੀ। ਪਰ ਇਹ ਵਿਚਾਰ ਮੰਨਣ ਵਿਚ ਨਹੀਂ ਆਉਂਦਾ। ਪਹਿਲੀ ਗੱਲ ਤਾਂ ਇਹ ਕਿ ਮੁਗ਼ਲਾਂ ਨੂੰ ਆਗ਼ਾ ਕੋਈ ਨਹੀਂ ਸੀ ਕਹਿੰਦਾ ਅਤੇ ਦੂਜੀ ਇਹ ਕਿ ਸ਼ਬਦ 'ਪੁਰਾ' ਹਿੰਦੀ ਬੋਲੀ ਦਾ ਹੈ। ਭਾਈ ਮੇਘ ਰਾਜ ਆਪਣੀ ਰਚਨਾ 'ਪ੍ਰੇਮ ਫੁਲਵਾੜੀ' ਵਿਚ ਲਿਖਦੇ ਹਨ ਕਿ ਇਸ ਥਾਂ ਨੂੰ ਪਹਿਲਾਂ 'ਅਗੰਮਪੁਰਾ' ਕਹਿੰਦੇ ਸਨ, ਜਿਹੜਾ ਵਿਗੜ ਕੇ 'ਆਗ਼ਾਪੁਰਾ' ਬਣ ਗਿਆ। ਕੁਝ ਵੀ ਹੋਵੇ, ਜਦ ਤਕ ਕੋਈ ਵਿਸ਼ੇਸ਼ ਇਤਿਹਾਸਕ ਗਵਾਹੀ ਨਾ ਹੋਵੇ, ਇਸ ਨਾਮ ਦਾ ਅਸਲੀ ਕਾਰਣ ਲੁਕਿਆ ਹੀ ਰਹੇਗਾ।

ਲਾਲਾ ਪਰਮਾਨੰਦ ਆਪਣੇ ਲੇਖ 'ਭਾਈ ਨੰਦ ਲਾਲ ਦੀ ਜੀਵਨੀ ਅਤੇ ਰਚਨਾ' ਵਿਚ ਲਿਖਦੇ ਹਨ ਕਿ ਮੁਨਸ਼ੀ ਨੰਦ ਲਾਲ ਦੀ ਰਚਨਾ 'ਦਸਤੂਰੁਲ-ਇਨਸ਼ਾ' ਮੁਲਤਾਨ ਅਤੇ ਪੰਜਾਬ ਦੀ ਤਾਰੀਖ਼ ਦਾ ਇਕ ਕੀਮਤੀ ਖ਼ਜ਼ਾਨਾ ਹੈ। ਉਸ ਸਮੇਂ ਦੀਆਂ ਘਟਨਾਵਾਂ ਬਾਰੇ ਜਿਹੜੇ ਵਿਸਥਾਰ ਇਸ ਵਿਚ ਮਿਲਦੇ ਹਨ, ਉਹ ਹੋਰ ਕਿਧਰੇ ਨਹੀਂ ਮਿਲਦੇ। ਇਹ ਰਚਨਾ ਨਾ ਕੇਵਲ ਦੇਸ਼ ਦੇ ਰਾਜਨੀਤਿਕ ਅਤੇ ਸਮਾਜਕ ਮੁਆਮਲਿਆਂ ਤੇ ਹੀ ਚਾਨਣ ਪਾਉਂਦੀ ਹੈ, ਸਗੋਂ ਭਾਈ ਸਾਹਿਬ ਦੇ ਜੀਵਨ ਦੇ ਉਤਾਰ ਚੜ੍ਹਾਉ ਦਾ ਵੀ ਇੰਨ ਬਿੰਨ ਨਕਸ਼ਾ ਸਾਡੇ ਸਾਮ੍ਹਣੇ ਪੇਸ਼ ਕਰਦੀ ਹੈ, ਕਿ ਉਹ ਕਿਸ ਤਰ੍ਹਾਂ 1652 ਈ. ਵਿਚ ਫ਼ਾਰਸੀ ਅਰਬੀ ਵਿਚ ਆਪਣੀ ਲਿਆਕਤ ਅਤੇ ਮੁਹਾਰਤ ਦੇ ਵਸੀਲੇ ਮੁਲਤਾਨ ਦੇ ਹਾਕਮ ਨਵਾਬ ਵੱਸਾਫ਼ ਖ਼ਾਨ ਦੇ ਦਫ਼ਤਰ ਵਿਚ ਮੁਨਸ਼ੀ ਦੇ ਪਦ ਪੁਰ ਨਿਯੁਕਤ ਹੋਏ। ਨਵਾਬ ਸਾਹਿਬ ਚਿਰ ਤੋਂ ਭਾਈ ਸਾਹਿਬ ਦੇ ਪਿਤਾ ਦੀਵਾਨ ਛੱਜੂ ਮੱਲ ਤੋਂ ਵਾਕਿਫ਼ ਸਨ। ਪਰ ਆਪ ਪਾਸ ਜੋ ਸਭ ਤੋਂ ਵੱਡੀ ਸਿਫ਼ਾਰਸ਼ ਸੀ ਉਹ ਸੀ ਆਪ ਦੀ ਈਮਾਨਦਾਰੀ ਅਤੇ ਮਿਹਨਤ, ਜਿਸ ਦੇ ਕਾਰਣ ਆਪ ਜਲਦੀ ਹੀ ਮੀਰ ਮੁਨਸ਼ੀ ਦੀ ਪਦਵੀ ਤੇ ਪੁੱਜ ਗਏ। ਪਿਛੋਂ ਆਪ ਭੱਕਰ ਦੇ ਕਿਲੇਦਾਰ ਅਤੇ ਫ਼ੌਜਦਾਰ ਵੀ ਬਣਾ ਦਿੱਤੇ ਗਏ, ਜਿੱਥੇ ਆਪ ਦੇ ਨਾਉਂ ਇਲਾਕੇ ਦੇ ਜ਼ਿਮੀਂਦਾਰਾਂ ਵੱਲੋਂ ਪੰਜ ਹਜ਼ਾਰ ਰੁਪਿਆ ਪੇਸ਼ਗੀ ਜਾਂ ਕਰਜ਼ੇ ਵਜੋਂ ਜਮ੍ਹਾਂ ਕਰ ਕੇ ਭੇਜਣ ਦਾ ਪਰਵਾਨਾ ਜਾਰੀ ਹੋਇਆ। ਇਸ ਪੁਰ ਆਪ ਨੇ ਯਥਾਸ਼ਕਤ ਅਮਲ ਕਰ ਦਿੱਤਾ। ਇਸ ਤੋਂ ਪਿਛੋਂ ਆਪ ਨੂੰ ਦੀਨਾ ਕਹਿਰੋੜ, ਫਤਿਹਪੁਰ ਅਤੇ ਪਰਗਨਾ ਮਹੀਉ-ਦੀਨ ਪੁਰ ਦਾ ਨਾਜ਼ਮ ਨਿਯਤ ਕਰ ਦਿੱਤਾ ਗਿਆ। ਪਰ ਸਭ ਤੋਂ ਵੱਡੀ ਪਦਵੀ ਜਿਸ ਤੇ ਆਪ ਨਿਯਤ ਹੋਏ ਉਹ ਸੀ ਮੁਲਤਾਨ ਦੀ ਨਾਇਬ ਸੂਬੇਦਾਰੀ। 'ਦਸਤੂਰੁਲ-ਇਨਸ਼ਾ' ਵਿਚੋਂ ਇਸ ਗੱਲ ਦਾ ਕੋਈ ਪਤਾ ਨਹੀਂ ਲੱਗਦਾ ਕਿ ਆਪ ਕਿੰਨਾ ਚਿਰ ਮੁਲਤਾਨ ਦੇ ਨਾਇਬ ਸੂਬੇਦਾਰ ਰਹੇ।

ਲਾਲਾ ਪਰਮਾਨੰਦ ਦੀ ਲਿਖਤ ਅਨੁਸਾਰ 'ਦਸਤੂਰੁਲ-ਇਨਸ਼ਾ' ਵਿਚ ਭਾਈ ਨੰਦ ਲਾਲ ਦੀਆਂ ਫ਼ੌਜੀ ਸੇਵਾਵਾਂ ਬਾਰੇ ਵੀ ਜ਼ਿਕਰ ਆਉਂਦਾ ਹੈ। ਦੱਰਾ ਸੁਲਤਾਨ ਸਰਵਰ ਦੇ ਆਲੇ-ਦੁਆਲੇ ਦੀਆਂ ਪਹਾੜੀਆਂ ਵਿਚ ਸ਼ਾਹੂ ਨਾਮੀ ਇਕ ਡਾਕੂ ਨੇ ਲਗਭਗ ਸੱਤ ਹਜ਼ਾਰ ਫ਼ੌਜ ਜਮਾਂ ਕਰ ਰਖੀ ਸੀ ਅਤੇ ਮੁਲਕ ਵਿਚ ਅੰਨ੍ਹੇਰ ਗਰਦੀ ਮਚਾਈ ਹੋਈ ਸੀ। ਮੁਨਸ਼ੀ ਨੰਦ ਲਾਲ ਇਕ ਵੱਡੀ ਤਕੜੀ ਫ਼ੌਜ

ਲੈ ਕੇ ਸ਼ਾਹੂ ਡਾਕੂ ਨੂੰ ਥਿਲੇ ਲਾਉਣ ਪੁਰ ਨਿਯਤ ਹੋਏ। ਆਪ ਨੇ ਆਪਣੀ ਫ਼ੌਜੀ ਲਿਆਕਤ ਅਤੇ ਬਹਾਦੁਰੀ ਦੇ ਬਹੁਤ ਜੌਹਰ ਵਿਖਾਏ ਕਿ ਸ਼ਾਹ ਡਾਕੂ ਜੰਗ ਵਿਚ ਹਾਰ ਖਾ ਗਿਆ ਅਤੇ ਉਸ ਦੇ ਤਿੰਨ ਹਜ਼ਾਰ ਸਿਪਾਹੀ ਰਣਭੂਮੀ ਵਿਚ ਮਾਰੇ ਗਏ। ਬਾਕੀ ਜਾਂ ਤਾਂ ਭੱਜ ਗਏ, ਤਾਂ ਕਿਧਰੇ ਲੁਕ ਛਿਪ ਗਏ। ਸ਼ਾਹੂ ਆਪ ਵੀ ਫੜ੍ਹਿਆ ਗਿਆ। ਸਾਰੇ ਪਹਾੜੀ ਜ਼ਿਮੀਂਦਾਰਾਂ ਪਾਸੋਂ ਨੇਕ ਚਲਨੀ ਦੇ ਮੁਚਲਕੇ ਲਏ ਗਏ ਕਿ ਉਹ ਈਰਾਨ ਅਤੇ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਕਾਫ਼ਲਿਆਂ ਦੇ ਰਾਹ ਵਿਚ ਕੋਈ ਰੋਕ ਨਹੀਂ ਪਾਉਣਗੇ। ਇਸ ਨਾਲ ਇਹ ਆਸ ਬੱਝ ਗਈ ਕਿ ਭਾਰਤ ਅਤੇ ਦੂਜੇ ਮੁਲਕਾਂ ਵਿਚ ਚੰਗੇ ਵਿਉਪਾਰਕ ਅਤੇ ਰਾਜਨੀਤਿਕ ਸੰਬੰਧ ਪੈਦਾ ਹੋ ਜਾਣਗੇ। ਇਸ ਤਰ੍ਹਾਂ ਭਾਈ ਸਾਹਿਬ ਵੱਖ-ਵੱਖ ਪਦਵੀਆਂ ਉੱਪਰ ਕੋਈ ਤੀਹ ਸਾਲ ਤਕ ਸੇਵਾ ਕਰਦੇ ਰਹੇ। ਉਨ੍ਹਾਂ ਨੂੰ ਸ਼ਹਿਜ਼ਾਦਾ ਸਲੀਮ ਅਤੇ ਸ਼ਹਿਜ਼ਾਦਾ ਮੁਹੰਮਦ ਅਕਬਰ (1678-79) ਦੀ ਸੇਵਾ ਦਾ ਮਾਨ ਵੀ ਪ੍ਰਾਪਤ ਹੋਇਆ।

ਪਰ ਹਾਲੀਂ ਕੁਦਰਤ ਨੂੰ ਭਾਈ ਨੰਦ ਲਾਲ ਦੇ ਜੀਵਨ ਵਿਚ ਇਕ ਹੋਰ ਵੱਡੀ ਤਬਦੀਲੀ ਲਿਆਉਣਾ ਮਨਜ਼ੂਰ ਸੀ। ਸਮਰਾਟ ਔਰੰਗਜ਼ੇਬ ਦੇ ਸਮੇਂ ਭਾਈ ਨੰਦ ਲਾਲ ਨੂੰ ਕਿਸੇ ਕਾਰਣ ਨੌਕਰੀਉਂ ਜਵਾਬ ਦੇ ਦਿੱਤਾ ਗਿਆ। ਇਸ ਦਾ ਕਾਰਣ ਸ਼ਾਇਦ ਇਹ ਹੋਵੇ ਕਿ ਉਨ੍ਹਾਂ ਦੇ ਪਿਤਾ ਦੀਵਾਨ ਛੱਜੂ ਮੱਲ ਗ਼ਜ਼ਨੀ ਵਿਚ ਸ਼ਹਿਜ਼ਾਦਾ ਦਾਰਾ ਸ਼ੁਕੋਹ ਦੀਆਂ ਨਜ਼ਰਾਂ ਵਿਚ ਚੜ੍ਹੇ ਹੋਏ ਸਨ। ਭਾਈ ਨੰਦ ਲਾਲ ਨੇ ਆਪਣੀ ਬਹਾਲੀ ਲਈ ਭਾਵੇਂ ਕੋਸ਼ਿਸ਼ ਵੀ ਕੀਤੀ, ਪਰ ਸਫ਼ਲ ਨਾ ਹੋ ਸਕੇ। ਕੁਝ ਚਿਰ ਲਈ ਉਹ ਏਕਾਂਤਵਾਸ ਹੋ ਗਏ ਅਤੇ ਆਪਣਾ ਵਧੇਰਾ ਸਮਾਂ ਸਿੱਖ ਧਰਮ ਦੀਆਂ ਪੁਸਤਕਾਂ ਪੜ੍ਹਨ ਵਿਚ ਲਾਉਂਦੇ। ਉਸ ਸਮੇਂ ਗੁਰ-ਗੱਦੀ ਉੱਪਰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਬਿਰਾਜਮਾਨ ਸਨ, ਜਿਨ੍ਹਾਂ ਦਾ ਦੀਨ ਦੁਨੀ ਦੇ ਕੰਮਾਂ ਦਾ ਸੁਲਝਿਆ ਪ੍ਰਬੰਧ, ਉੱਚੀ ਵਿਦਵਤਾ, ਨਿਪੁੰਨਤਾ ਅਤੇ ਕਦਰ ਕਮਾਲ ਨੇ ਸੰਸਾਰ ਨੂੰ ਚਕ੍ਰਿਤ ਕਰ ਰਖਿਆ ਸੀ। ਸਿੱਖਾਂ ਦੀ ਸ਼ਰਧਾ ਨਿੱਤ ਵੱਧਦੀ ਜਾ ਰਹੀ ਸੀ ਅਤੇ ਉਹ ਇਕ ਨਵੀਂ ਸੰਗਠਤ ਕੌਮ ਦੇ ਰੂਪ ਵਿਚ ਉਠ ਰਹੇ ਸਨ। ਇਨ੍ਹਾਂ ਦੀ ਦਿਨੋ ਦਿਨ ਵੱਧਦੀ ਜਾ ਰਹੀ ਸ਼ਾਨ ਅਤੇ ਸ਼ਕਤੀ ਕਾਰਣ ਮੁਗ਼ਲ ਹਕੂਮਤ ਦਾ ਦਿਲ ਧੜਕ ਰਿਹਾ ਸੀ। ਰੱਬੀ ਮਿਹਰ ਸਦਕਾ ਭਾਈ ਨੰਦ ਲਾਲ ਦੇ ਦਿਲ ਵਿਚ ਦਸਮ ਪਾਤਸ਼ਾਹ ਦੇ ਦਰਸ਼ਨਾਂ ਦੀ ਤੜਪ ਪੈਦਾ ਹੋਈ ਅਤੇ ਉਹ ਆਪਣੇ ਬਾਲ ਬੱਚਿਆਂ ਦਾ ਯੋਗ ਪ੍ਰਬੰਧ ਕਰ ਕੇ ਮੁਲਤਾਨ ਤੋਂ ਚਲ ਕੇ ਲਾਹੌਰ ਆਏ। ਕੁਝ ਦਿਨ ਉੱਥੇ ਠਹਿਰਨ ਪਿਛੋਂ ਉਹ ਅੰਮ੍ਰਿਤਸਰ ਪੁੱਜੇ ਅਤੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ। ਫਿਰ ਉਹ ਮਾਖੋਵਾਲ ਆਨੰਦਪੁਰ ਨੂੰ ਟੁਰ ਪਏ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਬਿਰਾਜ ਰਹੇ ਸਨ। ਬਸ ਦਰਸ਼ਨ ਕਰਨਾ ਸੀ, ਕਿ ਆਪ ਅਜਿਹੇ ਸ਼ਰਧਾਲੂ ਹੋਏ ਕਿ ਫੇਰ ਉਸ ਦੁਆਰੇ ਤੋਂ ਕਿਧਰੇ ਨਾ ਗਏ।

ਆਨੰਦਪੁਰ ਤੋਂ ਭਾਈ ਨੰਦ ਲਾਲ ਆਗਰੇ ਗਏ। ਉਨ੍ਹਾਂ ਦਿਨਾਂ ਵਿਚ ਹੀ ਸ਼ਹਿਜ਼ਾਦਾ ਮੁਅੱਜ਼ਮ ਨੇ ਭਾਈ ਸਾਹਿਬ ਨੂੰ ਆਪਣੇ ਪਾਸ ਨੌਕਰ ਰਖ ਲਿਆ। ਜਾਪਦਾ ਹੈ ਜਦੋਂ ਕਿ ਉਹ 1695 ਈ. ਦੇ ਆਰੰਭ ਵਿਚ ਕੈਦ ਤੋਂ ਰਿਹਾ ਹੋਣ ਪਰ ਮਈ ਵਿਚ ਆਗਰੇ ਦਾ ਸੂਬੇਦਾਰ ਨਿਯੁਕਤ ਹੋਇਆ ਸੀ। ਪਰ ਕੁਦਰਤ ਨੂੰ ਭਾਈ ਸਾਹਿਬ ਦਾ ਆਗਰੇ ਵੀ ਬਹੁਤਾ ਚਿਰ ਠਹਿਰਨਾ ਮਨਜ਼ੂਰ ਨਹੀਂ ਸੀ। ਕਹਿੰਦੇ ਹਨ ਕਿ ਇਕ ਵਾਰ ਬਾਦਸ਼ਾਹ ਔਰੰਗਜ਼ੇਬ ਨੇ ਇਸਲਾਮੀ ਵਿਦਵਾਨਾਂ ਦੀ ਸਭਾ ਵਿਚ ਕੁਰਾਨ ਮਜੀਦ ਦੀ ਕਿਸੇ ਇਕ ਆਇਤ ਦੇ ਭਾਵ ਪੁੱਛੇ। ਕਈਆਂ ਨੇ ਵਿਸਥਾਰ ਨਾਲ ਦੱਸਣ ਦੇ ਯਤਨ ਕੀਤੇ ਪਰ ਬਾਦਸ਼ਾਹ ਦੀ ਤਸੱਲੀ ਨਾ ਹੋਈ। ਸ਼ਹਿਜ਼ਾਦਾ ਮੁਅੱਜ਼ਮ ਵੀ ਉੱਥੇ ਮੌਜੂਦ ਸੀ। ਉਸ ਨੇ ਬਾਦਸ਼ਾਹ ਤੋਂ ਮੁਹਲਤ ਮੰਗੀ ਤਾਂ ਜੋ ਉਹ ਉਸ ਆਇਤ ਦੇ ਭਾਵ ਬਾਰੇ ਸੋਚ ਸਕੇ। ਮੁਹਲਤ ਦੇ ਦਿਨਾਂ ਵਿਚ ਸ਼ਹਿਜ਼ਾਦੇ ਨੇ ਹੋਰਨਾਂ ਆਲਮਾਂ ਤੋਂ ਛੁੱਟ ਭਾਈ ਨੰਦ ਲਾਲ ਪਾਸੋਂ ਵੀ ਉਸ ਆਇਤ ਦੇ ਭਾਵ ਪੁੱਛੇ।

ਭਾਈ ਸਾਹਿਬ ਦੇ ਦੱਸੇ ਅਰਥ ਸ਼ਹਿਜ਼ਾਦੇ ਨੂੰ ਠੀਕ ਜਾਪੇ ਅਤੇ ਜਦ ਉਸ ਨੇ ਉਨ੍ਹਾਂ ਦਾ ਵਿਸਥਾਰ ਬਾਦਸ਼ਾਹ ਨੂੰ ਦੱਸਿਆ ਤਾਂ ਉਸ ਦੀ ਵੀ ਤਸੱਲੀ ਹੋ ਗਈ ਅਤੇ ਉਹ ਬਹੁਤ ਪ੍ਰਸੰਨ ਹੋਇਆ। ਜਦ ਇਹ ਪਤਾ ਲੱਗਾ ਕਿ ਇਹ ਅਰਥ ਭਾਈ ਨੰਦ ਲਾਲ ਨੇ ਕੀਤੇ ਹਨ ਤਾਂ ਭਾਈ ਸਾਹਿਬ ਨੂੰ ਬੁਲਾ ਕੇ ਵੱਡਾ ਇਨਾਮ ਦਿੱਤਾ। ਗੱਲਬਾਤ ਕਰਦਿਆਂ ਬਾਦਸ਼ਾਹ ਨੇ ਸ਼ਹਿਜ਼ਾਦੇ ਨੂੰ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਅਜਿਹਾ ਵਿਦਵਾਨ ਅਤੇ ਸੂਝਵਾਨ ਹਾਲੀ ਤਕ ਇਸਲਾਮ ਦੇ ਘੇਰੇ ਵਿਚ ਨਹੀਂ ਆਇਆ। ਭਾਈ ਨੰਦ ਲਾਲ ਬਾਦਸ਼ਾਹਤ ਦੀ ਨੀਅਤ ਤਾੜ ਗਏ। ਉਨ੍ਹਾਂ ਲਈ ਹੁਣ ਦੋ ਹੀ ਰਾਹ ਸਨ : ਜਾਂ ਤਾਂ ਮੁਸਲਮਾਨ ਹੋ ਜਾਣ ਅਤੇ ਜਾਂ ਫਿਰ ਕਿਧਰੇ ਹੋਰ ਸੁਰੱਖਿਅਤ ਥਾਂ ਚਲੇ ਜਾਣ। ਇਸਲਾਮ ਧਾਰਣ ਦਾ ਤਾਂ ਉਨ੍ਹਾਂ ਨੂੰ ਚਿਤ ਚੇਤਾ ਵੀ ਨਹੀਂ ਸੀ ਆ ਸਕਦਾ, ਕਿਉਂ ਜੋ ਉਹ ਤਾਂ ਅਮਰ ਪਾਤਸ਼ਾਹ ਦੋਹਾਂ ਜਹਾਨਾਂ ਦੇ ਮਾਲਕ, ਜਾਨ ਅਤੇ ਦਿਲ ਦੇ ਰਾਖੇ ਗੁਰੂ ਗੋਬਿੰਦ ਸਿੰਘ ਦੀ ਸੰਗਤ ਵਿਚ ਸ਼ਾਮਲ ਹੋ ਚੁੱਕੇ ਸਨ। ਉਨ੍ਹਾਂ ਦੇ ਇਸ ਵਿਸ਼ਵਾਸ ਨੂੰ ਡਰ ਜਾਂ ਲਾਲਚ ਡੁਲਾ ਨਹੀਂ ਸੀ ਸਕਦੇ। ਉਨ੍ਹਾਂ ਨੂੰ ਆਪਣੇ ਸੱਚੇ ਰੱਬੀ ਸੱਜਨ ਗੁਰੂ ਗੋਬਿੰਦ ਸਿੰਘ ਜੀ ਉੱਤੇ ਪੂਰਾ ਯਕੀਨ ਸੀ। ਅਖ਼ੀਰ ਭਾਈ ਸਾਹਿਬ ਨੇ ਆਨੰਦਪੁਰ ਪਹੁੰਚਣ ਦਾ ਫ਼ੈਸਲਾ ਕਰ ਲਿਆ ਅਤੇ ਮੌਕਾ ਲੱਗਦੇ ਹੀ ਉਹ ਆਗਰੇ ਤੋਂ ਲਾਹੌਰ ਆ ਗਏ। ਇੱਥੇ ਉਨ੍ਹਾਂ ਦਾ ਇਕ ਸ਼ਾਗਿਰਦ ਗ਼ਿਆਸੁੱਦੀਨ ਰਹਿੰਦਾ ਸੀ। ਜਿਹੜਾ ਆਗਰੇ ਦਾ ਦਰੋਗਾ ਹੁੰਦਾ ਸੀ ਅਤੇ ਇਕ ਮਹੀਨੇ ਦੀ ਛੁੱਟੀ ਇੱਥੇ ਆਇਆ ਹੋਇਆ ਸੀ। ਉਹ ਭਾਈ ਸਾਹਿਬ ਨੂੰ ਮਿਲਿਆ ਅਤੇ ਦੋਵੇਂ ਆਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਜਾ ਪੁੱਜੇ। ਕੁਝ ਦਿਨਾਂ ਪਿਛੋਂ ਗ਼ਿਆਸੁੱਦੀਨ ਤਾਂ ਲਾਹੌਰ ਪਰਤ ਗਿਆ ਪਰ ਭਾਈ ਨੰਦ ਲਾਲ ਉੱਥੇ ਆਨੰਦਪੁਰ ਹੀ ਠਹਿਰ ਗਏ।

ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਕੇਵਲ ਅਧਿਆਤਮਕ ਆਗੂ ਜਾਂ ਜੰਗੀ ਜਰਨੈਲ ਕਰਕੇ ਹੀ ਪ੍ਰਸਿੱਧ ਨਹੀਂ ਹਨ। ਉਹ ਆਪਣੇ ਸਮੇਂ ਦੇ ਇਕ ਰੂਹਾਨੀ ਕਵੀ, ਮਹਾਨ ਵਿਦਵਾਨ ਅਤੇ ਇਲਮ ਅਤੇ ਹੁਨਰ ਦੇ ਵੱਡੇ ਸਰਪ੍ਰਸਤ ਵੀ ਸਨ। ਉਸ ਸਮੇਂ ਸ਼ਾਇਦ ਆਨੰਦਪੁਰ ਤੋਂ ਛੁੱਟ ਭਾਰਤ ਵਿਚ ਹੋਰ ਕੋਈ ਥਾਂ ਨਹੀਂ ਸੀ ਜਿੱਥੇ ਇਕੋ ਵਕਤ ਇੰਨੇ ਵਿਦਵਾਨ, ਕਵੀ ਅਤੇ ਸਾਹਿਤਕਾਰ ਇਕੱਤਰ ਹੋਏ ਹੋਣ। ਪੰਜਾਬੀ, ਬ੍ਰਿਜ ਭਾਸ਼ਾ, ਫ਼ਾਰਸੀ ਆਦਿ ਦੇ ਪ੍ਰਸਿੱਧ ਕਵੀ ਜਿਨ੍ਹਾਂ ਦੀ ਗਿਣਤੀ 52 ਤਕ ਦਿੱਤੀ ਹੋਈ ਹੈ, ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਤਕ ਦਰਬਾਰ ਦੇ ਰੁਕਨ ਸਨ। ਇਨ੍ਹਾਂ ਨੇ ਹੋਰ ਰਚਨਾਂ ਤੋ ਛੁੱਟ ਪੰਜਾਬੀ ਸਾਹਿਤ ਦੇ ਖ਼ਜ਼ਾਨੇ ਵੀ ਭਰਪੂਰ ਕਰਨ ਲਈ ਵੱਖ ਵੱਖ ਇਲਮਾਂ ਦੀਆਂ ਪੁਸਤਕਾਂ ਦੇ ਉਲਥੇ ਕੀਤੇ। ਇਸ ਸੰਬੰਧ ਵਿਚ ਜਦ ਅਸੀਂ ਦਸ਼ਮ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਆਪਣੀਆਂ ਰਚਨਾਂ ਵੱਲ ਧਿਆਨ ਕਰਦੇ ਹਾਂ ਤਾਂ ਚਕ੍ਰਿਤ ਰਹਿ ਜਾਂਦੇ ਹਾਂ। ਜਿਸ ਅਧਿਆਤਮਕ ਅਤੇ ਧਾਰਮਕ ਲਹਿਰ ਦੇ ਨੇਤਾਵਾਂ ਦੀ ਪਿਛਲੇ ਸੌ ਸਾਲਾਂ ਤੋਂ ਮੁਗ਼ਲਾਂ ਜੇਹੀ ਜਬਰਦਸਤ ਹਕੂਮਤ ਖ਼ੂਨ ਦੀ ਤਿਹਾਈ ਰਹੀ ਹੋਵੇ, ਅਤੇ ਜਿਸ ਨੇਤਾ ਦੇ ਪਹਿਲੇ ਪੰਜ ਬਜ਼ੁਰਗਾਂ ਨੂੰ ਹਕੂਮਤ ਦੇ ਜ਼ੁਲਮਾਂ ਦਾ ਨਿਸ਼ਾਨਾ ਬਣਨਾ ਪਿਆ ਹੋਵੇ ਅਤੇ ਉਹ ਸਮੇਂ ਦੇ ਹਾਕਮਾਂ ਦੇ ਹੁਕਮ ਨਾਲ ਸ਼ਹੀਦ ਕਰ ਦਿੱਤੇ ਗਏ ਹੋਣ ਅਤੇ ਜਿਸ ਦੇ ਦੋ ਮਾਸੂਮ ਬੱਚੇ ਕੋਹ ਕੋਹ ਕੇ ਮਾਰੇ ਗਏ ਹੋਣ ਅਤੇ ਸਥਾਨਿਕ ਮੁਗ਼ਲ ਹਾਕਮ ਹੀ ਨਹੀਂ ਸਗੋਂ ਆਲੇ-ਦੁਆਲੇ ਦੇ ਹਿੰਦੂ ਰਾਜੇ ਵੀ ਜਿਸ ਦੇ ਦੁਸ਼ਮਨ ਹੋ ਰਹੇ ਹੋਣ ਅਤੇ ਜਿਸ ਨੂੰ ਪਹਿਲੀ ਉਮਰ ਤੋਂ ਹੀ ਜਾਨ ਦੇ ਖ਼ਤਰੇ ਦੀ ਡੱਫ਼ ਵੱਜਦੀ ਸੁਣਾਈ ਦੇ ਰਹੀ ਹੋਵੇ ਅਤੇ ਜਿਸ ਨੂੰ ਆਪਣੀ ਜਾਨ ਮਾਲ ਦੀ ਰਾਖੀ ਲਈ ਵੀਹ ਸਾਲ ਵਿਚ ਚੌਦਾਂ ਲੜਾਈਆਂ ਲੜਨੀਆਂ ਪਈਆਂ ਹੋਣ ਅਤੇ ਅਖ਼ੀਰ ਜਿਸ ਨੂੰ ਚਾਲੀ ਬਤਾਲੀ ਸਾਲ ਦੀ ਛੋਟੀ ਜਿਹੀ ਆਯੂ ਵਿਚ ਜਾਨ ਤਕ ਦੀ ਆਹੂਤੀ ਦੇਣੀ ਪਈ

ਹੋਵੇ, ਉਸ ਦਾ ਏਨਾ ਸਾਹਿਤ ਪੈਦਾ ਕਰ ਸਕਣਾ ਇਕ ਹੈਰਾਨ ਕਰ ਦੇਣ ਵਾਲਾ ਕ੍ਰਿਸ਼ਮਾ ਸੀ। ਪਰ ਉਸ ਤੋਂ ਵੀ ਵਧੇਰੇ ਹੈਰਾਨ ਕਰਨ ਵਾਲਾ ਕ੍ਰਿਸ਼ਮਾ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਵਿਖਾਇਆ ਉਹ ਸੀ 'ਖ਼ਾਲਸਾ' ਦਾ ਸੰਕਲਪ ਤੇ ਉਸ ਦਾ ਜਨਮ, ਅਰਥਾਤ ਸਦੀਆਂ ਤੋਂ ਨਿਤਾਣੀ ਤੇ ਜ਼ਾਤ-ਪਾਤ ਵਿਚ ਵੰਡੀ ਹੋਈ ਹਿੰਦੂ ਕੌਮ ਦੀਆਂ ਨਿਘਰੀਆਂ ਅਤੇ ਨੀਵੀਆਂ ਜ਼ਾਤਾਂ ਵਿਚੋਂ ਪਲ ਛਿਣ ਵਿਚ ਇਕ ਅਜਿਹੀ ਅਣਖੀ, ਕੌਮ-ਪ੍ਰਸਤ ਅਤੇ ਦੇਸ਼-ਸੇਵਕ ਜਮਾਤ ਦਾ ਪੈਦਾ ਕਰ ਦੇਣਾ ਜਿਸ ਨੇ ਪੰਜਾਹ ਸੱਠ ਸਾਲਾਂ ਵਿਚ ਹੀ ਸੱਤ ਅੱਠ ਸੌ ਸਾਲ ਦੇ ਗ਼ੁਲਾਮ ਹੋਏ ਹੋਏ ਪੰਜਾਬ ਨੂੰ ਸੁਤੰਤਰ ਕਰ ਵਿਖਾਇਆ ਅਤੇ ਜਲਦੀ ਹੀ ਪੰਜਾਬ ਰਾਜ ਦੀਆਂ ਹੱਦਾਂ ਸਿੰਧ ਤੋਂ ਲੈ ਕੇ ਤਿੱਬਤ ਚੀਨ ਤਕ ਅਤੇ ਅਫ਼ਗਾਨਿਸਤਾਨ ਦੇ ਦੱਰਿਆਂ ਤੋਂ ਦਿੱਲੀ ਤਕ ਪਹੁੰਚਾ ਦਿੱਤੀਆਂ। ਇਤਨਾ ਵੱਡਾ ਪੰਜਾਬ ਜਿਹੜਾ 'ਖ਼ਾਲਸਾ' ਜੀ ਨੇ ਆਪਣੇ ਸਮੇਂ ਅਠਾਰ੍ਹਵੀਂ ਅਤੇ ਉਨ੍ਹੀਵੀਂ ਸਦੀ ਵਿਚ ਅਸਥਾਪਤ ਕੀਤਾ, ਭਾਰਤ ਦੇ ਇਤਿਹਾਸ ਵਿਚ ਨਾ ਇਸ ਤੋਂ ਪਹਿਲਾਂ ਕਦੀ ਸੀ ਅਤੇ ਨਾ ਪਿਛੋਂ ਹੁਣ ਤਕ ਕਦੀ ਕਾਇਮ ਹੋਇਆ।

ਸੱਚੀ ਗੱਲ ਤਾਂ ਇਹ ਹੈ ਕਿ ਭੂਗੋਲਿਕ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਪੰਜਾਬ ਦੀ ਏਕਤਾ ਅਤੇ ਜੱਥੇਬੰਦੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦੀ ਸਮੁੱਚੇ ਭਾਰਤ ਨੂੰ ਅਜਿਹੀ ਦੇਣ ਸੀ, ਜਿਸ ਲਈ ਸਾਨੂੰ ਸਾਰਿਆਂ ਨੂੰ ਉਨ੍ਹਾਂ ਦਾ ਰਿਣੀ ਹੋਣਾ ਚਾਹੀਦਾ ਹੈ। 'ਖ਼ਾਲਸਾ' ਜੀ ਦੇ ਜਨਮ ਅਤੇ ਉਸ ਦੀ ਚੜ੍ਹਦੀ ਕਲਾ ਅਤੇ ਉੱਚੀ ਸ਼ਾਨ ਭਾਈ ਨੰਦ ਲਾਲ ਨੇ ਆਪਣੀ ਅੱਖੀਂ ਵੇਖੀ ਡਿੱਠੀ ਜਾਪਦੀ ਹੈ। ਉਨ੍ਹਾਂ ਨੇ ਖ਼ਾਲਸਾ ਦੀ ਪ੍ਰਸ਼ੰਸਾ ਅਤੇ ਉਸ ਦੇ ਕਰਤੱਵਾਂ ਦਾ ਨਕਸ਼ਾ ਆਪਣੀ ਰਚਨਾ 'ਤਨਖ਼ਾਹ ਨਾਮਾ' ਦੇ ਅੰਤ ਵਿਚ ਖਿੱਚਿਆ ਹੈ। ਉਹ ਇਸ ਦੀ ਇਕ ਮੂੰਹੋਂ ਬੋਲਦੀ ਤਸਵੀਰ ਹੈ।

ਅਸੀਂ ਪਹਿਲਾਂ ਦੱਸ ਆਏ ਹਾਂ ਕਿ ਭਾਈ ਨੰਦ ਲਾਲ ਨੂੰ ਸ਼ੁਰੂ ਤੋਂ ਹੀ ਕਵਿਤਾ ਅਤੇ ਕਾਵਿ-ਰਚਨਾ ਦਾ ਸ਼ੌਕ ਸੀ ਅਤੇ ਵਿੱਦਿਆ ਪ੍ਰਾਪਤੀ ਦੇ ਦਿਨਾਂ ਵਿਚ ਹੀ ਇਸ ਹੁਨਰ ਵਿਚ ਉਨ੍ਹਾਂ ਖਾਸੀ ਮੁਹਾਰਤ ਪ੍ਰਾਪਤ ਕਰ ਲਈ ਸੀ। ਸਿੱਖ ਧਰਮ ਦੀਆਂ ਪੁਸਤਕਾਂ ਦੇ ਅਧਿਐਨ ਤੋਂ ਉਨ੍ਹਾਂ ਦੀ ਰੁਚੀ ਗੁਰੂ-ਭਗਤੀ ਅਤੇ ਰੱਬੀ-ਪ੍ਰੀਤ ਵੱਲ ਵੱਧ ਗਈ ਸੀ। ਆਨੰਦਪੁਰ ਦੇ ਅਧਿਆਤਮਕ ਅਤੇ ਸਾਹਿਤਕ ਵਾਤਾਵਰਣ ਵਿਚ ਭਾਈ ਸਾਹਿਬ ਦੀ ਤਾਂ ਕਾਇਆ ਹੀ ਪਲਟ ਗਈ। ਗੁਰੂ ਗੋਬਿੰਦ ਸਿੰਘ ਦੇ ਨੂਰਾਨੀ ਦੀਦਾਰ ਅਤੇ ਇਲਾਹੀ ਦੀਖਿਆ ਦੇ ਪ੍ਰਭਾਵ ਹੇਠ ਮਾਨੋ ਭਾਈ ਨੰਦ ਲਾਲ ਦੇ ਕਪਾਟ ਖੁਲ੍ਹ ਗਏ ਅਤੇ ਸੋਤੇ ਸੁੱਤੇ ਫੁੱਟ ਨਿਕਲੇ। ਰੱਬੀ-ਪ੍ਰੀਤੀ ਦਾ ਸਮੁੰਦਰ ਠਾਠਾਂ ਮਾਰਨ ਲੱਗ ਪਿਆ ਜਿਸ ਦੇ ਨਤੀਜੇ ਵਜੋਂ ਸ਼ਰਧਾ ਭਰੀ ਕਵਿਤਾ ਆਪ ਮੁਹਾਰੇ ਉਤਰਨ ਲੱਗ ਪਈ। ਆਨੰਦਪੁਰ ਵਿਚ ਸਭ ਤੋਂ ਪਹਿਲੀ ਰਚਨਾ ਜਿਹੜੀ ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਭੇਟਾ ਕੀਤੀ, ਉਹ 'ਬੰਦਗੀ ਨਾਮਾ' ਸੀ। ਗੁਰੂ ਸਾਹਿਬ ਨੇ ਇਸ ਰਚਨਾ ਦੀ ਕਥਾ ਸ਼ਾਮ ਨੂੰ ਸੁਣਾਉਣ ਦਾ ਹੁਕਮ ਕੀਤਾ। ਜਦ ਭਾਈ ਸਾਹਿਬ ਨੇ ਆਪਣੀ ਰਚਨਾ ਦੀ ਕਥਾ ਕੀਤੀ ਤਾਂ ਸਾਰੀ ਸੰਗਤ ਧੰਨ ਧੰਨ ਕਰ ਉਠੀ। ਭੋਗ ਪੈਣ ਪੁਰ ਗੁਰੂ ਸਾਹਿਬ ਨੇ ਭਾਈ ਨੰਦ ਲਾਲ ਦੀ ਵਿਦਵਤਾ ਅਤੇ ਹੁਨਰ ਦੀ ਬਹੁਤ ਪ੍ਰਸ਼ੰਸਾ ਕੀਤੀ ਅਤੇ ਆਪਣੀ ਮੁਬਾਰਕ ਕਲਮ ਨਾਲ ਪੁਸਤਕ ਦੇ ਅੰਤ ਵਿਚ ਇਹ ਬੰਦ ਲਿਖ ਕੇ ਆਗਿਆ ਕੀਤੀ ਕਿ ਇਸ ਰਚਨਾ ਦਾ ਨਾਉਂ 'ਜ਼ਿੰਦਗੀ ਨਾਮਾ' ਵਧੇਰੇ ਉਚਿਤ ਹੈ :

*ਜ਼ਿ ਆਬਿ ਹੈਵਾਂ ਪੁਰ ਸ਼ੁਦ ਚੂ ਜਾਮਿ ਊ।*
*ਜ਼ਿੰਦਗੀ-ਨਾਮਾ ਸ਼ੁਦਾ ਜ਼ਾਂ ਨਾਮਿ ਊ।*

ਗੁਰੂ ਸਾਹਿਬ ਨੇ ਆਪ ਨੂੰ ਦੀਵਾਨ ਦੀ ਪਦਵੀ ਉੱਤੇ ਨਿਯੁਕਤ ਕਰਨਾ ਚਾਹਿਆ, ਪਰ ਭਾਈ ਸਾਹਿਬ ਨੇ ਲੰਗਰ ਦੀ ਸੇਵਾ ਨੂੰ ਸਰਵ-ਸ੍ਰੇਸ਼ਟ ਸਮਝਿਆ। ਆਨੰਦਪੁਰ ਵਿਚ ਜਿੰਨੇ ਵੀ ਡੇਰੇ ਸਨ,

ਸਾਰਿਆਂ ਵਿਚ ਹੀ ਲੰਗਰ ਚਲਦੇ ਸਨ। ਇਸੇ ਤਰ੍ਹਾਂ ਭਾਈ ਸਾਹਿਬ ਦੇ ਡੇਰੇ ਵਿਚ ਵੀ ਲੰਗਰ ਲੱਗ ਗਿਆ, ਜਿੱਥੋਂ ਲੋੜਵੰਦਾਂ ਨੂੰ ਹਰ ਵੇਲੇ ਪ੍ਰਸ਼ਾਦ ਮਿਲਦਾ ਸੀ। ਲੰਗਰ ਦੀ ਸੇਵਾ ਲਈ ਭਾਈ ਸਾਹਿਬ ਆਪ ਸਦਾ ਹਾਜ਼ਰ ਰਹਿੰਦੇ ਸਨ। ਇਕ ਵਾਰੀ ਸਿੱਖ ਸੰਗਤਾਂ ਦੀ ਵੱਖ ਵੱਖ ਡੇਰਿਆਂ ਦੇ ਲੰਗਰਾਂ ਬਾਰੇ ਟੀਕਾ-ਟਿੱਪਣੀ ਸੁਣ ਕੇ ਗੁਰੂ ਸਾਹਿਬ ਭੇਸ ਵਟਾ ਕੇ ਸਾਰੇ ਡੇਰਿਆਂ ਵਿਚ ਗਏ ਅਤੇ ਵੇਖਿਆ ਕਿ ਭਾਈ ਨੰਦ ਲਾਲ ਦੇ ਡੇਰੇ ਵਿਚ ਹੀ ਹਰ ਵੇਲੇ ਲੰਗਰ ਤਿਆਰ ਮਿਲਦਾ ਹੈ ਅਤੇ ਉਨ੍ਹਾਂ ਕੋਲ ਜੋ ਕੁਝ ਭੀ ਹਾਜ਼ਰ ਹੁੰਦਾ ਹੈ, ਉਹ ਹੱਥੀਂ ਬੱਧੀਂ ਲਿਆ ਹਾਜ਼ਰ ਕਰਦੇ ਹਨ।

ਭਾਈ ਨੰਦ ਲਾਲ ਨੂੰ ਜਦ ਆਨੰਦਪੁਰ ਰਹਿੰਦਿਆਂ ਕੁਝ ਸਮਾਂ ਲੰਘ ਗਿਆ ਤਾਂ ਮੁਲਤਾਨ ਤੋਂ ਉਨ੍ਹਾਂ ਦੇ ਨਾਲ ਬੱਚਿਆਂ ਦੀ ਸੁੱਖ ਸਾਂਦ ਦੀ ਖ਼ਬਰ ਲੈ ਕੇ ਇਕ ਹਰਕਾਰਾ ਪੁੱਜਾ ਅਤੇ ਜਦ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਘਰ ਬਾਰ ਅਤੇ ਦੋ ਬੱਚਿਆਂ ਦਾ ਪਤਾ ਲੱਗਾ ਕਿ ਉਹ ਮੁਲਤਾਨ ਆਪਣੇ ਨਾਨਕੇ ਰਹਿੰਦੇ ਹਨ ਤਾਂ ਆਪ ਨੇ ਭਾਈ ਸਾਹਿਬ ਨੂੰ ਫਰਮਾਇਆ ਕਿ ਜੇਕਰ ਉਨ੍ਹਾਂ ਨੂੰ ਮਨਜ਼ੂਰ ਹੋਵੇ ਤਾਂ ਉਨ੍ਹਾਂ ਦੇ ਬੱਚਿਆਂ ਨੂੰ ਆਦਰ ਮਾਣ ਦੇਣ ਬਾਰੇ ਉਹ ਸਿੱਖ ਸੰਗਤਾਂ ਨੂੰ ਹੁਕਮ ਨਾਮੇ ਲਿਖ ਭੇਜਣ ਅਤੇ ਇਹ ਭੀ ਆਗਿਆ ਕਰ ਭੇਜਣ ਕਿ ਜਿਹੜੀ ਭੇਟਾ ਉਨ੍ਹਾਂ ਦੇ ਬਾਲ ਬੱਚਿਆਂ ਨੂੰ ਕੀਤੀ ਜਾਵੇਗੀ ਉਹ ਵੀ ਇਸ ਦਰਬਾਰ ਵਿਚ ਪਰਵਾਨ ਸਮਝੀ ਜਾਵੇਗੀ। ਪਰ ਭਾਈ ਸਾਹਿਬ ਨੇ ਸਤਿਕਾਰ ਸਹਿਤ ਬੇਨਤੀ ਕੀਤੀ ਕਿ ਉਹ ਅਤੇ ਉਨ੍ਹਾਂ ਦਾ ਖ਼ਾਨਦਾਨ ਕਾਫ਼ੀ ਚਿਰ ਤੋਂ ਨੌਕਰੀ ਪੇਸ਼ਾ ਰਹੇ ਹਨ ਅਤੇ ਸ਼ਾਹਜ਼ਾਦਿਆਂ ਅਤੇ ਨਵਾਬਾਂ ਦੇ ਦੀਵਾਨ ਰਹਿ ਚੁੱਕੇ ਹਨ ਅਤੇ ਆਪ ਦੀ ਮਿਹਰ ਦ੍ਰਿਸ਼ਟੀ ਸਦਕਾ ਚੰਗਾ ਗੁਜ਼ਾਰਾ ਚਲ ਰਿਹਾ ਹੈ। ਭੇਟਾ ਲੈਣ ਨਾਲ ਮੁਫ਼ਤ ਖਾਣ ਦੀ ਵਾਦੀ ਪੈ ਜਾਵੇਗੀ, ਜਿਸ ਤੋਂ ਸਗੋਂ ਮੇਰੀ ਔਲਾਦ ਨੂੰ ਬਚਾਇਆ ਜਾਵੇ। ਆਪ ਅਸੀਸ ਅਤੇ ਸ਼ਕਤੀ ਬਖ਼ਸ਼ੋ ਕਿ ਮੇਰਾ ਖ਼ਾਨਦਾਨ ਨੇਕ ਕਮਾਈ ਕਰਦਾ ਰਹੇ। ਗੁਰੂ ਸਾਹਿਬ ਇਹ ਸੁਣ ਕੇ ਅਤਿ ਪ੍ਰਸੰਨ ਹੋਏ ਅਤੇ ਫਰਮਾਇਆ : ਧੰਨ ਭਾਈ ਸਾਹਿਬ, ਧੰਨ ਭਾਈ ਨੰਦ ਲਾਲ।

ਉਨ੍ਹਾਂ ਦਿਨਾਂ ਵਿਚ 1697 ਈ. ਦੇ ਲਗਭਗ ਇਕ ਹੋਰ ਕਵੀ ਅਤੇ ਵਿਦਵਾਨ ਕੰਵਰ ਸੈਨ ਸਪੁੱਤਰ ਕੇਸ਼ਵ ਦਾਸ ਬੁੰਦੇਲਖੰਡੀ ਔਰੰਗਜ਼ੇਬ ਬਾਦਸ਼ਾਹ ਤੋਂ ਡਰਦਾ ਮਾਰਿਆ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਆ ਗਿਆ। ਗੁਰੂ ਸਾਹਿਬ ਨੇ ਉਸ ਨੂੰ ਵੀ ਆਪਣੇ ਦਰਬਾਰੀ ਰੁਕਨਾਂ ਵਿਚ ਸ਼ਾਮਿਲ ਕਰ ਲਿਆ ਅਤੇ ਚੰਗੀ ਤਨਖ਼ਾਹ ਲਾ ਦਿੱਤੀ। ਇਸ ਤਰ੍ਹਾਂ ਆਨੰਦਪੁਰ ਵਿਚ ਭਾਈ ਨੰਦ ਲਾਲ ਦੇ ਸਮੇਂ ਕਵੀਆਂ ਅਤੇ ਵਿਦਵਾਨਾਂ ਦੀ ਇਕ ਵੱਡੀ ਢਾਣੀ ਜਮ੍ਹਾਂ ਹੋ ਗਈ, ਜਿਹੜੀ ਗੁਰੂ ਸਾਹਿਬ ਦੀ ਪਾਲਣਾ ਅਤੇ ਕਦਰਦਾਨੀ ਤੋਂ ਲਾਭ ਪ੍ਰਾਪਤ ਕਰ ਰਹੀ ਸੀ। ਪਰ ਜਿਹੜੀ ਪ੍ਰੀਤ ਅਤੇ ਸ਼ਰਧਾ ਭਾਈ ਨੰਦ ਲਾਲ ਦੇ ਦਿਲ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਸਿੱਖ ਧਰਮ ਦੀ ਆਤਮਕ ਸਿੱਖਿਆ ਲਈ ਉਤਪੰਨ ਹੋ ਚੁੱਕੀ ਸੀ ਅਤੇ ਜਿਸ ਤਰ੍ਹਾਂ ਗੁਰਮਤਿ ਅਤੇ ਖ਼ਾਲਸੇ ਦੇ ਅੰਤ੍ਰੀਵ ਭਾਵਾਂ ਨੂੰ ਸਮਝ ਸਕੇ ਸਨ, ਉਹ ਹੋਰ ਵਿਦਵਾਨਾਂ ਨੂੰ ਬਹੁਤ ਘੱਟ ਨਸੀਬ ਹੋਈ। ਇਸ ਗੱਲ ਦੀ ਗਵਾਹੀ ਭਾਈ ਸਾਹਿਬ ਦੀਆਂ ਰਚਨਾਵਾਂ ਵਿਚੋਂ ਪ੍ਰਤੱਖ ਮਿਲਦੀ ਹੈ ਜਿਹੜੀਆਂ ਆਪ ਦੇ ਭਾਵਾਂ ਦੀ ਅਸਲ ਤਰਜਮਾਨੀ ਕਰਦੀਆਂ ਹਨ। ਗੁਰੂ ਸਾਹਿਬ ਦੀ ਵੀ ਆਪ ਉੱਤੇ ਅਪਾਰ ਮਿਹਰ ਦ੍ਰਿਸ਼ਟੀ ਸੀ। ਉਹ ਉਨ੍ਹਾਂ ਨੂੰ ਭਾਈ ਸਾਹਿਬ ਕਹਿ ਕੇ ਸੰਬੋਧਨ ਕਰਦੇ ਸਨ ਅਤੇ ਭਾਈ ਸਾਹਿਬ ਦੀਆਂ ਰਚਨਾਵਾਂ ਦੀ ਕਥਾ ਆਮ ਤੌਰ ਤੇ ਦਰਬਾਰ ਵਿਚ ਹੁੰਦੀ ਸੀ। ਸੰਗਤਾਂ ਦੇ ਸ਼ੱਕ ਸ਼ੰਸੇ ਦੂਰ ਕਰਨ ਲਈ ਵੀ ਆਪ ਜੀ ਨੂੰ ਹੀ ਕਿਹਾ ਜਾਂਦਾ ਸੀ। ਹੁਣ ਤਕ ਵੀ ਸਿੱਖ ਗੁਰਦਵਾਰਿਆਂ ਵਿਚ ਅਤੇ ਖ਼ਾਸ ਕਰਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ, ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਰਚਨਾ ਤੋਂ ਛੁੱਟ ਕੇਵਲ ਭਾਈ ਨੰਦ

ਲਾਲ ਦੀਆਂ ਰਚਨਾਵਾਂ ਦੇ ਕੀਰਤਨ ਦੀ ਹੀ ਆਗਿਆ ਹੈ। ਸਿੱਖ ਜਗਤ ਵਿਚ ਇਹ ਇਕ ਬੇਮਿਸਾਲ ਸਤਿਕਾਰ ਅਤੇ ਮਾਣ ਹੈ ਜਿਹੜਾ ਕਿ ਭਾਈ ਗੁਰਦਾਸ ਤੋਂ ਪਿਛੋਂ ਕੇਵਲ ਭਾਈ ਨੰਦ ਲਾਲ ਨੂੰ ਹੀ ਨਸੀਬ ਹੋ ਸਕਿਆ ਹੈ।

ਭਾਈ ਨੰਦ ਲਾਲ ਦਸੰਬਰ 1705 ਈ. ਤਕ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਆਨੰਦਪੁਰ ਹੀ ਠਹਿਰੇ ਰਹੇ। ਇਉਂ ਪ੍ਰਤੀਤ ਹੁੰਦਾ ਹੈ ਕਿ ਜਦ ਆਨੰਦਪੁਰ ਦੇ ਘੇਰੇ ਸਮੇਂ ਗੁਰੂ ਸਾਹਿਬ ਨੂੰ ਆਪਣਾ ਨਿਵਾਸ ਅਸਥਾਨ ਛੱਡਣਾ ਪਿਆ ਅਤੇ ਸਰਸਾ ਨਦੀ ਦੇ ਕੰਢੇ ਤੇ ਸਾਰਾ ਪਰਿਵਾਰ ਨਿੱਖੜ ਗਿਆ ਅਤੇ ਸਿੱਖ ਵੱਖ ਵੱਖ ਹੋ ਗਏ ਤਾਂ ਭਾਈ ਸਾਹਿਬ ਵੀ ਕਿਧਰੇ ਵਿਛੜ ਗਏ। ਇਸ ਤੋਂ ਪਿਛੋਂ ਸੰਨ 1706 ਈ. ਵਿਚ ਆਪ ਕਿੱਥੇ ਰਹੇ, ਇਸ ਬਾਰੇ ਕੁਝ ਪਤਾ ਨਹੀਂ ਚਲਦਾ। ਹਾਂ ਇੰਨਾ ਮਾਲੂਮ ਹੁੰਦਾ ਹੈ ਕਿ ਬਾਦਸ਼ਾਹ ਔਰੰਗਜੇਬ ਦੇ ਸੰਨ 1707 ਈ. ਵਿਚ ਕਾਲ ਵੱਸ ਹੋਣ ਪਿਛੋਂ ਆਪ ਫੇਰ ਇਕ ਵਾਰ ਆਪਣੇ ਪਹਿਲੇ ਮਾਲਕ ਸ਼ਹਿਜਾਦਾ ਮੁਅੱਜ਼ਮ ਸ਼ਾਹ ਆਲਮ ਦੀ ਸੇਵਾ ਵਿਚ ਪਹੁੰਚ ਗਏ, ਜੋ ਉਸ ਵੇਲੇ ਬਹਾਦੁਰ ਸ਼ਾਹ ਦੇ ਨਾਉਂ ਨਾਲ ਦਿੱਲੀ ਦੇ ਤਖ਼ਤ ਤੇ ਬ੍ਰਾਜਮਾਨ ਹੋ ਗਿਆ ਸੀ। ਦੂਜੇ ਪਾਸੇ ਬਹਾਦੁਰ ਸ਼ਾਹ ਦਾ ਛੋਟਾ ਭਰਾ ਸ਼ਹਿਜ਼ਾਦਾ ਆਜ਼ਮ ਵੀ ਤਖ਼ਤ ਦਾ ਦਾਅਵਾ ਕਰ ਰਿਹਾ ਸੀ ਅਤੇ ਦੱਖਣ ਵਲੋਂ ਇਕ ਭਾਰੀ ਲਸ਼ਕਰ ਲੈ ਕੇ ਦਿੱਲੀ ਵੱਲ ਨੂੰ ਵੱਧ ਰਿਹਾ ਸੀ। ਉਸ ਵੇਲੇ ਬਹਾਦੁਰ ਸ਼ਾਹ ਦਾ ਦਿਲ ਕੰਬ ਰਿਹਾ ਸੀ, ਕਿਧਰੇ ਆਜ਼ਮ ਨਾਲ ਟੱਕਰ ਵਿਚ ਉਸ ਨੂੰ ਹਾਰ ਹੀ ਨਾ ਹੋ ਜਾਵੇ। ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਦੱਖਣ ਦੇ ਸਫ਼ਰ ਦਾ ਖ਼ਿਆਲ ਛੱਡ ਕੇ ਰਾਜਪੂਤਾਨੇ ਵਿਚ ਬਘੋਰ ਦੇ ਨੇੜਿਉਂ, ਜਿੱਥੇ ਉਨ੍ਹਾਂ ਨੂੰ ਔਰੰਗਜੇਬ ਦੀ ਮੌਤ ਦੀ ਖ਼ਬਰ ਮਿਲ ਗਈ ਸੀ, ਵਾਪਸ ਪੰਜਾਬ ਵੱਲ ਨੂੰ ਆ ਰਹੇ ਸਨ। ਜਦ ਆਪ ਸ਼ਾਹਜਹਾਨਾਬਾਦ ਦਿੱਲੀ ਦੇ ਨੇੜੇ ਪੁੱਜੇ ਤਾਂ ਬਹਾਦਰ ਸ਼ਾਹ ਵੱਲੋਂ ਭਾਈ ਨੰਦ ਲਾਲ ਸਹਾਇਤਾ ਦੀ ਅਰਜ ਲੈ ਕੇ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ।

ਹਰ ਇਕ ਸਾਧਾਰਣ ਮਨੁੱਖ ਉਸ ਵੇਲੇ ਦਾ ਗੁਰੂ ਸਾਹਿਬ ਦਾ ਬਹਾਦੁਰ ਸ਼ਾਹ ਵੱਲ, ਹਮਦਰਦੀ ਭਰਿਆ ਸਲੂਕ ਵੇਖ ਕੇ ਹੈਰਾਨ ਰਹਿ ਜਾਂਦਾ ਹੈ। ਸ਼ਾਹਜ਼ਾਦਾ ਮੁਅੱਜ਼ਮ ਦੇ ਬਾਪ ਦਾਦਾ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਬਜ਼ੁਰਗਾਂ ਦੇ ਅਤੇ ਸਿੱਖਾਂ ਦੀ ਧਾਰਮਿਕ ਲਹਿਰ ਦੇ ਸਖ਼ਤ ਵਿਰੋਧੀ ਰਹਿ ਚੁੱਕੇ ਸਨ ਅਤੇ ਉਨ੍ਹਾਂ ਦੇ ਜਾਨੀ ਵੈਰੀ ਸਨ। ਮੁਅੱਜ਼ਮ ਦੇ ਪੜਦਾਦੇ ਜਹਾਂਗੀਰ ਨੇ ਗੁਰੂ ਗੋਬਿੰਦ ਸਿੰਘ ਦੇ ਪੜਦਾਦਾ ਗੁਰੂ ਅਰਜਨ ਦੇਵ ਜੀ ਨੂੰ ਬੜੇ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ। ਬਾਦਸ਼ਾਹ ਸ਼ਾਹ ਜਹਾਨ ਦੇ ਰਾਜ ਸਮੇਂ ਗੁਰੂ ਹਰਿ ਗੋਬਿੰਦ ਸਾਹਿਬ ਦੇ ਵਿਰੁੱਧ ਚਾਰ ਵਾਰੀ ਮੁਗ਼ਲ ਫ਼ੌਜਾਂ ਨੇ ਚੜ੍ਹਾਈ ਕੀਤੀ ਸੀ, ਭਾਵੇਂ ਹਰ ਵਾਰੀ ਉਨ੍ਹਾਂ ਨੂੰ ਆਪ ਹੀ ਹਾਰ ਖਾਣੀ ਪਈ। ਇਸੇ ਤਰ੍ਹਾਂ ਔਰੰਗਜ਼ੇਬ ਨੇ ਸਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਸਾਹਿਬ ਨੂੰ ਦਿੱਲੀ ਬੁਲਾਉਣ ਦਾ ਯਤਨ ਕੀਤਾ ਅਤੇ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਪਿਛੋਂ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦਿੱਲੀ ਬੁਲਾ ਭੇਜਿਆ ਜਿੱਥੇ ਉਨ੍ਹਾਂ ਦੀ ਮ੍ਰਿਤੂ ਹੋ ਗਈ ਅਤੇ ਅਖ਼ੀਰ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਗੁਰੂ ਤੇਗ਼ ਬਹਾਦੁਰ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹੀਦ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਸਾਰੀ ਉਮਰ ਬਾਦਸ਼ਾਹ ਔਰੰਗਜ਼ੇਬ ਦੇ ਕ੍ਰੋਧ ਹੇਠ ਗੁਜ਼ਰੀ ਅਤੇ ਅਨੇਕਾਂ ਵਾਰ ਉਨ੍ਹਾਂ ਨੂੰ ਮੁਗ਼ਲ ਫ਼ੌਜਾਂ ਦਾ ਟਾਕਰਾ ਕਰਨਾ ਪਿਆ ਅਤੇ ਅਖ਼ੀਰ ਉਨ੍ਹਾਂ ਦਾ ਵਾਸਾ ਆਨੰਦਪੁਰ ਸਾਹਿਬ ਵੀ ਬਰਬਾਦ ਕਰ ਦਿੱਤਾ ਗਿਆ। ਸਾਰੀ ਜਾਇਦਾਦ ਲੁੱਟੀ ਗਈ। ਲਿਖਤੀ ਪੁਸਤਕਾਂ ਦਾ ਬਹੁ-ਮੁੱਲਾ ਖ਼ਜ਼ਾਨਾ ਤਬਾਹ ਹੋ ਗਿਆ। ਦੋ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋ ਗਏ ਅਤੇ ਦੋ ਸਰਹਿੰਦ ਦੀਆਂ ਨੀਹਾਂ ਵਿਚ ਜਿਉਂਦੇ ਚਿਣੇ ਅਤੇ ਕੋਹ ਕੋਹ ਕੇ ਕਤਲ ਕਰ ਦਿੱਤੇ ਗਏ ਅਤੇ ਉੱਥੇ ਹੀ ਆਪ ਦੀ ਸਤਿਕਾਰਯੋਗ ਮਾਤਾ ਜੀ ਕਾਲਵੱਸ ਹੋ ਗਏ। ਗੁਰੂ

ਸਾਹਿਬ ਨੂੰ ਆਪ ਬਿਨਾਂ ਘਰ ਘਾਟ ਅਨੇਕਾਂ ਮੁਸੀਬਤਾਂ ਅਤੇ ਔਕੜਾਂ ਝੱਲਣੀਆਂ ਪਈਆਂ। ਪਰ ਵਾਰੇ ਜਾਈਏ ਗੁਰੂ ਗੋਬਿੰਦ ਸਿੰਘ ਤੋਂ ਅਤੇ ਉਨ੍ਹਾਂ ਦੇ ਮਹਾਨ ਉਦੇਸ਼ ਅਤੇ ਆਸ਼ੇ ਤੋਂ ਕਿ ਫਿਰ ਵੀ ਆਪ ਦੇ ਦਿਲ ਦਿਮਾਗ਼ ਦਾ ਪਲੜਾ ਸਦਾ ਸਾਵਾਂ ਰਿਹਾ ਅਤੇ ਆਪ ਨੇ ਕ੍ਰੋਧ ਜਾਂ ਬਦਲੇ ਦੀ ਅੱਗ ਤੋਂ ਉਤਾਂਹ ਰਹਿ ਕੇ ਔਰੰਗਜ਼ੇਬ ਦੇ ਮੁਸ਼ਕਲ ਵਿਚ ਫਾਥੇ ਪੁੱਤਰ ਬਹਾਦੁਰ ਸ਼ਾਹ ਦੀ ਔਖੇ ਵੇਲੇ ਸਹਾਇਤਾ ਕਰਨ ਦਾ ਇਕਰਾਰ ਕਰ ਦਿੱਤਾ ਅਤੇ 8 ਜੂਨ 1707 ਈ. ਨੂੰ ਜਾਜਊ ਦੇ ਅਸਥਾਨ ਤੇ ਹੋਈ ਜੰਗ ਵਿਚ ਤਖ਼ਤ ਦੇ ਸਹੀ ਹੱਕਦਾਰ ਸ਼ਹਿਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਦੀ ਮਦਦ ਲਈ ਆਪਣੇ ਦੋ ਤਿੰਨ ਸੌ ਨੇਜ਼ਾ-ਬਰਦਾਰ ਸਿੰਘਾਂ ਨੂੰ ਭੇਜ ਦਿੱਤਾ। ਬੇਸ਼ਕ ਹੇਠ ਦਿੱਤਾ ਬੰਦ ਆਪ ਜੀ ਪੁਰ ਪੂਰੀ ਤਰ੍ਹਾਂ ਠੀਕ ਢੁੱਕਦਾ ਹੈ :

*ਕੁਫ਼ਰ ਅਸਤ ਦਰ ਤਰੀਕਤਿ ਮਾ ਕੀਨਾ ਦਾਸ਼ਤਨ।*
*ਆਈਨਿ-ਮਾ ਅਸਤ ਸੀਨਾ ਚੋ ਆਈਨਾ ਦਾਸ਼ਤਨ।*

ਅਰਥਾਤ :

ਕਿਸੇ ਨਾਲ ਵੈਰ ਰਖਣਾ ਸਾਡੇ ਧਰਮ ਦੇ ਵਿਰੁੱਧ ਹੈ।
ਸਾਡਾ ਧਰਮ ਹੈ ਦਿਲ ਨੂੰ ਸ਼ੀਸ਼ੇ ਵਾਂਗੂ ਸਾਫ਼ ਰੱਖਣਾ।

ਰੱਬ ਦੀ ਮਿਹਰ ਨਾਲ ਸ਼ਾਹਜ਼ਾਦਾ ਮੁਅੱਜ਼ਮ ਦੀ ਫ਼ਤਹਿ ਹੋਈ ਅਤੇ ਉਹ ਔਰੰਗਜ਼ੇਬ ਦੇ ਤਖ਼ਤ ਦਾ ਵਾਰਸ ਬਣਿਆ। ਸ਼ੁਕਰਾਨੇ ਵਜੋਂ ਬਾਹਸ਼ਾਹ ਬਹਾਦੁਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਨੂੰ 23 ਜੁਲਾਈ, 1707 ਈ. ਨੂੰ ਸ਼ਾਹੀ ਦਰਬਾਰ ਵਿਚ ਮੁਲਾਕਾਤ ਲਈ ਸੱਦਾ-ਪੱਤਰ ਭੇਜਿਆ ਅਤੇ ਸੱਠ ਹਜ਼ਾਰ ਦੀ ਜੜਾਊ ਧੁਖਧੁਖੀ, ਕਲਗੀ ਅਤੇ ਸਿਰੋਪਾਉ ਆਦਿ ਭੇਟਾ ਕੀਤਾ ਅਤੇ ਇਕ ਧਾਰਮਿਕ ਆਗੂ ਦੀ ਹੈਸੀਅਤ ਵਿਚ ਉਨ੍ਹਾਂ ਨੂੰ ਆਗਿਆ ਦਿੱਤੀ ਕਿ ਉਹ ਉਸ ਸਿਰੋਪਾਉ ਨੂੰ ਉੱਥੇ ਪਹਿਨਣ ਦੀ ਥਾਂ ਆਪਣੇ ਇਕ ਸੇਵਕ ਦੇ ਹੱਥੀਂ ਚੁਕਵਾ ਕੇ ਲੈ ਜਾਣ। ਉਸੇ ਸਾਲ ਦੇ ਅੰਤ ਵਿਚ ਬਾਦਸ਼ਾਹ ਨੇ ਰਾਜਪੂਤਾਨਾ ਵੱਲ ਕਛਵਾਹਿਆ ਦੇ ਵਿਰੁੱਧ ਮੁਹਿੰਮ ਚਾੜ੍ਹਣ ਦਾ ਇਰਾਦਾ ਕੀਤਾ, ਪਰ ਚੂੰਕਿ ਦੱਖਣ ਵੱਲੋਂ ਉਸ ਦੇ ਛੋਟੇ ਭਰਾ ਕਾਮਬਖ਼ਸ਼ ਦੀ ਬਗ਼ਾਵਤ ਦੀਆਂ ਖ਼ਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ, ਉਸ ਨੂੰ ਝੱਟ ਪੱਟ ਉਧਰ ਜਾਣਾ ਪੈ ਗਿਆ। ਉਸ ਸਮੇਂ ਤਕ ਬਾਦਸ਼ਾਹ ਅਤੇ ਗੁਰੂ ਸਾਹਿਬ ਵਿਚਕਾਰ ਸੁਲਾਹ ਸਫ਼ਾਈ ਦੀ ਗੱਲਬਾਤ ਕਿਸੇ ਅੰਤਮ ਪੜਾਉ ਤੇ ਨਹੀਂ ਸੀ ਪੁੱਜੀ। ਇਸ ਲਈ ਗੁਰੂ ਸਾਹਿਬ ਵੀ ਬਾਦਸ਼ਾਹ ਦੇ ਨਾਲ ਹੀ ਦੱਖਣ ਵੱਲ ਨੂੰ ਚੱਲ ਪਏ ਤਾਂ ਜੋ ਸਮੇਂ ਸਮੇਂ ਗੱਲ ਬਾਤ ਚਲਦੀ ਰਹਿ ਸਕੇ।

ਜਦ ਬਾਦਸ਼ਾਹੀ ਕੈਂਪ ਅਗਸਤ 1708 ਈ. ਦੇ ਅੰਤ ਵਿਚ ਨਾਂਦੇੜ ਪੁੱਜਾ ਅਤੇ ਉੱਥੇ ਗੁਰੂ ਸਾਹਿਬ ਮਾਧੋ ਦਾਸ ਬੈਰਾਗੀ ਦੇ ਡੇਰੇ ਪਧਾਰੇ ਤਾਂ ਗੁਰੂ ਸਾਹਿਬ ਦੇ ਨਾਲ ਗਏ ਸਿੱਖਾਂ ਨੇ ਨੇੜੇ ਹੀ ਇਕ ਖੁਲ੍ਹੀ ਥਾਂ ਤੇ ਮਾਸ ਪਕਾਉਣਾ ਸ਼ੁਰੂ ਕੀਤਾ ਜਿਸ ਨਾਲ ਮਾਧੋ ਦਾਸ ਦੇ ਡੇਰੇ ਅਤੇ ਨਾਂਦੇੜ ਦੇ ਹਿੰਦੂਆਂ ਵਿਚ ਇਕ ਹਲ-ਚਲ ਮਚ ਗਈ। ਕਰਨਾ ਰੱਬ ਦਾ, ਉਸੇ ਦਿਨ (3 ਸਤੰਬਰ, 1708) ਨੂੰ ਸੂਰਜ ਗ੍ਰਹਿਣ ਸੀ ਅਤੇ ਮੱਸਿਆ ਵੀ। ਇਹ ਦੋਵੇਂ ਦਿਨ ਹਿੰਦੂਆਂ ਵਿਚ ਬੜੇ ਪਵਿੱਤਰ ਸਮਝੇ ਜਾਂਦੇ ਹਨ। ਭਾਵੇਂ ਸਿੱਖਾਂ ਲਈ ਇਹ ਤਾਰਿਆਂ ਦੇ ਚੱਕਰ ਦਾ ਇਕ ਕੁਦਰਤੀ ਸਿੱਟਾ ਸੀ ਅਤੇ ਸਿੱਖ ਮਤ ਅਨੁਸਾਰ ਉਹ ਅਜਿਹੇ ਵਹਿਮਾਂ ਭਰਮਾਂ ਤੋਂ ਮੁਕਤ ਹੋ ਚੁੱਕੇ ਸਨ, ਪਰ ਜਦ ਨਾਂਦੇੜ ਦੇ ਹਿੰਦੂਆਂ ਨੇ ਬਹਾਦੁਰ ਸ਼ਾਹ ਪਾਸ ਇਸ ਗੱਲ ਦੀ ਸ਼ਿਕਾਇਤ ਕੀਤੀ ਅਤੇ ਬਾਦਸ਼ਾਹ ਨੇ ਇਸ ਦੀ ਪੜਤਾਲ ਕੀਤੀ ਤਾਂ ਇਸ ਨੂੰ ਇਕ ਫ਼ਜ਼ੂਲ ਬਖੇੜਾ ਸਮਝ ਕੇ ਰੱਦ ਕਰ ਦਿੱਤਾ, ਜਿਸ ਨਾਲ ਸਾਰੇ ਹਿੰਦੂਆਂ ਨੂੰ ਸ਼ਰਮਿੰਦਾ ਹੋਣਾ

ਪਿਆ।

ਇਸ ਘਟਨਾ ਵੱਲ ਸੰਕੇਤ ਕਰਦਾ ਹੋਇਆ ਢਾਡੀ ਨਥ ਮੱਲ ਆਪਣੀ ਸਮਕਾਲੀ ਰਚਨਾ 'ਅਮਰ ਨਾਮਾ' ਵਿਚ ਭਾਈ ਨੰਦ ਲਾਲ ਦੀ ਬਾਦਸ਼ਾਹ ਨਾਲ ਮੌਜੂਦਗੀ ਬਾਰੇ ਇਉਂ ਲਿਖਦਾ ਹੈ :

*ਜ਼ਿ ਵੁਜ਼ਰਾਇ ਸੁਲਤਾਨ ਬੁਦਾ ਨੰਦ ਲਾਲ*
*ਸ਼ੁਦਾ ਹਮਰਹਿ ਸ਼ਾਹਿ ਵਾਲਾ ਕਮਾਲ।*

ਅਰਥਾਤ :

ਨੰਦ ਲਾਲ ਬਾਦਸ਼ਾਹ ਦੇ ਵਜ਼ੀਰਾਂ ਵਿਚੋਂ ਸੀ, ਅਤੇ
ਉਹ ਵੱਡੇ ਕਮਾਲ ਵਾਲੇ ਬਾਦਸ਼ਾਹ ਦੇ ਸਫ਼ਰ ਦਾ ਸੰਗੀ ਸੀ।

ਇਹ ਲਿਖਤ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ ਭਾਈ ਨੰਦ ਲਾਲ ਸਤੰਬਰ ਸੰਨ 1708 ਵਿਚ ਬਾਦਸ਼ਾਹ ਸ਼ਾਹ ਦੇ ਇਕ ਸਤਿਕਾਰ ਯੋਗ ਵਜ਼ੀਰ ਦੀ ਹੈਸੀਅਤ ਵਿਚ ਸ਼ਾਹੀ ਕੈਂਪ ਦੇ ਨਾਲ ਨਾਂਦੇੜ ਵਿਚ ਮੌਜੂਦ ਸਨ।

ਲਾਲਾ ਪਰਮਾਨੰਦ ਅਰੋੜਾ ਆਪਣੇ ਉਪਰੋਕਤ ਲੇਖ ਵਿਚ ਲਿਖਦੇ ਹਨ ਕਿ ਚੂੰਕਿ ਭਾਈ ਸਾਹਿਬ ਦੀ ਰਚਨਾ 'ਦਸਤੂਰੁਲ-ਇਨਸ਼ਾ' ਵਿਚ ਦਰਜ ਕੀਤੇ ਖ਼ਤਾਂ ਵਿਚ ਬਾਦਸ਼ਾਹ ਫ਼ਰੁੱਖਸੀਅਰ ਦੇ ਗੱਦੀ ਬਹਿਣ ਦਾ ਜ਼ਿਕਰ ਆਉਂਦਾ ਹੈ। ਇਸ ਲਈ ਇਹ ਗੱਲ ਬਿਨਾਂ ਕਿਸੇ ਸ਼ੱਕ ਦੇ ਕਹੀ ਜਾ ਸਕਦੀ ਹੈ ਕਿ ਆਪ ਸੰਨ 1713 ਈ. ਤਕ ਜਿਉਂਦੇ ਸਨ। ਪਰ ਇਸ ਗੱਲ ਦਾ ਕਿਸੇ ਭਰੋਸੇ ਯੋਗ ਇਤਿਹਾਸਕ ਲਿਖਤ ਦੀ ਅਣਹੋਂਦ ਵਿਚ ਠੀਕ ਨਿਰਣਾ ਨਹੀਂ ਕੀਤਾ ਜਾ ਸਕਦਾ ਕਿ ਆਪ ਦੱਖਣ ਤੋਂ ਕਦੇ ਪੰਜਾਬ ਨੂੰ ਪਰਤੇ ਅਤੇ ਫੇਰ ਕਿਨ੍ਹਾਂ ਹਾਲਤਾਂ ਵਿਚ ਅਤੇ ਕਦੋਂ ਆਪਣੇ ਘਰ ਮੁਲਤਾਨ ਪੁੱਜੇ। ਹਾਂ, ਅਨੁਮਾਨ ਇਹੀ ਲਾਇਆ ਜਾ ਸਕਦਾ ਹੈ ਕਿ ਦੱਖਣ ਦੀ ਮੁਹਿੰਮ ਦੀ ਵਾਪਸੀ ਤੇ ਬਹਾਦੁਰ ਸ਼ਾਹ ਬਾਦਸ਼ਾਹ ਨੂੰ ਅਜਮੇਰ ਦੇ ਨੇੜੇ ਜਦ ਬਾਬਾ ਬੰਦਾ ਸਿੰਘ ਦੀਆਂ ਜਿੱਤਾਂ ਦੀਆਂ ਖ਼ਬਰਾਂ ਮਿਲੀਆਂ ਅਤੇ ਉਹ ਸਿੱਧਾ ਪੰਜਾਬ ਨੂੰ ਆਇਆ ਅਤੇ ਭਾਈ ਨੰਦ ਲਾਲ ਵੀ 1710 ਈ. ਵਿਚ ਸ਼ਾਹੀ ਕੈਂਪ ਦੇ ਨਾਲ ਸਨ ਅਤੇ ਲਾਹੌਰ ਵਿਚ ਬਾਦਸ਼ਾਹ ਦੀ ਮੌਤ ਪਿਛੋਂ ਜਾਂ ਕੁਝ ਕੁ ਸਮਾਂ ਪਹਿਲਾਂ 1712 ਈ. ਵਿਚ ਮੁਲਤਾਨ ਚਲੇ ਗਏ ਅਤੇ ਉੱਥੇ ਹੀ ਸੁਰਗਵਾਸ ਹੋਏ।

ਮੁਲਤਾਨ ਵਿਚ ਭਾਈ ਸਾਹਿਬ ਨੇ ਆਪਣੇ ਜੀਵਨ ਦੇ ਅੰਤਮ ਦਿਨ ਜਨ-ਸਾਧਾਰਨ ਦੀ ਸੇਵਾ ਵਿਚ ਬਤੀਤ ਕੀਤੇ ਅਤੇ ਸ਼ਹਿਰ ਦੇ ਲੋਕਾਂ ਦੀਆਂ ਵਿਦਿਅਕ ਲੋੜਾਂ ਨੂੰ ਅਨੁਭਵ ਕਰਦੇ ਹੋਏ ਇਕ ਉੱਚ-ਵਿਦਿਆਲਾ ਸਥਾਪਤ ਕੀਤਾ ਜਿੱਥੇ ਬਿਨਾਂ ਪੱਖ ਪਾਤ ਅਤੇ ਧਰਮ ਕਰਮ ਦੇ ਵਿਤਕਰੇ ਦੇ ਹਿੰਦੂਆਂ ਅਤੇ ਮੁਸਲਮਾਨਾਂ ਲਈ ਮੁੱਢਲੀ ਫ਼ਾਰਸੀ, ਅਰਬੀ ਦੀ ਵਿੱਦਿਆ ਤੋਂ ਲੈ ਕੇ ਉਸ ਵੇਲੇ ਦੀ ਉੱਚੀ ਤੋਂ ਉੱਚੀ ਵਿੱਦਿਆ ਦਾ ਯੋਗ ਪ੍ਰਬੰਧ ਕੀਤਾ ਗਿਆ। ਭਾਈ ਸਾਹਿਬ ਆਪ ਉਸ ਵਿਦਿਆਲੇ ਦੇ ਮੁੱਖ-ਅਧਿਆਪਕ ਦੇ ਤੌਰ ਤੇ ਫ਼ਰਜ਼ ਨਿਭਾਉਂਦੇ ਰਹੇ ਅਤੇ ਹਰ ਵਿਦਿਆਰਥੀ ਦੀ ਦੀਨੀ ਅਤੇ ਦੁਨਿਆਵੀ ਮਸਲਿਆਂ ਵਿਚ ਬੜੇ ਸ਼ੌਕ ਅਤੇ ਪ੍ਰੇਮ ਨਾਲ ਅਗਵਾਈ ਕਰਦੇ ਅਤੇ ਉਸ ਵਿਚ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਸਹਾਈ ਹੁੰਦੇ। ਲਾਲਾ ਪਰਮਾਨੰਦ ਦੇ ਕਥਨ ਅਨੁਸਾਰ, "ਇਸ ਮਹਾਂ ਵਿਦਿਆਲੇ ਦਾ ਕੰਮ ਭਾਈ ਸਾਹਿਬ ਦੇ ਜੀਵਨ ਪਿਛੋਂ ਵੀ ਭਲੀ ਪ੍ਰਕਾਰ ਚਲਦਾ ਰਿਹਾ ਅਤੇ ਆਪ ਦੀ ਔਲਾਦ ਸੰਨ 1849 ਈ. ਤਕ ਮੁਲਤਾਨ ਵਿਚ ਅੰਗਰੇਜ਼ੀ ਰਾਜ ਕਾਇਮ ਹੋ ਜਾਣ ਤਕ ਵੀ ਇਸ ਦੀ ਨਿਗਰਾਨੀ ਅਤੇ ਸਰਪ੍ਰਸਤੀ ਕਰਦੀ ਰਹੀ। ਇੱਥੋਂ ਤਕ ਕਿ ਵੀਹਵੀਂ ਸਦੀ ਦੇ ਆਦਿ ਤਕ ਵੀ ਅਜਿਹੇ ਬਿਰਧ ਮੌਜੂਦ ਹਨ ਜਿਹੜੇ ਸੜਕ ਤੋਂ ਲੰਘਦੇ ਹੋਏ ਵੀ ਇਸ ਵਿਦਿਆਲੇ ਦੀ ਡਿੱਗੀ

ਢੱਠੀ ਇਮਾਰਤ ਦੇ ਉਸ ਕਮਰੇ ਦੀ ਬਾਰੀ ਸਾਹਮਣੇ ਸਤਿਕਾਰ ਸਹਿਤ ਆਪਣਾ ਸੀਸ ਝੁਕਾ ਦਿੰਦੇ ਸਨ ਜਿੱਥੇ ਉਨ੍ਹਾਂ ਨੇ ਬਚਪਨ ਵਿਚ ਇਸ ਖ਼ਾਨਦਾਨ ਹੱਥੋਂ ਵਿੱਦਿਆ ਪ੍ਰਾਪਤ ਕੀਤੀ ਸੀ।

## ਭਾਈ ਨੰਦ ਲਾਲ ਦੀਆਂ ਰਚਨਾਵਾਂ

ਜਿਵੇਂ ਕਿ ਭਾਈ ਨੰਦ ਲਾਲ ਦੀਆਂ ਰਚਨਾਵਾਂ ਦੀ ਸ਼ੈਲੀ ਤੋਂ ਪ੍ਰਤੀਤ ਹੁੰਦਾ ਹੈ, ਉਨ੍ਹਾਂ ਦੀਆਂ ਸਾਰੀਆਂ ਦੀਆਂ ਸਾਰੀਆਂ ਰਚਨਾਵਾਂ ਆਪ ਦੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਆਨੰਦਪੁਰ ਵਿਚ ਹਾਜ਼ਰ ਹੋਣ ਪਰ ਸਿੱਖ ਧਰਮ ਦੀ ਸਿੱਖਿਆ ਦੇ ਪ੍ਰਭਾਵ ਹੇਠ ਕੀਤੀਆਂ ਹੋਈਆਂ ਹਨ। ਅਜਿਹੀਆਂ ਰਚਨਾਵਾਂ ਦੀ ਗਿਣਤੀ ਦਸ ਤਕ ਪੁੱਜ ਜਾਂਦੀ ਹੈ। ਇਨ੍ਹਾਂ ਵਿਚੋਂ ਸੱਤ ਫ਼ਾਰਸੀ ਵਿਚ ਅਤੇ ਤਿੰਨ ਪੰਜਾਬੀ ਵਿਚ ਹਨ। ਕਵਿਤਾ ਵਿਚ ਆਪ 'ਗੋਯਾ' ਅਤੇ 'ਲਾਲ' ਦਾ ਉਪਨਾਮ ਵਰਤਦੇ ਸਨ।

### 1. ਜ਼ਿੰਦਗੀਨਾਮਾ (ਫ਼ਾਰਸੀ)

ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ ਕਿ ਇਹ ਰਚਨਾ ਭਾਈ ਸਾਹਿਬ ਨੇ ਆਨੰਦਪੁਰ ਆਉਣ ਪਰ ਸਭ ਤੋਂ ਪਹਿਲਾਂ ਤਿਆਰ ਕੀਤੀ ਸੀ ਅਤੇ 'ਬੰਦਗੀਨਾਮਾ' ਦੇ ਨਾਮ ਹੇਠ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭੇਟਾ ਕੀਤੀ ਸੀ। ਇਸ ਦੇ ਅਧਿਐਨ ਪਿੱਛੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਇਸ ਦਾ ਨਾਉਂ 'ਬੰਦਗੀਨਾਮਾ' ਦੀ ਥਾਂ 'ਜ਼ਿੰਦਗੀਨਾਮਾ' ਰੱਖਣ ਦਾ ਸੁਝਾਉ ਦਿੱਤਾ। ਇਸ ਰਚਨਾ ਦਾ ਵਿਸ਼ਾ ਰੱਬੀ-ਪ੍ਰੀਤ ਅਤੇ ਗੁਰੂ-ਭਗਤੀ ਹੈ ਅਤੇ ਆਮ ਵਿਚਾਰ ਗੁਰਬਾਣੀ ਵਿਚੋਂ ਲਏ ਗਏ ਹਨ ਅਤੇ ਕਈ ਇਕ ਥਾਂ ਤਾਂ ਉਨ੍ਹਾਂ ਦੇ ਭਾਵ ਕੇਵਲ ਗੁਰਬਾਣੀ ਦੀਆਂ ਤੁਕਾਂ ਦਾ ਇੰਨ ਬਿੰਨ ਅਨੁਵਾਦ ਹਨ।

### 2. ਗ਼ਜ਼ਲੀਆਤ ਅਰਥਾਤ ਦੀਵਾਨਿ-ਗੋਯਾ (ਫ਼ਾਰਸੀ)

ਇਹ ਭਾਈ ਸਾਹਿਬ ਦੀ ਸਭ ਤੋਂ ਵੱਧ ਪ੍ਰਸਿੱਧ ਰਚਨਾ ਹੈ ਜਿਹੜੀ ਕਈ ਵਾਰ ਛਾਪੇ ਦਾ ਜਾਮਾ ਪਹਿਨ ਚੁੱਕੀ ਹੈ। ਕਾਵਿ ਨਿਬੰਧ ਦੀ ਤੀਖਣਤਾ, ਭਾਵਾਂ ਦੀ ਉੱਚਤਾ ਅਤੇ ਸ਼ੈਲੀ ਦੀ ਸੁੰਦਰਤਾ ਕਾਰਣ ਇਹ ਇਕ ਅਦੁੱਤੀ ਅਤੇ ਮਹੱਤਵਪੂਰਨ ਵਸਤੂ ਹੈ। ਅਧਿਆਤਮਕ ਅਤੇ ਸਦਾਚਾਰਕ ਦ੍ਰਿਸ਼ਟੀਕੋਣ ਤੋਂ ਇਕ ਪ੍ਰਭਾਵਸ਼ਾਲੀ ਕ੍ਰਿਤ ਹੈ। ਗੁਰਬਾਣੀ ਦੇ ਭਾਵਾਂ ਦੀ ਤਰਜਮਾਨੀ ਕਰਨ ਵਿਚ ਇਹ ਸਫ਼ਲ ਜਤਨ ਹੈ। ਇਹੀ ਕਾਰਣ ਹੈ ਕਿ ਪੰਜਾਬੀ ਵਿਚ ਇਸ ਦੇ ਅਨੇਕਾਂ ਉਲਥੇ ਹੋ ਚੁੱਕੇ ਹਨ।

### 3. ਤੋਸੀਫ਼-ਓ-ਸਨਾ ਅਤੇ ਖ਼ਾਤਿਮਾ (ਫ਼ਾਰਸੀ)

ਜਿਵੇਂ ਕਿ ਇਸ ਦੇ ਨਾਮ ਤੋਂ ਹੀ ਪ੍ਰਤੱਖ ਹੈ, ਇਹ ਰਚਨਾ ਰੱਬ ਦੀ ਜਸ ਕੀਰਤੀ ਨਾਲ ਸੰਬੰਧਤ ਹੈ। ਖ਼ਾਤਿਮੇ ਤੋਂ ਛੁੱਟ ਇਹ ਸਾਰੀ ਰਚਨਾ ਵਾਰਤਕ ਵਿਚ ਹੈ। ਫ਼ਾਰਸੀ ਅਰਬੀ ਦੇ ਔਖੇ ਸ਼ਬਦਾਂ ਦੀ ਅਤਿਅੰਤ ਭਰਮਾਰ ਨੇ ਇਸ ਨੂੰ ਇੰਨਾ ਮੁਸ਼ਕਲ ਬਣਾ ਦਿੱਤਾ ਹੈ ਕਿ ਸ਼ਾਇਦ ਇਸੇ ਕਾਰਣ ਆਮ ਵਿਦਿਆਰਥੀਆਂ ਨੇ ਇਸ ਵੱਲ ਧਿਆਨ ਨਹੀਂ ਸੀ ਦਿੱਤਾ ਅਤੇ ਇਹ ਛਪ ਨਹੀਂ ਸੀ ਸਕੀ। ਉਂਜ ਵੀ ਇਸ ਵਿਚ ਨਾ ਤਾਂ ਇਤਿਹਾਸਕ ਵ੍ਰਿਤ ਦੀ ਹੀ ਕੋਈ ਬਹੁਤੀ ਗੱਲ ਹੈ ਅਤੇ ਨਾ ਹੀ ਕੋਈ ਸਿਧਾਂਤਕ ਵਿਆਖਿਆ। ਇਸ ਲਈ ਇਸ ਦੇ ਵਾਰਤਕ ਹਿੱਸੇ ਦਾ ਉਲਥਾ ਇੱਥੇ ਸ਼ਾਮਲ ਨਹੀਂ ਕੀਤਾ ਗਿਆ, ਕੇਵਲ 'ਖ਼ਾਤਿਮਾ' ਹੀ ਲਿਆ ਹੈ।

ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਵਲੋਂ ਛਪੀ ਰਚਨਾ 'ਗੰਜ ਨਾਮਾ' (ਟ੍ਰੈਕਟ ਨੰ. 476) ਨੂੰ ਭੁਲੇਖੇ ਨਾਲ 'ਤੋਸੀਫ਼-ਓ-ਸਨਾ' ਦਾ ਨਾਮ ਦੇ ਦਿੱਤਾ ਗਿਆ ਸੀ, ਜਿਸ ਦੀ ਪਿੱਛੋਂ ਸੋਧ ਕਰ ਦਿੱਤੀ ਗਈ ਸੀ।

4. **ਗੰਜ ਨਾਮਾ (ਫ਼ਾਰਸੀ)**

ਇਹ ਵਾਰਤਕ ਅਤੇ ਕਾਵਿ ਦੀ ਸਾਂਝੀ ਰਚਨਾ ਹੈ, ਜਿਸ ਵਿਚ ਕਰਤਾ ਨੇ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਤੋਂ ਲੈ ਕੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਤਕ ਸਾਰੇ ਗੁਰੂਆਂ ਦੀ ਵੱਖ ਵੱਖ ਉਸਤਤਿ ਕੀਤੀ ਹੈ ਅਤੇ ਆਪਣੀ ਅਥਾਹ ਸ਼ਰਧਾ ਦਾ ਪ੍ਰਗਟਾਉ ਕੀਤਾ ਹੈ।

5. **ਜੋਤ ਬਿਗਾਸ (ਫ਼ਾਰਸੀ ਕਵਿਤਾ)**

ਇਸ ਰਚਨਾ ਵਿਚ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਸਾਹਿਬ ਦੀ ਨੂਰਾਨੀ ਜੋਤ ਦਾ ਉਨ੍ਹਾਂ ਦੀ ਗੱਦੀ ਉੱਪਰ ਬੈਠਣ ਵਾਲੇ ਗੁਰੂਆਂ ਵਿਚ ਕ੍ਰਮਵਾਰ ਪ੍ਰਗਟ ਹੁੰਦੇ ਜਾਣਾ ਦਰਸਾਇਆ ਗਿਆ ਹੈ ਅਤੇ ਦਸ਼ਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੂੰ ਹੱਕ ਹੱਕ ਅੰਦੇਸ਼, ਬਾਦਸ਼ਾਹ ਦਰਵੇਸ਼, ਪੂਰਣ ਮਨੁੱਖ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਹ ਪੁਸਤਕ ਸਮੇਤ ਪੰਜਾਬੀ ਅਨੁਵਾਦ ਦੇ ਪਹਿਲੋਂ ਪਹਿਲ ਭਾਈ ਮੇਘ ਰਾਜ 'ਗਰੀਬ' ਵਲੋਂ ਗੁਰਦਿਆਲ ਸਿੰਘ ਐਂਡ ਸਨਜ਼, ਲਾਹੌਰ, ਰਾਹੀਂ ਸੰਮਤ 1975 ਬਿਕਰਮੀ ਮੁਤਾਬਕ 1918 ਈ. ਵਿਚ ਪ੍ਰਕਾਸ਼ਤ ਕੀਤੀ ਗਈ ਸੀ।

6. **ਜੋਤ ਬਿਗਾਸ (ਪੰਜਾਬੀ ਕਵਿਤਾ)**

ਇਹ ਪੁਸਤਕ ਉਪਰੋਕਤ ਨਾਮ ਦੀ ਫ਼ਾਰਸੀ ਰਚਨਾ ਦਾ ਇੰਨ ਬਿੰਨ ਪੰਜਾਬੀ ਅਨੁਵਾਦ ਨਹੀਂ, ਸਗੋਂ ਇਕ ਸੁਤੰਤਰ ਕਿਰਤ ਹੈ।

7-8. **ਰਹਿਤ ਨਾਮਾ ਅਤੇ ਤਨਖ਼ਾਹ ਨਾਮਾ (ਪੰਜਾਬੀ ਕਵਿਤਾ)**

ਇਨ੍ਹਾਂ ਦੋਹਾਂ ਰਚਨਾਵਾਂ ਬਾਰੇ ਸਵਰਗਵਾਸੀ ਭਾਈ ਕਾਹਨ ਸਿੰਘ ਜੀ, ਨਾਭਾ ਨਿਵਾਸੀ ਕਰਤਾ ਗੁਰ-ਸ਼ਬਦ ਰਤਨਾਕਰ ਮਹਾਨਕੋਸ਼ ਦਾ ਵਿਚਾਰ ਹੈ ਕਿ ਇਹ ਭਾਈ ਨੰਦ ਲਾਲ ਦੀਆਂ ਕਿਰਤਾਂ ਨਹੀਂ ਹਨ। ਜੇਕਰ ਇਹ ਗੱਲ ਸਹੀ ਵੀ ਮੰਨ ਲਈ ਜਾਵੇ ਤਾਂ ਵੀ ਇਹ ਦੋਵੇਂ ਰਚਨਾਵਾਂ 'ਰਹਿਤ ਨਾਮਾ' ਅਤੇ 'ਤਨਖ਼ਾਹਨਾਮਾ' ਸੇਵਕ ਅਤੇ ਗੁਰੂ, ਅਰਥਾਤ ਭਾਈ ਨੰਦ ਲਾਲ ਅਤੇ ਗੁਰੂ ਗੋਬਿੰਦ ਸਿੰਘ, ਦੇ ਸਵਾਲਾਂ ਜਵਾਬਾਂ ਦੀ ਤਰਜਮਾਨੀ ਕਰਦੀਆਂ ਹਨ, ਇਸ ਲਈ ਇਨ੍ਹਾਂ ਦਾ ਭਾਈ ਸਾਹਿਬ ਦੇ ਸੰਗ੍ਰਹਿ ਵਿਚ ਸ਼ਾਮਲ ਕਰ ਲੈਣਾ ਅਸਲੋਂ ਠੀਕ ਭਾਸਦਾ ਹੈ। ਭਾਈ ਸਾਹਿਬ ਦੇ ਖ਼ਾਨਦਾਨ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਇਹ ਦੋਵੇਂ ਰਚਨਾਵਾਂ ਭਾਈ ਸਾਹਿਬ ਦੀਆਂ ਆਪਣੀਆਂ ਹੀ ਹਨ। ਇਹੀ ਵਿਚਾਰ ਸਰਦਾਰ ਅਤਰ ਸਿੰਘ ਰਈਸ ਭਦੌੜ ਦਾ ਸੀ, ਜਿਵੇਂ ਕਿ ਉਨ੍ਹਾਂ ਵੱਲੋਂ 1876 ਈ. ਵਿਚ ਐਲਬਰਟ ਪ੍ਰੈਸ ਲਾਹੌਰ ਵਿਚ ਛਪੇ 'ਰਹਿਤ ਨਾਮਾ' ਭਾਈ ਨੰਦ ਲਾਲ ਦੇ ਅੰਗਰੇਜ਼ੀ ਅਨੁਵਾਦ ਤੋਂ ਪ੍ਰਗਟ ਹੁੰਦਾ ਹੈ। ਇਹ ਦੋਵੇਂ ਰਚਨਾਵਾਂ ਪੰਜਾਬੀ ਵਿਚ ਕਈ ਵਾਰੀ ਛਪ ਚੁੱਕੀਆਂ ਹਨ। ਫ਼ਾਰਸੀ ਵਿਚੋਂ ਗੁਰਮੁਖੀ ਅੱਖਰਾਂ ਵਿਚ ਉਤਾਰਾ ਕਰਨ ਸਮੇਂ ਛਾਪੇ ਦੀਆਂ ਅਨੇਕਾਂ ਭੁੱਲਾਂ ਇਨ੍ਹਾਂ ਵਿਚ ਆ ਗਈਆਂ ਹਨ ਜਿਨ੍ਹਾਂ ਨੂੰ ਭਾਈ ਸਾਹਿਬ ਦੇ ਖ਼ਾਨਦਾਨ ਪਾਸੋਂ ਪ੍ਰਾਪਤ ਕੀਤੇ ਨੁਸਖ਼ਿਆਂ ਨਾਲ ਮੇਲ ਕੇ ਸੋਧਣ ਦਾ ਜਤਨ ਕੀਤਾ ਗਿਆ ਹੈ।

ਰਹਿਤ ਨਾਮੇ ਦੇ ਅੰਤ ਵਿਚ ਦਿੱਤੀ ਹੋਈ ਮਿਤੀ ਅਤੇ ਰਚਨਾ ਦੇ ਅਸਥਾਨ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਮੱਘਰ ਸੁਦੀ ਨਾਵੀਂ ਦਿਨ ਵੀਰਵਾਰ ਸੰਮਤ 1752 ਮੁਤਾਬਕ 4-5 ਦਸੰਬਰ 1695 ਈ. ਨੂੰ ਸਤਲੁਜ ਦੇ ਕੰਢੇ ਆਨੰਦਪੁਰ ਲਿਖਿਆ ਗਿਆ ਸੀ ਅਤੇ ਇਸ ਵਿਚ ਦਿੱਤੀ ਰਹਿਤ ਉਸ ਸਮੇਂ ਤਕ ਦੀ ਸੀ ਜਦੋਂ ਕਿ ਹਾਲੀ 'ਖ਼ਾਲਸਾ' ਪ੍ਰਗਟ ਨਹੀਂ ਸੀ ਕੀਤਾ ਗਿਆ ਅਤੇ ਨਾ ਹੀ ਉਦੋਂ ਤਕ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘ ਸ਼ਬਦ ਆਪਣੇ ਨਾਉਂ ਨਾਲ ਵਰਤਣਾ ਆਰੰਭ ਕੀਤਾ ਸੀ, ਜਿਹੜਾ ਕੇਵਲ ਖ਼ਾਲਸਾ ਸਾਜਣ ਤੋਂ ਹੀ ਵਰਤੋਂ ਵਿਚ ਆਇਆ। 'ਤਨਖ਼ਾਹਨਾਮਾ' ਖ਼ਾਲਸਾ ਦੇ ਹੋਂਦ ਵਿਚ

ਆਉਣ ਪਿੱਛੋਂ ਦੀ ਰਚਨਾ ਹੈ ਜਿਸ ਵਿਚ 'ਖ਼ਾਲਸਾ' ਅਤੇ 'ਗੋਬਿੰਦ ਸਿੰਘ' ਸ਼ਬਦ ਆਮ ਵਰਤੋਂ ਵਿਚ ਆਏ ਹਨ ਅਤੇ ਅੰਤ ਵਿਚ 'ਖ਼ਾਲਸਾ' ਦੀ ਉਸਤਤਿ ਦਰਜ ਕੀਤੀ ਹੋਈ ਹੈ।

**9. ਦਸਤੂਰੁਲ-ਇਨਸ਼ਾ (ਫ਼ਾਰਸੀ ਵਾਰਤਕ)**

ਇਹ ਭਾਈ ਨੰਦ ਲਾਲ ਦੇ ਕੁਝ ਕੁ ਪੱਤਰਾਂ ਦਾ ਸਾਰ ਸੰਗ੍ਰਹਿ ਹੈ, ਜਿਹੜੇ ਕਿ ਸਮੇਂ ਸਮੇਂ ਉਨ੍ਹਾਂ ਨੇ ਆਪਣੇ ਸੱਜਣਾਂ ਮਿੱਤਰਾਂ ਅਤੇ ਸਾਕਾਂ ਸੰਬੰਧੀਆਂ ਨੂੰ ਲਿਖੇ ਸਨ।

ਜਿਵੇਂ ਕਿ ਲਾਲਾ ਪਰਮਾਨੰਦ ਦੇ ਲੇਖ ਦੇ ਹਵਾਲੇ ਨਾਲ ਪਿੱਛੇ ਜ਼ਿਕਰ ਕੀਤਾ ਗਿਆ ਹੈ ਕਿ, ਭਾਈ ਨੰਦ ਲਾਲ ਦੀਆਂ ਇਨ੍ਹਾਂ ਲਿਖਤਾਂ ਦਾ ਸੰਗ੍ਰਹਿ ਨਾ ਕੇਵਲ ਪੰਜਾਬ ਅਤੇ ਮੁਲਤਾਨ ਦੇ ਇਤਿਹਾਸ ਦਾ ਇਕ ਬਹੁ-ਮੁੱਲਾ ਖ਼ਜ਼ਾਨਾ ਹੈ, ਸਗੋਂ ਭਾਈ ਸਾਹਿਬ ਦੇ ਜੀਵਨ ਬਾਰੇ ਵੀ ਇਸ ਵਿਚ ਕਾਫ਼ੀ ਵਾਕਫ਼ੀਅਤ ਮਿਲਦੀ ਹੈ। ਲਾਲਾ ਪਰਮਾਨੰਦ ਨੇ 'ਦਸਤੂਰੁਲ ਇਨਸ਼ਾਂ' ਦੀ ਹੱਥ-ਲਿਖਤ ਨੂੰ ਭਾਈ ਸਾਹਿਬ ਦੇ ਖ਼ਾਨਦਾਨ ਵਿਚ ਹੀ ਵੇਖਿਆ ਘੋਖਿਆ ਸੀ, ਜਿਹੜੀ ਕਿ ਹੁਣ ਸਦਾ ਲਈ ਅਲੋਪ ਹੋ ਗਈ ਜਾਪਦੀ ਹੈ, ਘੱਟੋ ਘੱਟ ਇਸ ਦੀ ਭਾਲ ਵਿਚ ਸਾਡੀ ਪੁੱਛ ਗਿੱਛ ਹਾਲ ਤਕ ਸਫ਼ਲ ਨਹੀਂ ਹੋਈ ਅਤੇ ਜਿਹੜੀ ਹੱਥ ਲਿਖਤ ਸਾਨੂੰ ਭਾਈ ਭਗਵੰਤ ਸਿੰਘ 'ਹਰੀ' ਜੀ ਨਾਭਾ ਰਾਹੀਂ ਪ੍ਰਾਪਤ ਹੋਈ ਹੈ ਉਹ ਅਧੂਰੀ ਹੈ ਅਤੇ ਉਸ ਵਿਚ ਉਹ ਸਾਰਾ ਵਿਸਥਾਰ ਨਹੀਂ ਮਿਲਦਾ ਜਿਸ ਦੀ ਚਰਚਾ ਲਾਲਾ ਪਰਮਾਨੰਦ ਨੇ ਕੀਤੀ ਹੈ। ਪਰ ਫਿਰ ਵੀ ਜੋ ਕੁਝ ਸਾਨੂੰ ਮਿਲਿਆ ਹੈ, ਉਸ ਨੂੰ ਜ਼ਰੂਰੀ ਸਮਝ ਕੇ ਇਸ ਸੰਗ੍ਰਹਿ ਵਿਚ ਸ਼ਾਮਲ ਕਰ ਦਿੱਤਾ ਹੈ। ਇਸ ਦਾ ਕੋਈ ਵੀ ਭਾਗ ਹਾਲੀ ਤਕ ਛਪਿਆ ਨਹੀਂ ਸੀ।

**10. ਅਰਜ਼ੁਲ-ਅਲਫ਼ਾਜ਼ (ਫ਼ਾਰਸੀ ਕਵਿਤਾ)**

ਇਹ ਰਚਨਾ ਭਾਈ ਨੰਦ ਲਾਲ ਦੀ ਫ਼ਾਰਸੀ ਅਰਬੀ ਸ਼ਬਦਾਵਲੀ ਦਾ ਇਕ ਵਿਸ਼ਾਲ ਨਮੂਨਾ ਹੈ ਅਤੇ ਇਸ ਨੂੰ ਥਾਂ ਪਰ ਥਾਂ ਰੱਬੀ ਸਿਫ਼ਤ ਅਤੇ ਕੀਰਤੀ ਅਤੇ ਗੁਰੂ ਸਾਹਿਬਾਨ ਦੇ ਜਸ ਲਈ ਵਰਤਿਆ ਗਿਆ ਹੈ। ਅਧਿਆਤਮਕ ਗਿਆਨ ਅਤੇ ਦਰਸ਼ਨ ਦੇ ਵਿਸ਼ੇਸ਼ ਸ਼ਬਦਾਂ ਦਾ ਇਹ ਇਕ ਵਡ-ਮੁੱਲਾ ਭੰਡਾਰ ਹੈ। ਇਸ ਤੋਂ ਨਾ ਕੇਵਲ ਭਾਈ ਸਾਹਿਬ ਦੀ ਵਿਦਿਅਕ ਯੋਗਤਾ ਦਾ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਸਗੋਂ ਉਨ੍ਹਾਂ ਦੀਆਂ ਦੂਜੀਆਂ ਰਚਨਾਵਾਂ ਦੇ ਸਮਝਣ ਲਈ ਵੀ ਵੱਡੀ ਸਹਾਇਤਾ ਮਿਲਦੀ ਹੈ। ਇਹ ਲਿਖਤ ਪਹਿਲੀ ਵਾਰ ਫ਼ਾਰਸੀ ਸੰਗ੍ਰਹਿ ਕੁੱਲੀਆਤਿ ਭਾਈ ਨੰਦ ਲਾਲ ਵਿਚ ਛਾਪੀ ਗਈ ਸੀ, ਪਰ ਇਸ ਦੀ ਬਹੁਤੀ ਕੂਤ ਸਾਹਿੱਤਕ ਹੀ ਹੈ, ਇਤਿਹਾਸਕ ਜਾਂ ਧਾਰਮਿਕ ਨਹੀਂ ਅਤੇ ਇਸ ਦਾ ਰਸ ਕੇਵਲ ਫ਼ਾਰਸੀ ਅਤੇ ਅਰਬੀ ਦੇ ਮਾਹਰ ਵਿਦਵਾਨ ਹੀ ਮਾਣ ਸਕਦੇ ਹਨ, ਦੂਸਰੇ ਨਹੀਂ, ਇਸ ਲਈ ਇਸ ਦਾ ਪੂਰਾ ਉਲਥਾ ਇੱਥੇ ਸ਼ਾਮਲ ਨਹੀਂ ਕੀਤਾ ਗਿਆ। ਕੁਝ ਨਮੂਨੇ ਦੇ ਬੰਦ ਹੀ ਦਿੱਤੇ ਹਨ।

# ਭਾਈ ਨੰਦ ਲਾਲ ਦਾ ਖ਼ਾਨਦਾਨ ਅਤੇ ਬੰਸਾਵਲੀ

ਭਾਈ ਸਾਹਿਬ ਦਾ ਵਿਆਹ ਮੁਲਤਾਨ ਵਿਚ ਹੋਇਆ ਸੀ। ਆਪ ਦੇ ਦੋ ਸਪੁੱਤਰ ਸਨ, ਲਖਪਤ ਰਾਏ (ਜਨਮ ਸੰਨ 1673 ਈ.) ਅਤੇ ਲੀਲਾ ਰਾਮ (ਜਨਮ ਸੰਨ 1675 ਈ.)। ਇਹ ਦੋਵੇਂ ਭਾਈ ਸਾਹਿਬ ਦੀ ਜ਼ਿੰਦਗੀ ਵਿਚ ਹੀ ਵਿੱਦਿਆ ਸੰਪੂਰਨ ਕਰਕੇ ਚੰਗੀਆਂ ਪਦਵੀਆਂ ਤੇ ਲੱਗ ਗਏ ਸਨ ਅਤੇ ਉਨ੍ਹਾਂ ਦੇ ਵਿਆਹ ਕਾਜ ਵੀ ਹੋ ਗਏ ਸਨ। ਭਾਈ ਲਖਪਤ ਰਾਏ ਬਿਨਾਂ ਸੰਤਾਨ ਹੀ ਸੁਰਗਵਾਸ ਹੋ ਗਏ ਸਨ ਅਤੇ ਦੂਜੇ ਭਾਈ ਲੀਲਾ ਰਾਮ ਦੇ ਪੁੱਤਰ ਸਰਦਾਰ ਨੌਨਿੱਧ ਸਿੰਘ ਮੁਲਤਾਨ ਵਿਚ ਫ਼ੌਜੀ ਅਫ਼ਸਰ ਸਨ। ਉਨ੍ਹਾਂ ਦੇ ਪੁੱਤਰ ਮੁਨਸ਼ੀ ਪਰਸ ਰਾਮ ਨਵਾਬ ਮੁਜ਼ੱਫ਼ਰ ਖ਼ਾਨ ਸੂਬੇਦਾਰ ਮੁਲਤਾਨ ਦੇ ਦਰਬਾਰੀ ਰੁਕਨ ਸਨ; ਪਿਛੋਂ ਰਿਆਸਤ ਬਹਾਵਲਪੁਰ ਦੇ ਨਵਾਬ ਸਾਦਿਕ ਮੁਹੰਮਦ ਖ਼ਾਨ ਸਾਨੀ (ਦੂਸਰੇ) ਦੇ ਸਮੇਂ ਸੀਤਪੁਰ ਵਿਚ ਉਹ ਉੱਚ ਪਦਵੀ ਤੇ ਨਿਯੁਕਤ ਰਹੇ। ਆਪ ਦੇ ਤਿੰਨ ਪੁੱਤਰ ਸਨ : ਲਾਲ ਨੇਭਰਾਜ, ਸਰਦਾਰ ਚੇਲਾ ਸਿੰਘ ਅਤੇ ਲਾਲਾ ਕਰਮ ਚੰਦ।

ਲਾਲਾ ਨੇਭਰਾਜ ਨਵਾਬ ਮੁਹੰਮਦ ਬਹਾਵਲ ਖ਼ਾਨ ਸਾਲਿਸ (ਤੀਸਰੇ) ਦੇ ਸਮੇਂ ਫ਼ੌਜ ਵਿਚ ਸੂਬੇਦਾਰ ਰਹੇ। ਸੰਨ 1848 ਈ. ਵਿਚ ਮੁਲਤਾਨ ਦੀ ਜੰਗ ਵਿਚ ਉਹ ਵੀ ਕਪਤਾਨ ਖੁਸ਼ੀ ਰਾਮ ਅਤੇ ਕਪਤਾਨ ਜਾਵਾ ਰਾਮ ਦੀ ਕਮਾਨ ਵਿਚ ਸ਼ਾਮਲ ਸਨ। ਨਵਾਬ ਫ਼ਤਹਿ ਖ਼ਾਨ ਦੀ ਮੌਤ ਪਿਛੋਂ ਉਹ 1863 ਈ. ਵਿਚ ਮੁਲਤਾਨ ਆ ਗਏ ਅਤੇ ਪਿਛੋਂ ਭਾਈ ਮੇਘਰਾਜ ਦੇ ਨਾਲ ਕਸ਼ਮੀਰ ਦੀ ਯਾਤਰਾ ਉਪਰੰਤ ਆਪਣੇ ਅੰਤਮ ਦਿਨ ਰੱਬ ਦੀ ਯਾਦ ਵਿਚ ਬਿਤਾ ਕੇ ਮੁਲਤਾਨ ਵਿਚ ਹੀ ਸਵਰਗਵਾਸ ਹੋ ਗਏ। ਲਾਲਾ ਭੂਪਤ ਰਾਏ ਦੇ ਸਪੁੱਤਰ ਲਾਲਾ ਸ਼ਾਮਦਾਸ ਤਹਿਸੀਲਦਾਰੀ ਦੀ ਪਦਵੀ ਪੁਰ ਗੁਰਦਾਸਪੁਰ ਵਿਚ ਸਨ ਕਿ ਜਦ 1942 ਈ. ਵਿਚ ਆਪਣੀ ਭਤੀਜੀ ਦੇ ਵਿਆਹ ਵਿਚ ਆਏ ਐਨ ਸ਼ਾਦੀ ਵਾਲੇ ਦਿਨ ਕੌਲੁੰਜ ਦੀ ਬੀਮਾਰੀ ਕਾਰਣ ਕਾਲਵੱਸ ਹੋ ਗਏ।

ਲਾਲਾ ਸ਼ਾਮਦਾਸ ਦੇ ਦੂਜੇ ਭਰਾ ਲਾਲਾ ਭਗਵਾਨ ਦਾਸ ਦਾ ਜਨਮ 1874 ਈ. ਵਿਚ ਹੋਇਆ। ਉਹ ਵਿੱਦਿਆ ਪ੍ਰਾਪਤੀ ਪਿਛੋਂ ਮੁਲਤਾਨ ਦੇ ਜ਼ਿਲ੍ਹਾ ਦਫ਼ਤਰ ਵਿਚ ਪਹਿਲਾਂ ਰੀਡਰ ਅਤੇ ਫੇਰ ਕਾਰਜਕਾਰੀ ਜ਼ਿਲ੍ਹਾ ਸੁਪਰਿੰਟੈਂਡੇਟ ਦੇ ਪਦ ਤੇ ਨਿਯੁਕਤ ਰਹੇ ਅਤੇ 1920 ਈ. ਵਿਚ ਇਕ ਮਹੀਨਾ ਬੀਮਾਰ ਰਹਿ ਕੇ ਸੁਰਗਵਾਸ ਹੋ ਗਏ। ਆਪ ਦੇ ਦੋ ਪੁੱਤਰ ਸਨ, ਵਾਸਦੇਵ ਸਿੰਘ ਅਤੇ ਇਂਦ੍ਰਜੀਤ ਸਿੰਘ ਜਿਨ੍ਹਾਂ ਦੀ ਜ਼ਮੀਨ ਮੁਲਤਾਨ ਅਤੇ ਮੁਜ਼ੱਫਰਗੜ੍ਹ ਦੇ ਜ਼ਿਲ੍ਹੇ ਵਿਚ ਸੀ ਅਤੇ ਮੁਲਤਾਨ ਅਤੇ ਲਾਇਲਪੁਰ ਵਿਚ ਰਿਹਾਇਸ਼ੀ ਜਾਇਦਾਦ ਦੀ ਕਾਫ਼ੀ ਆਮਦਨ ਸੀ।

ਲਾਲਾ ਭੂਪਤ ਰਾਏ ਦੇ ਤੀਜੇ ਪੁੱਤਰ ਅਤੇ ਲਾਲਾ ਸ਼ਾਮਦਾਸ ਅਤੇ ਭਗਵਾਨ ਦਾਸ ਦੇ ਭਰਾ ਲਾਲਾ ਮੁਰਲੀ ਧਰ ਵਿਉਪਾਰੀ ਸਨ। ਆਪ ਦਾ ਵੱਡਾ ਲੜਕਾ ਗੁਰਦਿਆਲ ਛੋਟੀ ਉਮਰੇ ਹੀ ਗੁਜ਼ਰ ਗਿਆ ਅਤੇ ਦੂਜਾ ਲੜਕਾ ਬ੍ਰਹਮਦਾਸ ਆਪ ਦੇ ਨਾਲ ਵਿਉਪਾਰ ਵਿਚ ਸ਼ਾਮਲ ਰਿਹਾ।

ਭਾਈ ਪਰਮ ਦਾਸ ਅਤੇ ਦੂਜੇ ਪੁੱਤਰ ਸਰਦਾਰ ਚੇਲਾ ਸਿੰਘ ਬਹਾਵਲਪੁਰ ਦੀ ਫ਼ੌਜ ਵਿਚ

ਸੂਬੇਦਾਰ ਸਨ। ਅੰਤ ਇਕ ਵਾਰੀ ਨਵਾਬ ਮੁਹੰਮਦ ਬਹਾਵਲ ਖ਼ਾਨ ਤੀਸਰੇ ਦੇ ਨਾਲ ਕਿਸੇ ਸਫ਼ਰ ਵਿਚ ਗਏ ਤਾਂ ਰਾਹ ਭੁੱਲ ਜਾਣ ਕਾਰਣ ਉਨ੍ਹਾਂ ਦਾ ਕੋਈ ਪਤਾ ਨਹੀਂ ਲੱਗਾ। ਭਾਈ ਪਰਸ ਰਾਮ ਦੇ ਤੀਜੇ ਪੁੱਤਰ ਕਪਤਾਨ ਕਰਮ ਚੰਦ ਨੇ ਬਹਾਵਲਪੁਰ ਦਰਬਾਰ ਵਿਚ ਖਾਸਾ ਮਾਣ ਪ੍ਰਾਪਤ ਕੀਤਾ। ਆਪ ਦਾ ਜਨਮ 1816 ਈ. ਵਿਚ ਹੋਇਆ। ਆਪ ਅਰਬੀ, ਫ਼ਾਰਸੀ ਸੰਸਕ੍ਰਿਤ ਦੇ ਉੱਘੇ ਵਿਦਵਾਨ ਸਨ। ਬਹਾਵਲਪੁਰੀ ਫ਼ੌਜਾਂ ਦੇ ਮੁਖੀ ਕੁਮੇਦਾਨ ਕਪਤਾਨ ਪ੍ਰੇਮ ਰਾਮ 1832 ਈ. ਵਿਚ ਉਨ੍ਹਾਂ ਨੂੰ ਨਵਾਬ ਬਹਾਵਲ ਖ਼ਾਨ ਤੀਸਰੇ ਦੇ ਰਾਜ ਸਮੇਂ ਬਹਾਵਲਪੁਰ ਲੈ ਗਏ ਜਿੱਥੇ ਪਹਿਲਾਂ ਆਪ ਖਾਨਵਾਹ ਦੇ ਕਾਰਦਾਰ ਨਿਯੁਕਤ ਹੋਏ ਅਤ ਫੇਰ ਫ਼ੌਜ ਵਿਚ ਸੂਬੇਦਾਰ ਬਣ ਗਏ। 1846 ਈ. ਵਿਚ ਆਪ ਨੂੰ ਲੰਮੇ ਦੇਸ (ਲਹਿੰਦੇ ਇਲਾਕੇ) ਦਾ ਕਾਰਦਾਰ, ਗਵਰਨਰ, ਬਣਾ ਦਿੱਤਾ ਗਿਆ। ਉਨ੍ਹਾਂ ਦਿਨਾਂ ਵਿਚ ਕਾਰਦਾਰ ਦੀ ਪਦਵੀ ਬੜੀ ਉੱਚੀ ਸਮਝੀ ਜਾਂਦੀ ਸੀ। ਉਸ ਦੀ ਕਮਾਨ ਹੇਠ ਪੈਦਲ ਅਤੇ ਘੋੜਸਵਾਰਾਂ ਦੀ ਕਾਫ਼ੀ ਫ਼ੌਜ ਹੁੰਦੀ ਸੀ ਅਤੇ ਹਰ ਵਿਭਾਗ ਵਿਚ ਉਸ ਦੇ ਪੂਰਨ ਅਧਿਕਾਰ ਹੁੰਦੇ ਸਨ। 1848 ਈ. ਵਿਚ ਆਪ ਕਪਤਾਨ ਖ਼ੁਸ਼ੀ ਰਾਮ ਅਤੇ ਕਪਤਾਨ ਜਾਵਾ ਰਾਮ ਦੇ ਨਾਲ ਨਵਾਬ ਬਹਾਵਲਪੁਰ ਵੱਲੋਂ ਮੁਲਤਾਨ ਦੀ ਜੰਗ ਵਿਚ ਦੀਵਾਨ ਮੂਲ ਰਾਜ ਦੇ ਵਿਰੁੱਧ ਸ਼ਾਮਲ ਹੋਏ ਅਤੇ ਦਸੰਬਰ 1849 ਈ. ਵਿਚ ਜਦ ਨਵਾਬ ਸਾਹਿਬ ਹਿੰਦੁਸਤਾਨ ਦੇ ਗਵਰਨਰ-ਜਨਰਲ ਲਾਰਡ ਡਲਹੌਜ਼ੀ ਨੂੰ ਮਿਲਣ ਲਈ ਗਏ ਤਾਂ ਆਪ ਨਵਾਬ ਸਾਹਿਬ ਦੇ ਨਾਲ ਸਨ। 1852 ਈ. ਵਿਚ ਨਵਾਬ ਮੁਹੰਮਦ ਖ਼ਾਨ ਤੀਸਰੇ ਦੀ ਮੌਤ ਪਿਛੋਂ 9 ਅਕਤੂਬਰ 1852 ਈ. ਨੂੰ ਸਆਦਤ ਯਾਰ ਖ਼ਾਨ ਗੱਦੀ ਤੇ ਬੈਠੇ, ਤਾਂ ਕਰਮ ਚੰਦ ਉਸ ਵੇਲੇ ਸਾਹਿਬਜ਼ਾਦਾ ਫ਼ਤਹਿ ਖ਼ਾਨ ਦੇ ਹਮਾਇਤੀਆਂ ਵਿਚੋਂ ਸਨ, ਜਿਹੜਾ ਚਾਰ ਮਹੀਨੇ ਪਿਛੋਂ 22 ਫਰਵਰੀ 1853 ਨੂੰ ਗੱਦੀ ਤੇ ਬ੍ਰਾਜਮਾਨ ਹੋਇਆ। ਉਸ ਸਮੇਂ ਆਪ ਪੂਰਬੀ ਇਲਾਕੇ ਦੇ ਗਵਰਨਰ ਨਿਯੁਕਤ ਹੋਏ। 1857 ਈ. ਵਿਚ ਗ਼ਦਰ ਦੇ ਮੌਕੇ ਆਪ ਨੂੰ ਸਮੇਤ ਬਹਾਵਲਪੁਰ ਦੀ ਫ਼ੌਜ ਦੇ ਸਰਸੇ ਦੇ ਇਲਾਕੇ ਵਿਚ ਅਮਨ ਸ਼ਾਂਤੀ ਸਥਾਪਨ ਕਰਨ ਲਈ ਭੇਜਿਆ ਗਿਆ, ਜਿੱਥੋਂ ਦੀ ਤਸੱਲੀ ਭਰੀ ਸੇਵਾ ਬਦਲੇ ਆਪ ਨੂੰ ਸਿਰੋਪਾ ਬਖ਼ਸ਼ਿਆ ਗਿਆ। 13 ਅਕਤੂਬਰ, 1858 ਈ. ਨੂੰ ਨਵਾਬ ਫ਼ਤਹਿ ਖ਼ਾਨ ਦੀ ਮ੍ਰਿਤੂ ਪਿਛੋਂ ਚੌਥੇ ਨਵਾਬ ਬਹਾਵਲ ਖ਼ਾਨ ਦੇ ਰਾਜ ਸਮੇਂ ਜਦ ਉੱਥੇ ਬਦਅਮਨੀ ਫ਼ੈਲ ਗਈ ਤਾਂ ਆਪ ਮੁਲਤਾਨ ਆ ਗਏ ਅਤੇ ਪੀਰ ਮਹਿਮੂਦ, ਹਬੀਬੀਆ, ਸਿਆਲ ਅਤੇ ਬਾਕਰਾਬਾਦ ਪਿੰਡਾਂ ਵਿਚ ਜ਼ਮੀਨ ਮੁੱਲ ਲੈ ਕੇ ਜ਼ਿਮੀਂਦਾਰੀ ਦਾ ਕੰਮ ਸ਼ੁਰੂ ਕਰ ਦਿੱਤਾ। ਚੌਥੇ ਨਵਾਬ ਬਹਾਵਲ ਖ਼ਾਨ ਦੀ ਮੌਤ ਪਿਛੋਂ 1866 ਈ. ਵਿਚ ਜਦ ਰਿਆਸਤ ਦੇ ਪ੍ਰਬੰਧ ਲਈ ਅੰਗਰੇਜ਼ਾਂ ਨੇ ਉੱਥੇ ਆਪਣੀ ਏਜੰਸੀ ਸਥਾਪਿਤ ਕਰ ਦਿੱਤੀ ਤਾਂ ਆਪ ਨੂੰ ਫੇਰ ਬਹਾਵਲਪੁਰ ਵਿਚ ਪਹਿਲਾਂ ਕਾਰਦਾਰ ਪੂਰਬੀ ਭਾਗ ਅਤੇ ਪਿਛੋਂ ਪੁਲਿਸ ਕਪਤਾਨੀ ਦੀ ਪਦਵੀ ਪੁਰ ਨਿਯੁਕਤ ਕਰ ਦਿੱਤਾ ਗਿਆ। ਕੁਝ ਚਿਰ ਪਿਛੋਂ ਆਪ ਰਿਆਸਤ ਬੀਕਾਨੇਰ ਵਿਚ ਬਹਾਵਲਪੁਰ ਰਾਜ ਵਲੋਂ ਵਕੀਲ ਸਥਾਪਤ ਕੀਤੇ ਗਏ। ਇੱਥੇ ਬੀਕਾਨੇਰ ਵਿਚ ਕਰਮ ਚੰਦ ਜੀ ਨੂੰ ਸੰਸਕ੍ਰਿਤ ਦੇ ਅਧਿਐਨ ਦਾ ਇਕ ਚੰਗਾ ਅਵਸਰ ਮਿਲ ਗਿਆ। ਨਵਾਬ ਸਾਹਿਬ ਮੁਹੰਮਦ ਖ਼ਾਨ ਚੌਥੇ ਦੇ ਰਾਜ ਤਿਲਕ ਤੋਂ ਇਕ ਸਾਲ ਪਹਿਲਾਂ 1878 ਈ. ਵਿਚ ਆਪ ਬੀਕਾਨੇਰ ਤੋਂ ਵਾਪਸ ਬਹਾਵਲਪੁਰ ਆ ਗਏ ਅਤੇ ਮੋਦੀਖ਼ਾਨੇ ਦੇ ਉੱਚ-ਅਧਿਕਾਰੀ ਨਿਯੁਕਤ ਕੀਤੇ ਗਏ। ਉਸ ਵੇਲੇ ਨਵਾਬ ਸਾਹਿਬ ਦੀ ਡਿਉਢੀ ਦੀ ਸਰਦਾਰੀ ਦਾ ਕੰਮ ਵੀ ਆਪ ਦੇ ਜ਼ਿੰਮੇ ਸੀ। 1884 ਈ. ਵਿਚ ਪੈਨਸ਼ਨ ਪ੍ਰਾਪਤ ਕਰਨ ਉਪਰੰਤ 1885 ਈ. ਵਿਚ ਆਪ ਸੁਰਗਵਾਸ ਹੋ ਗਏ। ਆਪ ਦੇ ਦੋ ਸਪੁੱਤਰ ਸਨ : ਲਾਲਾ ਲਾਲ ਚੰਦ ਅਤੇ ਲਾਲਾ ਮੋਹਨ ਲਾਲ।

ਲਾਲ ਚੰਦ ਦਾ ਜਨਮ 1846 ਈ. ਵਿਚ ਡੇਰਾ ਮੁਬਾਰਕ ਅਹਿਮਦ ਪੁਰ ਵਿਚ ਹੋਇਆ। ਉਨ੍ਹਾਂ

ਨੂੰ ਬਚਪਨ ਤੋਂ ਹੀ ਫ਼ੌਜੀ ਸਿੱਖਿਆ ਦਾ ਸ਼ੌਕ ਸੀ, ਇਸ ਲਈ ਉਹ ਚੌਦਾਂ ਸਾਲਾਂ ਦੀ ਅਵਸਥਾ ਵਿਚ ਹੀ ਨਵਾਬ ਬਹਾਵਲਪੁਰ ਦੀ ਨਜ਼ਰੀ ਚੜ੍ਹ ਗਏ ਅਤੇ ਸਵਾਰਾਂ ਵਿਚ ਜਮਾਂਦਾਰ ਨਿਯੁਕਤ ਕਰ ਦਿੱਤੇ ਗਏ। ਜਦੋਂ ਆਪ ਦੇ ਪਿਤਾ ਨੌਕਰੀ ਛੱਡ ਕੇ ਜ਼ਿਮੀਂਦਾਰੀ ਤੇ ਚਲੇ ਗਏ ਤਾਂ ਆਪ ਵੀ ਨਾਲ ਹੀ ਉੱਥੇ ਤੁਰ ਪਏ ਅਤੇ ਅੰਗਰੇਜ਼ੀ ਸਰਕਾਰ ਵੱਲੋਂ ਜਦ ਉੱਥੇ ਏਜੰਸੀ ਕਾਇਮ ਹੋਈ ਤਾਂ ਲਾਲਾ ਲਾਲ ਚੰਦ ਨੂੰ ਨਾਜ਼ਰ ਏਜੰਸੀ ਮੁਕੱਰਰ ਕੀਤਾ ਗਿਆ। ਪਿੱਛੋਂ ਆਪ ਏਜੰਸੀ ਦੇ ਸੁਪਰਿੰਟੈਂਡੈਂਟ ਅਤੇ ਸੁਪਰਿੰਟੈਂਡੈਂਟ ਤੋਸ਼ਾਖਾਨਾ ਵੀ ਰਹੇ ਅਤੇ ਫੇਰ ਮੀਰ ਮੁਨਸ਼ੀ ਸਰਕਾਰ ਅਤੇ ਨਵਾਬ ਸਾਹਿਬ ਦੇ ਖ਼ਾਸ ਖ਼ਰਚਾਂ ਦੇ ਮੁਹਤਮਿਮ ਬਣ ਗਏ। 1894 ਈ. ਵਿਚ ਆਪ ਵਾਈਸਰਾਇ ਹਿੰਦ ਦੀ ਮੁਲਾਕਾਤ ਲਈ ਕਲਕੱਤਾ ਗਏ ਤਾਂ ਬੀਮਾਰ ਹੋ ਗਏ ਅਤੇ ਫ਼ਰਵਰੀ 1894 ਈ. ਵਿਚ ਵਾਪਸ ਆ ਕੇ ਕਾਲਵੱਸ ਹੋ ਗਏ। ਆਪ ਦੇ ਦੋ ਪੁੱਤਰ ਸਨ, ਇਕ ਸੀ ਪ੍ਰਭਦਿਆਲ, ਜਿਹੜਾ ਅਠਾਰਾਂ ਸਾਲ ਦੀ ਆਯੂ ਵਿਚ ਹੀ ਰੱਬ ਨੂੰ ਪਿਆਰਾ ਹੋ ਗਿਆ ਅਤੇ ਦੂਜਾ ਸੀ ਲਾਲਾ ਵੀਰ ਭਾਨ।

ਲਾਲਾ ਮੋਹਨ ਲਾਲ ਦਾ ਜਨਮ 1864 ਈ. ਨੂੰ ਮੁਲਤਾਨ ਵਿਚ ਹੋਇਆ। ਕੁਝ ਚਿਰ ਮਿਸ਼ਨ ਸਕੂਲ ਬਹਾਵਲਪੁਰ ਵਿਚ ਵਿੱਦਿਆ ਪ੍ਰਾਪਤ ਕੀਤੀ ਅਤੇ ਮੁਨਸ਼ੀ-ਫ਼ਾਜ਼ਲ ਪਾਸ ਕਰਕੇ ਜਦ ਉਹ ਤਹਿਸੀਲਦਾਰੀ ਦੀ ਪ੍ਰੀਖਿਆ ਦੀ ਤਿਆਰੀ ਕਰ ਰਹੇ ਸਨ ਤਾਂ ਆਪਣੇ ਪਿਤਾ ਦੀ ਇੱਛਾ ਅਨੁਸਾਰ ਆਪ ਰਿਆਸਤ ਬਹਾਵਲਪੁਰ ਵਿਚ ਨੌਕਰ ਹੋ ਗਏ। ਮਾਰਚ, 1885 ਈ. ਵਿਚ ਇਨਚਾਰਜ ਨੂਰ-ਮਹਿਲ, ਜੂਨ 1890 ਈ. ਵਿਚ ਨਾਇਬ ਸੁਪਰਿੰਟੈਂਡੈਂਟ ਅਤੇ ਮਾਰਚ 1894 ਈ. ਵਿਚ ਸੁਪਰਿੰਟੈਂਡੈਂਟ ਤੋਸ਼ਾਖ਼ਾਨਾ ਨਿਯੁਕਤ ਹੋਏ। ਮਈ 1904 ਈ. ਵਿਚ ਨਾਇਬ ਮਸ਼ੀਰ ਤਫ਼ਰੀਅਤ, ਅਤੇ ਮਾਰਚ 1913 ਈ. ਵਿਚ ਘਰੋਗੀ ਵਜ਼ੀਰ ਥਾਪੇ ਗਏ। ਜੁਲਾਈ 1914 ਈ. ਵਿਚ ਆਪ ਫ਼ਾਲਜ ਨਾਲ ਬੀਮਾਰ ਹੋ ਗਏ ਅਤੇ ਛੇ ਮਹੀਨੇ ਦੀ ਛੁੱਟੀ ਪਿਛੋਂ ਜਨਵਰੀ 1915 ਈ. ਵਿਚ ਆਪ ਨੂੰ ਪਿਨਸ਼ਨ ਮਿਲ ਗਈ ਅਤੇ ਉੱਚ ਸੇਵਾ ਬਦਲੇ ਛੇ ਸੌ ਰੁਪਏ ਨਕਦ ਅਤੇ ਪੰਜ ਸੌ ਵਿਘਾ ਜ਼ਮੀਨ ਇਨਾਮ ਵਜੋਂ ਦਿੱਤੇ ਗਏ। ਪਰ ਆਪ ਛੇਤੀ ਹੀ 21 ਅਪ੍ਰੈਲ 1915 ਨੂੰ ਕਾਲਵੱਸ ਹੋ ਗਏ। ਆਪ ਦਾ ਇਕ ਪੁੱਤਰ ਰਾਮ ਨਾਰਾਇਣ ਸੀ।

ਲਾਲਾ ਵੀਰ ਭਾਨ ਸਪੁੱਤਰ ਲਾਲਾ ਲਾਲ ਚੰਦ, ਦਾ ਜਨਮ 1873 ਈ. ਵਿਚ ਹੋਇਆ। ਆਪ ਵਿੱਦਿਆ ਪ੍ਰਾਪਤੀ ਪਿੱਛੋਂ ਦਰੋਗਾ ਜੇਲ੍ਹ ਨਿਯੁਕਤ ਕੀਤੇ ਗਏ ਅਤੇ ਆਪਣੇ ਤਾਇਆ ਲਾਲਾ ਮੋਹਨ ਲਾਲ ਦੇ ਪੈਰਾਂ ਪਿੱਛੇ ਚਲਦੇ ਹੋਏ ਤਰੱਕੀ ਕਰਦੇ ਗਏ ਅਤੇ ਜੂਨ 1890 ਈ. ਵਿਚ ਇੰਨਚਾਰਜ ਨੂਰ-ਮਹਿਲ, ਮਾਰਚ 1894 ਵਿਚ ਨਾਇਬ ਸੁਪਰਿੰਟੈਂਡੈਂਟ ਅਤੇ 1900 ਈ. ਵਿਚ ਸੁਪਰਿੰਟੈਂਡੈਂਟ ਤੋਸ਼ਾਖ਼ਾਨਾ ਮੁਕੱਰਰ ਹੋਏ। 1918 ਈ. ਵਿਚ ਪੈਨਸ਼ਨ ਪਾ ਗਏ। ਨਵਾਬ ਮੁਹੰਮਦ ਬਹਾਵਲ ਖ਼ਾਨ ਦੀ ਆਪ ਤੇ ਵੱਡੀ ਮਿਹਰ ਦ੍ਰਿਸ਼ਟੀ ਸੀ ਜਿਸ ਲਈ ਇਹ ਦੌਰੇ ਤੇ ਵੀ ਨਵਾਬ ਸਾਹਿਬ ਦੇ ਨਾਲ ਹੀ ਰਹਿੰਦੇ ਸਨ। ਹੱਜ ਤੇ ਜਾਣ ਲੱਗਿਆਂ ਵੀ ਨਵਾਬ ਸਾਹਿਬ ਉਨ੍ਹਾਂ ਨੂੰ ਆਪਣੇ ਨਾਲ ਲੈ ਜਾਣਾ ਚਾਹੁੰਦੇ ਸਨ, ਪਰ ਗਵਰਨਰ ਪੰਜਾਬ ਦੇ ਨਾਲ ਜਾਣੋਂ ਰੋਕ ਦਿੱਤਾ ਕਿ ਕਿਧਰੇ ਇਨ੍ਹਾਂ ਦੇ ਗ਼ੈਰ-ਮੁਸਲਮਾਨ ਹੋਣ ਕਰ ਕੇ ਮੱਕੇ ਵਿਚ ਇਨ੍ਹਾਂ ਦੀ ਜਾਨ ਖ਼ਤਰੇ ਵਿਚ ਨਾ ਪੈ ਜਾਵੇ। ਆਪ ਦੇ ਤਿੰਨ ਪੁੱਤਰ ਹੋਏ : ਸਰਦਾਰ ਅਮਰ ਸਿੰਘ (ਜਨਮ 1895 ਈ.), ਸਰਦਾਰ ਜਵਾਹਰ ਸਿੰਘ (ਜਨਮ 1901 ਈ.) ਅਤੇ ਸਰਦਾਰ ਰਤਨ ਸਿੰਘ (ਜਨਮ 1903 ਈ.)।

ਲਾਲਾ ਰਾਮ ਨਰਾਇਣ, ਸਪੁੱਤਰ ਲਾਲਾ ਮੋਹਨ ਲਾਲ, 1885 ਈ. ਵਿਚ ਜਨਮੇ। ਉਨ੍ਹਾਂ ਦੀ ਮਾਤਾ 12 ਦਿਨ ਪਿਛੋਂ ਹੀ ਕਾਲਵੱਸ ਹੋ ਗਈ, ਇਸ ਲਈ ਉਨ੍ਹਾਂ ਦੀ ਪਾਲਨਾ ਪੋਸ਼ਣਾ ਉਨ੍ਹਾਂ ਦੇ


ਚਾਚਾ ਲਾਲਾ ਲਾਲ ਚੰਦ ਨੇ ਕੀਤੀ। ਕੁਝ ਚਿਰ ਤਾਂ ਆਪ ਜ਼ਿਲ੍ਹਾ ਮੁਲਤਾਨ ਦੇ ਅੰਗਰੇਜ਼ੀ ਦਫ਼ਤਰ ਵਿਚ ਨੌਕਰ ਰਹੇ ਅਤੇ ਜ਼ਿਮੀਂਦਾਰੀ ਦਾ ਪ੍ਰਬੰਧ ਕਰਦੇ ਰਹੇ। 1911 ਈ. ਵਿਚ ਆਪ ਆਪਣੇ ਚਚੇਰੇ ਭਰਾ ਲਾਲਾ ਵੀਰ ਭਾਨ ਤੋਂ ਅੱਡ ਹੋ ਗਏ। ਇੱਧਰ ਉਨ੍ਹਾਂ ਦੇ ਪਿਤਾ ਲਾਲਾ ਮੋਹਨ ਲਾਲ ਨਾਇਬ ਮਸ਼ੀਰ ਤਫਰੀਆਤ, ਬਹਾਵਲਪੁਰ, ਦੀ ਬੀਮਾਰੀ ਲੰਮੀ ਪੈ ਗਈ, ਇਸ ਲਈ ਆਪ ਮੁਲਤਾਨ ਵਾਲੀ ਨੌਕਰੀ ਛੱਡ ਕੇ ਸਤੰਬਰ 1911 ਈ. ਵਿਚ ਬਹਾਵਲਪੁਰ ਵਿਚ ਨੂਰ-ਮਹਿਲ ਦੇ ਲਾਇਬਰੇਰੀਅਨ ਮੁਕੱਰਰ ਹੋ ਗਏ। 1917 ਈ. ਵਿਚ ਆਪ ਇੰਨਚਾਰਜ ਨੂਰ-ਮਹਿਲ ਹੋ ਗਏ ਅਤੇ 1919 ਈ. ਵਿਚ ਰਿਆਸਤ ਵੱਲੋਂ ਫ਼ੀਰੋਜ਼ਪੁਰ ਵਿਚ ਵਕੀਲ ਨੀਯਤ ਹੋਏ। ਪਿਛੋਂ ਆਪ ਮੁਲਤਾਨ ਤਬਦੀਲ ਹੋ ਗਏ, ਜਿੱਥੋਂ ਫੇਰ ਫ਼ੀਰੋਜ਼ਪੁਰ ਪਰਤ ਆਏ। ਆਪ ਦਾ ਪਹਿਲਾ ਪੁੱਤਰ ਮਦਨ-ਮੋਹਨ ਸਿੰਘ 1916 ਈ. ਵਿਚ ਮੁਲਤਾਨ ਅਤੇ ਦੂਜਾ ਜਗਤ-ਮੋਹਨ ਸਿੰਘ ਦਸੰਬਰ 1921 ਈ. ਵਿਚ ਬਹਾਵਲਪੁਰ ਪੈਦਾ ਹੋਇਆ। ਪਿਛੋਂ ਦੋ ਲੜਕੇ ਨੌ-ਨਿਹਾਲ ਸਿੰਘ (1926 ਈ.) ਅਤੇ ਹਰੀ-ਕ੍ਰਿਪਾਲ ਸਿੰਘ (1927 ਈ.) ਵਿਚ ਹੋਰ ਹੋਏ। ਸਰਦਾਰ ਮਦਨ-ਮੋਹਨ ਸਿੰਘ ਦੇ ਘਰ ਇਕ ਲੜਕਾ 1940 ਈ. ਵਿਚ ਪ੍ਰੀਤਪਾਲ ਸਿੰਘ ਪੈਦਾ ਹੋਇਆ।


ਸਰਦਾਰ ਅਮਰ ਸਿੰਘ ਸਪੁੱਤਰ ਲਾਲਾ ਵੀਰ ਭਾਨ 1895 ਈ. ਵਿਚ ਮੁਲਤਾਨ ਵਿਚ ਜਨਮੇ। ਇੰਪੀਰੀਅਲ ਸਰਵਿਸ ਕੈਮਲ ਕੋਰ ਅਤੇ ਦੂਜੀ ਫ਼ੌਜੀ ਸਿੱਖਿਆ ਉਪਰੰਤ ਆਪ ਨੇ ਪੁਲਿਸ ਸਕੂਲ ਫਿਲੌਰ ਵਿਚ ਸਿੱਖਿਆ ਲਈ ਅਤੇ ਰਿਆਸਤ ਬਹਾਵਲਪੁਰ ਵਿਚ ਸਾਰਜੈਂਟ ਪੁਲਿਸ (ਵਰਗ ਪਹਿਲਾ) ਦੇ ਪਦ ਤੇ ਨੌਕਰੀ ਸ਼ੁਰੂ ਕੀਤੀ। ਹੌਲੀ ਹੌਲੀ ਆਪ ਤਰੱਕੀ ਕਰਦੇ ਗਏ। ਉਨ੍ਹਾਂ ਦਾ ਇਕ ਪੁੱਤਰ ਹਰੀ ਸਿੰਘ 1912 ਵਿਚ ਮੁਲਤਾਨ ਵਿਚ ਜਨਮਿਆ ਜੋ ਅੱਜ ਕਲ ਇੰਨਸਪੈਕਟਰ ਪੁਲਿਸ ਹੈ। ਇਸ ਦੇ ਘਰ ਇਕ ਲੜਕੀ ਅਤੇ ਪੰਜ ਲੜਕੇ ਹਨ।

ਸਰਦਾਰ ਅਮਰ ਸਿੰਘ ਦਾ ਛੋਟਾ ਭਰਾ ਜਵਾਹਰ ਸਿੰਘ 1901 ਈ. ਵਿਚ ਮੁਲਤਾਨ ਵਿਚ ਪੈਦਾ ਹੋਇਆ। ਬਹਾਵਲਪੁਰ ਵਿੱਦਿਆ ਖ਼ਤਮ ਕਰਨ ਪਿਛੋਂ ਉਹ ਲਾਹੌਰ ਪੜ੍ਹਿਆ ਅਤੇ ਫੇਰ ਫ਼ੌਜੀ ਸਿੱਖਿਆ ਪ੍ਰਾਪਤ ਕੀਤੀ। ਪਹਿਲੀ ਵੱਡੀ ਜੰਗ ਵਿਚ ਕੈਮਲ ਕੋਰ ਦੀ ਡਬਲ ਕੰਪਨੀ ਵਿਚ ਕੋਤ-ਦਫੇਦਾਰ ਹੋਇਆ ਅਤੇ ਜਦੋਂ ਇਹ ਕੰਪਨੀ ਟੁੱਟ ਗਈ ਤਾਂ ਰਿਆਸਤ ਬਹਾਵਲਪੁਰ ਦੇ ਮਹਿਕਮਾ ਚੀਫ਼ ਕੋਰਟ ਵਿਚ ਨੌਕਰ ਹੋ ਗਿਆ।

1947 ਵਿਚ ਪਾਕਿਸਤਾਨ ਬਣਨ ਸਮੇਂ ਇਸ ਖ਼ਾਨਦਾਨ ਦੇ ਲੋਕ ਫ਼ਸਾਦਾਂ ਅਤੇ ਆਬਾਦੀ ਦੇ ਤਬਾਦਲੇ ਕਾਰਣ ਭਾਰਤ ਵਿਚ ਆ ਕੇ ਇੱਧਰ ਉੱਧਰ ਖਿੰਡ ਪੁੰਡ ਗਏ। ਇਸ ਲਈ ਜੋ ਕੁਝ ਮਸਾਲਾ ਮਿਲ ਸਕਿਆ ਹੈ, ਉਸੇ ਨਾਲ ਹੀ ਸੰਤੋਖ ਕਰਨਾ ਪਿਆ ਹੈ।

# ਭਾਈ ਨੰਦ ਲਾਲ ਦੀ ਬੰਸਾਵਲੀ




ਕਰਮ ਚੰਦ 1816-1885
ਲਾਲ ਚੰਦ
1846-1894
ਲੜਕੀ
(ਗੋਬਿੰਦ ਰਾਮ
ਦੇ ਘਰੋਂ)
ਮੋਹਨ ਲਾਲ
ਲੜਕੀ
(ਸੋਭ ਰਾਜ ਦੇ ਘਰੋਂ)
ਰਾਮ ਨਾਰਾਇਣ
1885-1929
ਪ੍ਰਭਦਿਆਲ
ਵੀਰਭਾਨ
ਮਦਨਮੋਹਨ ਸਿੰਘ
ਜਨਮ 1916
ਜਗਤਮੋਹਨ ਸਿੰਘ
ਜਨਮ 1921
ਨੌਨਿਹਾਲ ਸਿੰਘ
ਜਨਮ 1926
ਹਰੀ-ਕ੍ਰਿਪਾਲ ਸਿੰਘ
1927-1948
(ਲਾਵਲਦ)
ਇਕਬਾਲ ਸਿੰਘ
ਪ੍ਰੀਤਪਾਲ ਸਿੰਘ
ਮਨਮੋਹਨ ਸਿੰਘ
ਸੁਰਿੰਦਰਮੋਹਨ ਸਿੰਘ
ਹਰਮੋਹਨ ਸਿੰਘ
ਲੜਕੀ
(ਰਾਮਦਿਆਲ
ਦੇ ਘਰੋਂ)
ਅਮਰ ਸਿੰਘ
1895-1947
ਜਵਾਹਰ ਸਿੰਘ
ਜਨਮ 1901
(ਲਾਵਲਦ)
ਰਤਨ ਸਿੰਘ
1903-1947
ਹਰੀ ਸਿੰਘ
ਕੁਲਬੀਰ ਸਿੰਘ
ਅਜੀਤ ਸਿੰਘ
ਹਰਮੰਦਰ ਸਿੰਘ
ਤੀਜੀ ਸ਼ਾਦੀ
ਲੜਕੀ
ਅਮਰੀਕ
ਸਿੰਘ
ਇੰਦਰ
ਸਿੰਘ
ਜਸਪਾਲ
ਸਿੰਘ
ਹਰਮਹਿੰਦਰ
ਪਾਲ ਸਿੰਘ
ਤ੍ਰਿਵਿੰਦਰਪਾਲ
ਸਿੰਘ
ਹਰਦਿਆਲ ਸਿੰਘ
ਜੈਦਿਆਲ ਸਿੰਘ
ਈਸ਼ਵਰਦਿਆਲ ਸਿੰਘ
ਹਰਮੋਹਨ ਦਿਆਲ ਸਿੰਘ
ਪਰਮਦਿਆਲ ਸਿੰਘ
ਮ੍ਰਿਤੂ 12 ਅਕਤੂਬਰ 1962
ਮੋਹਨ ਦਿਆਲ
ਸਿੰਘ
ਸੋਹਣਦਿਆਲ
ਸਿੰਘ
ਕਿਰਪਾਦਿਆਲ
ਸਿੰਘ
ਮਹਿੰਦਰਪਾਲ
ਸਿੰਘ
ਜਗਦਿਆਲ ਸਿੰਘ
ਦੀਨਦਿਆਲ ਸਿੰਘ
ਗੁਰਦਿਆਲ ਸਿੰਘ
ਅਮਰਦਿਆਲ ਸਿੰਘ
ਪ੍ਰਭਦਿਆਲ ਸਿੰਘ
ਰਾਮੇਸ਼ਦਿਆਲ ਸਿੰਘ
ਰਾਜਿੰਦਰਦਿਆਲ ਸਿੰਘ

# ਭਾਈ ਨੰਦ ਲਾਲ ਦੀਆਂ ਛਪੀਆਂ ਅਤੇ ਲਿਖਤੀ ਪੁਸਤਕਾਂ ਦਾ ਵੇਰਵਾ

1. *ਗਜ਼ਲੀਆਤ (ਦੀਵਾਨਿ-ਗੋਯਾ)*
   (ੳ) *ਦੀਵਾਨਿ-ਗੋਯਾ*, ਲਿਖਤੀ, ਲਿਖਾਰੀ ਧਰਮ ਦਾਸ, *ਅੰਤ........ਧਮਾਨੇ ਸਿੰਘਾਂ*, ਮਿਤੀ ਜੇਠ ਸੁਦੀ ਦੂਜ ਸੰਮਤ 1906। [ਗੰਡਾ ਸਿੰਘ]
   (ਅ) *ਦੀਵਾਨਿ-ਗੋਯਾ*, ਲਿਖਤੀ, ਅਪੂਰਨ, ਖ਼ਾਲਸਾ ਕਾਲਜ, ਅੰਮ੍ਰਿਤਸਰ ਨੰ. ਪੰ. 580।
   (ੲ) *ਦੀਵਾਨਿ-ਗੋਯਾ* (ਫ਼ਾਰਸੀ), ਭਾਈ ਗੁਰਦਿਆਲ ਸਿੰਘ, ਪੁਸਤਕਾਂ ਵਾਲੇ, ਲਾਹੌਰ 1912 ਈ.। ਭੁਲੇਖੇ ਨਾਲ ਇਸ ਉੱਪਰ *ਦੀਵਾਨਿ-ਗੋਯਾ 'ਅਰਥਾਤ ਜ਼ਿੰਦਗੀ ਨਾਮਾ'* ਭਾਈ ਨੰਦ ਲਾਲ ਲਿਖਿਆ ਹੋਇਆ ਹੈ, ਕੇਵਲ *ਦੀਵਾਨਿ-ਗੋਯਾ* ਹੀ ਚਾਹੀਦਾ ਹੈ।
   (ਸ) *ਪ੍ਰੇਮ ਫੁਲਵਾੜੀ*, ਪੰਜਾਬੀ ਅਨੁਵਾਦ *'ਦੀਵਾਨਿ-ਗੋਯਾ'* ਸਮੇਤ *ਜੀਵਨੀ ਭਾਈ ਨੰਦ ਲਾਲ*, ਭਾਈ ਮੇਘ ਰਾਜ ਗਰੀਬ (ਗੁਰਮੁਖੀ), ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1912; ਪਰਤਾਪ ਸਿੰਘ ਸੁੰਦਰ ਸਿੰਘ, ਅੰਮ੍ਰਿਤਸਰ।
   (ਹ) *ਪ੍ਰੇਮ ਪਟਾਰੀ*, ਪੰਜਾਬੀ ਅਨੁਵਾਦ ਕਵਿਤਾ ਵਿਚ, ਬਾਬਾ ਬ੍ਰਿਜ-ਬੱਲਭ ਸਿੰਘ ਬੇਦੀ, ਊਨਾ, ਗੁਰਮੁਖੀ ਅੱਖਰਾਂ ਵਿਚ, ਗੁਰਦਿਆਲ ਸਿੰਘ ਐਂਡ ਸਨਜ਼ ਲਾਹੌਰ, 1946 ਈ.।
   (ਕ) *ਪੋਥੀ ਗ਼ਜ਼ਲਾਂ ਤੇ ਰੁਬਾਈਆਂ ਭਾਈ ਨੰਦ ਲਾਲ*, ਪੰਜਾਬੀ ਅਨੁਵਾਦ, ਭਾਈ ਨਰਾਇਣ ਸਿੰਘ, ਗੁਰਮੁਖੀ ਅੱਖਰਾਂ ਵਿਚ, ਸੰਤ ਸਿੰਘ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਅਤੇ ਭਾਈ ਚਤਰ ਸਿੰਘ ਜੀਵਨ ਸਿੰਘ, ਬਾਜ਼ਾਰੀ ਮਾਈ ਸੇਵਾਂ, ਅੰਮ੍ਰਿਤਸਰ, 1946 ਈ.।
   (ਖ) *ਪ੍ਰੀਤ ਹੁਲਾਰੇ*, ਗ਼ਜ਼ਲਾਂ ਭਾਈ ਨੰਦ ਲਾਲ, ਮਹਿੰਦਰ ਸਿੰਘ, ਐਡੀਟਰ, ਰਸਾਲਾ ਅੰਮ੍ਰਿਤ, ਅੰਮ੍ਰਿਤਸਰ (ਗੁਰਮੁਖੀ ਅੱਖਰਾਂ ਵਿਚ), ਜੁਲਾਈ, 1946 ਈ.।
2. *ਜ਼ਿੰਦਗੀ ਨਾਮਾ*
   (ੳ) *ਮਸਨਵੀ ਬੰਦਗੀ ਨਾਮਾ*, ਲਿਖਤੀ ਲਿਖਾਰੀ ਧਰਮ ਦਾਸ, ਵਸਨੀਕ ਪਿੰਡ ਨੌਲੜੀ, ਸਮਾਪਤ ਖਮਾਨੋ ਸਿੰਘਾਂ ਵਿਚ, ਸੰਮਤ 1906 ਬਿ., ਮੁਤਾਬਕ 1849 ਈ. [ਗੰਡਾ ਸਿੰਘ]
   (ਅ) *ਮੁਨਾਜਾਤਿ ਭਾਈ ਨੰਦ ਲਾਲ* ਉਰਫ਼ 'ਗੋਯਾ' ਲਿਖਤੀ, ਫ਼ਾਰਸੀ, ਅਪੂਰਨ [ਗੰਡਾ ਸਿੰਘ]
   (ੲ) *ਮਸਨਵੀ ਭਾਈ ਨੰਦ ਲਾਲ*, ਲਿਖਤੀ, ਫ਼ਾਰਸੀ, ਅਪੂਰਨ [ਖ਼ਾਲਸਾ ਕਾਲਜ, ਅੰਮ੍ਰਿਤਸਰ ਅਤੇ ਡਾਕਟਰ ਗੰਡਾ ਸਿੰਘ]

(ਸ) *ਜ਼ਿੰਦਗੀ ਨਾਮਾ*, ਪੰਜਾਬੀ ਅਨੁਵਾਦ, ਭਾਈ ਸ਼ਾਮ ਦਾਸ (ਵੇਖੋ *'ਪ੍ਰੇਮ ਫੁਲਵਾੜੀ'*, ਭਾਈ ਮੇਘ ਰਾਜ)।

(ਹ) *ਪ੍ਰੇਮ ਸਰੋਵਰ*, ਪੰਜਾਬੀ ਅਨੁਵਾਦ, ਕਵਿਤਾ ਵਿਚ, ਭਾਈ ਮੇਘ ਰਾਜ, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ 1916 ਈ.।

(ਕ) *ਜ਼ਿੰਦਗੀ ਨਾਮਾ*, ਪੰਜਾਬੀ ਅਨੁਵਾਦ, ਭਾਈ ਨਰਾਇਣ ਸਿੰਘ, ਅਧਿਆਪਕ ਮਿਉਂਸਪਲ ਬੋਰਡ ਕਾਲਜ, ਅੰਮ੍ਰਿਤਸਰ, 1886 ਈ.।

(ਖ) *ਜ਼ਿੰਦਗੀ ਨਾਮਾ*, ਪੰਜਾਬੀ ਅਨੁਵਾਦ, ਸੰਤ ਸਰੂਪ ਸਿੰਘ, ਪ੍ਰਕਾਸ਼ਕ ਉੱਤਮ ਸਿੰਘ ਗੁਰਬਚਨ ਸਿੰਘ ਪੁਸਤਕਾਂ ਵਾਲੇ, ਅੰਮ੍ਰਿਤਸਰ।

(ਗ) *ਜ਼ਿੰਦਗੀ ਨਾਮਾ*, ਫ਼ਾਰਸੀ, ਸੰਤ ਮੱਖਨ ਸਿੰਘ, ਬਾਬੂ ਨਿਰੰਕਾਰ ਪ੍ਰਸ਼ਾਦ, ਓਰੀਐਂਟਲ ਪ੍ਰੈਸ, ਫ਼ੈਜ਼ਾਬਾਦ, 1932 ਈ. (ਫ਼ਾਰਸੀ ਅੱਖਰਾਂ ਵਿਚ)।

(ਘ) *ਜ਼ਿੰਦਗੀ ਨਾਮਾ*, ਸਹ ਅਨੁਵਾਦ, ਗਿਆਨੀ ਮਹਾਂ ਸਿੰਘ, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1964 ਈ.।

3. ***ਤੋਸੀਫ਼ੋ-ਸਨਾ***, ਫ਼ਾਰਸੀ, ਲਿਖਤੀ। 'ਖਾਤਿਮਾ' ਇਸ ਦੇ ਅੰਤ ਵਿਚ ਦੇ ਕਵਿਤਾ ਦੇ ਹਿੱਸੇ ਦਾ ਨਾਉਂ ਹੈ। ਭਾਈ ਭਗਵੰਤ ਸਿੰਘ ਹਰੀ ਜੀ, ਨਾਭਾ। [ਗੰਡਾ ਸਿੰਘ]

4. ***ਗੰਜ ਨਾਮਾ***

(ੳ) *ਗੰਜ ਨਾਮਾ*, ਲਿਖਤੀ, ਫ਼ਾਰਸੀ, ਭਾਈ ਭਗਵੰਤ ਸਿੰਘ ਹਰੀ ਜੀ, ਨਾਭਾ।

(ਅ) ਸਮੇਤ ਤਰਜਮਾ ਪੰਜਾਬੀ, ਖ਼ਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ, (ਟ੍ਰੈਕਟ 476), ਗੁਰਮੁਖੀ ਅੱਖਰਾਂ ਵਿਚ (ਪਹਿਲਾਂ ਗਲਤੀ ਨਾਲ ਇਸ ਦਾ ਨਾਮ *'ਤੋਸੀਫ਼ੋ-ਸਨਾ'* ਛਪ ਗਿਆ ਸੀ, ਜਿਹੜਾ ਪਿਛੋਂ *'ਗੰਜ ਨਾਮਾ'* ਕਰ ਦਿੱਤਾ ਗਿਆ)।

(ੲ) *ਗੰਜ ਨਾਮਾ*, ਸਹਿਤ ਅਨੁਵਾਦ, ਭਾਈ ਵੀਰ ਸਿੰਘ, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1966 ਈ.।

5. **ਜੋਤ ਬਿਗਾਸ (ਫ਼ਾਰਸੀ)**

(ੳ) ਲਿਖਤੀ, ਫ਼ਾਰਸੀ, ਭਾਈ ਭਗਵੰਤ ਸਿੰਘ ਹਰੀ ਜੀ, ਨਾਭਾ। [ਗੰਡਾ ਸਿੰਘ]

(ਅ) *ਜੋਤ ਬਿਗਾਸ* (ਫ਼ਾਰਸੀ, ਗੁਰਮੁਖੀ ਅੱਖਰਾਂ ਵਿਚ), ਸਮੇਤ ਪੰਜਾਬੀ ਅਨੁਵਾਦ, ਭਾਈ ਮੇਘ ਰਾਜ ਗ਼ਰੀਬ, ਪ੍ਰਕਾਸ਼ਕ ਗੁਰਦਿਆਲ ਸਿੰਘ ਐਂਡ ਸਨਜ਼, ਲਾਹੌਰ।

(ੲ) *ਜੋਤ ਬਿਗਾਸ* (ਫ਼ਾਰਸੀ ਅਤੇ ਪੰਜਾਬੀ), ਅਨੁਵਾਦ, ਮਹਾਂ ਸਿੰਘ ਗਿਆਨੀ, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1966 ਈ.।

6. **ਜੋਤ ਬਿਗਾਸ** (ਪੰਜਾਬੀ), ਖ਼ਾਲਸਾ ਟ੍ਰੈਕਟ ਸੋਸਾਇਟੀ ਅੰਮ੍ਰਿਤਸਰ, ਟ੍ਰੈਕਟ 497।

7. ***ਰਹਿਤ ਨਾਮਾ ਭਾਈ ਨੰਦ ਲਾਲ***

(ੳ) ਅੰਗਰੇਜ਼ੀ ਅਨੁਵਾਦ, ਸਰ ਸਰਦਾਰ ਅਤਰ ਸਿੰਘ, ਰਈਸ ਭਦੌੜ, ਐਲਬਰਟ ਪ੍ਰੈਸ, ਲਾਹੌਰ, 1976 ਈ. (ਸਮੇਤ *ਤਨਖ਼ਾਹ ਨਾਮਾ* ਦੇ)।

(ਅ) *ਰਹਿਤ ਨਾਮਾ* (ਪੰਜਾਬੀ), ਪ੍ਰਕਾਸ਼ਤ, ਸਮੇਤ ਦੂਜੇ ਰਹਿਤਨਾਮਿਆਂ ਦੇ ਹੋਰ ਅਖ਼ਬਾਰ ਖ਼ਾਲਸਾ ਐਡਵੋਕੇਟ, ਅੰਮ੍ਰਿਤਸਰ; 26 ਜੂਨ 1961 ਈ.।

8. *ਤਨਖ਼ਾਹ ਨਾਮਾ*

(ੳ) ਅੰਗਰੇਜ਼ੀ, ਅਨੁਵਾਦ, ਸਰ ਸਰਦਾਰ ਅਤਰ ਸਿੰਘ, ਰਈਸ ਭਦੌੜ, ਐਲਬਰਟ ਪ੍ਰੈਸ, ਲਾਹੌਰ, 1876 (ਸਮੇਤ ਰਹਿਤ ਨਾਮਾ ਦੇ)।

(ਅ) ਲਿਖਤੀ, ਉਤਾਰਾ ਕਾਗ਼ਜ਼ਾਤ ਖ਼ਾਨਦਾਨ ਭਾਈ ਨੰਦ ਲਾਲ, ਰਾਹੀਂ ਸਰਦਾਰ ਦੀਨ-ਦਿਆਲ ਸਿੰਘ, ਅੰਮ੍ਰਿਤਸਰ। [ਗੰਡਾ ਸਿੰਘ]

(ੲ) *ਪੰਜਾਬੀ, ਖ਼ਾਲਸਾ ਐਡਵੋਕੇਟ*, ਅੰਮ੍ਰਿਤਸਰ 3 ਜੁਲਾਈ, 1961 ਈ.।

9. *ਦਸਤੂਰੁਲ-ਇਨਸ਼ਾ*

ਲਿਖਤੀ, ਅਪੂਰਣ, ਫ਼ਾਰਸੀ, ਭਾਈ ਭਗਵੰਤ ਸਿੰਘ ਹਰੀ ਜੀ, ਨਾਭਾ। [ਗੰਡਾ ਸਿੰਘ]

10. *ਅਰਜ਼ੁਲ-ਅਲਫ਼ਾਜ਼*

ਲਿਖਤੀ, ਫ਼ਾਰਸੀ, ਭਾਈ ਭਗਵੰਤ ਸਿੰਘ ਹਰੀ ਜੀ, ਨਾਭਾ। [ਗੰਡਾ ਸਿੰਘ]

ਇਨ੍ਹਾਂ ਤੋਂ ਛੁੱਟ ਅਪ੍ਰੈਲ 1963 ਈ. ਵਿਚ ਇਕ ਸੰਗ੍ਰਹਿ *'ਤਸਨੀਫ਼ਾਤਿ ਭਾਈ ਨੰਦ ਲਾਲ ਗੋਯਾ'* ਖ਼ਾਲਸਾ ਟ੍ਰੈਕਟ ਸੋਸਾਇਟੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ ਹੋਇਆ ਹੈ ਜਿਸ ਦੇ ਆਰੰਭ ਵਿਚ ਗਿਆਨੀ ਮਹਾਂ ਸਿੰਘ ਦੀ ਭੂਮਿਕਾ ਤੋਂ ਬਿਨਾਂ ਸ੍ਰੀ ਲਕਸ਼ਵੀਰ ਸਿੰਘ 'ਮੁਜ਼ਤਿਰ' ਵਲੋਂ ਇਕ ਉੱਚੇ ਪਾਏ ਦਾ ਸਾਹਿੱਤਕ ਪਰਿਚੈ ਵੀ ਸ਼ਾਮਲ ਹੈ। ਇਸ ਸੰਗ੍ਰਹਿ ਵਿਚ ਭਾਈ ਨੰਦ ਲਾਲ ਜੀ ਦੀਆਂ ਗ਼ਜ਼ਲੀਆਤ *ਦੀਵਾਨਿ-ਗੋਯਾ*, *ਜ਼ਿੰਦਗੀ ਨਾਮਾ*, *ਜੋਤ ਬਿਗਾਸ* (ਫ਼ਾਰਸੀ ਅਤੇ ਪੰਜਾਬੀ), *ਗੰਜ ਨਾਮਾ* ਅਤੇ *ਤੌਸੀਫ਼ੋ-ਸਨਾ* ਸ਼ਾਮਿਲ ਹਨ।

ਇਸ ਸੂਚੀ ਨੂੰ ਸੰਪੂਰਨ ਨਹੀਂ ਕਿਹਾ ਜਾ ਸਕਦਾ। ਹੋ ਸਕਦਾ ਹੈ ਕਿ ਕੁਝ ਕੁ ਛਪੀਆਂ ਪੁਸਤਕਾਂ ਦਾ ਪਤਾ ਨਾ ਲੱਗਾ ਹੋਵੇ। ਸਾਰੀਆਂ ਹੱਥ-ਲਿਖਤਾਂ ਦਾ ਪੂਰਾ ਪਤਾ ਲੱਗ ਸਕਣਾ ਤਾਂ ਸੰਭਵ ਵੀ ਨਹੀਂ ਹੁੰਦਾ।

# ਭਾਈ ਨੰਦ ਲਾਲ ਦੀ ਜੀਵਨੀ ਅਤੇ ਉਨ੍ਹਾਂ ਦੇ ਖ਼ਾਨਦਾਨ ਦੇ ਹਾਲਾਤ ਸੰਬੰਧੀ ਕੁਝ ਕੁ ਪ੍ਰਸਿੱਧ ਸੋਮੇ


ਸੰਤੋਖ ਸਿੰਘ, ਭਾਈ—*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਸੂਰਜ ਪ੍ਰਕਾਸ਼* (ਬ੍ਰਿਜ ਭਾਸ਼ਾ, ਗਰਮੁਖੀ ਅੱਖਰਾਂ ਵਿਚ ਛਪੀ ਹੋਈ), ਵਿਸ਼ੇਸ਼ ਐਡੀਸ਼ਨ ਭਾਈ ਵੀਰ ਸਿੰਘ, ਖ਼ਾਲਸਾ ਸਮਾਚਾਰ, ਅੰਮ੍ਰਿਤਸਰ।

ਕਾਹਨ ਸਿੰਘ, ਭਾਈ, ਨਾਭਾ—*ਗੁਰਮਤਿ ਸੁਧਾਰ* (ਪੰਜਾਬੀ)

—*ਗੁਰ ਸ਼ਬਦ ਰਤਨਾਕਰ ਮਹਾਨ ਕੋਸ਼*। ਪਟਿਆਲਾ ਦਰਬਾਰ ਅਤੇ ਭਾਸ਼ਾ ਵਿਭਾਗ ਪਟਿਆਲਾ, ਦੋ ਐਡੀਸ਼ਨ।

ਵੀਰ ਸਿੰਘ, ਭਾਈ—*ਭਾਈ ਨੰਦ ਲਾਲ ਨਿਸਤਾਰਾ*, ਖ਼ਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ ਸੰਮਤ 444 ਬਿ. (ਟ੍ਰੈਕਟ ਨੰ. 852)।

ਰਾਮ ਦਿਆਲ, ਭਾਈ—*ਲਾਈਫ਼ ਔਫ਼ ਭਾਈ ਨੰਦ ਲਾਲ 'ਗੋਯਾ'*। ਸਿੱਖ ਟ੍ਰੈਕਟ ਸੋਸਾਇਟੀ, ਖ਼ਾਲਸਾ ਕਾਲਜ ਅੰਮ੍ਰਿਤਸਰ, ਜੂਨ-ਜੁਲਾਈ, 1926 (ਅੰਗਰੇਜ਼ੀ, ਟ੍ਰੈਕਟ ਨੰ. 47)।

ਮੇਘ ਰਾਜ, ਭਾਈ—*ਪ੍ਰੇਮ ਫੁਲਵਾੜੀ* (ਪੰਜਾਬੀ ਅਨੁਵਾਦ ਗ਼ਜ਼ਲੀਆਤ ਦਾਵਾਨਿ-ਗੋਯਾ)। 1921 ਈ. ਗੁਰਮੁਖੀ ਅਤੇ ਉਰਦੂ ਅੱਖਰਾਂ ਵਿਚ।

—*ਪ੍ਰੇਮ ਸਰੋਵਰ* (ਪੰਜਾਬੀ ਅਨੁਵਾਦ *ਜ਼ਿੰਦਗੀ ਨਾਮਾ*), ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ 1916 ਈ.।

—*ਪ੍ਰੇਮ ਸਮੁੰਦਰ* (ਪੰਜਾਬੀ ਅਨੁਵਾਦ *ਜੋਤ ਬਿਗਾਸ*)।

ਪਰਮਾਨੰਦ ਅਰੋੜਾ, ਲਾਲਾ—*ਲਾਈਫ ਐਂਡ ਵਰਕਸ ਔਫ ਭਾਈ ਨੰਦ ਲਾਲ ਗੋਯਾ* (ਅੰਗਰੇਜ਼ੀ), 21 ਜਨਵਰੀ 1925; ਅਣਛਪੀ। [ਗੰਡਾ ਸਿੰਘ]

ਮੈਕਾਲਿਫ਼, ਐਮ. ਏ.—*ਦੀ ਸਿੱਖ ਰਿਲੀਜਨ ਐਂਡ ਇਟਸ ਗੁਰੂਜ਼*, ਔਕਸਫੋਰਡ ਯੂਨੀਵਰਸਿਟੀ ਪ੍ਰੈਸ, ਲੰਡਨ 1909 ਈ.।

(ਲੇਖਕ, ਭਾਈ ਨੰਦ ਲਾਲ ਦੇ ਖ਼ਾਨਦਾਨ ਵਿਚੋਂ)—*ਹਾਲਾਤਿ-ਖ਼ਾਨਦਾਨ ਭਾਈ ਨੰਦ ਲਾਲ*, ਲਿਖਤੀ, ਉਰਦੂ, ਮਈ 1922 ਈ., ਰਾਹੀਂ ਸ. ਦੀਨ-ਦਿਆਲ ਸਿੰਘ ਅੰਮ੍ਰਿਤਸਰ।

[ਗੰਡਾ ਸਿੰਘ]

# ਭਾਈ ਨੰਦ ਲਾਲ ਗ੍ਰੰਥਾਵਲੀ

## ੧

**ਹਵਾਇ ਬੰਦਗੀ ਆਵੁਰਦ ਦਰ ਵਜੂਦ ਮਰਾ**
**ਵਗਰਨਾ ਜ਼ੌਕਿ ਚੁਨੀਂ ਆਮਦਨ ਨ ਬੂਦ ਮਰਾ।**

ਭਜਨ ਬੰਦਗੀ ਦੀ ਇੱਛਾ ਨੇ ਮੈਨੂੰ ਹੋਂਦ ਵਿਚ ਲਿਆਂਦਾ,
ਨਹੀਂ ਤਾਂ ਮੈਨੂੰ ਇਸ ਤਰ੍ਹਾਂ ਆਉਣ ਦਾ ਕੋਈ ਸ਼ੌਕ ਨਹੀਂ ਸੀ।

**ਖ਼ੁਸ਼ ਅਸਤ ਉਮਰ ਕਿਹ ਦਰ ਯਾਦ ਬਿਗੁਜ਼ਰਦ ਵਰਨਾ**
**ਚਿ ਹਾਸਲ ਅਸਤ ਅਜ਼ੀਂ ਗੁੰਬਦਿ ਕਬੂਦ ਮਰਾ।**

ਕਿੰਨੀ ਚੰਗੀ ਹੈ ਉਹ ਆਯੂ, ਜਿਹੜੀ ਉਸ ਦੀ ਯਾਦ ਵਿਚ ਗੁਜ਼ਰੇ,
ਨਹੀਂ ਤਾਂ ਭਲਾ ਮੈਨੂੰ ਇਸ ਨੀਲੇ ਗੁੰਬਦ (ਆਸਮਾਨ, ਦੁਨੀਆਂ) ਤੋਂ ਕੀ ਫ਼ਾਇਦਾ?

**ਦਰਾਂ ਜ਼ਮਾਂ ਕਿ ਨਿਆਈ ਬ-ਯਾਦ ਮੀ-ਮੀਰਮ**
**ਬਗ਼ੈਰ ਯਾਦਿ ਤੂ ਜ਼ੀਂ ਜ਼ੀਸਤਨ ਚਿਹ ਸੂਦ ਮਰਾ।**

ਜਦੋਂ ਤੂੰ ਯਾਦ ਨਹੀਂ ਆਉਂਦਾ, ਤਾਂ ਮੈਂ ਮਰ ਮਰ ਜਾਂਦਾ ਹਾਂ,
ਤੇਰੀ ਯਾਦ ਬਿਨਾਂ ਮੈਨੂੰ ਜਿਉਣ ਦਾ ਭਲਾ ਕੀ ਫ਼ਾਇਦਾ।

**ਫ਼ਿਦਾਸਤ ਜਾਨੋ ਦਿਲਿ ਮਨ ਬ-ਖ਼ਾਕਿ ਮਰਦਮਿ ਪਾਕ**
**ਹਰ ਆਂ ਕਸੇ ਕਿਹ ਬੂ-ਸੂਇ ਤੂ ਰਹਿ ਨਮੂਦ ਮਰਾ।**

ਮੇਰੀ ਜਾਨ ਅਤੇ ਦਿਲ ਉਸ ਪਵਿੱਤਰ ਪੁਰਖ ਦੇ ਚਰਨਾਂ ਦੀ ਧੂੜ ਤੋਂ ਕੁਰਬਾਨ ਹਨ,
ਜਿਸ ਨੇ ਕਿ ਮੈਨੂੰ ਤੇਰਾ ਰਾਹ ਵਿਖਾਇਆ।

**ਨਬੂਦ ਹੀਚ ਨਿਸ਼ਾਨ ਹਾ ਜ਼ਿ-ਆਸਮਾਨੋ ਜ਼ਮੀਂ**
**ਕਿ ਸ਼ੌਕਿ ਰੂਇ ਤੂ ਆਵੁਰਦ ਦਰ ਸਜੂਦ ਮਰਾ।**

ਉਸ ਵੇਲੇ ਤਾਂ ਆਸਮਾਨ ਅਤੇ ਜ਼ਮੀਨ ਤਕ ਦਾ ਨਾਮ ਨਿਸ਼ਾਨ ਨਹੀਂ ਸੀ,
ਜਦੋਂ ਕਿ ਤੇਰੇ ਦੀਦਾਰ ਦੇ ਸ਼ੌਕ ਨੇ ਮੈਨੂੰ ਸਿਜਦੇ ਵਿਚ ਡੇਗ ਦਿੱਤਾ।

**ਬਗ਼ੈਰ ਯਾਦਿ ਤੂ ਗੋਯਾ ਨਮੀ ਤਵਾਨਮ ਜ਼ੀਸਤ**
**ਬਸੂਇ ਦੋਸਤ ਰਹਾਈ ਦਿਹੰਦ ਜ਼ੂਦ ਮਰਾ।**

ਐ ਗੋਯਾ! ਮੈਂ ਤੇਰੀ ਯਾਦ ਬਿਨਾਂ ਜਿਊ ਨਹੀਂ ਸਕਦਾ।
ਮੈਨੂੰ ਮੇਰੇ ਸੱਜਨ ਵੱਲ ਜਾਣ ਲਈ ਛੇਤੀ ਹੀ ਰਿਹਾਈ ਮਿਲ ਜਾਵੇਗੀ।

੨

ਦੀਨੋ ਦੁਨੀਆਂ ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾ
ਹਰ ਦੋ ਆਲਮ ਕੀਮਤਿ ਯੱਕ ਤਾਰਿ ਮੂਇ ਯਾਰਿ ਮਾ।

ਦੀਨ ਅਤੇ ਦੁਨੀਆਂ ਸਾਡੇ ਉਸ ਪਰੀ-ਚਿਹਰਾ ਦੋਸਤ ਦੀ ਫਾਹੀ ਵਿਚ ਹਨ।
ਦੋਵੇਂ ਜਹਾਨ ਸਾਡੇ ਯਾਰ ਦੇ ਇਕ ਵਾਲ ਦੇ ਮੁਲ ਬਰਾਬਰ ਹਨ।

ਮਾ ਨਮੀ ਆਰੇਮ ਤਾਬਿ ਗ਼ਮਜ਼ਾਇ ਮਿਜ਼ਗਾਨਿ ਊ
ਯੱਕ ਨਿਗਾਹਿ ਜਾਂ-ਫਿਜ਼ਾਇਸ਼ ਬਸ ਬਵਦ ਦਰਕਾਰਿ ਮਾ।

ਅਸੀਂ ਉਸ ਸੱਜਨ ਦੀ ਇਕ ਭੀ ਟੇਢੀ ਨਜ਼ਰ ਦੀ ਤਾਬ ਨਹੀਂ ਝੱਲ ਸਕਦੇ,
ਉਸ ਦੀ ਇਕੋ ਨਿਗਾਹ, ਜਿਹੜੀ ਉਮਰਾਂ ਵਧਾ ਦਿੰਦੀ ਹੈ, ਸਾਨੂੰ ਬਥੇਰੀ ਹੈ।

ਗਾਹੇ ਸੂਫ਼ੀ ਗਾਹੇ ਜ਼ਾਹਿਦ ਗਹਿ ਕਲੰਦਰ ਮੀ ਸ਼ਵਦ
ਰੰਗਹਾਇ ਮੁਖ਼ਤਲਿਫ਼ ਦਾਰਦ ਬੁਤਿ ਅਯਾਰਿ ਮਾ।

ਕਦੀ ਤਾਂ ਉਹ ਸੂਫ਼ੀ ਬਣ ਜਾਂਦਾ ਹੈ, ਕਦੀ ਭਜਨ ਬੰਦਗੀ ਵਾਲਾ ਅਤੇ ਕਦੀ ਮਸਤ ਕਲੰਦਰ;
ਸਾਡਾ ਚਾਲਾਕ ਪਿਆਰਾ ਨਾਨਾ ਰੰਗਾਂ ਦਾ ਮਾਲਕ ਹੈ।

ਕਦਰਿ ਲਾਅਲਿ ਊ ਬਜੁਜ਼ ਆਸ਼ਿਕ ਨਾਂ ਦਾਨਦ ਹੀਚ ਕਸ
ਕੀਮਤਿ ਯਾਕੂਤ ਦਾਨਦ ਚਸ਼ਮਿ ਗੌਹਰ ਬਾਰਿ ਮਾ।

ਉਸ ਦੇ ਲਾਲਾਂ (ਵਰਗੇ ਹੋਠਾਂ) ਦੀ ਭਲਾ ਕਦਰ ਬਿਨਾਂ ਪ੍ਰੇਮੀ ਦੇ ਕੌਣ ਜਾਣੇ?
ਯਾਕੂਤ ਦੀ ਕੀਮਤ ਸਾਡੀ ਮੋਤੀ ਵਸਾਉਣ ਵਾਲੀ ਅੱਖ ਹੀ ਜਾਣਦੀ ਹੈ।

ਹਰ ਨਫ਼ਸ ਗੋਯਾ ਬ-ਯਾਦਿ ਨਰਗਸਿ ਮਖ਼ਮੂਰਿ ਊ
ਬਾਦਾਹਾਇ ਸੌਕ ਮੀ-ਨੌਸ਼ਦ ਦਿਲਿ ਹੁਸ਼ਿਆਰਿ ਮਾ।

ਹਰ ਛਿਨ ਤੇ ਹਰ ਪਲ ਗੋਯਾ ਸਾਡਾ ਹੁਸ਼ਿਆਰ ਦਿਲ
ਉਸ ਪਿਆਰੇ ਦੀ ਮਸਤ ਨਰਗਸੀ ਅੱਖ ਦੀ ਯਾਦ ਵਿਚ ਪਿਆਰ ਦਾ ਨਸ਼ਾ ਪੀਂਦਾ ਹੈ।

੩

ਬਦਿਹ ਸਾਕੀ ਮਰਾ ਯੱਕ ਜਾਮ ਜ਼ਾਂ ਰੰਗੀਨੀਇ ਦਿਲਹਾ
ਬਚਸ਼ਮਿ ਪਾਕ-ਬੀਂ ਆਸਾਂ ਕੁਨਮ ਈ ਜੁਮਲਾ ਮੁਸ਼ਕਿਲ ਹਾ।

ਐ ਸਾਕੀ! ਦਿਲਾਂ ਨੂੰ ਰੰਗ ਦੇਣ ਵਾਲੇ ਨਸ਼ੇ ’ਚੋਂ ਮੈਨੂੰ ਇਕ ਪਿਆਲਾ ਬਖ਼ਸ਼,
ਕਿ ਮੈਂ ਉਸ ਰੱਬ ਨੂੰ ਵੇਖਣ ਵਾਲੀ ਅੱਖ ਨਾਲ ਸਾਰੀਆਂ ਮੁਸ਼ਕਲਾਂ ਹੱਲ ਕਰ ਲਵਾਂ।

ਮਰਾ ਦਰ ਮੰਜ਼ਲਿ ਜਾਨਾਂ ਹਮਾ ਐਸ਼ੇ ਹਮਾ ਸ਼ਾਦੀ
ਜਰਸ ਬੇਹੂਦਾ ਮੀ-ਨਾਲਦ ਕੁਜਾ ਬੰਦੇਮ ਮਹਿਮਲ ਹਾ।

ਮੈਨੂੰ ਤਾਂ ਉਸ ਮਿਤ੍ਰ ਪਿਆਰੇ ਦੀ ਮੰਜ਼ਿਲ ਵਲ ਵੱਧਦਿਆਂ ਸਦਾ ਆਨੰਦ ਹੀ ਆਨੰਦ ਹੈ।
ਡਾਚੀ ਗਲ ਪਈ ਟੱਲੀ ਐਵੇਂ ਪਈ ਵੱਜਦੀ ਹੈ, ਅਸੀਂ ਕਦੋਂ ਅੱਟਕਣ ਵਾਲੇ ਹਾਂ?

ਖ਼ੁਦਾ ਹਾਜ਼ਿਰ ਬਵਦ ਦਾਇਮ ਬਬੀਂ ਦੀਦਾਰਿ ਪਾਕਿਸ਼ ਰਾ
ਨਾ ਗਿਰਦਾਬੇ ਦਰੂ ਹਾਇਲ ਨਾ ਦਰਿਆਓ ਨਾ ਸਾਹਿਲ ਹਾ।

ਰੱਬ ਤਾਂ ਸਦਾ ਹਾਜ਼ਰ ਨਾਜ਼ਰ ਹੈ। ਤੂੰ ਉਸ ਦੇ ਪਵਿੱਤਰ ਦੀਦਾਰੇ ਕਰ!

ਨਾ ਕੋਈ ਭੰਵਰ ਰਾਹ ਵਿਚ ਰੁਕਾਵਟ ਹੈ ਤੇ ਨਾ ਕੋਈ ਦਰਿਆ ਜਾਂ ਕੰਢਾ।

**ਚਿਰ ਬੇਹੂਦਾ ਮੀਗਰਦੀ ਬ-ਸਹਿਰਾ ਓ ਬ-ਦਸ਼ਤ ਐ ਦਿਲ**
**ਚੂੰ ਆਂ ਸੁਲਤਾਨਿ ਖ਼ੂਬਾਂ ਕਰਦਾ ਅੰਦਰ ਦੀਦਾ ਮੰਜ਼ਿਲ ਹਾ।**

ਤੂੰ ਕਿਉਂ ਪਿਆ ਜੰਗਲਾਂ ਜੂਹਾਂ ਵਿਚ ਮਾਰਾ ਮਾਰਾ ਫਿਰਦਾ ਹੈਂ।
ਜਦ ਕਿ ਉਸ ਸੋਹਣਿਆਂ ਦੇ ਸੁਲਤਾਨ ਨੇ ਤੇਰੀਆਂ ਅੱਖਾਂ ਵਿਚ ਆਪਣਾ ਡੇਰਾ ਬਣਾ ਰੱਖਿਆ ਹੈ।

**ਚੂ ਗ਼ੈਰ ਅਜ਼ ਜ਼ਾਤਿ-ਪਾਕਿਸ਼ ਨੀਸਤ ਦਰ ਹਰ ਜਾ ਕਿ ਮੀ-ਬੀਨਮ**
**ਬਗੋ ਗੋਯਾ ਕੁਜਾ ਬਿਗੁਜ਼ਾਰਮ ਈਂ ਦੁਨਿਆ ਓ ਐਹਲਿ ਹਾ।**

ਉਸ ਵਾਹਿਗੁਰੂ ਤੋਂ ਬਿਨਾ ਜਿੱਧਰ ਵੀ ਮੈਂ ਵੇਖਦਾ ਹਾਂ ਜਦ ਕੁਝ ਨਜ਼ਰ ਨਹੀਂ ਆਉਂਦਾ,
ਤਾਂ ਗੋਯਾ, ਤੂੰ ਹੀ ਦੱਸ, ਭਲਾ, ਮੈਂ ਇਸ ਦੁਨੀਆਂ ਅਤੇ ਘਰ ਬਾਰ ਨੂੰ ਕਿਵੇਂ ਤੇ ਕਿੱਥੇ ਛੱਡਾਂ?

੪

**ਬਿਆ ਐ ਸਾਕੀਇ ਰੰਗੀਨ ਜ਼ਿ ਪੁਰ ਕੁਨ ਅੱਯਾਗ਼ ਈਂਜਾ**
**ਨਸ਼ਾਇ ਲਾਅਲ ਮੈ-ਗੂਨਤ ਜ਼ਿ ਹੱਕ ਬਖ਼ਸ਼ਦ ਸੁਰਾਗ਼ ਈਂਜਾ।**

ਆ ਸਾਕੀ! ਇੱਥੇ ਪਿਆਲੇ ਨੂੰ ਰੰਗੀਨ ਸ਼ਰਾਬ ਨਾਲ ਭਰ ਦੇ,
ਲਾਲ ਰੰਗ ਦੀ ਸ਼ਰਾਬ ਦਾ ਨਸ਼ਾ ਇੱਥੇ ਉਸ ਰੱਬ ਦੀ ਸੂਹ ਬਖ਼ਸ਼ਦਾ ਹੈ।

**ਅਨਲ-ਹੱਕ ਅਜ਼ ਲਬਿ ਮਨਸੂਰ ਗਰ ਚੂੰ ਸ਼ੀਸ਼ਾ ਕੁਲਕੁਲ ਕਰਦ**
**ਕਿਹ ਆਰਦ ਤਾਬਿ ਈਂ ਸਹਬਾ ਕੁਜਾ ਜਾਮਿ ਦਿਮਾਗ਼ ਈਂਜਾ।**

ਜੇਕਰ ਸੁਰਾਹੀ ਮਨਸੂਰ ਦੇ ਮੂੰਹ ਨਿਕਲੇ 'ਅਨੱਲਹੱਕ' ਵਾਂਗ ਕਿਧਰੇ ਕੁਲ ਕੁਲ ਦੀ ਆਵਾਜ਼ ਪੈਦਾ ਕਰੇ,
ਤਾਂ ਕੌਣ ਅਜਿਹੀ ਪ੍ਰਭਾਤੀ ਸ਼ਰਾਬ ਦੇ ਨਸ਼ੇ ਦੀ ਤਾਬ ਲਿਆਵੇਗਾ? ਅਤੇ ਕਿੱਥੇ ਹੈ ਅਜਿਹਾ ਦਿਮਾਗ਼ ਦਾ ਪਿਆਲਾ?

**ਜਹਾਂ ਤਾਰੀਕ ਸ਼ੁਦ ਜਾਨਾਂ ਬਰ ਅਫ਼ਰੂਜ਼ ਈਂ ਕੱਦਿ ਰਾਅਨਾ,**
**ਨੁਮਾ ਰੁਖ਼ਸਾਰਾਇ ਤਾਬਾਂ ਕਿ ਮੀ-ਬਾਇਦ ਚਰਾਗ਼ ਈਂ ਜਾ।**

ਜਹਾਨ ਵਿਚ ਤਾਂ ਅੰਨ੍ਹੇਰਾ ਹੈ। ਐ ਪਿਆਰੇ! ਆਪਣੀ ਸੁੰਦਰਤਾ ਨੂੰ ਹੋਰ ਚਮਕਾ, ਅਤੇ ਆਪਣਾ ਮੁਖੜਾ ਖ਼ੂਬ ਦਰਸਾ, ਕਿਉਂ ਜੋ ਇੱਥੇ ਦੀਵੇ ਦੀ ਲੋੜ ਹੈ।

**ਬੱਈਂ ਯੱਕ-ਦਮ ਕਿ ਯਾਦ ਆਇਦ ਤਵਾਂ ਉਮਰੇ ਬਸਰ ਬੁਰਦਨ**
**ਅਗਰ ਯਕਦਮ ਕਸੇ ਬਾਇਦ ਬਸ਼ੌਕਿ ਹੱਕ ਫ਼ਰਾਗ਼ ਈਂਜਾ।**

ਉਸ ਇਕ ਛਿਨ ਪਲ ਨਾਲ, ਜਦ ਕਿ ਉਸ ਦੀ ਯਾਦ ਆਵੇ, ਸਾਰੀ ਉਮਰਾ ਕੱਟੀ ਜਾ ਸਕਦੀ ਹੈ;
ਜੇ ਕਿਸੇ ਕੋਲ ਰੱਬ ਦੇ ਸ਼ੌਕ ਲਈ ਅਜਿਹੇ ਇਕ ਛਿਨ ਪਲ ਦੀ ਵਿਹਲ ਤਾਂ ਹੋਵੇ!

**ਦੋ ਚਸ਼ਮਿ ਮਨ ਕਿ ਦਰਯਾਇ ਅਜ਼ੀਮੁੱਸ਼ਾਂ ਬਵਦ ਗੋਯਾ,**
**ਜ਼ਿ ਹਰ ਅਸ਼ਕਮ ਬਵਦ ਸ਼ਾਦਾਬੀਇ ਸਦ ਬਾਗ਼ ਬਾਗ਼ ਈਂ ਜਾ।**

ਮੇਰੀਆਂ ਦੋਵੇਂ ਅੱਖਾਂ, ਗੋਯਾ, ਇਕ ਵੱਡੀ ਨਦੀ ਹਨ;
ਮੇਰੇ ਹਰ ਅੱਥਰੂ ਨਾਲ ਸੈਂਕੜੇ ਬਾਗ਼ ਹਰੇ ਭਰੇ ਹੋ ਜਾਂਦੇ ਹਨ।

੫

ਰਹਿ-ਰਸਾਨਿ ਰਾਹਿ ਹੱਕ ਆਮਦ ਅਦਬ
ਹਮ ਬਦਿਲ ਯਾਦਿ ਖ਼ੁਦਾ ਵ ਹਮ ਬਲਬ।

ਰੱਬ ਦੇ ਰਸਤੇ ਟੁਰਨ ਵਾਲੇ ਪਾਂਧੀਆਂ ਲਈ ਜ਼ਰੂਰੀ ਹੈ ਕਿ ਉਨ੍ਹਾਂ ਦੇ ਦਿਲ ਵਿਚ ਵੀ ਉਸ ਦੀ ਯਾਦ ਹੋਵੇ ਅਤੇ ਉਨ੍ਹਾਂ ਦੇ ਬੁਲ੍ਹਾਂ ਪਰ ਵੀ ਉਸ ਦਾ ਸਿਮਰਨ।

ਹਰ ਕੁਜਾ ਦੀਦੇਮ ਅਨਵਾਰਿ ਖ਼ੁਦਾ
ਬਸਕਿ ਅਜ਼ ਸੁਹਬਤਿ ਬਜ਼ੁਰਗਾਂ ਸ਼ੁਦ ਜਜ਼ਬ।

ਅਸਾਂ ਹਰ ਥਾਂ ਰੱਬ ਦੇ ਨੂਰ ਨੂੰ ਮਹਾਂ ਪੁਰਖਾਂ
ਦੀ ਸੰਗਤ ਵਿਚ ਜਜ਼ਬ ਹੁੰਦਿਆਂ ਵੇਖਿਆ।

ਚਸ਼ਮਿ-ਮਾ ਗ਼ੈਰ ਅਜ਼ ਜਮਾਲਸ਼ ਵਾ ਨਾ ਸ਼ੁਦ
ਜ਼ਾਂ ਕਿ ਜੁਮਲਾ ਖ਼ਲਕ ਰਾ ਦੀਦੇਮ ਰੱਬ।

ਸਾਡੀ ਅੱਖ ਉਸ ਦੇ ਜਮਾਲ ਤੋਂ ਬਿਨਾਂ ਅਸਲੋਂ ਨਾ ਖੁਲ੍ਹੀ,
ਕਿਉਂ ਜੋ ਅਸਾਂ ਸਾਰੀ ਖਲਕਤ ਵਿਚ ਰੱਬ ਨੂੰ ਵੇਖਿਆ।

ਖ਼ਾਕਿ ਕਦਮਸ਼ ਰੋਸ਼ਨੀਇ ਦਿਲ ਕੁਨਦ.
ਗਰ ਤੁਰਾਬਾ ਸਾਲਿਕਾਂ ਬਾਸ਼ਦ ਨਸਬ।

ਉਸ ਦੇ ਚਰਨਾਂ ਦੀ ਧੂੜ ਦਿਲ ਨੂੰ ਚਾਨਣ ਕਰ ਦਿੰਦੀ ਹੈ,
ਜੇ ਤੇਰਾ ਇਸ ਰਾਹ ਤੇ ਚਲਣ ਵਾਲਿਆਂ ਨਾਲ ਸੰਬੰਧ ਹੋਵੇ।

ਕੀਸਤ ਗੋਯਾ ਕੁ ਮੁਰਾਦਿ ਦਿਲ ਨਾ ਯਾਫ਼ਤ
ਹਰ ਕਸੇ ਬਾ ਨਫਸਿ ਖ਼ੁਦ ਕਰਦਾ ਗਜ਼ਬ।

ਉਹ ਕੋਣ ਹੈ, ਗੋਯਾ, ਜਿਸ ਦੇ ਦਿਲ ਦੀ ਮੁਰਾਦ ਪੂਰੀ ਨਹੀਂ ਹੋਈ,
ਜਿਸ ਕਿਸੇ ਨੇ ਭੀ ਆਪਣੇ ਮਨ (ਹਉਮੈ) ਨੂੰ ਮਾਰ ਲਿਆ ਹੋਵੇ।

੬

ਦਿਲ ਅਗਰ ਦਾਨਾ ਬਵਦ ਅੰਦਰ ਕਿਨਾਰਸ਼ ਯਾਰ ਹਸਤ
ਚਸ਼ਮ ਗਰ ਬੀਨਾ ਬਵਦ ਦਰ ਹਰ ਤਰਫ਼ ਦੀਦਾਰ ਹਸਤ।

ਜੇ ਦਿਲ ਸਮਝ ਵਾਲਾ ਹੋਵੇ, ਤਾਂ ਸੱਜਨ ਉਸ ਦੀ ਗਲਵਕੜੀ ਵਿਚ ਹੈ!
ਅਤੇ ਅੱਖ ਜੇਕਰ ਵੇਖਣ ਵਾਲੀ ਹੋਵੇ ਤਾਂ ਹਰ ਪਾਸੇ ਦੀਦਾਰ ਹੀ ਦੀਦਾਰ ਹੈ!

ਹਰ ਤਰਫ਼ ਦੀਦਾਰ ਅੱਮਾ ਦੀਦਾਇ ਬੀਨਾ ਕੁਜਾ ਹਸਤ
ਹਰ ਤਰਫ਼ ਤੂਰ ਅਸਤ ਹਰ ਸੂ ਸ਼ੋਅਲਾਏ ਅਨਵਾਰ ਹਸਤ।

ਹਰ ਪਾਸੇ ਦੀਦਾਰੇ ਹਨ, ਪਰੰਤੂ ਵੇਖਣ ਵਾਲੀ ਅੱਖ ਕਿੱਥੇ ਹੈ?
ਹਰ ਤਰਫ਼ ਤੂਰ ਦੀ ਪਹਾੜੀ ਹੈ, ਹਰ ਪਾਸੇ ਨੂਰ ਦਾ ਭਾਂਬੜ ਹੈ।

ਸਰ ਅਗਰ ਦਾਰੀ ਬਿਰੋ ਸਰ ਰਾ ਬਿਨਿਹ ਬਰ ਪਾਇ ਊ
ਜਾਂ ਅਗਰ ਦਾਰੀ ਨਿਸਾਰਿਸ਼ ਕੁਨ ਅਗਰ ਦਰਕਾਰ ਹਸਤ।

ਜੇ ਤੇਰੇ ਕੋਲ ਸਿਰ ਹੈ, ਤਾਂ ਜਾ, ਜਾ ਕੇ ਸਿਰ ਨੂੰ ਉਸ ਦੇ ਚਰਨਾਂ ਤੇ ਧਰ ਦੇ,

ਅਤੇ ਜੇ ਤੇਰੇ ਪਾਸ ਜਾਨ ਹੈ ਅਤੇ ਤੈਨੂੰ ਲੋੜੀਂਦੀ ਹੈ, ਤਾਂ ਇਸ ਨੂੰ (ਉਸ ਤੋਂ) ਕੁਰਬਾਨ ਕਰ ਦੇ।

**ਦਸਤ ਅਗਰ ਦਾਰੀ ਬਿਰੋ ਦਾਮਾਨਿ ਜਾਨਾਂ ਰਾ ਬਗੀਰ,**
**ਸੂਏ ਊ ਮੀ ਰੌਂ ਅਗਰ ਪਾ ਰਾ ਸਰਿ ਰਫ਼ਤਾਰ ਹਸਤ।**

ਜੇ ਤੇਰੇ ਪਾਸ ਹੱਥ ਹੈ, ਤਾਂ ਜਾਹ ਮਿਤ੍ਰ ਪਿਆਰੇ ਦਾ ਪੱਲਾ ਫੜ੍ਹ ਲੈ,
ਅਤੇ ਜੇ ਤੇਰੇ ਪੈਰਾਂ ਵਿਚ ਟੁਰਨ ਦੀ ਤਾਂਘ ਹੈ, ਤਾਂ ਉਸ ਸੱਜਨ ਵੱਲ ਨੂੰ ਟੁਰ।

**ਗ਼ੋਸ਼ ਅਗਰ ਸ਼ੁਨਵਾ ਬਵਦ ਜਜ਼ ਨਾਮਿ ਹੱਕ ਕੈ ਬਿਸ਼ਨਵਦ**
**ਵਰ ਜ਼ੁਬਾਂ ਗੋਯਾ ਬਵਦ ਦਰ ਹਰ ਸਖ਼ੁਨ ਅਸਰਾਰ ਹਸਤ।**

ਕੰਨ ਜੇ ਕਰ ਸੁਣਨ ਵਾਲੇ ਹੋਣ ਤਾਂ ਰੱਬ ਦੇ ਨਾਮ ਬਿਨਾਂ ਕਦ ਕੁਝ ਹੋਰ ਸੁਣਦੇ ਹਨ?
ਅਤੇ ਜੇਕਰ ਜੀਭਾ ਬੋਲਣ ਵਾਲੀ ਹੋਵੇ ਤਾਂ ਗੱਲ ਗੱਲ ਵਿਚ ਗੁੱਝੀ ਰਮਜ਼ ਹੋਵੇਗੀ।

**ਬ੍ਰਹਮਨ ਮੁਸ਼ਤਾਕਿ ਬੁੱਤ ਜ਼ਾਹਿਦ ਫ਼ਿਦਾਇ ਖ਼ਾਨਕਾਹ**
**ਹਰ ਕੁਜਾ ਜਾਮਿ ਮੁਹੱਬਤ ਦੀਦਾਅਮ ਸਰਸ਼ਾਰ ਹਸਤ।**

ਬ੍ਰਾਹਮਣ ਆਪਣੀ ਮੂਰਤੀ ਦਾ ਸ਼ਰਧਾਲੂ ਹੈ ਅਤੇ ਮੋਮਨ ਖ਼ਾਨਕਾਹ ਦਾ।
ਮੈਂ ਜਿੱਥੇ ਵੀ ਪ੍ਰੇਮ ਪਿਆਲਾ ਡਿੱਠਾ ਹੈ ਮਸਤ ਹੋ ਗਿਆ ਹਾਂ।

**ਬੇ-ਅਦਬ ਪਾ ਰਾ ਮਨਿਹ ਮਨਸੂਰ ਵਸ਼ ਦਰ ਰਾਹਿ ਇਸ਼ਕ**
**ਰਾਹ-ਰਵਿ ਈਂ ਰਾਹ ਰਾ ਅੱਵਲ ਕਦਮ ਬਰ ਦਾਰ ਹਸਤ।**

ਬੇਅਦਬੀ ਨਾਲ ਮਨਸੂਰ ਵਾਂਗ ਪ੍ਰੀਤ ਦੀ ਰਾਹ ਉੱਤੇ ਕਦਮ ਨਾ ਰੱਖੀਂ।
ਇਸ ਰਾਹ ਤੇ ਚਲਣ ਵਾਲੇ ਪਾਂਧੀ ਦਾ ਪਹਿਲਾ ਕਦਮ ਤਾਂ ਸੂਲੀ ਉੱਤੇ ਹੁੰਦਾ ਹੈ।

**ਹਰ ਚਿ ਦਾਰੀ ਦਰ ਬਸਾਤਿ ਖ਼ੁਦ ਨਿਸਾਰਿ ਯਾਰ ਕੁਨ**
**ਗਰ ਤੁਰਾ ਮਾਨਿੰਦਿ ਗੋਯਾ ਤਬਾਆਇ ਗੋਹਰ ਬਾਰ ਹਸਤ।**

ਜੇ ਤੇਰੀ ਤਬੀਅਤ ਗੋਯਾ ਵਾਂਗ ਮੋਤੀ ਵਰ੍ਹਾਉਣ ਵਾਲੀ ਹੈ,
ਤਾਂ ਵੀ ਜੋ ਕੁਝ ਤੇਰੇ ਕੋਲ ਹੈ, ਆਪਣੇ ਸੱਜਨ ਤੋਂ ਵਾਰ ਦੇ।

## ੭

**ਗਦਾਇ ਕੂਇ ਤੁਰਾ ਮੈਲਿ ਬਾਦਸ਼ਾਹੀ ਨੀਸਤ**
**ਹਵਾਇ ਸਲਤਨਤੋ ਜ਼ੌਕਿ ਕਜਕੁਲਾਹੀ ਨੀਸਤ।**

ਤੇਰੀ ਗਲੀ ਦੇ ਮੰਗਤੇ ਨੂੰ ਬਾਦਸ਼ਾਹੀ ਦੀ ਇੱਛਾ ਨਹੀਂ।
ਉਸ ਨੂੰ ਨਾ ਤਾਂ ਰਾਜ ਦੀ ਚਾਹ ਹੈ, ਨਾ ਹੀ ਬਾਦਸ਼ਾਹੀ ਟੇਢੀ ਟੋਪੀ ਦੀ।

**ਹਰ ਆਂ ਕਿ ਮਮਲਕਤਿ ਦਿਲ ਗਿਰਫ਼ਤ ਸੁਲਤਾਂ ਸ਼ੁਦ**
**ਕਸੇ ਕਿ ਯਾਫ਼ਤ ਤੁਰਾ ਹਮਚੂ ਓ ਸਿਪਾਹੀ ਨੀਸਤ।**

ਜਿਸ ਕਿਸੇ ਨੇ ਦਿਲ ਦਾ ਮੁਲਕ ਜਿੱਤ ਲਿਆ, ਸਮਝੋ, ਉਹ ਸੁਲਤਾਨ ਹੋ ਗਿਆ।
ਜਿਸ ਕਿਸੇ ਨੇ ਤੈਨੂੰ ਲੱਭ ਲਿਆ, ਸਮਝੋ, ਉਸ ਵਰਗਾ ਹੋਰ ਕੋਈ ਸਿਪਾਹੀ ਨਹੀਂ।

**ਗਦਾਇ ਕੂਇ ਤੁਰਾ ਬਾਦਸ਼ਾਹਿ ਹਰ ਦੋ ਸਰਾ-ਸਤ**
**ਅਸੀਰਿ ਖ਼ਤਿ ਤੁਰਾ ਹਾਜਤਿ ਗਵਾਹੀ ਨੀਸਤ।**

ਤੇਰੀ ਗਲੀ ਦਾ ਭਿਖ-ਮੰਗਾ ਦੋਹਾਂ ਜਹਾਨਾਂ ਦਾ ਬਾਦਸ਼ਾਹ ਹੈ।

ਤੇਰੇ ਛੁੱਟਦੇ ਵਾਲਾਂ ਦੇ ਕੈਦੀ ਨੂੰ ਲੋੜ ਛੁਟਕਾਰੇ ਦੀ ਨਹੀਂ।

**ਕੁਦਾਮ ਦੀਦਾ ਕਿ ਦਰ ਵੈ ਸਵਾਦਿ ਨੂਰਿ ਤੂ ਨੀਸਤ**
**ਕੁਦਾਮ ਸੀਨਾ ਕਿ ਊ ਮਖ਼ਜ਼ਨਿ ਇਲਾਹੀ ਨੀਸਤ।**

ਕਿਹੜੀ ਹੈ ਉਹ ਅੱਖ, ਜਿਸ ਵਿਚ ਤੇਰੇ ਨੂਰ ਦੀ ਚਮਕ ਨਹੀਂ?
ਕਿਹੜੀ ਹੈ ਉਹ ਛਾਤੀ, ਜਿਸ ਵਿਚ ਰੱਬੀ ਖ਼ਜ਼ਾਨੇ ਨਹੀਂ।

**ਫ਼ਿਦਾਇ ਊ ਸ਼ੋ ਵ ਉਜ਼ਰੇ ਮਖ਼ਾਹ ਐ ਗੋਯਾ**
**ਕਿ ਦਰ ਤਰੀਕਤਿ-ਮਾਜਾਇ ਉਜ਼ਰ ਖ਼ਾਹੀ ਨੀਸਤ।**

ਉਸ ਤੋਂ ਕੁਰਬਾਨ ਹੋ ਜਾ, ਇਸ ਵਿਚ ਹੀਲ ਹੁੱਜਤ ਨਾ ਕਰ, ਐ ਗੋਯਾ।
ਕਿਉਂ ਜੋ ਸਾਡੀ ਰੀਤ ਵਿਚ ਹੀਲ ਹੁੱਜਤ ਦੀ ਕੋਈ ਥਾਂ ਨਹੀਂ।

ੲ

**ਅਜ਼ ਪੇਸ਼ਿ ਚਸ਼ਮ ਆਂ ਬੁਤਿ ਨਾਂ-ਮਿਹਰਬਾਂ ਗੁਜ਼ਸ਼ਤ**
**ਜਾਨਾਂ ਗੁਜ਼ਸ਼ਤ ਤਾ ਜ਼ਿ ਰਹੇ ਦੀਦਾ ਜਾਂ ਗੁਜ਼ਸ਼ਤ।**

ਅੱਖਾਂ ਅੱਗੋਂ ਉਹ ਨਾ-ਮਿਹਰਬਾਨ ਪਿਆਰਾ ਲੰਘ ਗਿਆ,
ਪਿਆਰਾ ਲੰਘਿਆ, ਕਿ ਅੱਖਾਂ ਰਾਹੀਂ ਜਾਨ ਲੰਘ ਗਈ।

**ਰੰਗਸ਼ ਕਬੂਦ ਕਰਦ ਵ ਦਿਲਸ਼ ਪੁਰ ਸ਼ਰਾਰਾ ਸਾਖ਼ਤ**
**ਅਜ਼ ਬਸਕਿ ਦੂਦਿ ਆਹਿ ਮਨ ਅਜ਼ ਆਸਮਾਂ ਗੁਜ਼ਸ਼ਤ।**

ਮੇਰੀਆਂ ਆਹਾਂ ਦਾ ਧੂੰਆਂ ਇੰਨਾਂ ਜ਼ਿਆਦਾ ਆਸਮਾਨ ਤੋਂ ਲੰਘ ਗਿਆ,
ਕਿ ਉਸ ਨੇ ਆਸਮਾਨ ਦਾ ਰੰਗ ਨੀਲਾ ਕਰ ਦਿੱਤਾ ਅਤੇ ਉਸ ਦਾ ਦਿਲ ਸਾੜ ਦਿੱਤਾ।

**ਮਾ ਰਾ ਬ-ਯੱਕ ਇਸ਼ਾਰਾਇ ਅਬਰੂ ਸ਼ਹੀਦ ਕਰਦ**
**ਅਕਨੂੰ ਇਲਾਜ ਨੀਸਤ ਕਿ ਤੀਰ ਅਜ਼ ਕਮਾਂ ਗੁਜ਼ਸ਼ਤ।**

ਉਸ ਨੇ ਸਾਨੂੰ ਆਪਣੀਆਂ ਭਵਾਂ ਦੇ ਇਕੋ ਇਸ਼ਾਰੇ ਨਾਲ ਸ਼ਹੀਦ ਕਰ ਦਿੱਤਾ।
ਪਰ ਹੁਣ ਕੋਈ ਇਲਾਜ ਨਹੀਂ ਜਦ ਕਿ ਤੀਰ ਕਮਾਨ ਤੋਂ ਨਿਕਲ ਗਿਆ।

**ਯੱਕ ਦਮ ਬ-ਖੇਸ਼ ਰਾਹ ਨਾ ਬੁਰਦਮ ਕਿ ਕੀਸਤਮ,**
**ਐ ਵਾਇ ਨਕਦ ਜ਼ਿੰਦਗੀਅਮ ਰਾਇਗਾਂ ਗੁਜ਼ਸ਼ਤ।**

ਮੈਂ ਇਕ ਪਲ ਲਈ ਵੀ ਆਪਣੇ ਅਸਲੇ ਨੂੰ ਨਾ ਪਾ ਸਕਿਆ—ਨਾ ਜਾਣ ਸਕਿਆ ਕਿ ਮੈਂ ਕੌਣ ਹਾਂ?
ਅਫ਼ਸੋਸ! ਮੇਰੀ ਜ਼ਿੰਦਗੀ ਦੀ ਰਾਸ ਸਭ ਐਵੇਂ ਹੀ ਚਲੀ ਗਈ।

**ਹਰਗਿਜ਼ ਬ-ਸੈਰਿ ਰੋਜ਼ਾਇ ਰਿਜ਼ਵਾਂ ਨਮੀ ਰਵਦ**
**ਗੋਯਾ ਕਸੇ ਕਿ ਜਾਨਬਿ ਕੂਇ ਬੁਤਾਂ ਗੁਜ਼ਸ਼ਤ।**

ਗੋਯਾ! ਜੇ ਇਕ ਵਾਰ ਵੀ ਕੋਈ ਪਿਆਰੇ ਦੀ ਗਲੀ ਵਲੋਂ ਲੰਘ ਗਿਆ,
ਉਹ ਮੁੜ ਕਦੀ ਬਹਿਸ਼ਤ ਦੇ ਬਾਗ਼ ਦੀ ਸੈਰ ਲਈ ਨਹੀਂ ਜਾਂਦਾ।

੯

**ਬਦਰ ਪੇਸ਼ਿ ਰੂਇ ਤੂ ਸ਼ਰਮਿੰਦਾ ਅਸਤ**
**ਬਲਕਿ ਖ਼ੁਰਸ਼ੀਦਿ ਜਹਾਂ ਹਮ ਬੰਦਾ ਅਸਤ।**

ਤੇਰੇ ਮੁਖੜੇ ਦੇ ਸਾਹਮਣੇ ਚੰਨ ਵੀ ਸ਼ਰਮਿੰਦਾ ਹੈ।
ਨਹੀਂ, ਸਗੋਂ ਜਹਾਨ ਦਾ ਸੂਰਜ ਵੀ ਤੇਰਾ ਗੁਲਾਮ ਹੈ।

**ਚਸ਼ਮਿ ਮਾ ਹਰਗਿਜ਼ ਬ.ਗ਼ੈਰ ਅਜ਼ ਹੱਕ ਨਾ ਦੀਦ**
**ਐ ਖ਼ੁਸ਼ਾ ਚਸ਼ਮੇ ਕਿ ਹੱਕ ਬੀਨਿੰਦਾ ਅਸਤ।**

ਸਾਡੀ ਅੱਖ ਨੇ ਸਿਵਾਇ ਰੱਬ ਦੇ ਕਿਸੇ ਨੂੰ ਨਹੀਂ ਵੇਖਿਆ!
ਵਾਹ! ਕਿੰਨੀ ਸੁਭਾਗੀ ਹੈ ਉਹ ਅੱਖ ਜਿਹੜੀ ਕਿ ਰੱਬ ਨੂੰ ਵੇਖਣ ਵਾਲੀ ਹੈ।

**ਮਾ ਨਮੀ ਲਾਫ਼ੇਮ ਅਜ਼ ਜ਼ੁਹਦੋ ਰਿਆ**
**ਗਰ ਗੁਨਾਹਗਾਰੇਮ ਹੱਕ ਬਖ਼ਸ਼ਿੰਦਾ ਅਸਤ।**

ਅਸਾਂ ਕਦੀ ਆਪਣੀ ਭਗਤੀ ਅਤੇ ਪਾਖੰਡ ਦੀ ਡੀਂਗ ਨਹੀਂ ਮਾਰਦੇ,
ਜੇਕਰ ਅਸੀਂ ਗੁਨਾਹਗਾਰ ਹਾਂ, ਤਾਂ ਰੱਬ ਬਖ਼ਸ਼ਣਹਾਰ ਹੈ।

**ਦੀਗਰੇ ਰਾ ਅਜ਼ ਕੁਜਾ ਆਰੇਮ ਮਾ**
**ਸ਼ੋਰ ਦਰ ਆਲਮ ਯਕੇ ਅਫ਼ਗੰਦਾ ਅਸਤ।**

ਕਿਸੇ ਦੂਜੇ ਨੂੰ ਅਸੀਂ ਹੋਰ ਕਿਥੋਂ ਲਿਆਈਏ?
ਇੱਕ ਦਾ ਹੀ ਇਸ ਦੁਨੀਆਂ ਵਿਚ ਬਥੇਰਾ ਰੌਲਾ ਪਿਆ ਹੋਇਆ ਹੈ।

**ਹਰਫ਼ਿ ਗ਼ੈਰ ਅਜ਼ ਹੱਕ ਨਿਆਇਦ ਹੀਚਗਾਹ**
**ਬਰ ਲਬਿ ਗੋਯਾ ਕਿ ਹੱਕ ਬਖ਼ਸ਼ਿੰਦਾ ਅਸਤ।**

ਰੱਬ ਤੋਂ ਸਿਵਾਇ ਦੂਜਾ ਹਰਫ਼ ਕਦੀ ਵੀ ਗੋਯਾ ਦੇ ਬੁੱਲ੍ਹਾਂ ਤੇ ਨਹੀਂ ਆਉਂਦਾ,
ਕਿਉਂ ਜੋ ਰੱਬ ਬਖ਼ਸ਼ਣਹਾਰ ਹੈ।

## ੧੦

**ਦਰਮਿਆਨਿ ਬਜ਼ਮਿ ਮਾ ਜੁਜ਼ ਕਿੱਸਾਇ ਜਾਨਾਨਾ ਨੀਸਤ**
**ਬੇ-ਹਜਾਬ ਆ ਅੰਦਰੀਂ ਮਜਲਿਸ ਕਿ ਕਸ ਬੇਗਾਨਾ ਨੀਸਤ।**

ਸਾਡੀ ਮਹਿਫ਼ਲ ਵਿਚ ਤਾਂ ਬਿਨਾਂ ਪ੍ਰੀਤਮ ਦੇ ਹੋਰ ਕਿਸੇ ਦੀ ਕਥਾ ਕਹਾਣੀ ਨਹੀਂ ਹੁੰਦੀ।
ਬਿਨਾਂ (ਸ਼ੱਕ ਦੇ) ਪਰਦੇ ਤੇ ਅੰਦਰ ਲੰਘ ਆ, ਇਸ ਸੰਗਤ ਵਿਚ ਕੋਈ ਓਪਰਾ ਨਹੀਂ।

**ਬਿਗੁਜ਼ਰ ਅਜ਼ ਬੇਗਾਨਗੀਹਾ ਓ ਬਖ਼ੁਦ ਆਸ਼ਨਾ ਸੋ**
**ਹਰ ਕਿ ਬਾ ਖ਼ੁਦ ਆਸ਼ਨਾ ਸ਼ੁਦ ਅਜ਼ ਖ਼ੁਦਾ ਬੇਗਾਨਾ ਨੀਸਤ।**

ਤਾਤ ਪਰਾਈ ਛੱਡ ਦੇ ਅਤੇ ਆਪਣੇ ਆਪ ਨੂੰ ਜਾਣ,
ਜੋ ਭੀ ਆਪਣੇ ਆਪ ਨੂੰ ਜਾਣ ਲੈਂਦਾ ਹੈ, ਉਹ ਰੱਬ ਤੋਂ ਉਪਰਾ ਨਹੀਂ ਹੈ।

**ਸ਼ੋਕਿ ਮੌਲਾ ਹਰ ਕਿ ਰਾ ਬਾਸ਼ਦ ਹਮਾਂ ਸਾਹਿਬ-ਦਿਲ ਅਸਤ**
**ਕਾਰਿ ਹਰ ਦਾਨਾ ਨਾ ਬਾਸ਼ਦ ਕਾਰਿ ਹਰ ਦੀਵਾਨਾ ਨੀਸਤ।**

ਜਿਸ ਕਿਸੇ ਨੂੰ ਰੱਬ ਦੀ ਚਾਹ ਹੈ, ਉਹੀ ਦਿਲ ਦਾ ਸਾਹਿਬ ਹੈ!
ਇਹ ਕੰਮ ਨਾ ਹਰ ਕਿਸੇ ਚਾਤਰ ਦਾ ਹੈ, ਅਤੇ ਨਾ ਹੀ ਹਰ ਕਿਸੇ ਦੀਵਾਨੇ ਦਾ।

**ਨਾਸਹਾ ਤਾ ਚੰਦ ਗੋਈ ਕਿੱਸਾਹਾਇ ਵਾਅਜ਼ੋ ਪੰਦ**
**ਬਜ਼ਮਿ ਮਸਤਾਨ ਅਸਤ ਜਾਇ ਕਿੱਸਾ ਓ ਅਫ਼ਸਾਨਾ ਨੀਸਤ।**

ਹੇ ਨਸੀਹਤ ਕਰਨ ਵਾਲੇ, ਤੂੰ ਕਦ ਤਕ ਨਸੀਹਤਾਂ ਦੇ ਕਿੱਸੇ ਸੁਣਾਉਂਦਾ ਰਹੇਂਗਾ?
ਇਹ ਤਾਂ ਮਸਤ ਰਿੰਦਾਂ ਦੀ ਮਜਲਿਸ ਹੈ, ਕੋਈ ਕਿੱਸੇ ਕਹਾਣੀਆਂ ਦੀ ਥਾਂ ਨਹੀਂ।

**ਈਂ ਮਤਾਇ ਹੱਕ ਬ-ਪੇਸ਼ਿ ਸਾਹਿਬਾਨਿ-ਦਿਲ ਬਵਦ**
**ਚੂੰ ਬ-ਸਹਿਰਾ ਮੀਰਵੀ ਦਰ ਗੋਸ਼ਾਇ ਵੀਰਾਨਾ ਨੀਸਤ।**

ਇਹ ਰੱਬੀ ਖ਼ਜ਼ਾਨਾ ਦਿਲਾਂ ਦਿਆਂ ਮਾਲਕਾਂ ਕੋਲ ਹੁੰਦਾ ਹੈ।
ਤੂੰ ਬੀਆਬਾਨਾਂ ਵਿਚ ਕਿਉਂ ਜਾਂਦਾ ਹੈ? ਉਹ ਉਜਾੜ ਦੇ ਖੂੰਜਿਆਂ ਵਿਚ ਨਹੀਂ।

**ਈਂ ਮਤਾਇ ਸ਼ੌਕ ਰਾ ਅਜ਼ ਆਸ਼ਕਾਨਿ ਹੱਕ ਬਖ਼ਾਹ**
**ਜ਼ਾਂ ਕਿ ਦਰ ਜ਼ਾਨਸ਼ ਬ-ਜੁਜ਼ ਨਕਸ਼ਿ ਰੁਖ਼ਿ ਜਾਨਾ ਨੀਸਤ।**

ਇਸ ਸ਼ੌਕ ਦੇ ਖ਼ਜ਼ਾਨੇ ਨੂੰ ਰੱਬ ਦੇ ਪਿਆਰਿਆਂ ਪਾਸੋਂ ਮੰਗ।
ਕਿਉਂ ਜੋ ਉਨ੍ਹਾਂ ਦੀ ਜਾਨ ਵਿਚ ਸਿਵਾਇ ਪਿਆਰੇ (ਵਾਹਿਗੁਰੂ) ਦੇ ਮੁਖੜੇ ਦੇ ਨਕਸ਼ਾਂ ਦੇ ਹੋਰ ਕੁਝ ਵੀ ਨਹੀਂ।

**ਚੰਦ ਮੀ-ਗੋਈ ਤੂ ਐ ਗੋਯਾ ਖ਼ਮੁਸ਼ ਸ਼ੋ ਜ਼ੀਂ ਸਖ਼ੁਨ**
**ਸ਼ੌਕਿ ਮੌਲਾ ਮੁਨਹਸਿਰ ਬਰ ਕਾਅਬਾ ਓ ਬੁਤਖ਼ਾਨਾ ਨੀਸਤ।**

ਕਦ ਤਕ ਤੂੰ ਇਸ ਤਰ੍ਹਾਂ ਕਹਿੰਦਾ ਰਹੇਂਗਾ, ਐ ਗੋਯਾ! ਅਜਿਹੀਆਂ ਗੱਲਾਂ ਤੋਂ ਚੁੱਪ ਧਾਰ।
ਰੱਬ ਦੇ ਸ਼ੌਕ ਦਾ ਆਧਾਰ ਕਾਅਬੇ ਜਾਂ ਮਦਰ ਤੇ ਨਹੀਂ ਹੈ।

## ੧੧

**ਦਿਲ ਅਗਰ ਦਰ ਹਲਕਾਇ ਜ਼ੁਲਫ਼ਿ ਦੋ ਤਾ ਖ਼ਾਹਦ ਗੁਜ਼ਸ਼ਤ**
**ਅਜ਼ ਖ਼ੁਤਨ ਵਜ਼ ਚੀਨੋ ਮਾਚੀਨੋ ਖ਼ਤਾ ਖ਼ਾਹਦ ਗੁਜ਼ਸ਼ਤ।**

ਜੇਕਰ (ਮੇਰਾ) ਦਿਲ ਉਸ ਦੀ ਦੋਹਰੀ ਜ਼ੁਲਫ਼ ਦੇ ਫੰਧੇ 'ਚੋਂ ਲੰਘ ਜਾਵੇਗਾ,
ਤਾਂ ਸਮਝੋ, ਉਹ ਖ਼ੁਤਨ, ਚੀਨ, ਮਾਚੀਨ ਅਤੇ ਖ਼ਤਾਈ ਦੇਸ਼ਾਂ 'ਚੋਂ ਲੰਘ ਜਾਵੇਗਾ।

**ਬਾਦਸ਼ਾਹੀ ਬਰ ਦੋ ਆਲਮ ਯੱਕ ਨਿਗਾਹਿ ਰੂਇ ਤੂ**
**ਸਾਇਆਇ ਜ਼ੁਲਫ਼ਿ ਤੂ ਅਜ਼ ਬਾਲਿ ਹੁਮਾ ਖ਼ਾਹਦ ਗੁਜ਼ਸ਼ਤ।**

ਤੇਰੇ ਮੁਖੜੇ ਦੀ ਇਕ ਨਜ਼ਰ ਦੋ ਜਹਾਨਾਂ ਦੀ ਬਾਦਸ਼ਾਹੀ ਹੈ,
ਤੇਰੀ ਜ਼ੁਲਫ਼ ਦਾ ਸਾਯਾ ਹੁਮਾ ਦੇ ਪਰ੍ਹਾਂ ਤੋਂ ਵੀ ਪਰ੍ਹਾਂ ਲੰਘ ਜਾਵੇਗਾ।

**ਈਂ ਬਸਾਤਿ ਉਮਰ ਰਾ ਦਰਯਾਬ ਕੀਂ ਬਾਦਿ ਸਬਾ**
**ਅਜ਼ ਕੁਜਾ ਆਮਦ ਨ-ਦਾਨਮ ਅਜ਼ ਕੁਜਾ ਖ਼ਾਹਦ ਗੁਜ਼ਸ਼ਤ।**

ਉਮਰ ਦੀ ਇਸ ਵਿਸ਼ਾਲ ਧਰਤ ਨੂੰ ਸਮਝਣ ਤੇ ਪਾਉਣ ਦਾ ਜਤਨ ਕਰ,
ਕਿਉਂ ਜੋ ਇਸ ਸਵੇਰ ਦੀ ਹਵਾ ਦਾ ਮੈਨੂੰ ਕੁਝ ਪਤਾ ਨਹੀਂ ਕਿ ਇਹ ਕਿਧਰੋਂ ਆਈ ਤੇ ਕਿਧਰੋਂ ਲੰਘੇਗੀ।

**ਬਾਦਸ਼ਾਹੀਇ ਜਹਾਂ ਜੁਜ਼ ਸ਼ੋਰੋ ਗ਼ੌਗਾ ਬੇਸ਼ ਨੀਸਤ**
**ਪੇਸ਼ਿ ਦਰਵੇਸ਼ੇ ਕਿ ਊ ਅਜ਼ ਮੁਦਆ ਖ਼ਾਹਦ ਗੁਜ਼ਸ਼ਤ।**

ਉਸ ਦਰਵੇਸ਼ ਦੀਆਂ ਨਜ਼ਰਾਂ ਵਿਚ, ਜਿਸ ਦੀ ਨਿਜੀ ਕੋਈ ਗਰਜ਼ ਨਹੀਂ,
ਇਸ ਜਹਾਨ ਦੀ ਬਾਦਸ਼ਾਹੀ ਰੌਲੇ ਰੱਪੇ ਤੋਂ ਵੱਧ ਹੋਰ ਕੁਝ ਵੀ ਨਹੀਂ।

ਅਜ਼ ਗੁਜ਼ਸ਼ਤਨ ਹਾ ਚਿਹ ਮੀ ਪੁਰਸੀ ਦਰੀਂ ਦੈਰਿ ਖ਼ਰਾਬ
ਬਾਦਸ਼ਾਹ ਖ਼ਾਹਦ ਗੁਜ਼ਜ਼ਤੋ ਹਮ ਗਦਾ ਖ਼ਾਹਦ ਗੁਜ਼ਸ਼ਤ।

ਇਸ ਉਜਾੜ ਦੇਸ਼ ਵਿਚ ਗੁਜ਼ਰਨ ਬਾਰੇ ਤੂੰ ਕੀ ਪੁੱਛਦਾ ਹੈਂ?
[ਇੱਥੋਂ] ਬਾਦਸ਼ਾਹ ਨੇ ਵੀ ਗੁਜ਼ਰ ਜਾਣਾ ਹੈ ਅਤੇ ਫ਼ਕੀਰ ਨੇ ਵੀ ਗੁਜ਼ਰ ਜਾਣਾ ਹੈ।

ਸ਼ਿਅਰਿ ਗੋਯਾ ਜ਼ਿੰਦਗੀ-ਬਖ਼ਸ਼ ਅਸਤ ਚੂੰ ਆਬਿ-ਹਯਾਤ
ਬਲਕਿ ਦਰ ਪਾਕੀਜ਼ਗੀ ਜ਼ਿ ਆਬਿ ਬਕਾ ਖ਼ਾਹਦ ਗੁਜ਼ਸ਼ਤ।

ਗੋਯਾ ਦੇ ਸ਼ਿਅਰ ਅੰਮ੍ਰਿਤ ਵਾਂਗ ਜ਼ਿੰਦਗੀ ਬਖ਼ਸ਼ਣ ਵਾਲੇ ਹਨ,
ਸਗੋਂ, ਪਵਿੱਤਰਤਾ ਵਿਚ ਤਾਂ ਇਹ ਅਮਰ-ਜੀਵਨ ਦੇ ਪਾਣੀ ਤੋਂ ਵੀ ਵੱਧ ਅਸਰ ਰਖਦੇ ਹਨ।

## ੧੨

ਇਮ ਸ਼ਬ ਬ-ਤਮਾਸ਼ਾਇ ਰੁਖ਼ਿ ਯਾਰ ਤਵਾਂ ਰਫ਼ਤ
ਸੂਇ ਬੁਤਿ ਆਸ਼ਕ-ਕੁਸ਼ ਅੱਯਾਰ ਤਵਾਂ ਰਫ਼ਤ।

ਅੱਜ ਰਾਤ ਨੂੰ ਉਸ ਸੱਜਣ ਦੇ ਮੁਖੜੇ ਦੇ ਦੀਦਾਰ ਲਈ ਉਹ ਜਾ ਸਕਦਾ ਹੈ।
ਉਹ ਉਸ ਚਾਲਾਕ ਅਤੇ ਪ੍ਰੇਮੀਆਂ ਦੇ ਘਾਤਕ ਮਾਸ਼ੂਕ ਵੱਲ ਜਾ ਸਕਦਾ ਹੈ।

ਦਰ ਕੂਚਾਇ ਇਸ਼ਕ ਅਰ ਚਿ ਮੁਹਾਲ ਅਸਤ ਰਸੀਦਨ
ਮਨਸੂਰ ਸਿਫ਼ਤ ਬਾ-ਕਦਿਮ ਦਾਰ ਤਵਾਂ ਰਫ਼ਤ।

ਭਾਵੇਂ ਪ੍ਰੀਤ ਦੀ ਗਲੀ ਵਿਚ ਪੁੱਜਣਾ ਔਖਾ ਹੈ;
ਪਰੰਤੂ ਮਨਸੂਰ ਵਾਂਗ ਸੂਲੀ ਉੱਤੇ ਕਦਮ ਧਰ ਕੇ ਉਹ ਪੁੱਜ ਸਕਦਾ ਹੈ।

ਐ ਦਿਲ ਬਸੂਇ ਮਦਰਿਸਾ ਗਰ ਮੈਲ ਨ ਦਾਰੀ
ਬਾਰੇ ਬ-ਸੂਇ ਖ਼ਾਨਾਇ ਖ਼ੁਮਾਰ ਤਵਾਂ ਰਫ਼ਤ।

ਹੇ ਦਿਲ! ਜੇਕਰ ਤੂੰ ਮਦਰਸੇ ਜਾਣ ਦੀ ਰੁਚੀ ਨਹੀਂ ਰਖਦਾ,
[ਤਾਂ ਨਾ ਸਹੀ, ਘੱਟੋ ਘੱਟ] ਤੂੰ ਨਸ਼ੇ-ਖ਼ਾਨੇ ਵੱਲ ਤਾਂ ਜਾ ਸਕਦਾ ਹੈਂ।

ਚੂੰ ਖ਼ਾਤਿਰਮ ਅਜ਼ ਇਸ਼ਕਿ ਤੂ ਸ਼ੁਦ ਰਸ਼ਕਿ ਗੁਲਸਿਤਾਂ
ਬੇ-ਹੂਦਾ ਚਿਰਾ ਜਾਨਬਿ ਗੁਲਜ਼ਾਰ ਤਵਾਂ ਰਫ਼ਤ।

ਜਦ ਮੇਰਾ ਹਿਰਦਾ ਤੇਰੀ ਪ੍ਰੀਤੀ ਕਰਕੇ ਬਾਗ਼ ਲਈ ਵੀ ਰਸ਼ਕ ਦਾ ਕਾਰਨ ਬਣ ਗਿਆ ਹੈ,
ਤਾਂ ਇਹ ਕਿਵੇਂ ਫੁਲਵਾੜੀ ਵੱਲ ਨੂੰ ਜਾ ਸਕਦਾ ਹੈ?

ਐ ਦਿਲ ਚੂ ਸ਼ੁਦੀ ਵਾਕਿਫ਼ਿ ਅਸਰਾਰਿ ਇਲਾਹੀ
ਦਰ ਸੀਨਾ-ਅਮ ਐ ਮਖ਼ਜ਼ਨਿ ਅਸਰਾਰ ਤਵਾਂ ਰਫ਼ਤ।

ਹੇ ਦਿਲ! ਜਦ ਤੂੰ ਰੱਬ ਦੇ ਭੇਤਾਂ ਤੋਂ ਵਾਕਿਫ਼ ਹੋ ਗਿਆ,
ਤਾਂ ਹੇ ਭੇਤਾਂ ਦੇ ਖ਼ਜ਼ਾਨੇ, ਤੂੰ ਮੇਰੇ ਸੀਨੇ ਵਿਚ ਜਾ ਸਕਦਾ ਹੈਂ।

ਸਦ ਰੌਜ਼ਾਇ ਰਿਜ਼ਵਾਂਨਸਤ ਚੂ ਦਰ ਖ਼ਾਨਾ ਸ਼ਿਗੁਫ਼ਤਾ
ਗੋਯਾ ਬ-ਚਿਹ ਸੂਇ ਰੋ ਦੀਵਾਰ ਤਵਾਂ ਰਫ਼ਤ।

ਜਦ ਘਰ ਵਿਚ ਹੀ ਜੰਨਤ ਦੇ ਸੈਂਕੜੇ ਬਾਗ਼ ਖਿੜੇ ਹੋਏ ਹੋਣ,
ਤਾਂ, ਗੋਯਾ! ਇਨ੍ਹਾਂ ਹੋਰ ਇਮਾਰਤਾਂ ਵੱਲ ਕੋਈ ਕਿਵੇਂ ਜਾ ਸਕਦਾ ਹੈ?

੧੩

ਦੀਦੀ ਆਖ਼ਿਰ ਤਾਲਿਬਿ ਮੌਲਾ ਰਹਿ ਮੌਲਾ ਗ੍ਰਿਫ਼ਤ
ਹਾਸਲਿ ਉਮਰਿ ਗਿਰਾਮੀ ਰਾ ਅਜ਼ੀਂ ਦੁਨਿਆ ਗ੍ਰਿਫ਼ਤ।
ਤੂੰ ਅਖ਼ੀਰ ਵੇਖ ਲਿਆ ਕਿ ਉਸ ਰੱਬ ਦੇ ਢੂੰਡਾਊ ਨੇ ਰੱਬ ਦਾ ਹੀ ਰਾਹ ਫੜ੍ਹਿਆ।
[ਸਮਝੋ] ਇਸ ਬਹੁ-ਮੁਲੀ ਆਯੂ ਦਾ ਨਫ਼ਾ ਉਸ ਨੇ ਪ੍ਰਾਪਤ ਕਰ ਲਿਆ।

ਹੀਚ ਕਸ ਬੀਰੂੰ ਨ ਬਾਸ਼ਦ ਅਜ਼ ਸਵਾਦਿ ਜ਼ੁਲਫ਼ਿ ਤੂ
ਈਂ ਦਿਲਿ ਦੀਵਾਨਾ-ਅਮ ਆਖ਼ਿਰ ਹਮੀ ਸੌਦਾ ਗ੍ਰਿਫ਼ਤ।
ਕੋਈ ਬੰਦਾ ਵੀ ਤੇਰੀ ਜ਼ੁਲਫ਼ ਦੇ ਘੇਰੇ ਤੋਂ ਬਾਹਰ ਨਹੀਂ।
ਮੇਰੇ ਵੀ ਦੀਵਾਨੇ ਦਿਲ ਨੂੰ ਏਹੀ ਸੁਦਾ ਹੋ ਗਿਆ ਹੈ।

ਗ਼ੈਰਿ ਆਂ ਸਰਵਿ ਰਵਾਂ ਹਰਗਿਜ਼ ਨਿਆਇਦ ਦਰ ਨਜ਼ਰ
ਤਾਂ ਕੱਦਿ ਰਾਅਨਾਇ ਊ ਦਰ ਦੀਦਾਇ-ਮਾ ਜਾ-ਗ੍ਰਿਫ਼ਤ।
ਜਦ ਦੀ ਉਸ ਦੇ ਸੁੰਦਰ ਕੱਦ ਨੇ ਸਾਡੀਆਂ ਅੱਖਾਂ ਵਿਚ ਥਾਂ ਬਣਾਈ ਹੈ,
ਤਦ ਤੋਂ ਉਸ ਤੁਰਦੇ ਫਿਰਦੇ ਸਰੂ ਤੋਂ ਸਿਵਾਇ ਸਾਡੀਆਂ ਨਿਗਾਹਾਂ ਵਿਚ ਕੋਈ ਹੋਰ ਨਹੀਂ ਜਚਦਾ।

ਅਜ਼ ਨਿਦਾਏ ਨਾਕਾਇ ਲੈਲਾ ਦਿਲ ਸ਼ੋਰੀਦਾ ਅਮ।
ਹਮਚੂ ਮਜਨੂੰ ਮਸਤ ਗਸ਼ਤੇ ਰਹਿ ਸੂਇ ਸਹਰਾ ਗ੍ਰਿਫ਼ਤ।
ਲੈਲਾ ਦੀ ਊਠਣੀ ਦੇ ਗਲ ਪਈ ਟੱਲੀ ਦੀ ਆਵਾਜ਼ ਸੁਣ ਕੇ ਮੇਰਾ ਦਿਲ ਸ਼ੁਦਾਈ ਹੋ ਗਿਆ,
ਉਹ ਮਜਨੂੰ ਵਾਂਗ ਮਸਤ ਹੋ ਗਿਆ ਅਤੇ ਜੰਗਲ ਬੀਆਬਾਨ ਨੂੰ ਨਿਕਲ ਗਿਆ।

ਖ਼ੁਸ਼ ਨਮੀ ਆਇਦ ਮਰਾ ਗਾਹੇ ਬ਼ਗ਼ੈਰ ਅਜ਼ ਯਾਦਿ ਹੱਕ
ਤਾ ਹਦੀਸਿ ਇਸ਼ਕਿ ਊ ਅੰਦਰ ਦਿਲਮ ਮਾਵਾ ਗ੍ਰਿਫ਼ਤ।
ਜਦੋਂ ਤੋਂ ਉਸ ਦੀ ਪ੍ਰੀਤ ਕਥਾ ਮੇਰੇ ਦਿਲ ਵਿਚ ਆ ਟਿਕੀ ਹੈ,
ਮੈਨੂੰ ਸਿਵਾਏ ਉਸ ਸੱਚੀ ਯਾਦ ਤੋਂ ਹੋਰ ਕੁਝ ਚੰਗਾ ਨਹੀਂ ਲੱਗਦਾ।

ਤਾ ਬਿਆਇ ਯਕ ਨਫ਼ਸ ਬਹਿਰਿ ਨਿਸਾਰਿ ਖ਼ਿਦਮਤਤ
ਚਸ਼ਮਿ ਗੋਹਰ-ਬਾਰਿ ਮਾ ਖ਼ੁਸ਼ ਲੂਲੂਏ ਲਾਲਾ ਗ੍ਰਿਫ਼ਤ।
ਸਾਡੀ ਮੋਤੀ-ਵਰਸਾਉਣ ਵਾਲੀ ਅੱਖ ਨੇ ਪੋਸਤ ਦੇ ਫੁੱਲ ਵਰਗੇ ਆਬਦਾਰ ਮੋਤੀ ਰੱਖ ਲਏ,
ਤਾਂ ਜੋ ਤੂੰ ਇਕ ਛਿਨ ਲਈ ਆਵੇਂ ਅਤੇ ਉਹ ਤੇਰੇ ਸਿਰ ਤੋਂ ਵਾਰ ਕੇ ਸੁੱਟੇ ਜਾਣ।

ਮੀ ਬਰ-ਆਇਦ ਜਾਨਿ ਮਨ ਇਮਰੂਜ਼ ਅਜ਼ ਰਾਹਿ ਦੋ ਚਸ਼ਮ
ਨੌਬਤਿ ਦੀਦਾਰਿ ਊ ਤਾ ਵਾਅਦਾਦਿ ਫ਼ਰਦਾ ਗ੍ਰਿਫ਼ਤ।
ਅੱਜ ਮੇਰੀ ਜਾਨ ਦੋਵਾਂ ਅੱਖਾਂ ਰਾਹੀਂ ਬਾਹਰ ਆ ਰਹੀ ਹੈ,
ਪਰ ਉਸ ਦੇ ਦੀਦਾਰ ਦੀ ਵਾਰੀ ਤਾਂ ਕਿਆਮਤ ਦੇ ਦਿਨ ਤੇ ਜਾ ਪਈ।

ਗ਼ੈਰਿ ਹਮਦਿ ਹੱਕ ਨਿਆਇਦ ਬਰ ਜ਼ਬਾਨਮ ਹੀਚ ਗਾਹ
ਹਾਸਲਿ ਈਂ ਉਮਰ ਰਾ ਆਖ਼ਰ ਦਿਲਿ ਗੋਯਾ ਗ੍ਰਿਫ਼ਤ।
ਮੇਰੀ ਜੀਭ ਉੱਪਰ ਰੱਬ ਦੀ ਸਿਫ਼ਤ ਤੋਂ ਬਿਨਾਂ ਕਦੇ ਹੋਰ ਕੋਈ ਚੀਜ਼ ਨਹੀਂ ਆਉਂਦੀ।
ਅਖ਼ੀਰ ਗੋਯਾ ਦੇ ਦਿਲ ਨੇ ਇਸ ਉਮਰ ਦਾ ਨਫ਼ਾ ਖੱਟ ਲਿਆ।

੧੪

**ਦਿਲਿ ਮਨ ਦਰ ਫ਼ਿਰਾਕਿ ਯਾਰ ਬਿਸੋਖ਼ਤ**
**ਜਾਨਿ ਮਨ ਬਹਿਰਿਆਂ ਨਿਗਾਰ ਬਿਸੋਖ਼ਤ।**
ਮੇਰਾ ਦਿਲ ਸੱਜਨ ਦੀ ਬ੍ਰਿਹਾ ਵਿਚ ਸੜ ਗਿਆ।
ਮੇਰੀ ਜਾਨ ਉਸ ਸੋਹਣੇ (ਸਾਈਂ) ਲਈ ਸੜ ਮੋਈ।

**ਆਂ ਚੁਨਾਂ ਸੋਖ਼ਤਮ ਅਜ਼ਾਂ ਆਤਿਸ਼**
**ਹਰ ਕਿ ਬਿਸ਼ੁਨੀਦ ਚੂੰ ਚਨਾਰ ਬਸੋਖ਼ਤ।**
ਉਸ ਅੱਗ ਨਾਲ ਮੈਂ ਅਜਿਹਾ ਸੜਿਆ ਹਾਂ,
ਕਿ ਜਿਸ ਕਿਸੇ ਨੇ ਵੀ ਸੁਣਿਆ, ਉਹ ਵੀ ਚਨਾਰ ਵਾਂਗ ਸੜ ਗਿਆ।

**ਮਨ ਨ ਤਨਹਾ ਬਿਸੋਖ਼ਤਮ ਅਜ਼ ਇਸ਼ਕ**
**ਹੋਮਾ ਆਲਮ ਅਜ਼ੀਂ ਸ਼ਰਾਰ ਬਿਸੋਖ਼ਤ।**
ਮੈਂ ਇਕੱਲਾ ਹੀ ਪ੍ਰੀਤ ਦੀ ਅੱਗ ਵਿਚ ਨਹੀਂ ਸੜਿਆ,
ਸਾਰਾ ਜਹਾਨ ਹੀ ਇਸ ਚਿੰਗਾੜੀ ਨਾਲ ਸੜਿਆ ਹੋਇਆ ਹੈ।

**ਸੋਖ਼ਤਨ ਦਰ ਫ਼ਿਰਾਕਿ ਆਤਿਸ਼ਿ ਯਾਰ**
**ਹਮ ਚੁੰਨੀਂ ਕੀਮੀਆ ਬਕਾਰ ਬਸੋਖ਼ਤ।**
ਸੱਜਨ ਦੇ ਬ੍ਰਿਹਾ ਦੀ ਅੱਗ ਵਿਚ ਸੜਨਾ,
ਕੀਮੀਆ ਵਾਂਗ ਕਿਸੇ ਸਫ਼ਲ ਪ੍ਰਯੋਜਨ ਲਈ ਸੜਨਾ ਹੈ।

**ਆਫ਼ਰੀਂ ਬਾਦ ਬਰ ਦਿਲਿ ਗੋਯਾ**
**ਕਿ ਬ-ਉਮੀਦ ਰੂਇ ਯਾਰ ਬਿਸੋਖ਼ਤ।**
ਗੋਯਾ ਦੇ ਦਿਲ ਨੂੰ ਸਾਬਾਸ਼,
ਜਿਹੜਾ ਕਿ ਸੱਜਨ ਦੇ ਮੁਖੜੇ ਦੀ ਆਸ ਵਿਚ ਹੀ ਸੜ ਗਿਆ।

੧੫

**ਅਜ਼ ਦੋ ਚਸ਼ਮਿ ਮਸਤੋ ਸ਼ੈਦਾ ਅਲਗ਼ਿਆਸ**
**ਅਜ਼ ਲਬੋ ਦਹਨਿ ਸ਼ਕਰਖਾ ਅਲ-ਗ਼ਿਆਸ।**
ਉਸ ਦੀਆਂ ਦੋ ਮਸਤ ਅਤੇ ਸ਼ੁਦਾਈ ਅੱਖਾਂ ਤੋਂ ਕੋਈ ਬਚਾਏ।
ਉਸ ਦੇ ਮਿਸਰੀ ਚੱਬਣ ਵਾਲੇ ਮੂੰਹ ਅਤੇ ਹੋਠਾਂ ਤੋਂ ਕੋਈ ਬਚਾਏ।

**ਵਾਏ ਬਰ ਨਫ਼ਸੇ ਕਿ ਬੇਹੂਦਾ ਗੁਜ਼ਸ਼ਤ**
**ਅਲਗ਼ਿਆਸ ਅਜ਼ ਗ਼ਫ਼ਲਤਿ ਮਾ ਅਲਗ਼ਿਆਸ।**
ਅਫ਼ਸੋਸ ਹੈ ਕਿ ਉਸ ਛਿਨ ਪਲ ਦਾ, ਜਿਹੜਾ ਅਕਾਰਥ ਚਲਾ ਗਿਆ,
ਅਫ਼ਸੋਸ ਹੈ ਸਾਡੀ ਅਣਗਹਿਲੀ ਤੇ, ਅਫ਼ਸੋਸ ਹੈ ਸਾਡੀ ਗ਼ਫ਼ਲਤ ਤੇ।

**ਅਜ਼ ਨਿਜ਼ਾਇ ਕੁਫ਼ਰੋ ਦੀਂ ਦਿਲ ਬਰਹਮ ਅਸਤ,**
**ਬਰ ਦਰਿ ਦਰਗਾਹਿ ਮੌਲਾ ਅਲਗ਼ਿਆਸ।**
ਕੁਫਰ ਅਤੇ ਦੀਨ ਦੇ ਝਗੜੇ ਤੋਂ ਦਿਲ ਪਰੇਸ਼ਾਨ ਹੈ।

ਰੱਬ ਦੀ ਦਰਗਾਹ ਦੇ ਦਰਵਾਜ਼ੇ ਪਰ ਕੋਈ ਬਚਾਏ।

**ਲੂਲੀਆਨਿ ਸ਼ੋਖ਼ਿ ਆਲਮ ਦਰ ਰਬੂਦ**
**ਮੀ ਕੁਨਮ ਅਜ਼ ਦਸਤਿ ਆਂਹਾ ਅਲਗ਼ਿਆਸ।**

ਸ਼ੋਖ਼ ਅਤੇ ਗੁਸਤਾਖ਼ ਮਾਸ਼ੂਕਾਂ ਨੇ ਸੰਸਾਰ ਨੂੰ ਲੁੱਟ ਲਿਆ।
ਮੈਂ ਉਨ੍ਹਾਂ ਦੇ ਹੱਥੋਂ ਹੀ ਦੁਹਾਈ ਦੇ ਰਿਹਾ ਹਾਂ—ਕੋਈ ਬਚਾਏ।

**ਕੇ ਜ਼ਿ ਦਸਤਿ ਖ਼ੰਜਰਿ ਮਿਜ਼ਗਾਨਿ ਊ**
**ਮੀ ਸ਼ਵਦ ਖ਼ਾਮੋਸ਼ ਗੋਯਾ ਅਲਗ਼ਿਆਸ।**

ਉਸ ਦੀਆਂ ਪਲਕਾਂ ਦੇ ਖ਼ੰਜਰ ਹੱਥੋਂ
ਗੋਯਾ ਕਿਵੇਂ ਚੁੱਪ ਰਹਿ ਸਕਦਾ ਹੈ? ਦੁਹਾਈ ਹੈ—ਕੋਈ ਬਚਾਏ।

੧੬

**ਮਸਤ ਰਾ ਬਾ-ਜਾਮਿ ਰੰਗੀਂ ਇਹਤਿਆਜ**
**ਤਿਸ਼ਨਾ ਰਾ ਬ-ਆਬਿ ਸੀਰੀਂ ਇਹਤਿਆਜ।**

ਇਕ ਮਸਤ ਨੂੰ ਤਾਂ ਲਾਲ ਰੰਗ ਦੇ ਜਾਮ ਨਾਲ ਗ਼ਰਜ਼ ਹੈ,
ਅਤੇ ਇਕ ਤਿਹਾਏ ਨੂੰ ਠੰਡੇ ਮਿੱਠੇ ਪਾਣੀ ਦੀ ਲੋੜ ਹੈ।

**ਸੁਹਬਤਿ ਮਰਦਾਨਿ-ਹੱਕ ਬਸ ਅਨਵਰ ਅਸਤ**
**ਤਾਲਿਬਾਂ ਰਾ ਹਸਤ ਚਦੀਂ ਇਹਤਿਆਜ।**

ਰੱਬ ਦੇ ਭਗਤਾਂ ਦੀ ਸੰਗਤ ਨੂਰ ਨਾਲ ਭਰੀ ਪਈ ਹੈ।
ਰੱਬ ਦੇ ਢੂੰਡਾਊਆਂ ਨੂੰ ਬਸ ਇਸੇ ਦੀ ਹੀ ਲੋੜ ਹੈ।

**ਅਜ਼ ਤਬੱਸੁਮ ਕਰਦਾਈ ਗੁਲਸ਼ਨ ਜਹਾਂ**
**ਹਰ ਕਿ ਦੀਦਸ਼ ਕੈ ਬ-ਗੁਲਚੀਂ ਇਹਤਿਆਜ।**

ਤੂੰ ਆਪਣੀ ਮੁਸਕਾਨ ਨਾਲ ਜਹਾਨ ਨੂੰ ਬਾਗ਼ ਬਣਾ ਦਿੱਤਾ ਹੈ,
ਜਿਸ ਨੇ ਉਸ ਨੂੰ ਵੇਖ ਲਿਆ, ਉਸ ਨੂੰ ਮਾਲੀ ਦੀ ਕੀ ਲੋੜ ਹੈ?

**ਯਕ ਨਿਗਾਹਿ ਲੁਤਫ਼ਿ ਤੂ ਦਿਲ ਮੀ-ਬੁਰਦ**
**ਬਾਜ਼ ਮੀ-ਦਾਰਮ ਅਜ਼ਾਂ ਈਂ ਇਹਤਿਹਾਜ।**

ਤੇਰੀ ਇਕ ਮੁਹੱਬਤ ਭਰੀ ਨਿਗਾਹ ਦਿਲ ਲੈ ਉੱਡਦੀ ਹੈ,
ਪਰ ਫਿਰ ਵੀ ਮੈਨੂੰ ਉਸੇ ਦੀ ਲੋੜ ਹੈ।

**ਨੀਸਤ ਗੋਯਾ ਗ਼ਰਿ ਤੂ ਦਰ ਦੋ ਜਹਾਂ**
**ਬਾ ਤੂ ਦਾਰਮ ਅਜ਼ ਦਿਲੋ ਦੀਂ ਇਹਤਿਆਜ।**

ਗੋਯਾ! ਤੇਰੇ ਬਿਨਾਂ ਦੋਹਾਂ ਜਹਾਨਾਂ ਵਿਚ ਹੋਰ ਕੋਈ ਨਹੀਂ,
ਮੈਨੂੰ ਤਾਂ ਦਿਲ ਅਤੇ ਦੀਨ ਦੀ ਕੇਵਲ ਤੇਰੇ ਲਈ ਲੋੜ ਹੈ।

੧੭

**ਐ ਜ਼ੁਲਫ਼ਿ ਅੰਬਰੀਨਿ ਤੂ ਗੋਯਾ ਨਕਾਬਿ ਸੁਬਹਾ**
**ਪਿਨਹਾਂ ਚੂ ਜ਼ੇਰ ਅਬਰਿ ਸਿਆਹ ਆਫ਼ਤਾਬਿ ਸੁਬਹਾ।**

ਤੇਰੀ ਇਹ ਅੰਬਰ ਵਰਗੀ ਕਾਲੀ ਜ਼ੁਲਫ਼ ਮਾਨੋ ਸਵੇਰ ਦਾ ਬੁਰਕਾ ਹੈ,
ਜਿਵੇਂ ਕਿਧਰੇ ਸਵੇਰ ਦਾ ਸੂਰਜ ਕਾਲੇ ਬੱਦਲ ਹੇਠ ਲੁਕ ਗਿਆ ਹੈ।

**ਬੀਰੂੰ ਬਰ-ਆਮਦ ਆਂ ਮਹਿ ਮਨ ਚੂੰ ਜ਼ ਖ਼ਾਬਿ ਸੁਬਹਾ**
**ਸਦ ਤਾਅਨਾ ਮੀ-ਜ਼ਨਦ ਬ ਰੁਖ਼ਿ ਆਫ਼ਤਾਬਿ ਸੁਬਹਾ।**

ਜਦ ਮੇਰਾ ਚੰਨ ਸਵੇਰ ਦੀ ਨੀਂਦਰ ਤੋਂ ਉੱਠ ਕੇ ਬਾਹਰ ਆਇਆ,
ਤਾਂ ਮਾਨੋ ਸਵੇਰ ਦੇ ਸੂਰਜ ਦੇ ਮੁਖੜੇ ਨੂੰ ਉਸ ਸੌ ਲਾਅਨਤਾਂ ਪਾਈਆਂ।

**ਬਾ-ਚਸ਼ਮਿ ਖ਼ਾਬਨਾਕ ਚੂੰ ਬੀਰੂੰ ਬਰ ਆਮਦੀ,**
**ਸ਼ਰਮਿੰਦਾ ਗਸ਼ਤ ਅਜ਼ ਰੁਖ਼ਿ ਤੂ ਆਫ਼ਤਾਬਿ ਸੁਬਹਾ।**

ਜਦ ਤੂੰ ਉਨੀਂਦੀਆਂ ਅੱਖਾਂ ਨਾਲ ਬਾਹਰ ਆਇਆ,
ਤਾਂ ਤੇਰੇ ਮੁਖੜੇ ਨੂੰ ਵੇਖ ਕੇ ਸਵੇਰ ਦਾ ਸੂਰਜ ਸ਼ਰਮਿੰਦਾ ਹੋ ਗਿਆ।

**ਅਜ਼ ਮਕਦਮਿ ਸ਼ਰੀਫ਼ ਜਹਾਂ-ਰਾ ਦਿਹਦ ਫ਼ਰੋਗ**
**ਚੂੰ ਬਰ-ਕਸ਼ਦ ਨਕਾਬ ਜ਼ਿ ਰੁਖ਼ਿ ਆਫ਼ਤਾਬਿ ਸੁਬਹਾ।**

ਜਦ ਸਵੇਰ ਦਾ ਸੂਰਜ ਆਪਣੇ ਮੁਖੜੇ ਤੋਂ ਬੁਰਕਾ ਲਾਹੁੰਦਾ ਹੈ,
ਆਪਣੀ ਸੁਭਾਗੀ ਆਮਦ ਨਾਲ ਜਹਾਨ ਨੂੰ ਰੌਸ਼ਨ ਕਰ ਦਿੰਦਾ ਹੈ।

**ਬੇਦਾਰੀ ਅਸਤ ਜ਼ਿੰਦਗੀਇ ਸਾਹਿਬਾਨਿ ਸ਼ੌਕ**
**ਗੋਯਾ ਹਰਾਮ ਕਰਦਮ ਅਜ਼ ਆਇੰਦਾ ਖ਼ਾਬਿ ਸੁਬਹਾ।**

ਜਗਿਆਸੂਆਂ ਦੀ ਜ਼ਿੰਦਗੀ ਨਿੱਤ ਦਾ ਜਗਰਾਤਾ ਹੈ,
ਗੋਯਾ! ਮੇਰੇ ਲਈ ਅੱਗੋਂ ਤੋਂ ਸਵੇਰ ਦੀ ਨੀਂਦ ਹਰਾਮ ਹੈ।

## ੧੮

**ਮੀ-ਬੁਰਦ ਦੀਨੋ ਦਿਲਮ ਈਂ ਚਸ਼ਮਿ ਸ਼ੋਖ਼**
**ਮੀ-ਕਸ਼ਦ ਅਜ਼ ਚਾਹਿ ਗ਼ਮ ਈਂ ਚਸ਼ਮਿ ਸ਼ੋਖ਼।**

ਇਹ ਸੋਖ਼ ਅੱਖ ਮੇਰਾ ਦੀਨ ਅਤੇ ਦਿਲ ਲੈ ਜਾਂਦੀ ਹੈ।
ਇਹ ਸੋਖ਼ ਅੱਖ ਮੈਨੂੰ ਗ਼ਮਾਂ ਦੇ ਖੂਹ ’ਚੋਂ ਬਾਹਰ ਕੱਢਦੀ ਹੈ।

**ਕਾਕਲਿ ਉ ਫ਼ਿਤਨਾ ਜ਼ਨਿ ਆਲਮ ਅਸਤ**
**ਰੌਨਕ ਅਫ਼ਜ਼ਾਇ ਜਹਾਂ ਈਂ ਚਸ਼ਮਿ ਸ਼ੋਖ਼।**

ਉਸ ਦੀ ਲਿੱਟ ਦੁਨੀਆਂ ਵਿਚ ਆਫ਼ਤ ਮਚਾ ਦਿੰਦੀ ਹੈ,
ਅਤੇ ਇਹ ਸ਼ੋਖ ਅੱਖ ਦੁਨੀਆਂ ਨੂੰ ਰੌਣਕਾਂ ਬਖ਼ਸ਼ਦੀ ਹੈ।

**ਖ਼ਾਕਿ ਪਾਇ ਦੋਸਤੀਏ ਦਿਲ ਬਵਦ**
**ਹਾਦੀਏ ਰਾਹਿ ਖ਼ੁਦਾ ਈਂ ਚਸ਼ਮਿ ਸ਼ੋਖ਼।**

ਦਿਲ ਸੱਜਨ ਦੇ ਚਰਨਾਂ ਦੀ ਧੂੜ ਹੋ ਜਾਵੇ,
ਅਤੇ ਇਹ ਸ਼ੋਖ਼ ਅੱਖ ਰੱਬ ਦਾ ਰਾਹ ਦੱਸਣ ਵਾਲੀ ਹੋ ਜਾਵੇ।

**ਕੈ ਕੁਨਦ ਉ ਸੂਇ ਗੁਲਿ ਨਰਗਸ ਨਿਗਾਹ**
**ਹਰ ਕੀ ਦੀਦਾ ਲੱਜ਼ਤਿ ਆਂ ਚਸ਼ਮਿ ਸ਼ੋਖ਼।**

ਜਿਸ ਨੇ ਉਸ ਸ਼ੋਖ਼ ਅੱਖ ਦਾ ਇਕ ਵਾਰ ਸਵਾਦ ਚੱਖ ਲਿਆ ਹੈ,
ਉਹ ਨਰਗਸ ਦੇ ਫੁੱਲ ਵੱਲ ਅੱਖ ਚੁੱਕ ਕੇ ਕਦ ਵੇਖਦਾ ਹੈ।

ਹਰ ਕਿ ਰਾ ਗੋਯਾ ਗ਼ੁਬਾਰਿ ਦਿਲ ਨਿਸ਼ਸਤ
ਆਂਕਿ ਦੀਦਾ ਯਕ ਨਿਗਾਹ ਆਂ ਚਸ਼ਮਿ ਸ਼ੋਖ਼।

ਜਿਸ ਕਿਸੇ ਨੇ ਉਸ ਸ਼ੋਖ਼ ਅੱਖ ਨੂੰ ਇਕ ਨਜ਼ਰੇ ਵੀ ਵੇਖ ਲਿਆ,
ਉਸ ਦੇ ਦਿਲ ਦਾ ਭਰਮ ਦੂਰ ਹੋ ਗਿਆ।

੧੯

ਬਹੋਸ਼ ਬਾਸ਼ ਕਿ ਹੰਗਾਮਿ ਨੌਬਹਾਰ ਆਮਦ
ਬਹਾਰ ਆਮਦ ਵਾ ਯਾਰ ਵਾ ਕਰਾਰ ਆਮਦ।

ਹੋਸ਼ ਵਿਚ ਆ, ਕਿ ਨਵੀਂ ਬਹਾਰ ਦਾ ਸਮਾਂ ਆ ਗਿਆ ਹੈ,
ਬਹਾਰ ਆ ਗਈ ਹੈ, ਯਾਰ ਆ ਗਿਆ ਹੈ ਅਤੇ ਦਿਲ ਨੂੰ ਸ਼ਾਂਤੀ ਆ ਗਈ ਹੈ।

ਦਰੂਨਿ ਮਰਦੁਮਿ ਚਸ਼ਮ ਜ਼ਿ ਬਸ ਕਿ ਜਲਵਾ ਗਰਸਤ
ਬਹਰ ਤਰਫ਼ ਕਿ ਨਜ਼ਰ ਕਰਦ ਰੂਇ ਯਾਰ ਆਮਦ।

ਅੱਖ ਦੀ ਪੁਤਲੀ ਵਿਚ ਉਸ ਦਾ ਜਲਵਾ ਇੰਨਾ ਸਮਾ ਚੁੱਕਾ ਹੈ,
ਕਿ ਉਹ ਜਿੱਧਰ ਵੀ ਵੇਖਦੀ ਹੈ, ਮਿਤ੍ਰ ਪਿਆਰੇ ਦਾ ਹੀ ਮੁੱਖੜਾ ਦਿੱਸਦਾ ਹੈ।

ਬ-ਹਰ ਤਰਫ਼ ਕਿ ਰਵਦ ਦੀਦਾ ਮੀਰਵਮ ਚਿ ਕੁਨਮ
ਦਰੀਂ ਮੁਕੱਦਮਾ ਮਾ ਰਾ ਚਿਹ ਅਖ਼ਤਿਆਰ ਆਮਦ।

ਜਿਧਰੇ ਮੇਰੀ ਅੱਖ ਜਾਂਦੀ ਹੈ, ਮੈਂ ਵੀ ਉਧਰ ਹੀ ਜਾਂਦਾ ਹਾਂ, ਕੀ ਕਰਾਂ,
ਇਸ ਮੁਆਮਲੇ ਵਿਚ ਭਲਾ ਸਾਡੇ ਵਸ ਹੀ ਕੀ ਹੈ?

ਖ਼ਬਰ ਦਿਹੰਦ ਬ-ਯਾਰਾਨਿ ਮੁਦੱਈ ਕਿ ਇਮਸ਼ਬ
ਅਨਲਹੱਕ ਜ਼ਦਾ ਮਨਸੂਰ ਸੂਇ ਦਾਰ ਆਮਦ।

ਦਾਅਵੇਦਾਰ ਦੋਸਤਾਂ ਪਾਸ ਕਿਸੇ ਖ਼ਬਰ ਲਿਆਂਦੀ ਕਿ ਅਜ ਰਾਤੀਂ
'ਅਨਲਹੱਕ' (ਮੈਂ ਰੱਬ ਹੀ ਹਾਂ) ਕਹਿੰਦਾ ਹੋਇਆ ਮਨਸੂਰ ਸੂਲੀ ਵੱਲ ਜਾ ਰਿਹਾ ਸੀ।

ਖ਼ਬਰ ਦਿਹੇਦ ਬ-ਗੁਲਹਾ ਕਿ ਬਿਸ਼ਗੁਫ਼ੰਦ ਹਮਾ
ਅਜ਼ੀਂ ਨਵੇਦ ਕਿ ਜ਼ਾਂ ਬੁਲਬੁਲ ਹਜ਼ਾਰ ਆਮਦ।

ਫੁੱਲਾਂ ਨੂੰ ਖਬਰ ਦੇ ਦਿਓ ਕਿ ਸਾਰੇ ਖਿੜ ਜਾਣ,
ਇਸ ਖ਼ੁਸ਼ਖਬਰੀ ਵਿਚ ਜਿਹੜੀ ਉਸ ਗਾਉਂਦੀ ਬੁਲਬੁਲ ਵਲੋਂ ਆਈ ਹੈ।

ਖ਼ੁਦਾ ਮਾਂਦ ਜ਼ਿ ਗ਼ੈਰਤ ਜੁਦਾ ਵ ਮਨ ਹੈਰਾਂ
ਹਦੀਸਿ ਸ਼ੌਕਿ ਤੋ ਅਜ਼ ਬਸ ਕਿ ਬੇ-ਸ਼ੁਮਾਰ ਆਮਦ।

ਖ਼ੁਦਾ ਗ਼ੈਰਤ ਕਰਕੇ ਅੱਡ ਰਿਹਾ ਅਤੇ ਮੈਂ ਉੱਝ ਹੈਰਾਨ ਰਿਹਾ,
ਤੇਰੇ ਸ਼ੌਕ ਦੀ ਕਹਾਣੀ ਦਾ ਕੋਈ ਅੰਤ ਨਹੀਂ।

ਖ਼ਿਆਲਿ ਹਲਕਾਇ ਜ਼ੁਲਫ਼ਿ ਤੂ ਮੀ-ਕੁਨਦ ਗੋਯਾ
ਅਜ਼ੀਂ ਸਬੱਬ ਕਿ ਦਿਲ ਅਜ਼ ਸ਼ੌਕ ਬੇ-ਕਰਾਰ ਆਮਦ।

ਗੋਯਾ ਤੇਰੀ ਜ਼ੁਲਫ਼ ਦੇ ਕੁੰਡਲ ਦਾ ਧਿਆਨ ਧਰਦਾ ਹੈ,
ਇਸ ਲਈ, ਕਿ ਸ਼ੌਕ ਦੇ ਕਾਰਣ ਦਿਲ ਭਟਕਦਾ ਪਿਆ ਹੈ।

੨੦

ਤਬੀਬ ਆਸ਼ਿਕਿ ਬੇਦਰਦ ਰਾ ਦਵਾ ਚਿ ਕੁਨਦ
ਤੁਰਾ ਕਿ ਪਾਏ ਬਵਦ ਲੰਗ ਰਹਿਨੁਮਾ ਚਿ ਕੁਨਦ।

ਸਖ਼ਤ ਜਾਨ ਆਸ਼ਕ ਦੀ ਦਵਾ ਭਲਾ ਵੈਦ ਕੀ ਕਰ ਸਕਦਾ ਹੈ?
ਜਦ ਤੇਰੀਆਂ ਹੀ ਲੱਤਾਂ ਲੰਙੀਆਂ ਹਨ, ਰਾਹ ਵਿਖਾਉਣ ਵਾਲਾ ਕੀ ਕਰ ਸਕਦਾ ਹੈ?

ਜਮਾਲਿ ਊ ਹਮਾ ਜਾ ਬੇ-ਹਿਸਾਬ ਜਲਵਾਗਰ ਅਸਤ
ਤੂ ਦਰ ਹਿਜਾਬਿ ਖ਼ੁਦੀ ਯਾਰ ਮਹਿ ਲਕਾ ਕਿ ਕੁਨਦ।

ਉਸ ਦਾ ਹਰ ਜਲਵਾ ਹਰ ਥਾਂ ਬਿਨਾਂ ਘੁੰਡ ਦੇ ਰੂਪਮਾਨ ਹੈ।
ਤੂੰ ਤਾਂ ਆਪ ਹਉਮੈ ਦੇ ਪਰਦੇ ਹੇਠ ਹੈਂ, ਚੰਨ ਵਰਗਾ ਸੋਹਣਾ ਭਲਾ ਕੀ ਕਰੇ?

ਤੁਰਾ ਕਿ ਨੀਸਤ ਬਯੱਕ ਗੂਨਾ ਖ਼ਾਤਿਰਿ ਮਜਮੂਅ
ਮੁਕਾਮਿ ਅਮਨੋ ਖੁਸ਼ ਗੋਸ਼ਾ ਸਰਾ ਚਿ ਕੁਨਦ।

ਤੈਨੂੰ ਜਿਸ ਨੂੰ ਕਿ ਰਤਾ ਵੀ ਦਿਲ ਦਾ ਟਿਕਾਓ ਪ੍ਰਾਪਤ ਨਹੀਂ
ਉਸ ਲਈ ਕੋਈ ਸ਼ਾਂਤ-ਥਾਂ ਜਾਂ ਕਿਸੇ ਹਵੇਲੀ ਦੀ ਸੁੰਦਰ ਨੁੱਕਰ ਕੀ ਕਰ ਸਕਦੀ ਹੈ?

ਬਗ਼ੈਰਿ ਬਦਰਕਾਇ ਇਸ਼ਕ ਕੈ ਰਸੀ ਬ-ਮੰਜ਼ਲਿ ਯਾਰ
ਬਗ਼ੈਰ ਜਜ਼ਬਾਇ ਸ਼ੌਕਿ ਤੂ ਰਹਿਨੁਮਾ ਚਿ ਕੁਨਦ।

ਬਿਨਾਂ ਪ੍ਰੀਤ ਦੇ ਹਾਦੀ ਦੇ ਤੂ ਭਲਾ ਕਿਵੇਂ ਸਜਨ ਦੀ ਦਰਗਾਹੇ ਪਹੁੰਚ ਸਕਦਾ ਹੈਂ?
ਤੇਰੇ ਸ਼ੌਕ ਦੇ ਜਜ਼ਬੇ ਤੋਂ ਬਿਨਾਂ ਭਲਾ ਰਾਹ ਵਿਖਾਉਣ ਵਾਲਾ ਕੀ ਕਰ ਸਕਦਾ ਹੈ?

ਚੁ ਸੁਰਮਾਇ ਦੀਦਾ ਕੁਨੀ ਖ਼ਾਕਿ ਮੁਰਸ਼ਦ ਐ ਗੋਯਾ
ਜਮਾਲਿ ਹੱਕ ਨਿਗਰੀ ਬਾ ਤੂ ਤੂਤੀਆ ਚਿ ਕੁਨਦ।

ਹੇ ਗੋਯਾ! ਜਦ ਤੂੰ ਗੁਰੂ ਜੀ ਦੀ ਚਰਨਧੂੜ ਨੂੰ ਆਪਣੇ ਨੇਤ੍ਰਾਂ ਲਈ ਸੁਰਮਾਂ ਬਣਾ ਲਵੇਂਗਾ,
ਤਾਂ ਤੂੰ ਰੱਬ ਦਾ ਜਲਵਾ ਵੇਖ ਸਕੇਂਗਾ, ਤੇਰੇ ਲਈ (ਹੋਰ ਕੋਈ) ਸੁਰਮਾਂ ਕਿਸ ਕੰਮ?

੨੧

ਸਬਾ ਚੂੰ ਹਲਕਾ ਹਾਇ ਜ਼ੁਲਫ਼ਿ ਊ ਰਾ ਸ਼ਾਨਾ ਮੀ ਸਾਜ਼ਦ
ਅਜਿਬ ਜ਼ੰਜੀਰ ਅਜ ਬਹਰਿ ਦਿਲਿ ਦੀਵਾਨਾ ਮੀ ਸਾਜ਼ਦ।

ਚੜ੍ਹਦੇ ਦੀ ਪੌਣ ਜਦ ਉਸ ਦੀਆਂ ਲਿਟਾਂ ਦੇ ਘੁੰਗਰਾਂ ਦੀ ਕੰਘੀ ਕਰਦੀ ਹੈ,
ਤਾ ਸਮਝੋ ਮੇਰੇ ਦੀਵਾਨੇ ਦਿਲ ਲਈ ਇਕ ਅਜੀਬ ਜ਼ੰਜੀਰ ਬਣਾਉਂਦੀ ਹੈ।

ਨ ਦਾਨਿਸਤੇਮ ਅਜ਼ ਰੂਜ਼ਿ ਅਜ਼ਲ ਈਂ ਨਕਸ਼ਿ ਆਦਮ ਰਾ
ਕਿ ਨੱਕਾਸ਼ ਅਜ਼ ਬਰਾਏ ਮਾਂਦਨਿ ਖ਼ੁਦ ਖ਼ਾਨਾ ਮੀ ਸਾਜ਼ਦ।

ਆਦਿ ਸਮੇਂ ਤੋਂ ਹੀ ਅਸੀਂ ਮਨੁੱਖ ਦੇ ਇਸ ਢਾਂਚੇ ਨੂੰ ਨਹੀਂ ਸਮਝਿਆ ਕਿ ਰੱਬ ਇਹ ਆਪਣੇ ਰਹਿਣ ਲਈ ਘਰ ਬਣਾਉਂਦਾ ਪਿਆ ਹੈ।

ਦਿਲਿ ਆਸ਼ਕ ਬ-ਅੰਦਕ ਫ਼ੁਰਸਤਿ ਮਾਸ਼ੂਕ ਮੀ ਗਰਦਦ
ਸਰਾ ਪਾ ਜਾਂ ਸ਼ਵਦ ਹਰ ਕਸ ਕਿ ਬਾ ਜਾਨਾਨਹ ਮੀ ਸਾਜ਼ਦ।

ਆਸ਼ਕ ਦਾ ਦਿਲ ਥੋੜ੍ਹੇ ਸਮੇਂ ਵਿਚ ਹੀ ਮਾਸ਼ੂਕ ਬਣ ਜਾਂਦਾ ਹੈ। ਹਰ ਉਹ ਬੰਦਾ ਜੋ ਮਾਸ਼ੂਕ ਨਾਲ ਬਣਾਈ ਰਖਦਾ ਹੈ, ਆਪ ਸਿਰ ਤੋਂ ਪੈਰਾਂ ਤਕ ਜਾਨ ਬਣ ਜਾਂਦਾ ਹੈ।

ਬਰਾਏ ਗੁਰਦਾਇ ਨਾਂ ਗਿਰਦਿ ਹਰ ਦੂਨੀ ਚਿ ਮੀ ਗਰਦੀ
ਤਮਆ ਦੀਦੀ ਕਿ ਆਦਮ ਰਾ ਅਸੀਰਿ ਦਾਨਾ ਮੀ ਸਾਜ਼ਦ।

ਰੋਟੀ ਦੇ ਇਕ ਟੁਕੜੇ ਲਈ ਤੂੰ ਕਿਉਂ ਹਰ ਕਮੀਨੇ ਮਗਰ ਨੱਸਦਾ ਫਿਰਦਾ ਹੈਂ,
ਤੂੰ ਵੇਖਿਆ ਹੀ ਹੈ ਕਿ ਲੋਭ ਬੰਦੇ ਨੂੰ ਇਕ ਦਾਨੇ ਲਈ ਕੈਦੀ ਬਣਾ ਦਿੰਦਾ ਹੈ।

ਮਗੋ ਅਜ਼ ਹਾਲਿ ਲੈਲਾ ਰਾ ਦਿਲਿ ਸ਼ੋਰੀਦਾਇ ਗੋਯਾ
ਕਿ ਸ਼ਰਾਹ ਕਿੱਸਾਇ ਮਜਨੂੰ ਮਰਾ ਦੀਵਾਨਾ ਮੀ ਸਾਜ਼ਦ।

ਐ ਗੋਯਾ! ਤੂੰ ਲੈਲਾ ਦਾ ਹਾਲ ਸਿਰ ਫਿਰੇ ਦਿਲ ਨੂੰ ਨਾ ਦੱਸੀਂ,
ਕਿਉਂਕਿ ਮਜਨੂੰ ਦੀ ਵਿੱਥਿਆ ਮੇਰੇ ਜਿਹੇ ਦੀਵਾਨੇ ਨੂੰ ਹੀ ਰਾਸ ਆਉਂਦੀ ਹੈ।

## ੨੨

ਹੱਯਦਾ ਹਜ਼ਾਰ ਸਿਜਦਾ ਬ-ਸੂਇ ਤੂ ਮੀਕੁਨੰਦ
ਹਰਦਮ ਤਵਾਫ਼ਿ ਕਾਅਬਾ ਕੂਇ ਤੂ ਮੀਕੁਨੰਦ।

ਲੋਕੀ ਅਠਾਰਾਂ ਹਜ਼ਾਰ ਸਿਜਦੇ ਤੇਰੀ ਪਾਸੇ ਵੱਲ ਕਰਦੇ ਹਨ।
ਹਰ ਵਕਤ ਉਹ ਤੇਰੀ ਗਲੀ ਦੇ ਕਾਅਬੇ ਦੀ ਪਰਕਰਮਾ ਕਰਦੇ ਹਨ।

ਹਰ ਜਾ ਕਿ ਬਿਨਿਗਰੇਦ ਜਮਾਲਿ ਤੂ ਬਿਨਿਗਰੰਦ
ਸਾਹਿਬ ਦਿਲਾਂ ਨਜ਼ਾਰਾਇ ਰੂਇ ਤੂ ਮੀ ਕੁਨੰਦ।

ਜਿੱਥੇ ਵੀ ਉਹ ਵੇਖਦੇ ਹਨ, ਤੇਰਾ ਹੀ ਜਮਾਲ ਵੇਖਦੇ ਹਨ।
ਦਿਲਾਂ ਦੇ ਮਹਿਰਮ ਤੇਰੇ ਮੁਖੜੇ ਦਾ ਦੀਦਾਰ ਕਰਦੇ ਹਨ।

ਜਾਂ ਰਾ ਨਿਸਾਰਿ ਕਾਮਤਿ ਰਾਅਨਾਤ ਕਰਦਾ-ਅੰਦ
ਦਿਲ-ਹਾਇ ਮੁਰਦਾ ਜ਼ਿੰਦਾ ਜ਼ਿ ਰੂਇ ਤੂ ਮੀ ਕੁਨੰਦ।

ਉਨ੍ਹਾਂ ਆਪਣੀ ਜਾਨ ਤੇਰੇ ਸੁੰਦਰ ਕੱਦ ਤੋਂ ਵਾਰ ਦਿੱਤੀ ਹੈ,
ਉਹ ਮੁਰਦਾ ਦਿਲਾਂ ਨੂੰ ਤੇਰੀ ਸੁਗੰਧੀ ਨਾਲ ਸੁਰਜੀਤ ਕਰਦੇ ਹਨ।

ਆਈਨਾਇ ਖ਼ੁਦਾਏ-ਨੁਮਾ ਹਸਤ ਰੂਇ ਤੂ
ਦੀਦਾਰਿ ਹੱਕ ਜ਼ਿ-ਆਈਨਾਇ ਰੂਇ ਤੂ ਮੀ ਕੁਨੰਦ।

ਤੇਰਾ ਮੁਖੜਾ ਰੱਬ ਦਾ ਦਰਸ਼ਨ ਕਰਾਉਣ ਵਾਲਾ ਸ਼ੀਸ਼ਾ ਹੈ।
ਉਹ ਰੱਬ ਦਾ ਦੀਦਾਰ ਤੇਰੇ ਮੁਖੜੇ ਦੇ ਸ਼ੀਸ਼ੇ ਰਾਹੀਂ ਕਰਦੇ ਹਨ।

ਤੀਰਾ-ਦਿਲਾਂ ਕਿ ਚਸ਼ਮ ਨਦਾਰੰਦ ਮੁਤਲਿਕ ਅੰਦ
ਖ਼ੁਰਸ਼ੀਦ ਰਾ ਮੁਕਾਬਲਿ ਰੂਇ ਤੂ ਮੀ ਕੁਨੰਦ।

ਕਾਲੇ ਦਿਲਾਂ ਵਾਲੇ, ਜਿਨ੍ਹਾਂ ਦੀਆਂ ਅੱਖਾਂ ਨਹੀਂ, ਇਸ ਗੱਲ ਲਈ ਆਜ਼ਾਦ ਹਨ,
ਕਿ ਸੂਰਜ ਨੂੰ ਤੇਰੇ ਮੁਖੜੇ ਦੇ ਸਾਹਮਣੇ ਲਿਆ ਖੜ੍ਹਾ ਕਰਦੇ ਹਨ।

**ਮਸਤਾਨਿ ਸ਼ੋਕ ਗੁਲ.ਗਲਾ ਦਾਰੰਦ ਦਰ ਜਹਾਂ**
**ਸਦ ਜਾਂ ਫ਼ਿਦਾਇ ਯੱਕ ਸਰਿ ਮੂਇ ਤੂ ਮੀ ਕੁਨੰਦ।**
ਤੇਰੇ ਸ਼ੌਕ ਵਿਚ ਮਸਤ ਆਸ਼ਕ ਜਹਾਨ ਨੂੰ ਰੌਲੇ ਨਾਲ ਭਰ ਦਿੰਦੇ ਹਨ।
ਉਹ ਸੈਂਕੜੇ ਜਾਨਾਂ ਤੇਰੇ ਵਾਲ ਦੀ ਇਕ ਤਾਰ ਤੋਂ ਕੁਰਬਾਨ ਕਰ ਦਿੰਦੇ ਹਨ।

**ਦਰ ਪਰਦਾਇ ਜਮਾਲਿ ਤੂ ਰੋਸ਼ਨ ਸ਼ਵਦ ਜਹਾਂ**
**ਦਰ ਹਰ ਤਰਫ਼ ਕਿ ਜ਼ਿਕਰਿ ਜ਼ਿ ਰੂਏ ਤੂ ਮੀ ਕੁਨੰਦ।**
ਜਦ ਤੇਰੇ ਮੁਖੜੇ ਦੀ ਚਰਚਾ ਹਰ ਪਾਸੇ ਛਿੜਦੀ ਹੈ,
ਤਾਂ ਤੇਰੇ ਜਮਾਲ ਦੇ ਪਰਦੇ ਵਿਚ ਸਾਰਾ ਜਹਾਨ ਰੋਸ਼ਨ ਹੋ ਜਾਂਦਾ ਹੈ।

**ਆਸ਼ੁਫ਼ਤਗਾਨਿ ਸ਼ੋਕਿ ਤੂ ਗੋਯਾ ਸਿਫ਼ਤ ਮਦਾਮ**
**ਆਵਾਜ਼ਿ ਖ਼ੁਸ਼-ਕਲਾਮ ਜ਼ਿ ਬੂਇ ਤੂ ਮੀ ਕੁਨੰਦ।**
ਤੇਰੇ ਪ੍ਰੇਮ ਦੇ ਮਤਵਾਲੇ ਗੋਯਾ ਵਾਂਗ ਸਦਾ ਆਪਣੀ ਆਵਾਜ਼
ਨੂੰ ਤੇਰੀ ਖ਼ੁਸ਼ਬੋ ਨਾਲ ਸੁਰੀਲੀ ਬਣਾ ਲੈਂਦੇ ਹਨ।

## ੨੩

**ਐ ਗਰਦਸ਼ਿ ਚਸ਼ਮਿ ਤੂ ਕਿ ਅੱਜਾਮ ਨ ਦਾਰਦ**
**ਖਰਸ਼ੀਦਿ ਫ਼ਲਕ ਪੇਸ਼ਿ ਰੁਖ਼ਤ ਨਾਮ ਨਦਾਰਦ।**
ਐ, ਕਿ ਤੇਰੀ ਅੱਖਾਂ ਦੀ ਗਰਦਿਸ਼ ਤਾਂ ਦਿਨਾਂ ਵਿਚ ਵੀ ਨਹੀਂ,
ਆਸਮਾਨ ਦਾ ਸੂਰਜ ਤੇਰੇ ਮੁਖੜੇ ਦੇ ਸਾਹਮਣੇ ਰਤਾ ਅਰਥ ਨਹੀਂ ਰੱਖਦਾ।

**ਸੱਯਾਦਿ ਕਜ਼ਾ ਅਜ਼ ਪਏ ਦਿਲ ਬੁਰਦਨਿ ਆਸ਼ਿਕ**
**ਚੂੰ ਚਲਕਾਇ ਜ਼ੁਲਫ਼ਿ ਤੂ ਦਿਗਰ ਦਾਮ ਨਦਾਰਦ।**
ਮੌਤ ਦਾ ਹੇੜੀ ਆਸ਼ਕ ਦੇ ਦਿਲ ਨੂੰ ਫੜ੍ਹਨ ਲਈ
ਤੇਰੀ ਜ਼ੁਲਫ਼ ਦੇ ਫੰਧੇ ਵਰਗਾ ਹੋਰ ਕੋਈ ਜਾਲ ਨਹੀਂ ਰੱਖਦਾ।

**ਈਂ ਉਮਰਿ ਗਿਰਾਂ ਮਾਯਾਇ ਗ਼ਨੀਮਤ ਸ਼ੁਮਰ ਆਖ਼ਿਰ**
**ਮਾ ਸੁਬਹ ਨ ਦੀਦੇਮ ਕਿ ਊ ਸ਼ਾਮ ਨ-ਦਾਰਦ।**
ਇਹ ਬਹੁ-ਮੁੱਲੀ ਉਮਰ ਨੂੰ, ਅਖ਼ੀਰ, ਗਨੀਮਤ ਸਮਝ,
ਅਸਾਂ ਕੋਈ ਅਜਿਹੀ ਸਵੇਰ ਨਹੀਂ ਵੇਖੀ, ਜਿਸ ਦੀ ਸ਼ਾਮ ਨਾ ਹੋਈ ਹੋਵੇ।

**ਤਾ ਚੰਦ ਦਿਲਾਸਾ ਕੁਨਮ ਈਂ ਖ਼ਾਤਿਰਿ ਖ਼ੁਦ ਰਾ**
**ਬੇ-ਦੀਦਨਿ ਰੂਇ ਤੂ ਦਿਲ ਆਰਾਮ ਨ ਦਾਰਦ।**
ਮੈਂ ਕਦ ਤਕ ਆਪਣੇ ਦਿਲ ਨੂੰ ਦਿਲਾਸਾ ਦਿਆਂ,
ਤੇਰਾ ਮੁਖੜਾ ਵੇਖੇ ਬਿਨਾਂ ਦਿਲ ਨੂੰ ਚੈਨ ਨਹੀਂ ਆਉਂਦੀ।

**ਈਂ ਚਸ਼ਮਿ ਗੌਹਰ-ਬਾਰ ਕਿ ਦਰਿਆ ਸ਼ੁਦਾ ਗੋਆ,**
**ਬੇ-ਰੂਇ ਦਿਲਾਰਾਮਿ ਤੂ ਆਰਾਮ ਨ-ਦਾਰਦ।**
ਇਸ ਮੋਤੀ ਵਸਾਉਣ ਵਾਲੀ ਅੱਖ ਨੂੰ, ਐ ਗੋਯਾ, ਜਿਹੜੀ ਕਿ ਸਮੁੰਦਰ ਬਣ ਗਈ ਹੈ,
ਦਿਲ ਨੂੰ ਆਰਾਮ ਪਹੁੰਚਾਉਣ ਵਾਲੇ ਤੇਰੇ ਮੁਖੜੇ ਬਿਨਾਂ ਆਰਾਮ ਨਹੀਂ।

੨੪

ਤਾ ਲਾਲਿ ਜਾਂ ਫ਼ਜ਼ਾਇ ਤੂ ਗੋਯਾ ਨਮੀ ਸ਼ਵਦ
ਦਰਮਾਨਿ ਦਰਦਿ ਮਾਸਤ ਕਿ ਪੈਦਾ ਨਮੀ ਸ਼ਵਦ।

ਜਦ ਤਕ ਤੇਰੇ ਜਾਨ ਵਧਾਉਣ ਵਾਲੇ ਲਾਲ ਹੋਂਠ ਬੋਲਦੇ ਨਹੀਂ,
ਸਾਡੇ ਦਰਦਾਂ ਦੀ ਦਵਾ ਵੀ ਪੈਦਾ ਨਹੀਂ ਹੋ ਸਕਦੀ।

ਲਬਿ ਤਿਸ਼ਨਾ ਰਾ ਬਾ-ਆਬਿ ਲਬਤ ਹਸਤ ਆਰਜ਼ੂ
ਤਸਕੀਨਿ ਮਾ ਜ਼ਿ ਖਿਜ਼ਰੋ ਮਸੀਹਾ ਨਮੀ ਸ਼ਵਦ।

ਪਿਆਸੇ ਹੋਠ ਨੂੰ ਤੇਰੇ ਹੋਠਾਂ ਦੇ ਅੰਮ੍ਰਿਤ ਦੀ ਲਾਲਸਾ ਹੈ,
ਸਾਡੀ ਤਸੱਲੀ ਖਿਜ਼ਰ ਜਾਂ ਮਸੀਹਾ ਤੋਂ ਭੀ ਨਹੀਂ ਹੋ ਸਕਦੀ।

ਦਾਰੇਮ ਦਰਦਿ ਦਿਲ ਕੀ ਮਰ ਊ ਰਾ ਇਲਾਜ ਨੀਸਤ
ਤਾ ਜਾਂ ਨਮੀ ਦਿਹੇਮ ਮਦਾਵਾ ਨਮੀ ਸ਼ਵਦ।

ਸਾਨੂੰ ਅਜਿਹਾ ਦਿਲ ਦਾ ਦਰਦ ਲੱਗਾ ਹੋਇਆ ਹੈ, ਕਿ ਜਿਸ ਦਾ ਕੋਈ ਇਲਾਜ ਨਹੀਂ।
ਜਦ ਤਕ ਅਸੀਂ ਜਾਨ ਨਹੀਂ ਦੇ ਦਿੰਦੇ ਆਰਾਮ ਨਹੀਂ ਹੋ ਸਕਦਾ।

ਗੁਫ਼ਤਮ ਕਿ ਜਾਂ-ਦਿਹੇਮ ਇਵਜ਼ਿ ਯੱਕ ਨਿਗਾਹਿ ਤੂ
ਗੁਫ਼ਤਾ ਮਿਆਨਿ ਮਾ ਓ ਤੂ ਸੌਦਾ ਨਮੀ ਸ਼ਵਦ।

ਮੈਂ ਆਖਿਆ, ਤੇਰੀ ਇਕ ਨਿਗਾਹ ਬਦਲੇ ਅਸੀਂ ਜਾਨ ਹਾਜ਼ਰ ਕਰਦੇ ਹਾ,
ਉਸ ਆਖਿਆ, ਸਾਡੇ ਤੁਹਾਡੇ ਵਿਚਕਾਰ (ਅਜਿਹਾ) ਸੌਦਾ ਨਹੀਂ ਹੋ ਸਕਦਾ।

ਅੰਦਰ ਹਵਾਇ ਜ਼ੁਲਫ਼ਿ ਗਿਰਾਹਗੀਰ ਮਹਿਵਸ਼ਾਂ
ਮਨ ਮੀ-ਰਵਮ ਗ਼ਿਰਹ ਜ਼ਿ ਦਿਲਮ ਵਾ ਨਮੀ ਸ਼ਵਦ।

ਚੰਨ ਵਰਗੇ ਸੋਹਣਿਆਂ ਦੀਆਂ ਗੰਢਾਂ ਲੱਗੀਆਂ ਜ਼ੁਲਫ਼ਾਂ ਦੀ ਲਾਲਸਾ ਵਿਚ।
ਮੈਂ ਜਾਂਦਾ ਤਾਂ ਹਾਂ, ਪਰ ਮੇਰੇ ਦਿਲ ਦੀ ਗੰਢ [ਤੇਰੇ ਬਾਝੋਂ] ਨਹੀਂ ਖੁਲ੍ਹਦੀ।

ਬਾ ਸਾਹਿਲਿ ਮੁਰਾਦ ਕੁਜਾ ਆਸ਼ਨਾ ਸ਼ਵੇਮ
ਤਾ ਚਸ਼ਮਿ ਮਾ ਬ-ਯਾਦਿ ਤੂ ਦਰਿਆ ਨਮੀ ਸ਼ਵਦ।

ਜਦ ਤਕ ਕਿ ਸਾਡੀ ਅੱਖ ਤੇਰੀ ਯਾਦ ਵਿਚ ਸਾਗਰ ਨਹੀਂ ਬਣ ਜਾਂਦੀ,
ਅਸੀਂ ਮੁਰਾਦ ਦੀ ਕੰਧੀ ਤੋਂ ਵਾਕਫ਼ ਨਹੀਂ ਹੋ ਸਕਦੇ।

ਗੋਯਾ ਦਰ ਇੰਤਜ਼ਾਰਿ ਤੂ ਚਸ਼ਮਮ ਸਫ਼ੇਦ ਸ਼ੁਦ
ਮਨ ਚੂੰ ਕੁਨਮ ਕਿ ਬੇ ਤੂ ਦਿਲਾਸਾ ਨਮੀ ਸ਼ਵਦ।

ਤੇਰੀ ਉਡੀਕ ਵਿਚ ਮੇਰੀਆਂ ਅੱਖਾਂ ਵੀ ਅੰਨ੍ਹੀਆਂ (ਚਿੱਟੀਆਂ) ਹੋ ਗਈਆਂ ਹਨ,
ਮੈਂ ਕੀ ਕਰਾਂ, ਕਿਉਂਕਿ ਤੇਰੇ ਬਿਨਾਂ ਮੇਰੀ ਢਾਰਸ ਨਹੀਂ ਹੋ ਸਕਦੀ।

੨੫

ਚੂੰ ਮਾਹਿ ਦੋ ਹਫ਼ਤਾ ਰੂ ਨਮਾਈ, ਚਿ ਸ਼ਵਦ
ਇਮਸ਼ਬ ਮਹਿ ਮਨ ਅਗਰ ਬਿਆਈ ਚਿ ਸ਼ਵਦ।

ਜੇਕਰ ਤੂੰ ਚੌਧਵੀਂ ਦਾ ਚੰਨ-ਮੁਖੜਾ ਵਿਖਾ ਦੇਵੇਂ ਤਾਂ ਕੀ ਹਰਜ ਏ?

ਜੇਕਰ, ਮੇਰੇ ਚੰਨਾ! ਅੱਜ ਰਾਤ ਮੁਖ ਵਿਖਾ ਦੇਵੇਂ, ਤਾਂ ਭਲਾ ਕੀ ਹਰਜ ਏ?

**ਈਂ ਜੁਮਲਾਇ ਜਹਾਂ ਅਸੀਰਿ ਜ਼ੁਲਫ਼ਤ ਗਸ਼ਤਾ**
**ਯੱਕ ਲਹਿਜ਼ਾ ਅਗਰ ਗਿਰਹਾ ਕੁਸ਼ਾਈ ਚਿ ਸ਼ਵਦ।**

ਇਹ ਸਾਰਾ ਜਹਾਨ ਤੇਰੀ ਜ਼ੁਲਫ਼ ਦਾ ਕੈਦੀ ਹੈ,
ਇਕ ਛਿਨ ਲਈ ਜੇਕਰ ਤੂੰ ਇਸ ਦੀ ਗੰਢ ਖੋਲ੍ਹ ਦੇਵੇਂ ਤਾਂ ਕੀ ਹਰਜ ਏ?

**ਆਲਮ ਹਮਾ ਗਸ਼ਤਾ ਅਸਤ ਬੇ ਤੂ ਤਾਰੀਕ**
**ਖ਼ੁਰਸ਼ੀਦ ਸਿਫ਼ਤ ਅਗਰ ਬਰ ਆਈ ਚਿ ਸ਼ਵਦ।**

ਸਾਰੀ ਦੁਨੀਆਂ ਤੇਰੇ ਬਿਨਾਂ ਅੰਨ੍ਹੇਰੀ ਹੋ ਗਈ ਹੈ,
ਸੂਰਜ ਵਾਂਗ ਜੇਕਰ ਤੂੰ ਨਿਕਲ ਆਵੇਂ, ਤਾਂ ਕੀ ਹਰਜ ਏ?

**ਯੱਕ ਲਹਿਜ਼ਾ ਬਿਆ ਵਾ ਦਰ ਦੋ ਚਸ਼ਮਮ ਬਿ-ਨਸ਼ੀਂ**
**ਦਰ ਦੀਦਾ ਨਿਸ਼ਸਤਾ ਦਿਲਰੁਬਾਏ ਚਿ ਸ਼ਵਦ।**

ਇਕ ਛਿਨ ਲਈ ਆ, ਅਤੇ ਮੇਰੀਆਂ ਦੋਹਾਂ ਅੱਖਾਂ ਵਿਚ ਆ ਕੇ ਬਹਿ ਜਾ,
ਹੇ ਦਿਲ ਲੈ ਜਾਣ ਵਾਲੇ, ਜੇਕਰ ਤੂੰ ਅੱਖਾਂ ਵਿਚ ਬਹਿ ਜਾਵੇਂ, ਤਾਂ ਕੀ ਹਰਜ ਏ?

**ਈਂ ਹਿੰਦੂਇ ਖ਼ਾਲਤ ਕਿ ਬਰ-ਰੂਅਤ ਸ਼ੈਦਾ ਅਸਤ**
**ਬਿ-ਫਰੋਸ਼ੀ ਅਗਰ ਬ ਨਕਦਿ ਖ਼ੁਦਾਈ ਚਿ ਸ਼ਵਦ।**

ਇਸ ਤੇਰੇ ਕਾਲੇ ਤਿਲ (ਦੇ ਬੁੱਤ) ਨੂੰ, ਜਿਹੜਾ ਤੇਰੇ ਮੁਖੜੇ ਦਾ ਸ਼ੁਦਾਈ ਹੈ,
ਜੇਕਰ ਤੂੰ ਕੁਲ ਖ਼ੁਦਾਈ ਦੇ ਬਦਲੇ ਵੇਚ ਦੇਵੇਂ, ਤਾਂ ਕੀ ਹਰਜ ਏ?

**ਦਰ ਦੀਦਾ ਤੂਈ ਵ ਮਨ ਬਹਰਿ ਕੂ ਜੋਯਾ**
**ਅਜ਼ ਪਰਦਾਇ ਗ਼ੈਬ ਰੂ-ਨਮਾਈ ਚਿ ਸ਼ਵਦ।**

ਤੂੰ ਮੇਰੀਆਂ ਅੱਖਾਂ ਵਿਚ ਪਿਆ ਵੱਸਦਾ ਹੈਂ, ਫਿਰ ਮੈਂ ਕਿਸ ਨੂੰ ਢੂੰਡ ਰਿਹਾ ਹਾਂ,
ਅਦਿੱਖ ਦੇ ਪਰਦੇ ਵਿਚੋਂ ਜੇਕਰ ਆਪਣਾ ਮੁਖੜਾ ਵਿਖਾ ਦੇਵੇਂ, ਤਾਂ ਕੀ ਹਰਜ ਏ?

**ਗੋਯਾਸਤ ਬਹਰ ਤਰਫ਼ ਸੁਰਾਗ਼ਤ ਜੋਯਾ**
**ਗਰ ਗੁਮ-ਸ਼ੁਦਾਰਾ ਰਹਿਨਮਾਈ ਚਿ ਸ਼ਵਦ।**

ਗੋਯਾ, ਹਰ ਪਾਸੇ ਤੇਰੀ ਸੂਹ ਲੱਭ ਰਿਹਾ ਹੈ,
ਜੇਕਰ ਰਾਹ ਭੁੱਲੇ ਨੂੰ ਰਾਹ ਵਿਖਾ ਦੇਵੇਂ, ਤਾਂ ਕੀ ਹਰਜ ਏ?

## ੨੬

**ਕਦਮ ਆਂ ਬਿਹ ਕਿ ਊ ਰਾਹਿ ਖ਼ੁਦਾ ਪੈਮੂਦਾ ਮੀ ਬਾਸ਼ਦ**
**ਜ਼ਬਾਨੇ ਬਿਹ ਕਿ ਦਰ ਜ਼ਿਕਰਿ ਖ਼ੁਦਾ ਆਸੂਦਾ ਮੀ ਬਾਸ਼ਦ।**

ਕਦਮ ਉਹ ਹੀ ਚੰਗਾ ਹੈ, ਜਿਹੜਾ ਰੱਬ ਦੇ ਰਾਹ ਤੇ ਚੁੱਕਿਆ ਜਾਵੇ,
ਜੀਭਾ ਉਹ ਹੀ ਭਲੀ ਹੈ, ਜਿਹੜੀ ਰੱਬ ਦੇ ਸਿਮਰਨ ਵਿਚ ਸੁੱਖ ਜਾਣੇ।

**ਬਹਰ ਸੂਇ ਕਿ ਮੀ-ਬੀਨਮ ਬ ਚਸ਼ਮਮ ਮਾਸਵਾ ਨਾਇਦ**
**ਹਮੇਸ਼ਾ ਨਕਸ਼ਿ ਊ ਦਰ ਦੀਦਾਇ ਮਾ ਬੂਦਾ ਮੀ ਬਾਸ਼ਦ।**

ਜਿਧਰ ਵੀ ਮੈਂ ਵੇਖਦਾ ਹਾਂ, ਮੇਰੀਆਂ ਅੱਖਾਂ ਵਿਚ ਕੁਝ ਸਮਾਉਂਦਾ ਨਹੀਂ,
ਹਮੇਸ਼ਾਂ ਉਸ ਦੇ ਨਕਸ਼ ਹੀ ਸਾਡੀਆਂ ਅੱਖਾਂ ਵਿਚ ਸਮਾਏ ਰਹਿੰਦੇ ਹਨ।

ਜ਼ ਫ਼ੈਜ਼ਿ ਮੁਰਸ਼ਦਿ ਕਾਮਿਲ ਮਰਾ ਮਾਅਲੂਮ ਸ਼ੁਦ ਆਖ਼ਿਰ
ਕਿ ਦਾਇਮ ਮਰਦੁਮਿ ਦੁਨਿਆ ਗ਼ਮ-ਆਲੂਦਾ ਮੀਬਾਸ਼ਦ।

ਪੂਰੇ ਗੁਰੂ ਦੀ ਬਖ਼ਸ਼ਿਸ਼ ਨਾਲ ਅਖ਼ੀਰ ਮੈਨੂੰ ਇਹ ਗਿਆਨ ਹੋ ਗਿਆ,
ਕਿ ਦੁਨੀਆਂ ਦੇ ਲੋਕ ਸਦਾ ਗ਼ਮ ਅਤੇ ਫ਼ਿਕਰ ਵਿਚ ਫਸੇ ਰਹਿੰਦੇ ਹਨ।

ਜ਼ਹੇ ਸਾਹਿਬਦਿਲਿ ਰੋਸ਼ਨ ਜ਼ਮੀਰਿ ਆਰਿਫ਼ਿ ਕਾਮਿਲ
ਕਿਹ ਬਰ ਦਰਗਾਹਿ ਹੱਕ ਪੇਸ਼ਾਨੀਇ ਊ ਸੂਦਾ ਮੇ ਬਾਸ਼ਦ।

ਕਿੰਨਾ ਭਾਗਾਂ ਵਾਲਾ ਹੈ ਉਸ ਦਿਲ ਦਾ ਮਾਲਕ, ਜਿਸਦੀ ਆਤਮਾ ਰੋਸ਼ਨ ਹੈ ਅਤੇ ਜੋ ਪੂਰਾ ਗਿਆਨਵਾਨ ਹੈ,
ਅਤੇ ਜਿਸ ਦਾ ਮੱਥਾ ਰੱਬ ਦੀ ਦਰਗਾਹ ਤੇ ਨਿਵੰਦਾ ਹੋਵੇ।

ਬ-ਕੁਰਬਾਨੀ ਸਰਿ ਕੂਇ ਬਿਗਰਦ ਵ ਦਮ ਮਜ਼ਨ ਗੋਯਾ
ਇਸ਼ਾਰਤਹਾਇ ਚਸ਼ਮਿ ਊ ਮਰਾ ਫ਼ਰਮੂਦਾ ਮੀ ਬਾਸ਼ਦ।

ਕੁਰਬਾਨੀ ਲਈ ਉਸ ਦੀ ਗਲੀ ਉਦਾਲੇ, ਐ ਗੋਯਾ, ਫਿਰਦਾ ਰਹੁ ਅਤੇ ਸ਼ੇਖੀ ਨਾ ਮਾਰ,
ਮੈਨੂੰ ਤਾਂ ਉਸ ਦੀਆਂ ਅੱਖਾਂ ਦੇ ਇਸ਼ਾਰੇ ਦਾ ਹੁਕਮ ਮਿਲਣਾ ਚਾਹੀਦਾ ਹੈ।

੨੭

ਹਜ਼ਾਰ ਤਖ਼ਤਿ ਮੁਰੱਸਾ ਫ਼ਤਾਦਾ ਦਰ ਰਹਿ ਅੰਦ
ਕਲੰਦਰਾਨਿ ਤੂ ਤਾਜੋ ਨਗੀਂ ਨਮੀ ਖ਼ਾਹੰਦ।

ਹਜ਼ਾਰਾਂ ਜੜਾਊ ਤਖ਼ਤ ਤੇਰੇ ਰਾਹ ਵਿਚ ਪਏ ਹਨ,
ਤੇਰੇ ਮਸਤਾਨਿਆਂ ਨੂੰ ਤਾਜ ਅਤੇ ਨਗੀਨਿਆਂ ਦੀ ਲੋੜ ਨਹੀਂ ਰਖਦੇ।

ਫ਼ਨਾਹ ਪਜ਼ੀਰ ਬਵਦ ਹਰ ਚਿ ਹਸਤ ਦਰ ਆਲਮ
ਨਹਿ ਆਸ਼ਕਾਂ ਕਿ ਅਜ਼ ਅਸਰਾਰਿ ਇਸ਼ਕ ਆਗਾਹ ਅੰਦ।

ਦੁਨੀਆਂ ਅੰਦਰ ਹਰ ਚੀਜ਼ ਫ਼ਨਾਹ ਹੋ ਜਾਣ ਵਾਲੀ ਹੈ,
ਪਰ ਆਸ਼ਕ ਫ਼ਨਾਹ ਹੋਣ ਵਾਲੇ ਨਹੀਂ, ਕਿਉਂ ਜੋ ਉਹ ਪ੍ਰੀਤ ਦੇ ਭੇਤਾਂ ਤੋਂ ਜਾਣੂ ਹਨ।

ਤਮਾਮ ਚਸ਼ਮ ਤਵਾਂ ਸ਼ੁਦ ਪੈਇ ਨੱਜ਼ਰਾਇ ਊ
ਹਜ਼ਾਰ ਸੀਨਾ ਬਿ ਸੌਦਾਏ ਹਿਜਰ ਮੀਕਾਹੰਦ।

ਸਾਰੀਆਂ ਅੱਖਾਂ ਉਸ ਦੇ ਦਰਸ਼ਨਾਂ ਲਈ ਤੀਬਰ ਹੋ ਗਈਆਂ,
ਹਜ਼ਾਰਾਂ ਚਿਤ ਉਸ ਦੇ ਬ੍ਰਿਹਾ ਦੇ ਫ਼ਿਕਰ ਵਿਚ ਨਿਘਰਦੇ ਜਾਂਦੇ ਹਨ।

ਤਮਾਮ ਦੌਲਤਿ ਦੁਨਿਆ ਬ-ਯੱਕ ਨਿਗਾਹ ਬਖ਼ਸ਼ੰਦ
ਯਕੀਂ ਬਿਦਾਂ ਕਿ ਗਦਾਯਾਨਿ ਊ ਸ਼ਹਿਨਸ਼ਾਹ ਅੰਦ।

ਯਕੀਨ ਰਖ! ਕਿ ਉਸ ਦੇ ਮੰਗਤੇ ਪਾਤਸ਼ਾਹਾਂ ਦੇ ਪਾਤਸ਼ਾਹ ਹਨ,
ਕਿਉਂ ਜੋ ਸਾਰੀ ਦੁਨੀਆਂ ਦੀ ਦੌਲਤ ਉਹ ਇਕੋ ਨਜ਼ਰ ਨਾਲ ਬਖ਼ਸ਼ ਦਿੰਦੇ ਹਨ।

ਹਮੇਸ਼ਾ ਸੁਹਬਤਿ ਮਰਦਾਨਿ ਹੱਕ ਤਲਬ ਗੋਯਾ
ਕਿ ਤਾਲਿਬਾਨਿ ਖ਼ੁਦਾ ਵਾਸਲਾਨਿ ਅੱਲਾਹ ਅੰਦ।

ਐ ਗੋਯਾ! ਹਮੇਸ਼ਾ ਰੱਬ ਦੇ ਪਿਆਰਿਆਂ ਦੀ ਸੰਗਤ ਦੀ ਭਾਲ ਕਰ,
ਕਿਉਂ ਜੋ ਰੱਬ ਦੇ ਢੂੰਡਾਊ, ਰੱਬ ਨਾਲ ਜੁੜੇ ਹੋਏ ਹਨ।

੨੮

ਗਰ ਦਸਤਿ ਮਨ ਹਮੇਸ਼ਾ ਪੈਇ ਕਾਰ ਮੀਰਵਦ
ਮਨ ਚੂੰ ਕੁਨਮ ਕਿ ਦਿਲ ਬਸੂਇ ਯਾਰ ਮੀ ਰਵਦ।

ਭਾਵੇਂ ਮੇਰੇ ਹੱਥ ਸਦਾ ਕੰਮ ਵਿਚ ਰੁੱਝੇ ਹੁੰਦੇ ਹਨ,
ਪਰ ਮੈਂ ਕੀ ਕਰਾਂ, ਮੇਰਾ ਦਿਲ ਤਾਂ ਯਾਰ ਵੱਲ ਦੌੜਦਾ ਹੈ।

ਆਵਾਜ਼ਿ ਲਨਤਰਾਨੀ ਹਰ ਦਮ ਬੋਗਸ਼ਿ ਦਿਲ
ਮੂਸਾ ਮਗਰ ਬਦੀਦਨਿ ਦੀਦਾਰ ਮੀ-ਰਵਦ।

ਭਾਵੇਂ 'ਤੂੰ ਨਹੀਂ ਵੇਖ ਸਕਦਾ' ਦੀ ਆਵਾਜ਼ ਹਰ ਵੇਲੇ ਦਿਲ ਦੇ ਕੰਨਾਂ ਵਿਚ ਪੈਂਦੀ ਹੈ।
ਪਰ ਮੂਸਾ ਫੇਰ ਵੀ ਰੱਬ ਦੇ ਦੀਦਾਰ ਕਰਨ ਲਈ ਜਾ ਰਿਹਾ ਹੈ।

ਈਂ ਦੀਦਾ ਨੀਸਤ ਆਂ ਕਿ ਅਜ਼ੋ ਅਸ਼ਕ ਮੀ-ਚਕਦ
ਜਾਮਿ ਮੁਹੱਬਤ ਅਸਤ ਕਿ ਸਰਸ਼ਾਰ ਮੀ ਰਵਦ।

ਜਿਸ ਵਿਚੋਂ ਹੰਝੂ ਕਿਰਨ ਇਹ ਉਹ ਅੱਖ ਹੀ ਨਹੀਂ,
ਪ੍ਰੇਮ ਪਿਆਲਾ ਤਾਂ ਨੱਕਾ ਨੱਕ ਭਰਿਆ ਰਹਿੰਦਾ ਹੈ।

ਦਿਲਦਾਰ ਵਾ ਦਿਲ ਜ਼ਿ ਬਸਕਿ ਯਕੇ ਅੰਦ ਦਰ ਵਜੂਦ
ਜ਼ਾਂ ਦਿਲ ਹਮੇਸ਼ਾ ਜਾਨਬਿ ਦਿਲਦਾਰ ਮੀਰਵਦ।

ਦਿਲਦਾਰ ਅਤੇ ਦਿਲ ਵਜੂਦ ਵਿਚ ਇੰਨੇ ਇੱਕਮਿੱਕ ਹਨ,
ਕਿ ਜਿਸ ਕਾਰਣ ਦਿਲ ਹਮੇਸ਼ਾਂ ਦਿਲਦਾਰ ਵੱਲ ਦੌੜਦਾ ਰਹਿੰਦਾ ਹੈ।

ਦਰ ਦਰ ਦੋ ਕੌਨ ਗਰਦਨਿ ਊ ਸਰ-ਬੁਲੰਦ ਸ਼ੁਦ
ਮਨਸੂਰ ਵਾਰ ਹਰ ਕਿ ਸੂਇ ਦਾਰ ਮੀਰਵਦ।

ਦੋਨਾਂ ਜਹਾਨਾਂ ਵਿਚ ਉਸ ਦੀ ਧੌਣ ਫ਼ਖਰ ਨਾਲ ਉੱਚੀ ਹੋ ਜਾਂਦੀ ਹੈ,
ਜੋ ਭੀ ਮਨਸੂਰ ਵਾਂਗ ਸੂਲੀ ਵੱਲ ਨੂੰ ਦੌੜਦਾ ਹੈ।

ਗੋਯਾ ਜ਼ਿ ਯਾਦਿ ਦੂਸਤ ਹਕੀਕੀ ਹੱਯਾਤ ਯਾਫ਼ਤ
ਦੀਗਰ ਚਿਰਾ ਬਕੂਚਾਇ ਖ਼ੁਮਾਰ ਮੀ ਰਵਦ।

ਗੋਯਾ ਨੇ ਸੱਜਨ ਦੀ ਯਾਦ ਵਿਚ ਅਸਲ ਜੀਵਨ ਪਾ ਲਿਆ ਹੈ,
ਹੁਣ ਉਹ ਸ਼ਰਾਬਖ਼ਾਨੇ ਦੀ ਗਲੀ ਵਿਚ ਕਿਉਂ ਜਾਵੇ।

੨੯

ਕੀਸਤ ਇਮਰੂਜ਼ ਕਿ ਸੌਦਾਇ ਨਿਗਾਰੇ ਦਾਰਦ
ਬਾਦਸ਼ਾਹੇਸਤ ਦਰੀਂ ਦਹਿਰ ਕਿ ਯਾਰੇ ਦਾਰਦ।

ਕੌਣ ਹੈ ਜਿਸ ਨੂੰ ਅੱਜ ਸੋਹਣੇ ਦਾ ਇਸ਼ਕ ਸਵਾਰ ਹੈ,
ਇਸ ਦੁਨੀਆਂ ਵਿਚ ਉਹ ਬਾਦਸ਼ਾਹ ਹੈ, ਜਿਸ ਦਾ ਕੋਈ ਯਾਰ ਹੈ।

ਦਾਨਮ ਐ ਸ਼ੋਖ਼ ਕਿ ਖ਼ੂਨਿ ਦੋ ਜਹਾਂ ਖ਼ਾਹਦ ਰੇਖ਼ਤ
ਚਸ਼ਮਿ ਮਸਤ ਤੂ ਇਮਰੂਜ਼ ਖ਼ੁਮਾਰੇ ਦਾਰਦ।

ਮੈਂ ਜਾਣਦਾ ਹਾਂ ਕਿ, ਐ ਸ਼ੋਖ਼ ਮਾਸ਼ੂਕ! ਕਿ ਇਹ ਦੋਹਾਂ ਜਹਾਨਾਂ ਦਾ ਖ਼ੂਨ ਕਰੇਗਾ,
ਕਿਉਂ ਜੋ ਤੇਰੀ ਮਸਤ ਅੱਖ ਅੱਜ ਨਸ਼ੇ ਨਾਲ ਭਰੀ ਪਈ ਹੈ।

**ਦਾਮਨਿ ਚਸ਼ਮਿ ਮਰਾ ਖ਼ੂਨਿ ਜਿਗਰ ਰੰਗੀਂ ਕਰਦ**
**ਦਿਲਿ ਦੀਵਾਨਾਇ ਮਾ ਤੁਰਫ਼ਾ ਬਹਾਰੇ ਦਾਰਦ।**

ਜਿਗਰ ਦੇ ਖ਼ੂਨ ਨੇ ਮੇਰੀ ਅੱਖ ਦੇ ਪੱਲੇ ਨੂੰ ਲਾਲ ਕਰ ਦਿੱਤਾ,
ਸਾਡੇ ਦੀਵਾਨੇ ਦਿਲ ਵਿਚ ਕੇਹੀ ਅਜਬ ਬਹਾਰ ਆਈ ਹੈ।

**ਸਾਯਾਇ ਤੂਬਾ ਓ ਫ਼ਿਰਦੌਸ ਨਖ਼ਾਹਦ ਹਰਗਿਜ਼**
**ਹਰ ਕਿ ਮਨਸੂਰ ਸਿਫ਼ਤ ਸਾਯਾਇ ਦਾਰੇ ਦਾਰਦ।**

ਜਿਸ ਨੂੰ ਮਨਸੂਰ ਵਾਂਗ ਸੂਲੀ ਦਾ ਪਰਛਾਵਾਂ ਪ੍ਰਾਪਤ ਹੈ,
ਉਸ ਨੂੰ ਨਾ ਤਾਂ ਸੁਰਗ ਦੇ ਬਿਰਛ ਤੂਬਾ ਦੀ ਛਾਂ ਦੀ ਅਤੇ ਨਾ ਹੀ ਸੁਰਗ ਦੀ ਲੋੜ ਹੈ।

**ਰੂਇ ਗੁਲਗੂਨਿ ਖ਼ੁਦ ਐ ਸ਼ਮਆ ਬਰ ਅਫ਼ਰੂਜ਼ ਦਮੇ**
**ਦਿਲਿ ਪਰਵਾਨਾ ਓ ਬੁਲਬੁਲ ਬ-ਤੂ ਕਾਰੇ ਦਾਰਦ।**

ਐ ਦੀਵੇ! ਆਪਣਾ ਲਾਲ ਫੁੱਲਾਂ ਵਰਗਾ ਮੁਖੜਾ ਕੁਝ ਚਿਰ ਲਈ ਰੋਸ਼ਨ ਕਰ,
ਕਿਉਂ ਜੋ ਪਰਵਾਨੇ ਅਤੇ ਬੁਲਬੁਲ ਦੇ ਦਿਲ ਨੂੰ ਤੇਰੇ ਨਾਲ ਕੁਝ ਕੰਮ ਹੈ।

**ਬ-ਹਰ ਦੀਵਾਨਾ ਅਗਰ ਸਿਲਸਲਾ-ਹਾ ਮੀਸਾਜ਼ੰਦਿ**
**ਦਿਲਿ ਗੋਯਾ ਬ ਖ਼ਮਿ ਜ਼ੁਲਫ਼ ਕਰਾਰੇ ਦਾਰਦ।**

ਭਾਵੇਂ ਹਰ ਦੀਵਾਨੇ ਲਈ ਸੰਗਲ ਬਣਾਉਂਦੇ ਹਨ,
ਪਰ ਗੋਯਾ ਦਾ ਦਿਲ ਤਾਂ ਜ਼ੁਲਫ਼ ਦੇ ਫੰਧੇ ਨਾਲ ਠਹਿਰ ਜਾਂਦਾ ਹੈ।

## ੩੦

**ਕਸੇ ਬਹਾਲਿ ਗ਼ਰੀਬਾਨਿ ਬੇ-ਨਵਾ ਨ-ਰਸਦ**
**ਰਸੀਦਾਏਮ ਬਜਾਇ ਕਿ ਬਾਦਸ਼ਾ ਨਾ ਰਸਦ।**

ਕੋਈ ਵੀ ਗ਼ਰੀਬ ਪਰਦੇਸੀਆਂ ਦੇ ਹਾਲ ਦੀ ਸੁਣਵਾਈ ਨਹੀਂ ਕਰਦਾ,
ਅਸੀਂ ਉੱਥੇ ਪੁੱਜ ਚੁੱਕੇ ਹਾਂ, ਜਿੱਥੇ ਬਾਦਸ਼ਾਹ ਵੀ ਨਹੀਂ ਪੁੱਜ ਸਕਦਾ।

**ਹਜ਼ਾਰ ਖ਼ੁਲਦਿ ਬਰੀਂ ਰਾ ਬ-ਨੀਮ ਜੌ ਨ-ਖ਼ਰੰਦ**
**ਅਜ਼ਾਂ ਕਿ ਹੀਚ ਬਦਾਂ ਕੂਇ ਦਿਲਰੁਬਾ ਨ ਰਸਦ।**

ਹਜ਼ਾਰਾਂ ਉੱਚੇ ਸੁਰਗਾਂ ਨੂੰ ਉਹ ਇਕ ਅੱਧੇ ਜੌਂ ਬਦਲੇ ਵੀ ਨਹੀਂ ਖਰੀਦਦੇ,
ਕਿਉਂਕਿ ਇਨ੍ਹਾਂ ਵਿਚੋਂ ਕੋਈ ਭੀ ਸੁਰਗ ਉਸ ਪਿਆਰੇ ਦੀ ਗਲੀ ਤਕ ਨਹੀਂ ਪਹੁੰਚਦਾ।

**ਤਬੀਬਿ ਇਸ਼ਕ ਚੁਨੀਂ ਗੁਫ਼ਤਾ ਅਸਤ ਮੀ-ਗੋਯੰਦ**
**ਬਹਾਲਿ ਦਰਦਿ ਗ਼ਰੀਬਾਂ ਬਜੁਜ਼ ਖ਼ੁਦਾ ਨ ਰਸਦ।**

ਪ੍ਰੇਮ ਦੇ ਵੈਦ ਨੇ, ਕਹਿੰਦੇ ਹਨ, ਕੁਝ ਇਉਂ ਕਿਹਾ ਹੈ,
ਕਿ ਪਰਦੇਸੀਆਂ ਦਾ ਦਰਦਨਾਕ ਹਾਲ ਸਿਵਾਏ ਰੱਬ ਦੇ ਕੋਈ ਨਹੀਂ ਸੁਣਦਾ।

**ਬਰਾਇ ਰੋਸ਼ਨੀਇ ਚਸ਼ਮਿ ਦਿਲ ਅਗਰ ਖ਼ਾਹੀ**
**ਬਖ਼ਾਕਿ ਦਰਗਾਹਿ ਊ ਹੀਚ ਤੂਤੀਆ ਨ ਰਸਦ।**

ਜੇ ਤੂੰ ਆਪਣੇ ਦਿਲ ਦੀ ਅੱਖ ਦੀ ਰੋਸ਼ਨੀ ਚਾਹੁੰਦਾ ਹੈਂ,
ਤਾਂ ਵੇਖ, ਉਸ ਦੀ ਦਰਗਾਹ ਦੀ ਧੂੜ ਤਕ ਕੋਈ ਸੂਰਮਾ ਨਹੀਂ ਪੁੱਜ ਸਕਦਾ।

ਬਯਾਦਿ ਦੂਸਤ ਤਵਾਂ ਉਮਰ ਰਾ ਬਸਰ ਬੁਰਦਨ
ਕਿ ਦਰ ਬਰਾਬਰਿ-ਆਂ ਹੀਚ ਕੀਮੀਆ ਨ ਰਸਦ।
ਮਿੱਤਰ ਦੀ ਯਾਦ ਵਿਚ ਉਮਰ ਕੱਟੀ ਜਾ ਸਕਦੀ ਹੈ,
ਕਿਉਂ ਜੋ ਉਸ ਦੇ ਮੁਕਾਬਲੇ ਤੇ ਕੋਈ ਵੀ ਰਸਾਇਣ ਨਹੀਂ ਹੈ।

ਤਮਾਮ ਦੌਲਤਿ ਗੀਤੀ ਫ਼ਿਦਾਇ ਖ਼ਾਕਿ ਦਰਸ਼
ਕਿਹ ਤਾ ਫ਼ਿਦਾ-ਸ਼ ਨ ਗਰਦਦ ਕਸੇ ਬਜਾ ਨ ਰਸਦ।
ਸਾਰੇ ਸੰਸਾਰ ਦੀ ਦੌਲਤ ਉਸ ਦੇ ਦਰ ਦੀ ਧੂੜ ਤੋਂ ਵਾਰ ਸੁੱਟਾਂ,
ਕਿਉਂਕਿ ਜਦ ਤਕ ਉਸ ਤੋਂ ਕੁਰਬਾਨ ਨਹੀਂ ਹੁੰਦਾ, ਉਸ ਤੱਕ ਨਹੀਂ ਪੁੱਜਦਾ।

ਫ਼ਿਦਾਇ ਖ਼ਾਕਿ ਦਰਸ਼ ਮੀ ਸ਼ਵਦ ਅਜ਼ਾਂ ਗੋਯਾ
ਕਿ ਹਰਕਿ ਖ਼ਾਕ ਨ ਗਰਦਦ ਬ ਮੁਦਆ ਨ ਰਸਦ।
ਗੋਯਾ ਉਸ ਦੇ ਦਰਵਾਜ਼ੇ ਦੀ ਖ਼ਾਕ ਤੋਂ ਵਾਰੀ ਜਾਂਦਾ ਹੈ,
ਕਿਉਂਕਿ ਜਦ ਤਕ ਕੋਈ ਖ਼ਾਕ ਨਹੀਂ ਬਣਦਾ, ਆਪਣੇ ਮਨੋਰਥ ਨੂੰ ਨਹੀਂ ਪਾ ਸਕਦਾ।

## ੩੧

ਮੁਸ਼ਤਿ ਖ਼ਾਕਿ ਦਰਗਹਿ ਊ ਕੀਮੀਆ ਗਰ ਮੀ ਕੁਨਦ
ਹਰ ਗ਼ਦਾ ਰਾ ਬਾਦਿਸ਼ਾਹਿ ਹਫ਼ਤ-ਕਿਸ਼ਵਰ ਮੀ ਕੁਨਦ।
ਭਾਵੇਂ ਉਸ ਦੀ ਦਰਗਾਹ ਦੀ ਮੁੱਠੀ ਭਰ ਖ਼ਾਕ ਰਸਾਇਣ ਬਣਾ ਦਿੰਦੀ ਹੈ,
ਹਰ ਮੰਗਤੇ ਨੂੰ ਸੱਤਾਂ ਵਲਾਇਤਾਂ ਦਾ ਬਾਦਸ਼ਾਹ ਬਣਾ ਦਿੰਦੀ ਹੈ।

ਖ਼ਾਕਿ ਦਰਗਾਹਿ ਤੂ ਸਦ ਤਾਜ ਅਸਤ ਬਹਿਰਿ ਫ਼ਰਕਿ ਮਨ
ਆਸੀਅਮ ਗਰ ਦਿਲ ਹਵਾਏ ਤਾਜੋ ਅਫ਼ਸਰ ਮੀ ਕੁਨਦ।
ਮੇਰੇ ਸਿਰ ਲਈ ਤੇਰੀ ਦਰਗਾਹ ਦੀ ਧੂੜ ਸੈਂਕੜੇ ਤਾਜਾਂ ਵਰਗੀ ਹੈ,
ਮੈਂ ਗੁਨਾਹਗਾਰ ਹੋਵਾਂਗਾ, ਜੇਕਰ ਮੇਰਾ ਦਿਲ ਫਿਰ ਵੀ ਤਾਜ ਅਤੇ ਤਖ਼ਤ ਦੀ ਲਾਲਸਾ ਕਰੇ।

ਕੀਮੀਆਗਰ ਗਰ ਜ਼ਿ ਮਿਸ ਸਾਜ਼ਦ ਤੀਲਾਇ ਦੂਰ ਨੀਸਤ
ਤਾਲਿਬਿ ਹੱਕ ਖ਼ਾਕ ਰਾ ਖੁਰਸ਼ੀਦਿ ਅਨਵਰ ਮੀ ਕੁਨਦ।
ਜੇਕਰ ਕੀਮਆਗਰ ਤਾਂਬੇ ਤੋਂ ਸੋਨਾ ਬਣਾ ਲੈਂਦਾ ਹੈ, ਅਸੰਭਵ ਨਹੀਂ ਕਿ,
ਰੱਬ ਦਾ ਤਾਲਾਬ ਮਿੱਟੀ ਨੂੰ ਨੂਰ ਭਰਿਆ ਸੂਰਜ ਬਣਾ ਲਵੇ।

ਸ਼ਿਅਰਿ ਗੋਯਾ ਹਰ ਕਸੇ ਕੂ ਬਿਸ਼ਨਵਦ ਅਜ਼ ਜਾਨੋ ਦਿਲ
ਕੈ ਦਿਲਸ਼ ਪਰਵਾਏ ਲਾਅਲਿ ਦੁਕਾਨਿ ਗੌਹਰ ਮੀ ਕੁਨਦ।
ਗੋਯਾ ਦੇ ਸ਼ਿਅਰ ਜਿਹੜਾ ਵੀ ਦਿਲ ਜਾਨ ਨਾਲ ਸੁਣਦਾ ਹੈ,
ਉਸ ਦਾ ਦਿਲ ਫੇਰ ਮੋਤੀਆਂ ਦੀ ਦੁਕਾਨ ਦੇ ਲਾਲਾਂ ਦੀ ਕਦ ਪਰਵਾਹ ਕਰਦਾ ਹੈ?

## ੩੨

ਮਿਸਲਿ ਦਹਾਨਿ ਤੰਗਿ ਤੂ ਤੰਗ ਸ਼ਕਰ ਨ ਬਾਸ਼ਦ
ਈ ਮਿਸਲ ਰਾ ਕਿ ਗੁਫ਼ਤਮ ਜੀ ਖ਼ੂਬਤਰ ਨ ਬਾਸ਼ਦ।

ਤੇਰੇ ਤੰਗ ਮੂੰਹ ਵਰਗੀ ਹੋਰ ਕੋਈ ਸੋਹਣੀ ਨਹੀਂ ਹੋ ਸਕਦੀ,
ਇਸ ਕਥਾ ਤੋਂ, ਜਿਹੜੀ ਮੈਂ ਸੁਣਾਈ ਹੈ, ਹੋਰ ਕੋਈ ਵਧੇਰੇ ਚੰਗੇਰੀ ਕੋਈ ਕਥਾ ਨਹੀਂ ਹੋਣੀ।

**ਬਾ ਹਿਜਰ ਆਸ਼ਨਾ ਸ਼ੋ ਗਰ ਤਾਲਿਬਿ ਵਸਾਲੀ**
**ਰਹ ਕੈ ਬਰੀ ਬਮੰਜ਼ਲ ਤਾ ਰਾਹਬਰ ਨ ਬਾਸ਼ਦ।**

ਜੇਕਰ ਤੂੰ ਉਸ ਦੇ ਮਿਲਾਪ ਦਾ ਤਾਲਬ ਹੈਂ ਤਾਂ ਵਿਛੋੜੇ ਦਾ ਵਾਕਫ਼ ਬਣ,
ਜਦ ਤਕ ਰਾਹ ਵਿਖਾਉਣ ਵਾਲਾ ਨਾ ਹੋਵੇ, ਤੂੰ ਕਿਵੇਂ ਪੜਾਉ ਤਕ ਪੁੱਜੇਂਗਾ।

**ਦਾਮਾਨਿ ਚਸ਼ਸ਼ ਮਗੁਜ਼ਾਰ ਅਜ਼ ਦਸਤ ਹਮਚੂ ਮਿਜ਼ਗਾਂ**
**ਤਾ ਜੇਬਿ ਆਰਜ਼ੂਹਾ ਪੁਰ ਅਜ਼ ਗੁਹਰ ਨ ਬਾਸ਼ਦ।**

ਪਲਕਾਂ ਵਰਗੇ ਹੱਥਾਂ ਤੋਂ ਅੱਖਾਂ ਦੇ ਪਲ੍ਹੂ ਨੂੰ ਉਨਾਂ ਚਿਰ ਨਾ ਛੁਡਾ,
ਜਦ ਤਕ ਕਿ ਤੇਰੀਆਂ ਆਸਾਂ ਦੀ ਜੇਬ ਮੋਤੀਆਂ ਨਾਲ ਨਾ ਭਰ ਜਾਵੇ।

**ਸ਼ਾਖਿ ਉਮੀਦਿ ਆਸ਼ਿਕ ਹਰਗਿਜ਼ ਸਮਰ ਨਹਿ ਗੀਰਦ**
**ਅਜ਼ ਅਸ਼ਕਿ ਆਬਿ ਮਿਜ਼ਗਾਂ ਤਾਂ ਸਬਜ਼-ਤਰ ਨਹਿ ਬਾਸ਼ਦ।**

ਆਸ਼ਕ ਦੀ ਆਸ ਦੀ ਟਹਿਣੀ ਕਦੀ ਵੀ ਫਲਦਾਰ ਨਹੀਂ ਹੁੰਦੀ,
ਜਦ ਤਕ ਕਿ ਪਲਕਾਂ ਦੇ ਅੱਥਰੂਆਂ ਨਾਲ ਉਸ ਨੂੰ ਪਾਣੀ ਨਹੀਂ ਮਿਲਦਾ।

**ਐ ਬੁੱਅਲਫਜ਼ੂਲ ਗੋਯਾ ਅਜ਼ ਇਸ਼ਕਿ ਊ ਮਜ਼ੱਨ ਦਮ**
**ਕੋ ਪਾ ਨਹਦ ਦਰੀਂ ਰਹਿ ਆਂ ਰਾ ਸਰ ਨਹਿ ਬਾਸ਼ਦ।**

ਐ, ਮੂਰਖ ਗੋਯਾ, ਉਸ ਦੇ ਪਿਆਰ ਦੀ ਡੀਂਗ ਨਾ ਮਾਰ,
ਇਸ ਰਸਤੇ ਉੱਤੇ ਉਹੀ ਪੈਰ ਰਖ ਸਕਦਾ ਹੈ, ਜਿਸ ਦਾ ਸਿਰ ਨਾ ਹੋਵੇ।

੩੩

**ਗੁਲਿ ਹੋਲੀ ਬਬਾਗ਼ਿ ਦਹਿਰ ਬੂ ਕਰਦ**
**ਲਬਿ ਚੂੰ ਗੁੰਚਾ ਰਾ ਫ਼ਰਖ਼ੰਦਾ ਖ਼ੂ ਕਰਦ।**

ਹੋਲੀ ਦੇ ਫੁੱਲਾਂ ਨੇ ਜ਼ਮਾਨੇ ਦੇ ਬਾਗ਼ ਨੂੰ ਮਹਿਕ ਨਾਲ ਭਰ ਦਿੱਤਾ,
ਬੰਦ ਕਲੀ ਵਰਗੇ ਹੋਠਾਂ ਨੂੰ ਸੁਭਾਗੀ ਤਬੀਅਤ ਵਾਲਾ ਬਣਾ ਦਿੱਤਾ।

**ਗੁਲਾਬੋ ਅੰਬਰੋ ਮਸ਼ਕੋ ਅਬੀਰੀ**
**ਚੂ ਬਾਰਾਨਿ ਬਾਰਿਸ਼ ਅਜ਼ ਸੂ ਬਸੂ ਕਰਦ।**

ਉਸ ਨੇ ਮੀਂਹ ਦੇ ਪਾਣੀ ਵਾਂਗ,
ਗੁਲਾਬ, ਅੰਬਰ, ਮੁਸ਼ਕ ਤੇ ਅਬੀਰ ਨੂੰ ਸਾਰੀਂ ਪਾਸੀਂ ਖਲੇਰ ਦਿੱਤਾ।

**ਜ਼ਹੇ ਪਿਚਕਾਰੀਏ ਪੁਰ ਜ਼ਾਅਫ਼ਰਾਨੀ**
**ਕਿ ਹਰ ਬੇਰੰਗ ਰਾ ਖੁਸ਼ਰੰਗੋ ਬੂ ਕਰਦ।**

ਕੇਸਰ ਭਰੀ ਪਿਚਕਾਰੀ ਦਾ ਕਿਆ ਕਹਿਣਾ?
ਕਿ ਉਸ ਨੇ ਹਰ ਬਦ-ਰੰਗ ਨੂੰ ਵੀ ਰੰਗੀਨ ਤੇ ਸੁਗੰਧਤ ਕਰ ਦਿੱਤਾ।

**ਗੁਲਾਲਿ ਅਫ਼ਸ਼ਾਨੀਇ ਦਸਤਿ ਮੁਬਾਰਿਕ**
**ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ।**

ਉਸ ਦੇ ਮੁਬਾਰਕ ਹੱਥਾਂ ਦੇ ਗੁਲਾਲ ਛਿੜਕਣ ਨੇ,
ਧਰਤ ਅਸਮਾਨ ਨੂੰ ਲਾਲੋ ਲਾਲ ਕਰ ਦਿੱਤਾ।

**ਦੋ ਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ਼**
**ਚੂ ਸ਼ਾਹਮ ਜਾਮਾ ਰੰਗੀਨ ਦਰ ਗੁਲੂ ਕਰਦ।**

ਉਸ ਦੀ ਕ੍ਰਿਪਾ ਦੁਆਰਾ ਦੋਵੇਂ ਦੁਨੀਆਂ ਰੰਗੀਨ ਹੋ ਗਈਆਂ,
ਉਸ ਨੇ ਸ਼ਾਹਾਂ ਵਾਂਗ ਮੇਰੇ ਗਲ ਵਿਚ ਰੰਗੀਨ ਕੱਪੜੇ ਪਵਾ ਦਿੱਤੇ।

**ਕਸੇ ਕੂ ਦੀਦ ਦੀਦਾਰਿ ਮੁਕੱਦਸ**
**ਮੁਰਾਦਿ ਉਮਰ ਰਾ ਹਾਸਿਲ ਨਿਕੋ ਕਰਦ।**

ਜਿਸ ਕਿਸੇ ਨੇ ਵੀ ਉਸ ਦੇ ਪਵਿਤ੍ਰ ਦਰਸ਼ਨ ਕੀਤੇ,
ਉਸ ਨੇ ਸਮਝੋ ਉਮਰ ਦੀ ਮੁਰਾਦ ਚੰਗੀ ਪਾ ਲਈ।

**ਸ਼ਵਦ ਕੁਰਬਾਨ ਖ਼ਾਕਿ ਰਾਹਿ ਸੰਗਤ**
**ਦਿਲਿ ਗੋਯਾ ਹਮੀਂ ਰਾ ਆਰਜ਼ੂ ਕਰਦ।**

ਸੰਗਤ ਦੇ ਰਾਹਾਂ ਦੀ ਧੂੜ ਤੋਂ ਕੁਰਬਾਨ ਹੋ ਜਾਵੇ,
ਬਸ ਗੋਯਾ ਦੇ ਦਿਲ ਦੀ ਏਨੀ ਹੀ ਚਾਹ ਹੈ।

## ੩੪

**ਜ਼ਿਕਰਿ ਵਸਫ਼ਸ਼ ਬਰ ਜ਼ੁਬਾਂ ਬਾਸ਼ਦ ਲਜ਼ੀਜ਼**
**ਨਾਮਿ ਊ ਅੰਦਰ ਦਹਾਂ ਬਾਸ਼ਦ ਲਜ਼ੀਜ਼।**

ਉਸ ਦੀ ਸਿਫ਼ਤ ਸਲਾਹ ਦਾ ਜ਼ਿਕਰ ਜੀਵ ਨੂੰ ਬੜਾ ਚੰਗਾ ਲੱਗਦਾ ਹੈ,
ਉਸ ਦਾ ਨਾਮ ਮੂੰਹ ਵਿਚ ਆਇਆ ਕਿੰਨਾਂ ਸਵਾਦ ਦਿੰਦਾ ਹੈ?

**ਐ ਜ਼ਹੇ ਸੇਬਿ ਜ਼ਿ ਨਖਦਾਨੇ ਸ਼ੁਮਾ**
**ਮੇਵਾ ਚੂੰ ਦਰ ਬਸਤਾਂ ਬਾਸ਼ਦ ਲਜ਼ੀਜ਼।**

ਵਾਹ! ਕਿੰਨੇ ਸੋਹਣੇ ਹਨ ਤੇਰੀ ਠੋਡੀ ਦੇ ਸਿਉ,
ਬਾਗ਼ ਵਿਚ ਅਜਿਹਾ ਮਿੱਠਾ ਤੇ ਸੁਆਦਲਾ ਮੇਵਾ ਭਲਾ ਕਿੱਥੇ?

**ਚਸ਼ਮਿ ਮਾ ਰੋਸ਼ਨ ਜ਼ਿ ਦੀਦਾਰਿ ਸ਼ੁਮਾ ਅਸਤ**
**ਜਾਂ ਨਿਸਾਰਿਸ਼ ਬਸਕਿ ਆਂ ਬਾਸ਼ਦ ਲਜ਼ੀਜ਼।**

ਤੁਹਾਡੇ ਦੀਦਾਰ ਦੇ ਸਦਕੇ ਸਾਡੀ ਅੱਖ ਰੋਸ਼ਨ ਹੈ,
ਮੈਂ ਉਸ ਦੀਦਾਰ ਤੋਂ ਕੁਰਬਾਨ ਜਾਵਾਂ, ਉਹ ਕਿੰਨਾ ਸੁਆਦਲਾ ਹੈ।

**ਸੁੰਬਲੇ ਜ਼ੁਲਫ਼ਿ ਤੂ ਦਿਲਿ ਰਾ ਬੁਰਦ ਅਸਤ.**
**ਆਂ ਲਬਿ ਲਾਅਲਿ ਤੂ ਜ਼ਾਂ ਬਾਸ਼ਦ ਲਜ਼ੀਜ਼।**

ਤੇਰੀ ਜ਼ੁਲਫ਼ ਦੇ ਕੁੰਡਲ ਨੇ ਸਾਡਾ ਦਿਲ ਉਡਾ ਲਿਆ ਹੈ,
ਤੇਰੇ ਲਾਲ ਹੋਠ ਇਸੇ ਕਾਰਣ ਸੁਆਦਲੇ ਹਨ।

**ਲੱਜ਼ਤਿ ਗੋਯਾ ਨਹਿ ਬਾਸ਼ਦ ਬਿਹ ਅਜ਼ਾਂ**
**ਹਸਤੂ ਸ਼ਿਅਰੇ ਤੂ ਬ-ਹਿੰਦੋਸਤਾਂ ਲਜ਼ੀਜ਼।**

ਐ ਗੋਯਾ ਤੇਰੇ ਸ਼ਿਅਰਾਂ ਦੇ ਸੁਆਦ ਤੋਂ ਚੰਗੇਰਾ,
ਹੋਰ ਕੋਈ ਸੁਆਦ ਨਹੀਂ ਹੋ ਸਕਦਾ।

੩੫

**ਆਰਿਫ਼ਾਂ ਰਾ ਸੂਇ ਊ ਬਾਸ਼ਦ ਲਜ਼ੀਜ਼**
**ਆਸ਼ਿਕਾਂ ਰਾ ਕੂਏ ਊ ਬਾਸ਼ਦ ਲਜ਼ੀਜ਼।**

ਰੱਬੀ ਗਿਆਨਵਾਨਾਂ ਨੂੰ ਉਸੇ ਦਾ ਪਾਸਾ ਹੀ ਚੰਗਾ ਲੱਗਦਾ ਹੈ,
ਪ੍ਰੇਮੀਆਂ ਲਈ ਸੱਜਨ ਦੀ ਗਲੀ ਵੀ ਸੁਹਾਵਣੀ ਹੈ।

**ਕਾਕਲਿ ਊ ਦਿਲ-ਫ਼ਰੇਬਿ ਆਲਮ ਅਸਤ**
**ਤਾਲਿਬਾਂ ਰਾ ਮੂਏ ਊ ਬਾਸ਼ਦ ਲਜ਼ੀਜ਼।**

ਉਸ ਦੀਆਂ ਲਿੱਟਾਂ ਨੇ ਸਾਰੀ ਦੁਨੀਆਂ ਦੇ ਦਿਲ ਨੂੰ ਮੋਹ ਰਖਿਆ ਹੈ।
ਉਸ ਦੇ ਚਾਹੁਣ ਵਾਲਿਆਂ ਲਈ ਤਾਂ ਉਸ ਦੇ ਕੇਸ ਹੀ ਸੁਹਾਵਣੇ ਹਨ।

**ਰੋਜ਼ਾਇ ਬਾਗਿ ਇਰਮ ਕੁਰਬਾਂ ਕੁਨਮ**
**ਬਸਕਿ ਮਾ ਰਾ ਕੂਇ ਊ ਬਾਸ਼ਦ ਲਜ਼ੀਜ਼।**

ਸਾਨੂੰ ਉਸ ਦੀ ਗਲੀ ਇੰਨੀ ਪਿਆਰੀ ਹੈ,
ਕਿ ਮੈਂ ਬਹਿਸ਼ਤ ਦੇ ਬਾਗ਼ ਨੂੰ ਉਸ ਤੋਂ ਕੁਰਬਾਨ ਕਰ ਦਿਆਂ।

**ਜ਼ਿੰਦਾ ਮੀ ਗਰਦਮ ਜ਼ਿ ਬੂਇ ਮਕਦਮਸ਼**
**ਬਸਕਿ ਮਾ ਰਾ ਬੂਇ ਊ ਬਾਸ਼ਦ ਲਜ਼ੀਜ਼।**

ਉਸ ਦੇ ਭਾਗਾਂ ਭਰੇ ਆਉਣ ਦੀ ਸੁਗੰਧੀ ਨਾਲ ਮੈਂ ਸੁਰਜੀਤ ਹੋ ਜਾਂਦਾ ਹਾਂ,
ਇਸ ਲਈ ਸਾਨੂੰ ਉਸ ਦੀ ਸੁਗੰਧੀ ਬੜੀ ਸੁਆਦਲੀ ਲੱਗਦੀ ਹੈ।

**ਜ਼ਿਕਰਿ ਯਾਦਿ ਹੱਕ ਕਿ ਊ ਬਾਸ਼ਦ ਲਜ਼ੀਜ਼**
**ਅਜ਼ ਹਮਾ ਮੇਵਾ ਕਿ ਊ ਬਾਸ਼ਦ ਲਜ਼ੀਜ਼।**

ਰੱਬ ਦੀ ਯਾਦ ਦਾ ਜ਼ਿਕਰ ਕਿੰਨਾ ਸੁਆਦਲਾ ਹੁੰਦਾ ਹੈ,
ਸਾਰਿਆਂ ਮੇਵਿਆਂ ਨਾਲੋਂ ਇਹ ਵਧੇਰੇ ਸੁਆਦਲਾ ਹੈ।

**ਆਬ-ਬਖ਼ਸ਼ੀ ਜੁਮਲਾ ਆਲਮ ਮੇ ਸ਼ਵੀ**
**ਗਰ ਤੁਰਾ ਈਂ ਆਰਜ਼ੂ ਬਾਸ਼ਦ ਲਜ਼ੀਜ਼।**

ਜੇਕਰ ਤੈਨੂੰ ਇਹ ਇੱਛਾ ਭਾਉਂਦੀ ਹੈ,
ਤਾਂ ਤੂੰ ਸਾਰੇ ਸੰਸਾਰ ਨੂੰ ਅੰਮ੍ਰਿਤ ਬਖ਼ਸ਼ਣ ਵਾਲਾ ਬਣ ਜਾਵੇਂਗਾ।

**ਸ਼ੇਅਰਿ ਗੋਯਾ ਬੇਸ਼ ਅਜ਼ ਸ਼ੀਰੋ ਸ਼ਕਰ**
**ਮੇਵਾ ਦਰ ਹਿੰਦੁਸਤਾਂ ਬਾਸ਼ਦ ਲਜ਼ੀਜ਼।**

ਗੋਆ ਦੇ ਸ਼ਿਅਰ ਹਿੰਦੁਸਤਾਨ ਵਿਚ ਅਜਿਹੇ ਮੇਵੇ ਹਨ,
ਜਿਹੜੇ ਖੰਡ ਅਤੇ ਦੁੱਧ ਨਾਲੋਂ ਵੀ ਵਧੇਰੇ ਮਿੱਠੇ ਹਨ।

੩੬

**ਜ਼ ਫੈਜ਼ਿ ਮਕਦਮਤ ਐ ਅਬ੍ਰਗਾਇ ਫ਼ਸਲਿ ਬਹਾਰ**
**ਜਹਾਂ ਚੂ ਬਾਗ਼ਿ ਇਰਮ ਪੁਰ ਸ਼ੁਦਸਤ ਅਜ਼ ਗੁਲਜ਼ਾਰ।**

ਐ ਬਹਾਰ ਦੀ ਫ਼ਸਲ ਦੇ ਭਰਵੱਟਿਓ! ਤੇਰੀ ਆਮਦ ਦੀ ਕ੍ਰਿਪਾ ਸਦਕਾ,
ਜਹਾਨ ਗੁਲਜਾਰਾਂ ਨਾਲ ਬਹਿਸ਼ਦ ਦੇ ਬਾਗ ਵਾਂਗ ਭਰ ਗਿਆ ਹੈ।

**ਤਬੱਸਮਿ ਤੂ ਜਹਾਂ ਰਾ ਹਯਾਤ ਮੀ ਬਖਸ਼ਦ**
**ਕਰਾਰ ਦੀਦਾਇ ਸਾਹਿਬ-ਦਿਲਾਂ ਪੁਰ-ਇਸਰਾਰ।**

ਤੇਰੀ ਮੁਸਕਾਨ ਜਹਾਨ ਨੂੰ ਜ਼ਿੰਦਗੀ ਬਖ਼ਸ਼ਦੀ ਹੈ,
ਅਤੇ ਇਹ ਰਹੱਸਮਈ ਸੂਫ਼ੀਆਂ ਦੀਆਂ ਅੱਖਾਂ ਲਈ ਇਕ ਚੈਨ ਤੇ ਕਰਾਰ ਹੈ।

**ਬਗ਼ੈਰ ਇਸ਼ਕਿ ਖ਼ੁਦਾ ਹੀਚ ਇਸ਼ਕ ਕਾਇਮ ਨੀਸਤ**
**ਬਗ਼ੈਰ ਆਸ਼ਿਕਿ ਮੌਲਾ ਹਮਾ ਫ਼ਨਾਹ ਪਿੰਦਾਰ।**

ਰੱਬ ਦੇ ਪ੍ਰੇਮ ਤੋਂ ਬਿਨਾਂ ਹੋਰ ਕੋਈ ਪ੍ਰੇਮ ਪੱਕਾ ਨਹੀਂ,
ਬਿਨਾਂ ਰੱਬ ਦੇ ਪਿਆਰਿਆਂ ਦੇ ਤੂੰ ਸਭ ਕੁਝ ਨਾਸ਼ਵਾਨ ਸਮਝ।

**ਬਹਰ ਤਰਫ਼ ਕਿ ਨਿਗਾਹੇ ਕੁਨੀ ਰਵਾਂ ਬਖ਼ਸ਼ੀ**
**ਨਿਗਾਹਿ ਤੁਸਤ ਕਿ ਦਰ ਹਰ ਤਰਫ਼ ਬਵਦ ਜਾਂਬਾਰ।**

ਜਿਧਰ ਵੀ ਤੂੰ ਨਿਗਾਹ ਕਰਦਾ ਹੈਂ, ਤੂੰ ਨਵੀਂ ਰੂਹ ਬਖ਼ਸ਼ ਦਿੰਦਾ ਹੈਂ,
ਇਹ ਤੇਰੀ ਨਿਗਾਹ ਹੀ ਹੈ, ਜਿਹੜੀ ਹਰ ਪਾਸੇ ਜਾਨਾਂ ਦੀ ਬਰਖਾ ਕਰਦੀ ਹੈ।

**ਖ਼ੁਦਾ ਕਿ ਦਰ ਹਮਾ ਹਾਲਸਤ ਹਾਜ਼ਰੋ ਨਾਜ਼ਿਰ**
**ਕੁਜਾਸਤ ਦੀਦਾ ਕਿ ਬੀਨਦ ਬਹਰ ਤਰਫ਼ ਦੀਦਾਰ।**

ਰੱਬ ਤਾਂ ਹਰ ਨਾਲ, ਹਰ ਥਾਂ, ਸਦਾ ਹਾਜ਼ਰ ਨਾਜ਼ਰ ਹੈ,
ਪਰੰਤੂ ਅਜਿਹੀ ਅੱਖ ਕਿੱਥੇ ਹੈ, ਜਿਹੜੀ ਹਰ ਪਾਸੇ ਉਸ ਦਾ ਦੀਦਾਰ ਵੇਖ ਸਕੇ।

**ਬਗ਼ੈਰ ਆਰਫ਼ਿ ਮੌਲਾ ਕਸੇ ਨਜਾਤ ਨ-ਯਾਫ਼ਤ**
**ਅਜਲ ਜ਼ਮੀਨੋ ਜ਼ਮਾਂ ਰਾ ਗ੍ਰਿਫ਼ਤਾ ਦਰ ਮਿਨਕਾਰ।**

ਬਿਨਾਂ ਰੱਬ ਦੇ ਜਾਨਣ ਵਾਲਿਆਂ ਦੇ ਕਿਸੇ ਹੋਰ ਨੂੰ ਮੁਕਤੀ ਨਹੀਂ ਮਿਲੀ।
ਮੌਤ ਨੇ ਤਾਂ ਧਰਤ ਦੇ ਸਮੇਂ ਨੂੰ ਆਪਣੀ ਚੁੰਜ ਵਿਚ ਫੜ੍ਹ ਰਖਿਆ ਹੈ।

**ਹਮੇਸ਼ਾ ਜ਼ਿੰਦਾ ਬਵਦ ਬੰਦਾਇ ਖ਼ੁਦਾ ਗੋਯਾ**
**ਕਿ ਗ਼ੈਰ ਬੰਦਗੀਅਸ਼ ਨੀਸਤ ਦਰ ਅਹਾਂ ਆਸਾਰ।**

ਐ ਗੋਯਾ, ਰੱਬ ਦਾ ਬੰਦਾ ਅਮਰ ਹੋ ਜਾਂਦਾ ਹੈ,
ਕਿਉਂ ਜੋ ਉਸ ਦੀ ਬੰਦਗੀ ਤੋਂ ਬਿਨਾਂ ਜਹਾਨ ਵਿਚ ਹੋਰ ਕਿਸੇ ਦਾ ਕੋਈ ਨਿਸ਼ਾਨ ਨਹੀਂ।

੩੭

**ਮਨ ਅਜ਼ ਜਵਾਂ ਕਿ ਪੀਰ ਸ਼ੁਦਮ ਦਰ ਕਿਨਾਰਿ ਉਮਰ**
**ਐ ਬਾ-ਤੋ ਖੁਸ਼ ਗੁਜ਼ਸ਼ਤ ਮਰਾ ਦਰ ਕਿਨਾਰਿ ਉਮਰ।**

ਮੈਂ ਉਮਰ ਦੀ ਗੋਦੀ ਵਿਚ ਜਵਾਨ ਤੋਂ ਬੁੱਢਾ ਹੋ ਗਿਆ ਹਾਂ,

ਤੇਰੀ ਸੰਗਤ ਵਿਚ ਉਮਰ ਦੀ ਗੋਦ ਵਿਚ ਮੇਰੀ ਜ਼ਿੰਦਗੀ ਕਿੰਨੀ ਸੋਹਣੀ ਲੰਘੀ ਸੀ।

**ਦਮਹਾਇ ਮਾਂਦਾ ਰਾ ਤੂ ਚੁਨੀਂ ਮੁਗ਼ਤਨਮ ਸ਼ੁਮਾਰ**
**ਆਖਿਰ ਖਿਜ਼ਾਂ ਬਰ ਆਵੁਰਦ ਈਂ ਨੌ ਬਹਾਰਿ ਉਮਰ।**

ਬਾਕੀ ਰਹਿੰਦੇ ਸਵਾਸਾਂ ਨੂੰ ਤੂੰ ਇਸ ਤਰ੍ਹਾਂ ਸੁਭਾਗੇ ਸਮਝ,
ਕਿਉਂਕਿ ਅਖ਼ੀਰ ਪਤੱਝੜ ਨੇ ਹੀ ਇਸ ਉਮਰ ਦੀ ਬਹਾਰ ਲਿਆਂਦੀ।

**ਹਾਂ ਮੁਗ਼ਤਨਮ ਸ਼ੁਮਾਰ ਦਮੇ ਰਾ ਬ-ਜ਼ਿਕਰਿ ਹੱਕ**
**ਚੂੰ ਬਾਦ ਮੀਰਵਦ ਜ਼ਿ ਨਜ਼ਰ ਦਰ ਸ਼ੁਮਾਰ ਉਮਰ।**

ਹਾਂ, ਉਸ ਘੜੀ ਨੂੰ ਵੀ ਸੁਭਾਗਾ ਸਮਝ, ਜੋ ਰੱਬ ਦੀ ਯਾਦ ਵਿਚ ਗੁਜ਼ਰੇ,
ਕਿਉਂ ਜੋ ਉਮਰ ਦਾ ਹਿਸਾਬ ਲਾਉਣ ਲੱਗਿਆਂ ਇਹ ਨਜ਼ਰ ਤੋਂ ਹਵਾ ਵਾਂਗ ਲੰਘ ਜਾਂਦੀ ਹੈ।

**ਬਾਸ਼ਦ ਰਵਾਂ ਚੂ ਕਾਫ਼ਲਾਇ ਮੌਜ ਪੈ ਬ ਪੈ**
**ਆਬੇ ਬਿਨੋਸ਼ ਯਕ ਨਫ਼ਸ ਅਜ਼ ਜੂਇ ਬਾਰਿ ਉਮਰ।**

ਹਰ ਵਕਤ ਲਹਿਰਾਂ ਦੇ ਕਾਫ਼ਲੇ ਵਾਂਗ [ਉਮਰ ਦੀ ਨਦੀ ਵੱਗਦੀ] ਰਹਿੰਦੀ ਹੈ,
[ਹੋ ਸਕੇ] ਤਾਂ ਤੂੰ ਇਸ ਉਮਰ ਦੀ ਨਦੀ ਚੋਂ ਪਲ ਭਰ ਲਈ ਪਾਣੀ ਦਾ ਘੁੱਟ ਪੀ ਲੈ।

**ਸਦ ਕਾਰ ਕਰਦਾਈ ਕਿ ਨਯਾਇਦ ਬਕਾਰਿ ਤੂ**
**ਗੋਯਾ ਬਿਕੁਨ ਕਿ ਬਾਜ਼ ਬਿਆਇਦ ਬਕਾਰਿ ਉਮਰ।**

ਤੂੰ ਸੈਂਕੜੇ ਕੰਮ ਅਜਿਹੇ ਕੀਤੇ ਹਨ, ਜਿਹੜੇ ਤੇਰੇ ਕੰਮ ਨਹੀਂ ਆਉਣੇ।
ਗੋਯਾ ਤੂੰ, ਅਜਿਹੇ ਕੰਮ ਕਰ, ਜਿਹੜੇ ਫੇਰ ਵੀ ਤੇਰੇ ਕੰਮ ਆਉਣ।

## ੩੮

**ਮਾ ਕਿ ਦੀਦੇਮ ਸਰਿ ਕੂਇ ਤੂ ਐ ਮਹਿਰਮਿ ਰਾਜ਼**
**ਵਜ਼ ਹਮਾ ਰੂਇ ਫ਼ਗੰਦੇਮ ਸਰਿ ਖ਼ੁਦ ਨਿਆਜ਼।**

ਸਭ ਭੇਤਾਂ ਦੇ ਜਾਨਣਹਾਰ, ਅਸਾਂ ਜਿਨ੍ਹਾਂ ਤੇਰੀ ਗਲੀ ਦਾ ਸਿਰਾ ਵੇਖਿਆ ਹੈ,
ਅਸਾਂ ਸਭ ਵਲੋਂ ਆਪਣੀ ਜ਼ਰੂਰਤ ਦਾ ਮੂੰਹ ਮੋੜ ਲਿਆ ਹੈ।

**ਤਾ ਬਗਰਦੇ ਸਰਿ ਕੂਇ ਤੂ ਬਗਰਦੀਦ ਆਮ**
**ਰੋਜ਼ਾਇ ਖ਼ੁਲਦੀ ਬਰੀਂ ਰਾ ਬਿਕੁਨਮ ਪਾ ਅੰਦਾਜ਼।**

ਜਦ ਤੋਂ ਸਾਡਾ ਤੇਰੀ ਗਲੀ ਗਿਰਦੇ ਘੁੰਮਣਾ ਆਮ ਹੋਇਆ ਹੈ।
ਮੈਂ ਸਭ ਤੋਂ ਚੰਗੇ ਸੁਰਗ ਦੇ ਬਾਗ਼ ਨੂੰ ਠੁਕਰਾ ਦਿੱਤਾ ਹੈ।

**ਅਜ਼ ਖ਼ਮਿ ਕਾਕਲਿ ਮੁਸ਼ਕੀਂ ਦਿਲੋ ਦੀਂ ਬੁਰਦ ਅਜ਼ ਮਾ**
**ਹਾਸਿਲਿ ਉਮਰ ਹਮੀਂ ਬੂਦ ਅਜ਼ੀਂ ਉਮਰਿ-ਦਰਾਜ਼।**

ਆਪਣੀ ਸੁਗੰਧਤ ਲਿੱਟ ਦੇ ਵਲ ਨਾਲ ਉਹ ਸਾਡਾ ਦਿਲ ਅਤੇ ਦੀਨ ਲੈ ਗਿਆ,
ਇਸ ਲੰਮੀ ਉਮਰ ਤੋਂ ਅਸੀਂ ਇਹੀ ਕੁਝ ਖੱਟਿਆ ਸੀ।

**ਮੁਸਹਫ਼ਿ ਰੂਇ ਤੂ ਹਾਫ਼ਿਜ਼ ਹਮਾ ਰਾ ਹਮਾ ਦਰ ਹਾਲ**
**ਖ਼ਮਿ ਅਬਰੂਇ ਤੂ ਮਹਿਰਾਬਿ ਦਿਲ ਅਹਿਲਿ ਨਿਮਾਜ਼।**

ਸਾਰਿਆਂ ਨੂੰ ਸਦਾ ਹੀ ਤੇਰੇ ਮੁਖੜੇ ਦਾ ਕੁਰਾਨ ਜ਼ਬਾਨੀ ਯਾਦ ਹੈ,
ਨਮਾਜ਼ੀਆਂ ਦੇ ਦਿਲਾਂ ਲਈ ਤੇਰੇ ਭਰਵੱਟੇ ਦਾ ਖ਼ਮ ਮਹਿਰਾਬ ਹੈ।

ਦਿਲਿ ਮਨ ਬੇ ਤੂ ਚੂਨਾਂਸਤ ਚਿਹ ਗੋਇਦਾ ਗੋਯਾ
ਹਮਚੂ ਆਂ ਸ਼ਮਆ ਕਿ ਦਾਇਮ ਬਵਦ-ਅਜ਼ ਸੋਜ਼ੋ ਗੁਦਾਜ਼।
ਮੈਂ ਕੀ ਦੱਸਾਂ ਕਿ ਤੇਰੇ ਬਿਨਾਂ ਮੇਰੇ ਦਿਲ ਦੀ ਕੀ ਹਾਲਤ ਹੈ?
ਇਹ ਉਸ ਦੀਵੇ ਵਾਂਗ ਹੈ, ਕਿ ਜਿਸ ਨੂੰ ਹਮੇਸ਼ਾਂ ਸੜਨਾ ਅਤੇ ਪਿਘਲਣਾ ਪੈਂਦਾ ਹੈ।

੩੯

ਬੇ ਤੂ ਆਲਮ ਜੁਮਲਾ ਹੈਰਾਨਸਤੋ ਬਸ
ਸੀਨਾ ਅਜ਼ ਹਿਜਰਿ ਤੂ ਬਿਰਯਾਂਨਸਤੋ ਬਸ।
ਤੇਰੇ ਬਿਨਾਂ ਸਾਰਾ ਜਹਾਨ ਹੈਰਾਨ ਹੋਇਆ ਪਿਆ ਹੈ,
ਤੇਰੇ ਵਿਛੋੜੇ ਕਾਰਨ ਸੀਨਾ ਕਬਾਬ ਹੋ ਚੁੱਕਾ ਹੈ।

ਤਾਲਿਬ ਮੌਲਾ ਹਮੇਸ਼ਾ ਜ਼ਿੰਦਾ ਅਸਤ
ਬਰ ਜ਼ਬਾਨਸ ਨਾਮਿ ਸੁਬਹਾਨ ਅਸਤੋ ਬਸ।
ਰੱਬ ਦਾ ਢੂੰਡਾਊ ਸਦਾ ਜ਼ਿੰਦਾ ਰਹਿੰਦਾ ਹੈ,
ਉਸ ਦੀ ਜੀਭਾ ਤੇ ਬਸ ਉਸ ਸਰਬ ਸ਼ਕਤੀਮਾਨ ਦਾ ਨਾਮ ਰਹਿੰਦਾ ਹੈ।

ਖ਼ਾਲਿ ਮੁਸ਼ਕੀਨਸ਼ ਦਿਲਿ ਆਲਮ ਰਬੂਦ
ਕੁਫ਼ਰਿ ਜ਼ੁਲਫਸ਼ ਦਾਮਿ ਈਮਾਨਸਤੋ ਬਸ।
ਉਸ ਦੇ ਸੁਗੰਧਤ ਕਾਲੇ ਤਿਲ ਨੇ ਦੁਨੀਆਂ ਦਾ ਦਿਲ ਲੁੱਟ ਲਿਆ,
ਉਸ ਦੀਆਂ ਜ਼ੁਲਫ਼ਾਂ ਦਾ ਕੁਫ਼ਰ ਈਮਾਨ ਲਈ ਬਸ ਇਕ ਜਾਲ ਹੈ।

ਜ਼ੂਦ ਬਿਨੁਮਾ ਆਂ ਰੁਖ਼ਿ ਚੂੰ ਆਫ਼ਤਾਬ
ਈਂ ਇਲਾਜਿ ਚਸ਼ਮਿ ਗਿਰੀਆਨਸਤੋ ਬਸ।
ਮੈਨੂੰ ਆਪਣਾ ਸੂਰਜ ਵਰਗਾ ਮੁਖੜਾ ਜਲਦੀ ਵਿਖਾ,
ਕਿਉਂ ਜੋ ਰੋ ਰਹੀ ਅੱਖ ਦਾ ਇਹੀ ਇਕ ਇਲਾਜ ਹੈ।

ਦਿਲ-ਨਿਸਾਰੀ ਕਾਮਤਿ ਰਾਅਨਾਈਇ ਊ
ਜਾਂ ਫ਼ਿਦਾਈਏ ਜਾਨਿ ਜਾਨਾਂਨਸਤੋ ਬਸ।
ਉਸ ਦੇ ਸੁੰਦਰ ਕੱਦ ਕਾਠ ਤੋਂ ਆਪਣਾ ਦਿਲ ਕੁਰਬਾਨ,
ਜਾਨ ਤਾਂ ਬੱਸ ਕੇਵਲ ਪਿਆਰੇ ਤੋਂ ਵਾਰਨ ਲਈ ਹੈ।

ਗਰ ਬਿ-ਪੁਰਸੀ ਹਾਲਿ ਗੋਯਾ ਯੱਕ ਨਫ਼ਸ
ਈਂ ਇਲਾਜਿ ਦਰਦਿ ਹਰਮਾਨਸਤੋ ਬਸ।
ਕਾਸ਼ ਤੂੰ ਗੋਯਾ ਦਾ ਹਾਲ ਪਲ ਭਰ ਲਈ ਪੁੱਛਦੋ,
ਏਹੀ ਤਾਂ ਬਸ ਇਕੋ ਦਰਦ-ਕੁੱਠੇ ਦਿਲ ਦਾ ਇਲਾਜ ਹੈ।

੪੦

ਮੁਦਾਮ ਬਾਦਾ-ਕਸ਼ੋ ਸੂਫ਼ੀ ਓ ਸਫ਼ਾ ਮੀ ਬਾਸ਼
ਤਮਾਮਿ ਜ਼ੁਹਦ ਸ਼ੋ ਵ ਰਿੰਦਿ ਬੇਨਵਾ ਮੀ ਬਾਸ਼।

ਹਮੇਸ਼ਾਂ ਤੂੰ ਨਸ਼ਈ, ਸੂਫ਼ੀ ਅਤੇ ਸਾਫ਼ ਰਹੁ,
ਤੂੰ ਸਾਰੇ ਦਾ ਸਾਰਾ ਬੰਦਗੀ ਹੋ ਜਾ, ਅਤੇ ਮਲੰਗ ਰਿੰਦ ਬਣ ਜਾ।

**ਬਸੂਇ ਗ਼ੈਰ ਮਿਅਫ਼ਗਨ ਨਜ਼ਰ ਕਿ ਬੇ-ਬਸਰੀ**
**ਤਮਾਮ ਚਸ਼ਮ ਸ਼ੋ ਵ ਸੂਇ ਦੋਸਤ ਵਾ ਮੀ ਬਾਸ਼।**

ਤੂੰ ਗ਼ੈਰ ਵੱਲ ਅੱਖ ਚੁੱਕ ਕੇ ਵੀ ਨਾ ਵੇਖ ਕਿਉਂਕਿ ਤੂੰ ਅੰਨ੍ਹਾਂ ਹੈਂ,
ਤੂੰ ਸਾਰੀ ਦੀ ਸਾਰੀ ਅੱਖ ਹੋ ਜਾ, ਅਤੇ ਸੱਜਨ ਵੱਲ ਇਸ ਨੂੰ ਖੋਲ੍ਹੀ ਰੱਖ।

**ਬ-ਗਿਰਦਿ ਕਾਮਤਿ ਆਂ ਸ਼ਾਹਿ ਦਿਲਰੁਬਾ ਮੀ ਗਰਦ**
**ਅਸੀਰਿ ਹਲਕਾਇ ਆਂ ਜ਼ੁਲਫ਼ਿ ਮੁਸ਼ਕ ਸਾ ਮੀ ਬਾਸ਼।**

ਉਸ ਦਿਲਾਂ ਨੂੰ ਚੁਰਾ ਲੈਣ ਵਾਲੇ ਬਾਦਸ਼ਾਹ ਦੇ ਕੱਦ ਉਦਾਲੇ ਚੱਕਰ ਕੱਟ,
ਤੇ ਉਸ ਸੁਗੰਧਤ ਜ਼ੁਲਫ਼ ਦੇ ਫੰਧੇ ਦਾ ਕੈਦੀ ਬਣ ਜਾ।

**ਨ ਗੋਇਮਤ ਕਿ ਸੂਇ ਦੈਰ ਯਾ ਹਰਮ ਮੀ ਰੌ**
**ਬਹਰ ਤਰਫ਼ ਕਿ ਰਵੀ ਜਾਨਬਿ ਖ਼ੁਦਾ ਮੀ ਬਾਸ਼।**

ਮੈਂ ਤੈਨੂੰ ਇਹ ਨਹੀਂ ਕਹਿੰਦਾ, ਕਿ ਤੂੰ ਮੰਦਰ ਜਾਂ ਕਾਅਬੇ ਵੱਲ ਜਾ,
ਮੈਂ ਤਾਂ ਕਹਿੰਦਾ ਹਾਂ ਕਿ ਜਿਧਰ ਵੀ ਤੂੰ ਜਾਵੇਂ, ਮੂੰਹ ਰੱਬ ਵੱਲ ਰੱਖ।

**ਬਸੂਇ ਗ਼ੈਰ ਚੂ ਬੇਗਾਨਗਾਂ ਚਿਹ ਮੀ ਗਰਦੀ**
**ਹਮੀ ਜ਼ਿ ਹਾਲਿ ਦਿਲਿ ਖ਼ਸਤਾ ਆਸ਼ਨਾ ਮੀ ਬਾਸ਼।**

ਤੂੰ ਗ਼ੈਰਾਂ ਵੱਲ ਪਰਾਇਆਂ ਵਾਂਗ ਕਿਉਂਕਿ ਫਿਰਦਾ ਹੈਂ?
ਤੂੰ ਤਾਂ ਟੁੱਟੇ ਹੋਏ ਦਿਲ ਦੇ ਹਾਲ ਦਾ ਵਾਕਫ਼ਦਾਰ ਬਣ।

**ਮੁਦਾਮ ਸ਼ਾਕਿਰੋ ਸ਼ਾਦਾਬ ਚੂੰ ਦਿਲਿ ਗੋਯਾ**
**ਤਮਾਮਿ ਮੁਤਲਿਬੋ ਫ਼ਾਰਿਗ਼ ਜ਼ਿ ਮੁਦਆ ਮੀ ਬਾਸ਼।**

ਸਦਾ ਗੋਯਾ ਦੇ ਦਿਲ ਵਾਂਗ ਸੰਤੋਖੀ ਅਤੇ ਹਰਿਆ ਭਰਿਆ ਰਹੁ,
ਤੂੰ ਆਪਣੇ ਨਿਜੀ ਸਵਾਰਥਾਂ ਤੋਂ ਮੁਕਤ (ਢੂੰਡਾਊ) ਹੋ ਜਾ [ਇਸ ਤਰ੍ਹਾਂ ਅਸਲ ਮਨੋਰਥ ਨੂੰ ਪਾ ਲਵੇਂਗਾ]।

## ੪੧

**ਹਮਾ ਰਾ ਸੀਨਾ ਬਿਰੀਆਨਸਤੋ ਬਿਰੀਆਨਸਤੋ ਬਿਰੀਆਨਸ਼**
**ਦੋ ਆਲਮ ਬਹਿਰਿ ਆਂ ਦੀਦਾਰ ਹੈਰਾਂਨਸਤੋ ਹੈਰਾਨਸ਼।**

ਸਾਰਿਆਂ ਦੇ ਸੀਨੇ ਲੂਹੇ ਪਏ ਹਨ, ਝੁਲਸੇ ਪਏ ਹਨ।
ਦੋਵੇਂ ਜਹਾਨ ਉਸ ਦੇ ਦੀਦਾਰ ਲਈ ਹੈਰਾਨ ਹਨ, ਪਰੇਸ਼ਾਨ ਹਨ।

**ਜ਼ਿ ਖ਼ਾਕਿ ਕੂਇ ਤੂ ਕਾਂ ਸੁਰਮਾਇ ਅਹਿਲਿ ਨਜ਼ਰ ਬਾਸ਼ਦ**
**ਨਮੀ ਬਾਸ਼ਦ ਇਲਾਜੇ ਬਿਹ ਬਰਾਇ ਚਸ਼ਮਿ ਗਿਰੀਆਨਸ਼।**

ਤੇਰੀ ਗਲੀ ਦੀ ਧੂੜ ਨਾਲੋਂ, ਜਿਹੜੀ ਦਿੱਬ ਦ੍ਰਿਸ਼ਟੀ ਵਾਲੇ ਆਰਫ਼ਾਂ ਲਈ ਸੁਰਮਾ ਹੈ,
ਰੋਂਦੀ ਹੋਈ ਅੱਖ ਲਈ ਹੋਰ ਕੋਈ ਚੰਗੇਰਾ ਇਲਾਜ ਨਹੀਂ।

**ਮਹੋ ਖ਼ੁਰਸ਼ੀਦ ਗਿਰਦਿ ਕੂਇ ਊ ਗਰਦੰਦ ਰੂਜ਼ੋ ਸ਼ਬ**

ਅਜਾਇਬ ਰੋਸ਼ਨੀ ਬਖ਼ਸ਼ਿ ਦੋ-ਆਲਮ ਸਹਤ ਅਹਿਸਾਨਸ਼।
ਚੰਨ ਸੂਰਜ ਰਾਤ ਦਿਨ ਉਸ ਦੀ ਗਲੀ ਦੀ ਪਰਕਰਮਾ ਕਰਦੇ ਰਹਿੰਦੇ ਹਨ,
ਉਸ ਦਾ ਇਹ ਅਹਿਸਾਨ ਹੈ ਕਿ ਇਹ ਦੋਹਾਂ ਜਹਾਨਾਂ ਨੂੰ ਰੋਸ਼ਨੀ ਬਖ਼ਸ਼ਣ ਯੋਗ ਬਣਾ ਦਿੰਦੀ ਹੈ।

ਬ-ਹਰ ਸੂਇ ਕਿ ਮੀ ਬੀਨਮ ਜਮਾਲਸ਼ ਜਲਵਾਗਰ ਬਾਸ਼ਦ
ਜਹਾਂ ਆਸ਼ੁਫ਼ਤਾ ਓ ਸ਼ੈਦਾ ਮਦਾਮ ਅਜ਼ ਜ਼ੁਲਫ਼ਿ ਪੇਚਾਨਸ਼।
ਜਿਧਰ ਵੀ ਮੈਂ ਵੇਖਦਾ ਹਾਂ, ਉਸ ਦੇ ਹੁਸਨ ਜਮਾਲ ਦਾ ਜਲਵਾ ਮਿਲਦਾ ਹੈ।
ਉਸ ਦੀ ਕੁੰਡਲਦਾਰ ਜ਼ੁਲਫ਼ ਦੇ ਕਾਰਣ ਜਹਾਨ ਸਦਾ ਪਰੇਸ਼ਾਨ ਅਤੇ ਸ਼ੁਦਾਈ ਰਹਿੰਦਾ ਹੈ।

ਸ਼ੁਦਾ ਜੇਬਿ ਜ਼ਮੀਂ ਪੁਰ ਲੂਲੂਇ ਲਾਲਾ ਜ਼ਿ ਅਸ਼ਕਿ ਮਨ
ਜਹਾਂ ਬਿਗ੍ਰਿਫ਼ਤਾ ਅਮ ਗੋਯਾ ਬ ਯਾਦਿ ਲਾਅਲਿ ਖ਼ੰਦਾਨਸ਼।
ਮੇਰੇ ਅੱਥਰੂਆਂ ਨਾਲ ਧਰਤ ਦਾ ਖੀਸਾਂ ਪੋਸਤ ਦੇ ਫੁੱਲਾਂ ਦੇ ਮੋਤੀਆਂ ਨਾਲ ਭਰ ਗਿਆ ਹੈ।
ਉਸ ਦੇ ਮੁਸਕਰਾਂਦੇ ਹੋਏ ਲਾਲ ਹੋਠਾਂ ਦੀ ਯਾਦ ਨਾਲ ਗੋਯਾ ਮੈਂ ਤਾਂ ਸਾਰਾ ਜਹਾਨ ਸਰ ਕਰ ਲਿਆ ਹੈ।

## ੪੨

ਹਰ ਕਸ ਸ਼ਨੀਦਾ ਅਸਤ ਜ਼ਿ ਤੂ ਗੁਫ਼ਤਗੂਇ ਖ਼ਾਸ
ਅਜ਼ ਸਦ ਗ਼ਮਿ ਸ਼ਦੀਦ ਸ਼ੁਦਾ ਜ਼ੂਦ ਤਰ ਖ਼ਲਾਸ।
ਜਿਸ ਕਿਸੇ ਨੇ ਵੀ ਤੇਰੀ ਵਿਸ਼ੇਸ਼ ਗੱਲ ਸੁਣੀ ਹੈ,
ਉਹ ਸੈਂਕੜੇ ਸਖ਼ਤ ਗ਼ਮਾਂ ਤੋਂ ਝੱਟ ਹੀ ਮੁਕਤ ਹੋ ਗਿਆ।

ਆਬਿ ਹਯਾਤਿ ਮਾ ਸਖ਼ੁਨਿ ਪੀਰਿ ਕਾਮਿਲ ਅਸਤ
ਦਿਲਹਾਇ ਮੁਰਦਾ ਰਾ ਬਿਕੁਨਦ ਜ਼ਿੰਦਾ ਓ ਖ਼ਲਾਸ।
ਪੂਰੇ ਅਤੇ ਕਾਮਿਲ ਸਤਿਗੁਰੂ ਦਾ ਸ਼ਬਦ ਸਾਡੇ ਲਈ ਅੰਮ੍ਰਿਤ ਹੈ,
ਇਹ ਮੁਰਦਾ ਦਿਲਾਂ ਨੂੰ ਸੁਰਜੀਤ ਅਤੇ ਮੁਕਤ ਕਰ ਦਿੰਦਾ ਹੈ।

ਅਜ਼ ਖ਼ੁਦ-ਨਮਾਈਏ ਤੂ ਖ਼ੁਦਾ ਹਸਤ ਦੂਰ ਤਰ
ਬੀਨੀ ਦਰੂਨਿ ਖ਼ੇਸ਼ ਸ਼ਵੀ ਅਜ਼ ਖ਼ੁਦੀ ਖ਼ਲਾਸ।
ਤੇਰੇ ਹਉਮੈ ਦੇ ਵਿਖਾਵੇ ਤੋਂ ਰੱਬ ਕੋਹਾਂ ਦੂਰ ਹੈ,
ਜੇ ਤੂੰ ਆਪਣੇ ਅੰਦਰ ਝਾਤੀ ਮਾਰੇਂ ਤਾਂ ਹਉਮੈ ਤੋਂ ਮੁਕਤ ਹੋ ਜਾਵੇਂ।

ਗੋਯਾ ਤੂ ਦਸਤਿ ਖ਼ੁਦਾ ਰਾ ਅਜ਼ ਹਿਰਸ ਕੋਤਾਹ ਕੁਨ
ਤਾ ਅੰਦਰੂਨਿ ਖ਼ਾਨਾ ਬੀਨੀ ਖ਼ੁਦਾਇ ਖ਼ਾਸ।
ਹੇ ਗੋਯਾ! ਤੂੰ ਆਪਣਾ ਹੱਥ ਹਿਰਸ ਅਤੇ ਲਾਲਚ ਤੋਂ ਖਿੱਚ ਲੈ,
ਤਾਂ ਜੋ ਆਪਣੇ ਘਰ ਦੇ ਅੰਦਰ ਹੀ ਉਸ ਮਹਾਨ ਰੱਬ ਨੂੰ ਵੇਖ ਸਕੇਂ।

## ੪੩

ਬਿਆ ਚੂ ਸਰਵਿ ਖ਼ਰਾਮਾਂ ਦਮੇ ਬ-ਸੈਰਿ ਰਿਆਜ਼
ਸੂਇ ਤੂ ਦੀਦਾਇ ਮਾ-ਰਾ ਨਿਗਾਹ ਗਸ਼ਤ ਬਿਆਜ਼।

ਆ, ਤੂੰ ਮਸਤ-ਚਾਲ ਸਰੂ ਵਾਂਗ ਝੱਟ ਪਲ ਲਈ ਬਾਗ਼ ਦੀ ਸੈਰ ਲਈ ਆ।
ਤੇਰੇ ਵੱਲ ਵੇਖਦੇ ਵੇਖਦੇ ਸਾਡੀਆਂ ਅੱਖਾਂ ਪੱਕ ਗਈਆਂ ਹਨ।

**ਬਰਾਇ ਰੇਸ਼ਿ ਦਿਲਮ ਖ਼ੰਦਾਇ ਤੂ ਮਰਹਮ ਬਸ**
**ਤਬੱਸੁਮਿ ਲਬਿ ਲਾਅਲਤ ਦਵਾਏ ਹਰ ਇਮਰਾਜ਼।**

ਮੇਰੇ ਦਿਲ ਦੇ ਜ਼ਖ਼ਮ ਲਈ ਤੇਰੀ ਇਕੋ ਮੁਸਕਾਨ ਮਰਹਮ ਦਾ ਕੰਮ ਦਿੰਦੀ ਹੈ।
ਤੇਰੇ ਹੋਠਾਂ ਦੀ ਮੁਸਕਾਨ ਸਾਰੀਆਂ ਬਿਮਾਰੀਆਂ ਦੀ ਦਵਾ ਹੈ।

**ਨਿਗਾਹ ਕਰਦ ਵਾ ਮਤਾਇ ਦਿਲਮ ਬ-ਗ਼ਾਰਤ ਬੁਰਦ**
**ਬੁਰੀਦ ਜੇਬਿ ਦਿਲਮ ਰਾ ਬਿ ਗ਼ਮਜ਼ਾ ਚੂੰ ਮਿਕਰਾਜ਼।**

ਉਸ ਨੇ ਮੇਰੇ ਵੱਲ ਇਕ ਨਿਗਾਹ ਕੀਤੀ ਅਤੇ [ਨਾਲ ਹੀ] ਮੇਰੇ ਦਿਲ ਦੀ ਰਾਸ ਲੁੱਟ ਗਈ।
ਉਸ ਨੇ ਆਪਣੀ ਤਿਰਛੀ ਨਜ਼ਰ ਨਾਲ ਮੇਰੇ ਦਿਲ ਦੇ ਬੋਝੇ ਨੂੰ ਕੈਂਚੀ ਵਾਂਗ ਕੱਟ ਦਿੱਤਾ।

**ਜ਼ਿ ਫੈਜ਼ਿ ਮਕਦਮਤ ਐ ਨੌ-ਬਹਾਰਿ ਗੁਲਸ਼ਨਿ ਹੁਸਨ**
**ਜਹਾਂ ਚੂੰ ਬਾਗ਼ਿ ਇਰਮ ਕਰਦਾਈ ਜ਼ਹੇ ਫਿਆਜ਼।**

ਹੇ ਰੂਪ ਜਮਾਲ ਦੇ ਬਾਗ਼ ਦੀ ਨਵ-ਬਹਾਰ! ਆਪਣੀ ਆਮਦ ਦੀ ਬਖ਼ਸ਼ਿਸ਼ ਨਾਲ,
ਤੂੰ ਜਹਾਨ ਨੂੰ ਬਹਿਸ਼ਤ ਦੇ ਬਾਗ਼ ਵਰਗਾ ਬਣਾ ਦਿੱਤਾ ਹੈ, ਕਿਹਾ ਚੰਗਾ ਹੈ ਇਹ ਬਖ਼ਸ਼ਿਸ਼ਾਂ ਕਰਨ ਵਾਲਾ।

**ਚਿਰਾ ਬਹਾਲਤਿ ਗੋਯਾ ਨਜ਼ਰ ਨਮੀ ਫ਼ਿਗਨੀ**
**ਕਿ ਯਕ ਨਿਗਾਹਿ ਤੂ ਹਾਸਿਲਿ ਮੁਰਾਦਿ ਅਹਿਲਿ ਇਗ਼ਰਾਜ਼।**

ਤੂੰ ਗੋਯਾ ਦੀ ਮੰਦੀ ਹਾਲਤ ਵੱਲ ਕਿਉਂ ਨਹੀਂ ਇਕ ਨਜ਼ਰ ਕਰਦਾ?
ਕਿਉਂਕਿ ਗ਼ਰਜ-ਮੰਦ ਲੋਕਾਂ ਲਈ ਤੇਰੀ ਇਕੋ ਨਿਗਾਹ ਮੁਰਾਦਾਂ ਪੂਰੀਆਂ ਕਰਨ ਵਾਲੀ ਹੈ।

## ੪੪

**ਬਸਕਿ ਮਾ ਰਾ ਹਸਤ ਬਾ ਤੋ ਇਰਤਬਾਤ**
**ਅਜ਼ ਕਦੂਮਿ ਤੁਸਤ ਦਰ ਆਲਮ ਨਿਸ਼ਾਤ।**

ਸਾਡਾ ਤੇਰੇ ਨਾਲ ਵੱਡਾ ਸਾਕ ਸੰਬੰਧ ਹੈ,
ਤੇਰੀ ਆਮਦ ਕਰਕੇ ਸਾਰੀ ਦੁਨੀਆਂ ਵਿਚ ਖ਼ੁਸ਼ੀ ਹੀ ਖ਼ੁਸ਼ੀ ਹੈ।

**ਫ਼ਰਸ਼ ਕਰਦਮ ਦਰ ਕਦੂਮਿ ਰਾਹਿ ਤੂ**
**ਦੀਦਾ ਓ ਦਿਲ ਰਾ ਕਿ ਬੂਦਾ ਦਰ-ਬਸਾਤ।**

ਮੈਂ ਆਪਣੇ ਖਿੜੇ ਦਿਲ ਅਤੇ ਖੁਲ੍ਹੇ ਨੈਣਾਂ ਨੂੰ,
ਤੇਰੀ ਆਮਦ ਦੇ ਰਾਹ ਉੱਤੇ ਵਿਛਾ ਦਿੱਤਾ ਹੈ।

**ਬਰ ਫ਼ਕੀਰਾਨਿ ਖ਼ੁਦਾ ਰਹਿਮੇ ਬਕੁਨ**
**ਤਾ ਦਰੀਂ ਦੁਨਿਆ ਬ-ਯਾਬੀ ਇੰਬਸਾਤ।**

ਤੂੰ ਰੱਬ ਦੇ ਫ਼ਕੀਰਾਂ ਉੱਤੇ ਮਿਹਰ ਕਰ,
ਤਾਂ ਜੋ ਇਸ ਦੁਨੀਆਂ ਵਿਚ ਤੈਨੂੰ ਖ਼ੁਸ਼ੀ ਹਾਸਲ ਹੋਵੇ।

**ਦਾਇਮਾ ਦਿਲ ਰਾ ਬਸੂਇ ਹੱਕ ਬਿਆਰ**
**ਤਾ ਬ-ਆਸਾਂ ਬਿਗੁਜ਼ਰੀ ਜ਼ੀਂ ਪੁਲਿ ਸਰਾਤ।**

ਹਮੇਸ਼ਾਂ ਆਪਣੇ ਦਿਲ ਨੂੰ ਰੱਬ ਦੇ ਪਾਸੇ ਲਾ,
ਤਾਂ ਜੋ ਤੂੰ ਸਹਿਜੇ ਹੀ ਇਸ ਪੁਲ-ਸਰਾਤ [ਭਉਜਲ] ਤੋਂ ਲੰਘ ਜਾਵੇਂ।

**ਨੀਸਤ ਆਸੂਦਾ ਕਸੇ ਦਰ ਜ਼ੇਰਿ ਚਰਖ਼**
**ਬਿਗੁਜ਼ਰ ਐ ਗੋਯਾ ਅਜ਼ੀਂ ਕੁਹਨਾ ਰੁਬਾਤ।**

ਕੋਈ ਵੀ ਇਸ ਆਸਮਾਨ ਦੇ ਹੇਠ ਸੌਖਾ ਅਤੇ ਖ਼ੁਸ਼ਹਾਲ ਨਹੀਂ,
ਹੇ ਗੋਯਾ, ਤੂੰ ਇਸ ਪੁਰਾਣੀ ਸਰਾਂ ਤੋਂ ਲੰਘ ਜਾ।

੪੫

**ਬ-ਹਰ ਕੁਜਾ ਕਿ ਰਵੀ ਜਾਨਿ ਮਨ ਖ਼ੁਦਾ ਹਾਫ਼ਿਜ਼**
**ਬ-ਬੁਰਦਾਈ ਦਿਲੋ ਈਮਾਨਿ ਮਨ ਖ਼ੁਦਾ ਹਾਫ਼ਿਜ਼।**

ਜਿੱਥੇ ਵੀ, ਮੇਰੀ ਜਾਨ! ਤੂੰ ਜਾਵੇਂ, ਤੇਰਾ ਰੱਬ ਰਾਖਾ ਹੋਵੇ,
ਤੂੰ ਮੇਰਾ ਦਿਲ ਅਤੇ ਈਮਾਨ ਲੈ ਚਲਿਆ ਹੈਂ, ਤੇਰਾ ਰੱਬ ਰਾਖਾ ਹੋਵੇ।

**ਬਿਆ ਕਿ ਬੁਲਬੁਲੋ ਗੁਲ ਹਰ ਦੋ ਇੰਤਜ਼ਾਰਿ ਤੂ ਅੰਦ**
**ਦਮੇ ਬਜਾਨਿਬਿ ਬੁਸਤਾਨਿ ਮਨ ਖ਼ੁਦਾ ਹਾਫ਼ਿਜ਼।**

ਬੁਲਬੁਲ ਅਤੇ ਫੁੱਲ ਦੋਵੇਂ ਹੀ ਤੇਰੀ ਉਡੀਕ ਵਿਚ ਹਨ,
ਝੱਟ ਪਲ ਲਈ ਤੂੰ ਮੇਰੇ ਬਾਗ਼ ਵੱਲ ਆ। ਤੇਰਾ ਰੱਬ ਰਾਖਾ ਹੋਵੇ।

**ਨਮਕ ਜ਼ਿ ਲਾਲਿ ਲਬਤ ਰੇਜ਼ ਬਰ ਦਿਲਿ ਰੇਸ਼ਮ**
**ਪਸ਼ੀਦ ਜ਼ਿ ਸੀਨਾਇ ਬਿਰੀਆਨਿ ਮਨ ਖ਼ੁਦਾ ਹਾਫ਼ਿਜ਼।**

ਆਪਣੇ ਲਾਲ ਹੋਠਾਂ ਤੋਂ ਮੇਰੇ ਜ਼ਖ਼ਮੀ ਦਿਲ ਉੱਤੇ ਲੂਣ ਛਿੜਕ,
ਅਤੇ ਮੇਰੇ ਕਬਾਬ ਹੋਏ ਸੀਨੇ ਨੂੰ ਸਾੜ। ਤੇਰਾ ਰੱਬ ਰਾਖਾ।

**ਚਿ ਖ਼ੁਸ਼ ਬਵਦ ਕਿ ਖ਼ਰਾਮਤ ਕੱਦਤ ਚੂ ਸਰਵਿ ਬੁਲੰਦ**
**ਦਮੇ ਬਸੂਇ ਗੁਲਸਿਤਾਨਿ ਮਨ ਖ਼ੁਦਾ ਹਾਫ਼ਿਜ਼।**

ਕਿੰਨਾ ਚੰਗਾ ਹੋਵੇ, ਕਿ ਤੇਰਾ ਉੱਚੇ ਲੰਮੇ ਸਰੂ ਵਰਗਾ ਕੱਦ,
ਮੇਰੇ ਬਾਗ਼ ਵੱਲ ਝੱਟ ਪਲ ਲਈ ਟਹਿਲਦਾ ਆਵੇ। ਤੇਰਾ ਰੱਬ ਰਾਖਾ ਹੋਵੇ।

**ਬਿਆ ਬ-ਮਰਦਮਕਿ ਦੀਦਾ ਅਮ ਕਿ ਖ਼ਾਨਾਇ ਤੁਸਤ**
**ਦਰੂਨਿ ਦੀਦਾਇ ਗਿਰੀਆਂਨਿ ਮਨ ਖ਼ੁਦਾ ਹਾਫ਼ਿਜ਼।**

ਆ, ਮੇਰੀਆਂ ਅੱਖਾਂ ਦੀ ਧੀਰੀ ਵਿਚ ਆ ਜਾ,
ਕਿਉਂ ਜੋ ਤੇਰਾ ਘਰ ਮੇਰੀਆਂ ਰੋਂਦੀਆਂ ਅੱਖਾਂ ਵਿਚ ਹੈ। ਰੱਬ ਤੇਰਾ ਸਹਾਈ ਹੋਵੇ।

੪੬

**ਐ ਰੁਖ਼ਿ ਤੂ ਰੌਨਿਕਿ ਬਾਜ਼ਾਰਿ ਸ਼ਮਆ**
**ਅਸ਼ਕਿ ਰੇਜ਼ਿ ਚਸ਼ਮਿ ਗੌਹਰ-ਬਾਰਿ ਸ਼ਮਆ।**

ਐ, ਕਿ ਤੇਰਾ ਮੁਖੜਾ ਸ਼ਮ੍ਹਾਂ ਲਈ ਵੀ ਰੌਣਕ ਦਾ ਕਾਰਨ ਹੈ,
ਸ਼ਮ੍ਹਾਂ ਦੀ ਮੋਤੀ ਵਸਾਉਣ ਵਾਲੀ ਅੱਖ ਅੱਥਰੂ ਕੇਰ ਰਹੀ ਹੈ।

ਹਰ ਕੁਜਾ ਰੋਸ਼ਨ ਚਰਾਗ਼ੇ ਕਰਦਾ ਅੰਦ
ਯੱਕ ਗੁਲੇ ਬੂਦ ਅਸਤ ਅਜ਼ ਗੁਲਜ਼ਾਰਿ ਸ਼ਮਆ।

ਜਿੱਥੇ ਵੀ ਉਨ੍ਹਾਂ ਕੋਲ ਦੀਵਾ ਬਾਲਿਆ ਹੈ,
ਮਾਨੋ ਉਹ ਸ਼ਮ੍ਹਾਂ ਦੀ ਗੁਲਜ਼ਾਰ ਦਾ ਇਕ ਫੁੱਲ ਹੈ।

ਤਾ ਕਿਹ ਬਰ-ਅਫ਼ਰੋਖ਼ਤੀ ਰੁਖ਼ਸਾਰਿ ਖ਼ੁਦ
ਮੀ ਸ਼ਵਦ ਕੁਰਬਾਨਿ ਤੂ ਸਦ ਬਾਰ ਸ਼ਮਆ।

ਜਦ ਦਾ ਤੂੰ ਆਪਣੇ ਮੁਖੜੇ ਨੂੰ ਰੋਸ਼ਨ ਕੀਤਾ ਹੈ,
ਸ਼ਮ੍ਹਾਂ ਸੌ ਸੌ ਵਾਰ ਤੈਥੋਂ ਕੁਰਬਾਨ ਜਾ ਰਹੀ ਹੈ।

ਗਿਰਦਿ ਰੁਖ਼ਸਾਰਿ ਤੂ ਅਜ਼ ਬਹਿਰਿ ਨਿਸਾਰ
ਜਾਂ ਬਰੀਜ਼ਦ ਦੀਦਾਹਾਇ ਜ਼ਾਰਿ ਸ਼ਮਆ।

ਤੇਰੇ ਮੁਖੜੇ ਤੋਂ ਕੁਰਬਾਨ ਕਰਨ ਲਈ,
ਸ਼ਮ੍ਹਾਂ ਦੀਆਂ ਰੋਂਦੀਆਂ ਅੱਖਾਂ ਆਪਣੀ ਜਾਨ ਕੇਰ ਰਹੀਆਂ ਹਨ।

ਬਸਕਿ ਇਮਸ਼ਬ ਨਾਮਦੀ ਅਜ਼ ਇੰਤਜ਼ਾਰ
ਸੋਖ਼ਤ ਮਹਿਫ਼ਲ ਚਸ਼ਮਿ ਆਤਿਸ਼ ਬਾਰਿ ਸ਼ਮਆ।

ਅੱਜ ਰਾਤ ਨੂੰ ਨਾ ਆਇਓਂ, ਤੇਰੀ ਭਾਰੀ ਉਡੀਕ ਵਿਚ,
ਸ਼ਮ੍ਹਾਂ ਦੀ ਅੱਗ ਵਸਾਉਣ ਵਾਲੀ ਅੱਖ ਨੇ ਮਹਿਫ਼ਲ ਨੂੰ ਸਾੜ ਸੁੱਟਿਆ।

ਸੁਬਹ ਦਮ ਗੋਯਾ ਤਮਾਸ਼ਾਇ ਅਜੀਬ
ਜੁਮਲਾ ਆਲਮ ਖ਼ੁਫ਼ਤਾ ਓ ਬੇਦਾਰ ਸ਼ਮਆ।

ਗੋਯਾ ਤੜਕੇ ਸਵੇਰ ਵੇਲੇ ਕਿੰਨਾ ਸੁੰਦਰ ਅਤੇ ਬਚਿਤ੍ਰ ਨਜ਼ਾਰਾ ਹੁੰਦਾ ਹੈ,
ਕਿ ਸਾਰਾ ਸੰਸਾਰ ਤਾਂ ਸੁੱਤਾ ਪਿਆ ਹੁੰਦਾ ਹੈ ਅਤੇ ਸ਼ਮ੍ਹਾਂ ਜਾਗ ਰਹੀ ਹੁੰਦੀ ਹੈ।

੪੭

ਸਾਕੀਆ ਬਰਖ਼ੇਜ਼ ਵ ਹਾਂ ਪੁਰ ਕੁਨ ਅੱਯਾਗ਼
ਤਾ ਜ਼ਿ ਨੋਸ਼ਿ ਊ ਕੁਨਮ ਰੰਗੀਂ ਦਿਮਾਗ਼।

ਹੇ ਸਾਕੀ! ਉੱਠ ਅਤੇ ਪਿਆਲੇ ਨੂੰ ਭਰ ਦੇ,
ਤਾਂ ਜੋ ਉਸ ਦੇ ਨਾਲ ਮੈਂ ਆਪਣਾ ਦਿਮਾਗ਼ ਰੰਗੀਨ ਕਰ ਲਵਾਂ।

ਹਲਕਾਇ ਜ਼ੁਲਫ਼ਤ ਦਿਲਮ-ਰਾ ਬੁਰਦਾ ਬੂਦ
ਯਾਫ਼ਤਮ ਅਜ਼ ਪੇਚ ਪੇਚਿ ਊ ਸੁਰਾਗ਼।

ਤੇਰੀ ਜ਼ੁਲਫ਼ ਦਾ ਫੰਦਾ ਮੇਰਾ ਦਿਲ ਫਸਾ ਕੇ ਲੈ ਗਿਆ ਸੀ,
ਮਨੂੰ ਉਸ ਦੇ ਹਰ ਪੇਚ ਵਿਚੋਂ ਇਹੋ ਸੂਹ ਮਿਲੀ ਹੈ।

ਅਜ਼ ਸ਼ੁਆਇ ਪਰਤਵਿ ਦੀਦਾਰਿ ਪਾਕ
ਸਦ ਹਜ਼ਾਰਾਂ ਹਰ ਤਰਫ਼ ਰੋਸ਼ਨ ਚਰਾਗ਼।

ਪਾਕ ਦੀਦਾਰ ਦੀਆਂ ਨੂਰੀ ਕਿਰਨਾਂ ਤੋਂ,
ਸੈਂਕੜੇ ਹਜ਼ਾਰਾਂ ਦੀਵੇ ਹਰ ਪਾਸੇ ਬਲ ਉਠੇ ਹਨ।

ਯਾਦਿ ਊ ਕੁਨ ਯਾਦਿ ਊ ਗੋਯਾ ਮੁਦਾਮ
ਤਾ ਬਯਾਬੀ ਅਜ਼ ਗ਼ਮਿ ਆਲਮ ਫ਼ਰਾਗ਼।
ਹੇ ਗੋਯਾ, ਤੂੰ ਸਦਾ ਉਸ ਦੀ ਯਾਦ, ਉਸ ਦਾ ਸਿਮਰਨ ਕਰ।
ਤਾਂ ਜੋ ਤੂੰ ਦੁਨੀਆਂ ਦੇ ਗ਼ਮਾਂ ਤੋਂ ਆਜ਼ਾਦ ਹੋ ਜਾਵੇਂ।

੪੮

ਗਰ ਜ਼ਿ ਰਾਹਿ ਸ਼ੋਕ ਸਾਜ਼ੀ ਸੀਨਾ ਸਾਫ਼
ਜ਼ੂਦ ਬੀਨੀ ਖ਼ੇਸ਼ਤਨ ਰਾ ਬੇ ਗੁਜ਼ਾਫ਼।
ਜੇਕਰ ਤੂੰ ਸ਼ੋਕ ਨਾਲ ਆਪਣਾ ਮਨ ਸਾਫ਼ ਕਰ ਲਵੇਂ,
ਤਾਂ ਬਿਨਾਂ ਕਿਸੇ ਅਤਿਕਥਨੀ ਦੇ ਤੂੰ ਛੇਤੀ ਆਪਣਾ ਆਪ ਪਾ ਲਵੇਂਗਾ।

ਅਜ਼ ਖ਼ੁਦੀ ਤੂ ਦੂਰ ਗਸ਼ਤਾ ਚੂੰ ਖ਼ੁਦਾ
ਦੂਰ ਕੁੱਨ ਖ਼ੁਦ-ਬੀਨੀ ਓ ਬੀਂ ਬੇ-ਗ਼ਿਲਾਫ਼।
ਹਉਮੈ ਕਰਕੇ ਜਦ ਕਿ ਤੂੰ ਰੱਬ ਤੋਂ ਦੂਰ ਹੋ ਗਿਆ ਹੈਂ,
ਮਨਮਤਿ ਨੂੰ ਦੂਰ ਕਰ ਦੇ, ਅਤੇ ਰੱਬ ਨੂੰ ਜ਼ਾਹਰਾ ਵੇਖ ਲੈ।

ਆਸ਼ਿਕਾਂ ਦਾਰੰਦ ਚੂੰ ਇਸ਼ਕਿ ਮੁਦਾਮ
ਦਮ ਮਜ਼ਨ ਦਰ ਪੇਸ਼ਿ ਸ਼ਾਂ ਐ ਮਰਦਿ ਲਾਫ਼।
ਪ੍ਰੇਮ-ਮੱਤੇ ਤਾਂ ਸਦਾ ਹੀ ਪ੍ਰੇਮ ਦੇ ਕੁੱਠੇ ਹੁੰਦੇ ਹਨ,
ਓ ਡੀਂਗਾਂ ਮਾਰਨ ਵਾਲੇ, ਉਨ੍ਹਾਂ ਸਾਹਮਣੇ ਡੀਂਗ ਨਾ ਮਾਰੀਂ।

ਬਿਗੁਜ਼ਰ ਅਜ਼ ਲੱਜ਼ਤਿ ਈਂ ਖ਼ਮਸਾ ਹਵਾਸ
ਤਾ ਬਯਾਬੀ ਬਜ਼ਤੇ ਅਜ਼ ਜਾਮਿ ਸਾਫ਼।
ਇਨ੍ਹਾਂ ਪੰਜਾਂ ਇੰਦ੍ਰੀਆਂ ਦੇ ਭੋਗ ਸੁਆਦ ਨੂੰ ਛੱਡ,
ਤਾਂ ਜੋ ਤੈਨੂੰ ਸਾਫ਼ ਪਿਆਲੇ ਦਾ ਸੁਆਦ ਆ ਸਕੇ।

ਗਰ ਬਜੋਈ ਰਾਹਿ ਮੁਰਸ਼ਦ ਰਾ ਮੁਦਾਮ
ਤਾ ਸ਼ਵੀ ਗੋਯਾ ਮੁਬੱਰਾ ਅਜ਼ ਖ਼ਿਲਾਫ਼।
ਗੋਯਾ ਤੂੰ ਸਦਾ ਪੂਰੇ ਸਤਿਗੁਰ ਦੀ ਰਾਹ ਢੂੰਡਦਾ ਰਹੁ,
ਤਾਂ ਜੋ ਸੰਸਾਰ ਦੀ ਦੁਬਿਧਾ ਤੋਂ ਮੁਕਤ ਹੋ ਜਾਵੇਂ।

੪੯

ਰਬੂਦ ਮਕਦਮਿ ਵਸਲਸ਼ ਜ਼ਿ ਮਨ ਇਨਾਨਿ ਫ਼ਿਰਾਕ
ਦਿਹੇਮ ਤਾ ਬੁਕਜਾ ਸ਼ਰਹਾ ਦਾਸਤਾਨਿ ਫ਼ਿਰਾਕ।
ਉਸ ਦੇ ਮਿਲਾਪ ਦੀ ਆਮਦ ਦੇ ਕਾਰਨ ਮੇਰੇ ਹੱਥੋਂ ਬ੍ਰਿਹਾ ਦੀ ਵਾਗਡੋਰ ਛੁੱਟ ਗਈ,
ਕਿਥੋਂ ਕੁ ਤਕ ਇਸ ਬ੍ਰਿਹਾ ਦੀ ਵਿੱਥਿਆ ਸੁਣਾਉਂਦੇ ਰਹੀਏ?

ਨ ਬੂਦ ਗ਼ੈਰਿ ਤੂ ਦਰ ਹਰ ਦੋ ਚਸ਼ਮੋ ਅਬਰੂਏਮ
ਨ ਯਾਫ਼ਤੇਮ ਦਰਾਂ ਜਾ ਦਿਗਰ ਨਿਸ਼ਾਨਿ ਫ਼ਿਰਾਕ।

ਤੇਰੇ ਬਿਨਾਂ ਮੇਰੇ ਦੋਹਾਂ ਨੇਤਰਾਂ ਅਤੇ ਭਰਵੱਟਿਆਂ ਵਿਚ ਹੋਰ ਕੋਈ ਨਹੀਂ ਸੀ,
ਉਨ੍ਹਾਂ ਵਿਚ ਇਸੇ ਲਈ ਹੁਣ ਸਾਨੂੰ ਬਿਰਹਾ ਦਾ ਕੋਈ ਨਿਸ਼ਾਨ ਨਹੀਂ ਲੱਭਦਾ।

**ਹਨੂਜ਼ ਹਿਜਰ ਨਿਆਲੂਦਾ ਬੂਦ ਵਸਲਿ ਤੁਰਾ**
**ਸ਼ਨੀਦਾਏਮ ਸੁਖ਼ਨਿ ਵਸਲ ਅਜ਼ ਜ਼ਬਾਨਿ ਫ਼ਿਰਾਕ।**

ਹਾਲੀ ਵਿਛੋੜੇ ਨੇ ਤੇਰੇ ਮਿਲਾਪ ਨੂੰ ਨਹੀਂ ਸੀ ਛੋਹਿਆ।
ਅਸਾਂ ਵਿਛੋੜੇ ਦੀ ਜ਼ਬਾਨੀ ਮਿਲਾਪ ਦੀਆਂ ਗੱਲਾਂ ਸੁਣੀਆਂ ਹਨ।

**ਚੁਨਾਂ ਜ਼ਿ ਹਿਜਰਤ ਆਤਿਸ਼ ਫ਼ਿਤਾਦਾ ਦਰ ਦਿਲਿ ਮਨ**
**ਕਿ ਬਰਕਿ ਨਾਲਾਇ ਮਨ ਸੋਖ਼ਤ ਖ਼ਾਨਮਾਨਿ ਫ਼ਿਰਾਕ।**

ਤੇਰੇ ਵਿਛੋੜੇ ਨਾਲ ਮੇਰੇ ਦਿਲ ਨੂੰ ਅਜਿਹੀ ਅੱਗ ਲੱਗੀ,
ਕਿ ਮੇਰੇ ਵਾਵੇਲੇ ਦੀ ਬਿਜਲੀ ਨੇ ਵਿਛੋੜੇ ਦਾ ਘਰ ਸਾੜ ਫੂਕ ਦਿੱਤਾ।

**ਚਿ ਕਰਦਾ-ਸਤ ਫ਼ਿਰਾਕਿ ਤੂ ਬਰ ਸਰਿ ਗੋਯਾ**
**ਕਿ ਦਰ ਸ਼ੁਮਾਰ ਨਿਆਇਦ ਮਰਾ ਬਿਆਨਿ ਫ਼ਿਰਾਕ।**

ਤੇਰੇ ਵਿਛੋੜੇ ਨੇ ਗੋਯਾ ਨਾਲ ਕੀ ਕੁਝ ਕੀਤਾ?
ਇਹ ਵਿੱਥਿਆ [ਇਤਨੀ ਲੰਬੀ ਹੈ ਕਿ] ਕਿਸੇ ਹਿਸਾਬ ਕਿਤਾਬ ਵਿਚ ਨਹੀਂ ਆਉਂਦੀ।

## ੫੦

**ਬਿਸ਼ਨੋ ਅਜ਼ ਮਨ ਹਰਫ਼ੇ ਅਜ਼ ਰਫ਼ਤਾਰਿ ਇਸ਼ਕ**
**ਤਾ ਬ-ਯਾਬੀ ਲੱਜ਼ਤ ਅਜ਼ ਗੁਫਤਾਰਿ ਇਸ਼ਕ।**

ਮੇਰੇ ਪਾਸੋਂ ਪ੍ਰੇਮ ਦੀ ਚਾਲ ਦੀ ਗੱਲ ਸੁਣ,
ਤਾਂ ਜੋ ਤੈਨੂੰ ਪ੍ਰੇਮ ਦੀ ਗੱਲ ਬਾਤ ਦਾ ਸੁਆਦ ਆ ਸਕੇ।

**ਇਸ਼ਕਿ ਮੌਲਾ ਹਰ ਕਿ ਰਾ ਮਿਸਮਾਰ ਕਰਦ**
**ਮੁਗ਼ਤਨਮ ਦਾਨਦ ਸਰੂਰਿ ਕਾਰਿ ਇਸ਼ਕ।**

ਰੱਬ ਦੇ ਪਿਆਰ ਨੇ ਹਰ ਕਿਸੇ ਨੂੰ ਢਾਹ ਦਿੱਤਾ,
ਉਹ ਪ੍ਰੇਮ ਦੇ ਮਾਮਲੇ ਦੀ ਖੁਸ਼ੀ ਨੂੰ ਗਨੀਮਤ ਸਮਝਦਾ ਹੈ।

**ਆਂ ਜ਼ਹੇ ਦਮ ਕੁ ਬਯਾਦਸ਼ ਬਿਗੁਜ਼ਰਦ**
**ਸਰ ਹਮਾ ਖੁਸ਼ ਕੂ ਰਵਦ ਦਰ ਕਾਰਿ ਇਸ਼ਕ।**

ਉਹੋ ਦਮ ਸੁਭਾਗਾ ਹੈ, ਜੋ ਉਸ ਦੀ ਯਾਦ ਵਿਚ ਗੁਜ਼ਰੇ,
ਉਹੋ ਸਿਰ ਕਰਮਾਂ ਵਾਲਾ ਹੈ ਜੋ ਪ੍ਰੇਮ ਦੇ ਰਾਹੇ ਲੱਗ ਜਾਵੇ।

**ਸਦ ਹਜ਼ਾਰਾਂ ਜਾਂ ਬ-ਕਫ਼ ਦਰ ਰਾਹਿ ਊ**
**ਈਸਤਾਦਾ ਤਕੀਆ ਬਰ ਦੀਵਾਰਿ ਇਸ਼ਕ।**

ਹਜ਼ਾਰਾਂ ਹੀ ਪ੍ਰੇਮੀ ਤਲੀ ਤੇ ਜਾਨ ਰਖੀ ਉਸ ਦੇ ਰਾਹ ਉੱਤੇ,
ਪ੍ਰੀਤ ਦੀ ਕੰਧ ਨਾਲ ਢਾਸਣਾਂ ਲਾਈ ਖੜ੍ਹੇ ਹਨ।

**ਹਰ ਕਿ ਸ਼ੁਦ ਦਰ ਰਾਹਿ ਮੌਲਾ ਬੇ-ਅਦਬ**
**ਹਮਚੂ ਮਨਸੂਰਸ਼ ਸਜ਼ਦ ਬਰ ਦਾਰਿ ਇਸ਼ਕ।**

ਜਿਸ ਨੇ ਵੀ ਰੱਬ ਦੇ ਰਾਹ ਉੱਤੇ ਬੇਅਦਬੀ ਕੀਤੀ,
ਮਨਸੂਰ ਵਾਂਗ ਉਸ ਨੂੰ ਪ੍ਰੇਮ ਦੀ ਸੂਲੀ ਹੀ ਠੀਕ ਫਬਦੀ ਹੈ।

**ਐ ਜ਼ਹੇ ਦਿਲ ਕੂ ਜ਼ਿ ਇਸ਼ਕਿ ਹੱਕ ਪੁਰ ਅਸਤ**
**ਖ਼ਮ ਸ਼ੁਦਾ ਪੁਸ਼ਤਿ ਫ਼ਲਕ ਅਜ਼ ਬਾਰਿ ਇਸ਼ਕ।**

ਸੁਭਾਗਾ ਹੈ ਦਿਲ, ਜੋ ਰੱਬ ਦੇ ਪ੍ਰੇਮ ਨਾਲ ਭਰਿਆ ਪਿਆ ਹੈ,
ਪ੍ਰੇਮ ਦੇ ਭਾਰ ਨਾਲ ਹੀ ਆਸਮਾਨ ਹੀ ਪਿੱਠ ਝੁਕ ਗਈ ਹੈ।

**ਜ਼ਿੰਦਾ ਮਾਨੀ ਦਾਇਮਾ ਐ ਨੇਕ ਖ਼ੂ**
**ਬਿਸ਼ਨਵੀ ਗਰ ਜ਼ਮਜ਼ਮਾ ਅਜ਼ ਤਾਰਿ ਇਸ਼ਕ।**

ਜੇਕਰ ਤੂੰ ਪ੍ਰੇਮ ਦੀ ਸਿਤਾਰ 'ਚੋਂ ਨਿਕਲੇ ਰਾਗ ਸੁਣ ਲਵੇਂ,
ਤਾਂ ਨੇਕ ਸੁਭਾਉ ਵਾਲੇ ਬੰਦੇ, ਤੂੰ ਸਦਾ ਲਈ ਅਮਰ ਹੋ ਜਾਵੇਂ।

**ਬਾਦਸ਼ਾਹਾਂ ਸਲਤਨਤ ਬਿਗੁਜ਼ਾਸ਼ਤੰਦ**
**ਤਾ ਸ਼ਵੰਦ ਆਂ ਮਹਿਰਮਿ ਅਸਰਾਰਿ ਇਸ਼ਕ।**

ਬਾਦਸ਼ਾਹਾਂ ਨੇ ਰਾਜ ਛੱਡ ਦਿੱਤੇ,
ਤਾਂ ਜੋ ਪ੍ਰੇਮ ਦੇ ਭੇਤਾਂ ਤੋਂ ਵਾਕਫ਼ ਹੋ ਸਕਣ।

**ਮਰਹਮੇ ਜੁਜ਼ ਬੰਦਗੀ ਦੀਗਰ ਨ ਦੀਦ**
**ਹਮਚੂ ਗੋਯਾ ਹਰ ਕਿ ਸ਼ੁਦ ਬੀਮਾਰਿ ਇਸ਼ਕ।**

ਗੋਯਾ ਵਾਂਗ ਜਿਸ ਨੂੰ ਵੀ ਪ੍ਰੇਮ ਦੀ ਬਿਮਾਰੀ ਲੱਗੀ,
ਰੱਬ ਦੀ ਬੰਦਗੀ ਬਿਨਾਂ ਉਸ ਨੇ ਹੋਰ ਕੋਈ ਮਲ੍ਹਮ ਨਹੀਂ ਵੇਖੀ।

## ੫੧

**ਤਾ ਆਫ਼ਰੀਦਾ ਅਸਤ ਮਰਾ ਆਂ ਖ਼ੁਦਾਇ ਪਾਕ**
**ਜੁਜ਼ ਹਰਫ਼ਿ ਨਾਮਿ ਹੱਕ ਨਿਆਇਦ ਜ਼ਿ ਜਿਸਮਿ ਖ਼ਾਕ।**

ਉਸ ਪਾਕ ਪਰਵਰਦਗਾਰ ਨੇ ਮੈਨੂੰ ਇਸ ਲਈ ਪੈਦਾ ਕੀਤਾ ਹੈ,
ਕਿ ਮਿੱਟੀ ਦੇ ਇਸ ਸਰੀਰ ਵਿਚੋਂ ਰੱਬ ਦੇ ਨਾਮ ਬਿਨਾਂ ਹੋਰ ਕੁਝ ਨਾ ਨਿਕਲੇ।

**ਦਰ ਹਿਜਰਿ ਤੁਸਤ ਜਾਨੋ ਦਿਲਿ ਆਸ਼ਕਾਂ ਚੁਨੀਂ**
**ਚੋਂ ਲਾਲਾ ਦਾਗ਼ ਬਰ ਜਿਗਰੋ ਸੀਨਾ ਚਾਕ ਚਾਕ।**

ਤੇਰੀ ਜੁਦਾਈ ਵਿਚ ਪ੍ਰਤਿਵਾਨਾਂ ਦੇ ਜਾਨ ਅਤੇ ਦਿਲ ਦੀ ਇਹ ਹਾਲਤ ਹੈ,
ਕਿ ਪੋਸਤ ਦੇ ਫੁੱਲ ਵਾਂਗ ਉਨ੍ਹਾਂ ਦਾ ਜਿਗਰ ਦਾਗਦਾਰ ਹੈ ਅਤੇ ਸੀਨਾ ਲੀਰੋ ਲੀਰ।

**ਈਂ ਗੁਫ਼ਤਾ ਅਸਤ ਮਰਗ ਕਿ ਬੇ-ਯਾਦਿ ਹੱਕ ਬਵਦ**
**ਚੂੰ ਸਾਇਆ ਤੂ ਹਸਤ ਨਦਾਰੇਮ ਹੀਚ ਬਾਕ।**

ਰੱਬ ਦੀ ਯਾਦ ਤੋਂ ਬਿਨਾਂ ਸਮੇਂ ਨੂੰ ਮੌਤ ਕਿਹਾ ਗਿਆ ਹੈ,
ਜਦ ਤਕ ਸਾਨੂੰ ਤੇਰੀ ਛਤਰ ਛਾਇਆ ਨਸੀਬ ਹੈ, ਸਾਨੂੰ ਕੋਈ ਡਰ ਨਹੀਂ।

**ਤਖ਼ਤੋ ਨਗੀਂ ਗੁਜ਼ਾਸ਼ਤਾ ਸ਼ਾਹਾਂ ਜ਼ ਬਹਿਰੇ ਤੂ**
**ਬਿਕੁਸ਼ਾ ਜ਼ਿ ਰੁਖ਼ ਨਕਾਬ ਕਿ ਆਲਮ ਸ਼ੁਦਾ ਹਲਾਕ।**

ਤੇਰੀ ਖ਼ਾਤਰ ਬਾਦਸ਼ਾਹਾਂ ਨੇ ਤਖ਼ਤ ਅਤੇ ਤਾਜ ਛੱਡ ਦਿੱਤੇ,
ਮੁਖੜੇ ਤੋਂ ਬੁਰਕਾ ਚੁੱਕ ਕਿਉਂਕਿ ਸਾਰਾ ਜਗ ਮਰਿਆ ਪਿਆ ਹੈ।

**ਐ ਖ਼ਾਕਿ ਦਰਗਹਿ ਤੂ ਸ਼ਫ਼ਾ-ਬਖਸ਼ਿ ਆਲਮ ਅਸਤ**
**ਰਹਿਮੇ ਬਿਕੁਨ ਬਹਾਲਿ ਗਰੀਬਾਨਿ ਦਰਦਨਾਕ।**

ਐ ਕਿ ਤੇਰੀ ਦਰਗਾਹ ਦੀ ਧੂੜ ਸੰਸਾਰ ਨੂੰ ਤੰਦਰੁਸਤੀ ਬਖ਼ਸ਼ਣ ਵਾਲੀ ਹੈ,
ਤੂੰ ਦਰਦ ਦੇ ਮਾਰੇ ਪਰਦੇਸੀਆਂ ਦੇ ਹਾਲ ਉੱਤੇ ਤਰਸ ਖਾ।

**ਦੁਨਿਆ-ਸਤ ਕਾਂ ਖ਼ਰਾਬ ਕੁਨਿ ਹਰ ਦੋ ਆਲਮ ਅਸਤ**
**ਦਾਰਾ ਬਖ਼ਾਕ ਰਫ਼ਤਾ ਓ ਕਾਰੂੰ ਸ਼ੁਦਾ ਹਲਾਕ।**

ਇਹ ਦੁਨੀਆਂ ਹੀ ਹੈ, ਜੋ ਦੋਹਾਂ ਜਹਾਨਾਂ ਨੂੰ ਬਰਬਾਦ ਕਰ ਦਿੰਦੀ ਹੈ,
ਦਾਰਾ ਵੀ ਮਿੱਟੀ ਵਿਚ ਰਲ ਗਿਆ, ਅਤੇ ਕਾਰੂੰ ਵੀ ਮਾਰਿਆ ਗਿਆ।

**ਚਸ਼ਮਮ ਹਮੇਸ਼ਾ ਬੇ ਤੂ ਗੁਹਰ ਬਾਰ ਮੀ ਸ਼ਵਦ**
**ਗੋਯਾ ਮਿਸਾਲਿ ਦਾਨਾ ਕਿ ਅਜ਼ ਖੋਸ਼ਾ-ਹਾਇ ਤਾਕ।**

ਤੇਰੇ ਬਿਨਾਂ ਮੇਰੀ ਅੱਖ ਹਮੇਸ਼ਾਂ ਇਉਂ ਮੋਤੀ ਕੇਰਦੀ ਰਹਿੰਦੀ ਹੈ,
ਜਿਵੇਂ ਅੰਗੂਰਾਂ ਦੇ ਗੁੱਛਿਆਂ ਵਿਚੋਂ ਦਾਣੇ ਡਿੱਗਦੇ ਰਹਿੰਦੇ ਹਨ।

## ੫੨

**ਮਨ ਨਦਾਨਮ ਕਿ ਕੁਦਾਮਮ ਕਿ ਕੁਦਾਮਮ ਕਿ ਕੁਦਾਮਮ**
**ਬੰਦਾਇ-ਊ ਏਮ ਵ ਊ ਹਾਫ਼ਿਜ਼ਿ ਮਨ ਦਰ ਰਮਾ ਹਾਲ।**

ਮੈਂ ਨਹੀਂ ਜਾਣਦਾ, ਕਿ ਮੈਂ ਕੌਣ ਹਾਂ, ਮੈਂ ਕੌਣ ਹਾਂ,
ਅਸੀਂ ਉਸ (ਰੱਬ) ਦੇ ਬੰਦੇ ਹਾਂ, ਅਤੇ ਉਹ ਹਰ ਥਾਂ ਮੇਰਾ ਰਾਖਾ ਹੈ।

**ਸਾਹਬਿ ਹਾਲ ਬਜੁਜ਼ ਹਰਫ਼ਿ ਖ਼ੁਦਾ ਦਮ ਨ-ਜ਼ਨਦ**
**ਗ਼ੈਰਿ ਜ਼ਿਕਰਸ਼ ਹਮਾ ਆਵਾਜ਼ ਬਵਦ ਕੀਲੋ ਕਾਲ।**

ਰੱਬ ਦੇ ਮਹਿਰਮ ਸਿਵਾਇ ਰੱਬ ਦੇ ਨਾਮ ਦੇ ਹੋਰ ਕੋਈ ਸ਼ਬਦ ਮੂੰਹੋਂ ਨਹੀਂ ਕੱਢਦੇ,
ਉਸ ਦੇ ਸਿਮਰਨ ਤੋਂ ਬਿਨਾਂ ਹੋਰ ਸਭ ਕੁਝ ਫਜ਼ੂਲ ਵਾਦ-ਵਿਵਾਦ ਹੈ।

**ਮੁਰਸ਼ਦਿ ਕਾਮਿਲਿ ਮਾ ਬੰਦਗੀਅਤ ਫ਼ਰਮਾਇਦ**
**ਐ ਜ਼ਹੇ ਕਾਲ ਮੁਬਾਰਿਕ ਕਿ ਕੁਨਦ ਸਾਹਿਬਿ ਹਾਲ।**

ਸਾਡੇ ਪੂਰੇ ਸਤਿਗੁਰੂ ਬੰਦਗੀ ਫ਼ਰਮਾਉਂਦੇ ਹਨ,
ਵਾਹ! ਕਿੰਨਾ ਮੁਬਾਰਕ ਹੈ ਉਹ ਬੋਲ ਜੋ ਉਸ ਦੇ ਹਾਲ ਦਾ ਮਹਿਰਮ ਬਣਾਂਦਾ ਹੈ।

## ੫੩

**ਚੂੰ ਖ਼ੁਦਾ ਹਾਜ਼ਿਰ ਅਸਤ ਦਰ ਹਮਾ ਹਾਲ**
**ਤੂ ਚਿਰਾ ਮੀ ਜ਼ਨੀ ਦਿਗਰ ਪਰੋ ਬਾਲ।**

ਜਦ ਰੱਬ ਹਰ ਹਾਲਤ ਵਿਚ ਹਾਜ਼ਰ ਨਾਜ਼ਰ ਹੈ,
ਤਾਂ ਤੂੰ ਹੋਰ ਕਿਉਂ ਹੱਥ ਪੈਰ ਪਿਆ ਮਾਰਦਾ ਫਿਰਦਾ ਹੈਂ?

ਹਮਦਿ ਹੱਕ ਗੋ ਦਿਗਰ ਮਗੋ ਐ ਜਾਂ
ਸਾਹਿਬਿ ਕਾਲ ਬਾਸ਼ ਵ ਬੰਦਾਇ ਹਾਲ।

ਰੱਬ ਦੀ ਸਿਫ਼ਤ ਸਨਾ ਕਰ, ਐ ਮੇਰੀ ਜਾਨ! ਹੋਰ ਕੁਝ ਨ ਕਹੁ,
ਨਾਮ ਜਪਣ ਵਾਲਾ ਬੰਦਾ ਬਣ ਜਾ, ਉਸ ਦੇ ਹਾਲ ਦਾ ਮਹਿਰਮ ਬਣ ਜਾ।

ਗ਼ੈਰ ਯਾਦਿ ਖ਼ੁਦਾ ਦਮੇ ਕਿ ਗੁਜ਼ਸ਼ਤ
ਈਂ ਜ਼ਵਾਲ ਅਸਤ ਪੇਸ਼ਿ ਅਹਿਲਿ ਕਮਾਲ।

ਰੱਬ ਦੀ ਯਾਦ ਤੋਂ ਛੁੱਟ ਜਿਹੜਾ ਦਮ ਵੀ ਗੁਜ਼ਾਰਿਆ,
ਕਾਮਲ ਲੋਕਾਂ ਦੀਆਂ ਨਜ਼ਰਾਂ ਵਿਚ ਉਹ ਬਰਬਾਦ ਗਿਆ।

ਮਾ ਸਿਵਾ ਨੀਸਤ ਹਰ ਕੁਜਾ ਬੀਨੀ
ਤੂ ਚਿਰਾ ਗ਼ਾਫ਼ਲੀ ਦਰ ਐਨਿ ਵਸਾਲ।

ਜਿੱਥੇ ਵੀ ਤੂੰ ਵੇਖੇਂ, ਉਸ ਤੋਂ ਬਿਨਾਂ ਹੋਰ ਕੋਈ ਨਹੀਂ,
ਐਨੇ ਮਿਲਾਪ ਵਿਚ ਤੂੰ ਕਿਉਂ ਗ਼ਾਫ਼ਲ ਹੁੰਦਾ ਹੈਂ?

ਗ਼ੈਰ ਹਰਫ਼ਿ ਖ਼ੁਦਾ ਮਗੋ ਗੋਯਾ
ਕਿ ਦਿਗਰ ਪੂਚ ਹਸਤ ਕੀਲੋ ਮਕਾਲ।

ਗੋਯਾ ਤੂੰ ਰੱਬ ਦੇ ਨਾਮ ਤੋਂ ਬਿਨਾਂ ਹੋਰ ਕੁਝ ਨਾ ਕਹੁ,
ਕਿਉਂ ਜੋ ਬਾਕੀ ਸਾਰੀ ਗੱਲ-ਬਾਤ ਥੋਥੀ ਹੈ।

## ੫੪

ਮਾ ਕਿ ਖ਼ੁਦ ਹਰ ਬੰਦਾਇ ਹੱਕ ਰਾ ਖ਼ੁਦਾ ਫਹਿਮੀਦਾ ਏਮ
ਖ਼ੇਸ਼ਤਨ ਰਾ ਬੰਦਾਇ ਈਂ ਬੰਦਾਹਾ ਫ਼ਹਿਮੀਦਾ ਏਮ।

ਅਸਾਂ ਹਰ ਰੱਬ ਦੇ ਬੰਦੇ ਨੂੰ ਰੱਬ ਹੀ ਸਮਝਿਆ ਹੈ,
ਅਤੇ ਆਪਣੇ ਆਪ ਨੂੰ ਅਸਾਂ ਇਨ੍ਹਾਂ ਬੰਦਿਆਂ ਦਾ ਬੰਦਾ ਸਮਝਿਆ ਹੈ।

ਮਰਦੁਮਾਨਿ ਚਸ਼ਮਿ ਮਾ ਰਾ ਏਹਤਿਆਜਿ ਸੁਰਮਾ ਨੀਸਤ
ਬਸਕਿ ਖ਼ਾਕਿ ਰਹਿ ਮਰਦੁਮ ਤੂਤੀਆ ਫ਼ਹਿਮੀਦਾ-ਏਮ।

ਸਾਡੀਆਂ ਅੱਖਾਂ ਦੀਆਂ ਪੁਤਲੀਆਂ ਨੂੰ ਸੁਰਮੇਂ ਦੀ ਕੋਈ ਲੋੜ ਨਹੀਂ,
ਕਿਉਂ ਜੋ ਅਸਾਂ ਰੱਬ ਦੇ ਬੰਦਿਆਂ ਦੇ ਰਾਹ ਦੀ ਧੂੜ ਨੂੰ ਹੀ ਸੁਰਮਾ ਸਮਝਿਆ ਹੈ।

ਹਰ ਨਫ਼ਸ ਸ਼ਰ ਬਰ ਜ਼ਮੀਂ ਦਾਰੇਮ ਅਜ਼ ਬਹਿਰੇ ਸਜੂਦ
ਜ਼ਾਂ ਕਿ ਰੂਇ ਯਾਰਿ ਖ਼ੁਦ ਨੂਰਿ ਖ਼ੁਦਾ ਫ਼ਹਿਮੀਦਾਏਮ।

ਹਰ ਘੜੀ ਅਸਾਂ ਆਪਣਾ ਸਿਰ ਸਿਜਦੇ ਲਈ ਧਰਤ ਉੱਤੇ ਰਖਦੇ ਹਾਂ,
ਕਿਉਂ ਜੋ ਅਸਾਂ ਆਪਣੇ ਯਾਰ ਦੇ ਮੁਖੜੇ ਨੂੰ ਰੱਬ ਦਾ ਨੂਰ ਸਮਝਿਆ ਹੈ।

ਬਾਦਸ਼ਾਹਾਂ ਰਾ ਫ਼ਕੀਰਾਂ ਬਾਦਸ਼ਾਹੀ ਦਾਦਾ ਅੰਦ
ਜ਼ਾਂ ਗਦਾਇ ਕੂਇ ਊ ਰਾ ਬਾਦਸ਼ਾਹ ਫ਼ਹਿਮੀਦਾ-ਏਮ।

ਫ਼ਕੀਰਾਂ ਨੇ ਬਾਦਸ਼ਾਹਾਂ ਨੂੰ ਬਾਦਸ਼ਾਹੀ ਬਖ਼ਸ਼ੀ ਹੈ,
ਇਸ ਲਈ ਉਸ ਦੀ ਗਲੀ ਦੇ ਫ਼ਕੀਰ ਨੂੰ ਅਸੀਂ ਬਾਦਸ਼ਾਹ ਸਮਝ ਲਿਆ ਹੈ।

ਮਾ ਨਮੀ ਖਾਹੇਮ ਮੁਲਕੋ ਮਾਲ ਰਾ ਗੋਯਾ ਅਜ਼ਾਂ
ਸਾਇਆਇ ਜ਼ੁਲਫ਼ਿ ਤੁਰਾ ਬਾਲਿ ਹੁਮਾ ਫ਼ਹਿਮੀਦਾ ਏਮ।

ਸਾਨੂੰ! ਐ ਗੋਯਾ, ਮੁਲਕ ਅਤੇ ਮਾਲ ਦੀ ਕੋਈ ਚਾਹ ਨਹੀਂ,
ਇਸ ਲਈ, ਕਿ ਅਸਾਂ ਤੇਰੀ ਜ਼ੁਲਫ਼ ਦੇ ਸਾਯੇ ਨੂੰ ਹੁਮਾ ਦਾ ਪਰ ਸਮਝ ਲਿਆ ਹੈ।

੫੫

ਦਰੂੰ ਮਰਦਮੁਕਿ ਦੀਦਾ ਦਿਲਰੁਬਾ ਦੀਦਮ
ਬਹਰ ਤਰਫ਼ ਕਿ ਨਜ਼ਰ ਕਰਦਮ ਆਸ਼ਨਾ ਦੀਦਮ।

ਮੈਂ ਆਪਣੀ ਅੱਖ ਦੀ ਪੁਤਲੀ ਵਿਚ ਉਸ ਦਿਲ ਹਰਨ ਵਾਲੇ ਨੂੰ ਵੇਖਿਆ ਹੈ।
ਜਿਧਰ ਵੀ ਮੈਂ ਨਿਗਾਹ ਦੌੜਾਈ, ਮੈਂ ਆਪਣਾ ਸੱਜਨ ਹੀ ਵੇਖਿਆ ਹੈ।

ਬਗਿਰਦਿ ਕਾਅਬਾ ਓ ਬੁਤਖ਼ਾਨਾ ਹਰ ਦੋ ਗਰਦੀਦਮ
ਦਿਗਰ ਨਯਾਫ਼ਤਮ ਆਂ ਜਾ ਹਮੀਂ ਤੁਰਾ ਦੀਦਮ।

ਮੈਂ ਕਾਅਬੇ ਅਤੇ ਮੰਦਰ ਦੋਹਾਂ ਥਾਵਾਂ ਦੀ ਪਰਕਰਮਾ ਕੀਤੀ ਹੈ
ਮੈਨੂੰ ਤਾਂ ਹਰ ਥਾਂ ਤੇਰੇ ਬਿਨਾਂ ਹੋਰ ਕੋਈ ਨਹੀਂ ਦਿੱਸਿਆ।

ਬਹਰ ਕੁਜਾ ਕਿ ਨਜ਼ਰ ਕਰਦਮ ਅਜ਼ ਰਾਹਿ ਤਹਿਕੀਕ
ਵਲੇ ਬਖ਼ਾਨਾਇ ਦਿਲਿ ਖ਼ੁਦ ਖ਼ੁਦਾ ਦੀਦਮ।

ਜਿੱਥੇ ਵੀ ਮੈਂ ਨਿਸ਼ਚੇ ਵਜੋਂ ਨਜ਼ਰ ਕੀਤੀ
ਆਪਣੇ ਦਿਲ ਦੇ ਘਰ ਅੰਦਰ ਰੱਬ ਹੀ ਰੱਬ ਨੂੰ ਵੇਖਿਆ ਹੈ।

ਗਦਾਈ ਕਰਦਨਿ ਕੂਇ ਤੂ ਬਿਹ ਜ਼ਿ ਸੁਲਤਾਨੀਸਤ
ਖ਼ਿਲਾਫ਼ਤਿ ਦੋ ਜਹਾਂ ਤਰਕਿ ਮੁਦਆ ਦੀਦਮ।

ਤੇਰੀ ਗਲੀ ਵਿਚ ਮੰਗਣ ਦਾ ਕੰਮ ਬਾਦਸ਼ਾਹੀ ਨਾਲੋਂ ਚੰਗੇਰਾ ਹੈ,
ਮੈਂ ਦੋਹਾਂ ਜਹਾਨਾਂ ਦੀ ਨਾਇਬੀ ਨਿਜੀ ਸਵਾਰਥ ਨੂੰ ਛੱਡਣ ਵਿਚ ਵੇਖੀ ਹੈ।

ਮਰਾ ਜ਼ਿ ਰੂਜ਼ਿ ਅਜ਼ਲ ਆਮਦ ਈਂ ਨਿਦਾ ਗੋਯਾ
ਕਿ ਇੰਤਹਾਇ ਜਹਾਂ ਰਾ ਦਰ ਇਬਤਦਾ ਦੀਦਮ।

ਮੇਰੇ ਕੰਨੀ, ਗੋਯਾ, ਪਹਿਲੇ ਦਿਨ ਤੋਂ ਹੀ ਇਹ ਆਵਾਜ਼ ਪਈ,
ਕਿ ਜਹਾਨ ਦੇ ਅੰਤ ਨੂੰ ਮੈਂ ਇਸ ਦੇ ਆਦਿ ਵਿਚ ਹੀ ਵੇਖ ਲਿਆ ਹੈ।

੫੬

ਅਜ਼ ਦੋਸਤ ਗ਼ੈਰਿ ਦੋਸਤ ਤਮੱਨਾ ਨਮੀ ਕੁਨੇਮ
ਮਾ ਦਰਦਿ ਸਰਿ ਖੇਸ਼ ਮਦਾਵਾ ਨਮੀ ਕੁਨੇਮ।

ਮਿੱਤਰ ਪਿਆਰੇ ਤੋਂ ਅਸੀਂ ਸਿਵਾ ਉਸ ਦੇ ਹੋਰ ਕੋਈ ਚਾਹ ਨਹੀਂ ਰੱਖਦੇ,
ਅਸਾਂ ਆਪਣੇ ਸਿਰ ਦਰਦ ਦਾ ਕੋਈ ਇਲਾਜ ਨਹੀਂ ਕਰਦੇ।

ਬੀਮਾਰ ਨਰਗਸੇਮ ਕਿ ਨਰਗਸ ਗ਼ੁਲਾਮਿ ਊ ਸਤ
ਮਾ ਆਰਜ਼ੂਇ ਖ਼ਿਜ਼ਰੋ ਮਸੀਹਾ ਨਮੀ ਕੁਨੇਮ।

ਅਸੀਂ ਉਸ ਨਰਗਸੀ ਸੱਜਨ ਦੇ ਹੱਥੋਂ ਬੀਮਾਰ ਹਾਂ, ਜਿਸ ਦਾ ਨਰਗਸ ਵੀ ਗ਼ੁਲਾਮ ਹੈ,
ਅਸੀਂ ਖ਼ਿਜ਼ਰ ਅਤੇ ਮਸੀਹਾ ਦੀ ਚਾਹ ਨਹੀਂ ਰੱਖਦੇ।

**ਹਰ ਜਾ ਕਿ ਦੀਦਾ ਏਮ ਜਮਾਲਿ ਤੂ ਦੀਦਾ ਏਮ**
**ਮਾ ਜੁਜ਼ ਜਮਾਲਿ ਦੂਸਤ ਤਮਾਸ਼ਾ ਨਮੀ ਕੁਨੇਮ।**

ਜਿੱਥੇ ਵੀ ਅਸਾਂ ਵੇਖਿਆ, ਤੇਰਾ ਜਲਾਲ ਹੀ ਵੇਖਿਆ ਹੈ,
ਅਸੀਂ ਦੋਸਤ ਦੇ ਜਮਾਲ ਤੋਂ ਛੁੱਟ ਹੋਰ ਕੋਈ ਤਮਾਸ਼ਾ ਨਹੀਂ ਵੇਖਦੇ।

**ਬਾ ਯਾਰ ਹਮਦਮੇਮ ਨ ਬੀਨੇਮ ਗ਼ੈਰ ਊ**
**ਮਾ ਚਸ਼ਮਿ ਖ਼ੁਦ ਬਰੂਇ ਕਸੇ ਵਾ ਨਮੀ ਕੁਨੇਮ।**

ਆਪਣੇ ਸੱਜਨ ਦੇ ਨਾਲ ਹੁੰਦਿਆਂ, ਅਸੀਂ ਹੋਰ ਕਿਸੇ ਨੂੰ ਨਹੀਂ ਵੇਖਦੇ ਅਸਾਂ,
ਅਸੀਂ ਕਿਸੇ ਹੋਰ ਦੇ ਸਾਹਮਣੇ ਅੱਖ ਵੀ ਨਹੀਂ ਪੁੱਟਦੇ।

**ਪਰਵਾਨਾ-ਵਾਰ ਗਿਰਦਿ ਰੁਖ਼ਿ ਸ਼ਮਆ ਜਾਂ ਦਿਹੇਮ**
**ਚੂ ਅੰਦਲੀਬ ਬੇਹੁਦਾ ਗ਼ੰਗਾ ਨਮੀ ਕੁਨੇਮ।**

ਅਸੀਂ ਭੰਬਟ ਵਾਂਗ ਦੀਵੇ ਦੇ ਚਿਹਰੇ ਤੋਂ ਆਪਣੀ ਜਾਨ ਵਾਰ ਦਿੰਦੇ ਹਾਂ,
ਪਰ ਬੁਲਬੁਲ ਵਾਂਗ ਐਵੇਂ ਫ਼ਜ਼ੂਲ ਕੂਕਾਂ ਨਹੀਂ ਮਾਰਦੇ।

**ਗੋਯਾ ਖਮੋਸ਼ ਬਾਸ਼ ਕਿ ਸੌਦਾਇ ਇਸ਼ਕਿ ਯਾਰ**
**ਤਾਂ ਈਂ ਸਰਸਤ ਅਜ਼ ਸਰਿ-ਖ਼ੁਦ ਵਾ ਨਮੇ ਕੁਨੇਮ।**

ਗੋਯਾ, ਚੁੱਪ ਰਹੁ, ਕਿ ਸਜਨ ਦੇ ਪ੍ਰੇਮ ਦੇ ਸੁਦਾ ਨੂੰ,
ਜਦ ਤਕ ਭੀ ਸਾਡਾ ਸਿਰ ਕਾਇਮ ਹੈ, ਆਪਣੇ ਸਿਰੋਂ ਨਹੀਂ ਕੱਢਾਂਗੇ।

## ੫੭

**ਮਾ ਬ-ਯਾਦਿ ਹੱਕ ਹਮੇਸ਼ਾਂ ਜ਼ਿੰਦਾ-ਏਮ**
**ਦਾਇਮ ਅਜ਼ ਇਹਸਾਨਿ ਊ ਸ਼ਰਮਿੰਦਾ-ਏਮ।**

ਅਸੀਂ ਰੱਬ ਦੀ ਯਾਦ ਵਿਚ ਸਦਾ ਜ਼ਿੰਦਾ ਰਹਿੰਦੇ ਹਾਂ,
ਅਸੀਂ ਸਦਾ ਹੀ ਉਸ ਦੇ ਇਹਸਾਨ ਕਾਰਣ ਸ਼ਰਮਸਾਰ ਹਾਂ।

**ਖ਼ੁਦ-ਨੁਮਾ ਰਾ ਬੰਦਗੀ ਮਨਜ਼ੂਰ ਨੀਸਤ**
**ਊ ਹਮੇਸ਼ਾਂ ਸਾਹਿਬੋ ਮਾ ਬੰਦਾ-ਏਮ।**

ਆਪਾ ਵਿਖਾਉਣ ਵਾਲੇ ਨੂੰ ਭਜਨ ਬੰਦਗੀ ਮਨਜ਼ੂਰ ਨਹੀਂ ਹੁੰਦੀ,
ਉਹ ਰੱਬ ਤਾਂ ਸਦਾ ਮਾਲਕ ਹੈ ਅਤੇ ਅਸੀਂ ਉਸ ਦੇ ਬੰਦੇ ਹਾਂ।

**ਦਰ ਵਜੂਦਿ ਖ਼ਾਕੀਆਂ ਪਾਕੀ ਅਜ਼ੋਸਤ**
**ਮਾ ਖ਼ੁਦਾਇ ਪਾਕ ਰਾ ਬੀਨਿੰਦਾ-ਏਮ।**

ਮਿੱਟੀ ਦੇ ਪੁਤਲਿਆਂ ਵਿਚ ਉਸੇ ਦੀ ਪਵਿੱਤਰਤਾ ਹੈ,
ਅਸਾਂ ਤਾਂ ਪਾਕ ਪਰਵਰਦਗਾਰ ਨੂੰ ਵੇਖ ਲਿਆ ਹੈ।

**ਮਾ ਬਪਾਇ ਸ਼ਾਹ ਸਰ ਅਫ਼ਗੰਦਾ-ਏਮ**
**ਅਜ਼ ਦੋ ਆਲਮ ਦਸਤ ਰਾ ਅਫ਼ਸ਼ਾਂਦਾ-ਏਮ।**

ਅਸਾਂ ਤਾਂ ਉਸ ਬਾਦਸ਼ਾਹ ਦੇ ਚਰਨਾਂ ਤੇ ਆਪਣਾ ਸਿਰ ਰੱਖ ਦਿੱਤਾ ਹੈ,
ਅਤੇ ਦੋਹਾਂ ਜਹਾਨਾਂ ਲੋਕ ਪਰਲੋਕ ਤੋਂ ਆਪਣੇ ਹੱਥ ਧੋ ਲਏ ਹਨ।

**ਨੀਸਤ ਦਰ ਹਰ ਚਸ਼ਮ ਗ਼ੈਰ ਅਜ਼ ਨੂਰਿ ਊ**
**ਸੁਹਬਤਿ ਮਰਦਾਨਿ ਹੱਕ ਜੋਇੰਦਾ-ਏਮ।**

ਹਰ ਇਕ ਅੱਖ ਵਿਚ ਉਸ ਦੇ ਨੂਰ ਤੋਂ ਬਿਨਾਂ ਕੁਝ ਵੀ ਨਹੀਂ,
ਇਸੇ ਲਈ ਅਸਾਂ ਰੱਬ ਦੇ ਬੰਦਿਆਂ ਦੀ ਸੰਗਤ ਢੂੰਡੀ ਹੈ।

**ਮਾ ਚੂ ਜ਼ੱਰਾਇ ਖ਼ਾਕਿ ਪਾਇ ਊ ਸ਼ੁਦੇਮ**
**ਤਾ ਬਦਾਮਨ ਦਸਤਿ ਖ਼ੁਦ ਅਫ਼ਗੰਦਾ ਏਮ।**

ਜਦ ਤੋਂ ਅਸਾਂ ਉਸ ਦਾ ਪੱਲਾ ਫੜ੍ਹਿਆ ਹੈ,
ਅਸੀਂ ਉਸ ਦੇ ਚਰਨਾਂ ਦੀ ਧੂੜ ਦਾ ਕਿਣਕਾ ਹੋ ਗਏ ਹਾਂ।

**ਕੀਸਤ ਗਯਾ ਜ਼ਾਕਰਿ ਨਾਮਿ ਖ਼ੁਦਾ**
**ਹਮਚੂ ਖ਼ੁਰਸ਼ੀਦਿ ਜਹਾਂ ਰਖ਼ਸ਼ੰਦਾ ਏਮ।**

ਗੋਯਾ ਕੌਣ ਹੈ, ਰੱਬ ਦਾ ਨਾਮ-ਲੇਵਾ,
ਅਸੀਂ ਤਾਂ ਜਹਾਨ ਦੇ ਸੂਰਜ ਵਾਂਗ ਚਮਕੇ ਹਾਂ।

## ੫੮

**ਮਾ ਬੰਦਾਇ ਇਸ਼ਕੇਮ ਖ਼ੁਦਾ ਰਾ ਨਾ-ਸ਼ਨਾਸੇਮ**
**ਦੁਸ਼ਨਾਮ ਨ ਦਾਨੇਮ ਦੁਆ ਰਾ ਨ ਸ਼ਨਾਸੇਮ।**

ਅਸੀਂ ਤਾਂ ਪ੍ਰੀਤ ਦੇ ਬੰਦੇ ਹਾਂ, ਰੱਬ ਨੂੰ ਨਹੀਂ ਸਿਆਣਦੇ,
ਗਾਲ੍ਹਾਂ ਨਹੀਂ ਜਾਣਦੇ, ਅਸੀਸਾਂ ਨਹੀਂ ਪਛਾਣਦੇ।

**ਆਸ਼ੁਫ਼ਤਾਇ ਆਨੇਮ ਕਿ ਅਸ਼ੁਫ਼ਤਾਇ ਮਾ ਹਸਤ**
**ਮਾ ਸ਼ਾਹ ਨ ਦਾਨੇਮ ਓ ਗਦਾ ਰਾ ਨ ਸ਼ਲਾਸੇਮ।**

ਅਸੀਂ ਉਸ ਪਿਆਰੇ ਦੇ ਦੀਵਾਨੇ ਹਾਂ, ਜੋ ਸਾਡਾ ਮਤਵਾਲਾ ਹੈ,
ਅਸੀਂ ਬਾਦਸ਼ਾਹ ਨੂੰ ਨਹੀਂ ਜਾਣਦੇ ਫ਼ਕੀਰ ਨੂੰ ਨਹੀਂ ਸਿਆਣਦੇ।

**ਚੂੰ ਗ਼ੈਰਿ ਤੂ ਕਸ ਨੀਸਤ ਬਤਹਿਕੀਕ ਦਰੀਂਜ਼ਾ**
**ਈਂ ਤਫ਼ੱਰਕਾਇ ਮਾ ਓ ਸ਼ੁਮਾ ਰਾ ਨ-ਸ਼ਨਾਸੇਮ।**

ਸੱਚੀ ਗੱਲ ਤਾਂ ਇਹ ਹੈ ਕਿ ਤੇਰੇ ਬਿਨਾਂ ਇੱਥੇ ਹੋਰ ਕੋਈ ਨਹੀਂ,
ਸਾਨੂੰ ਤਾਂ ਮੇਰ ਤੇਰ ਦਾ ਫ਼ਰਕ ਸਮਝ ਨਹੀਂ ਆਉਂਦਾ।

**ਸਰ ਪਾ ਸ਼ੁਦ ਪਾ ਸਰ ਸ਼ੁਦਾ ਦਰ ਰਾਹਿ ਮੁਹੱਬਤ**
**ਗੋਇਮ ਵ ਲੇਕਨ ਸਰੋ ਪਾ ਰਾ ਨ-ਸ਼ਨਾਸੇਮ।**

ਪ੍ਰੀਤ ਦੇ ਮਾਰਗ ਉੱਤੇ ਸਿਰ ਪੈਰ ਬਣ ਗਿਆ ਅਤੇ ਪੈਰ ਸਿਰ ਬਣ ਗਏ,
ਇਹ ਕਹਿੰਦਾ ਤਾਂ ਹਾਂ, ਪਰ ਅਸੀਂ ਸਿਰ ਤੇ ਪੈਰ ਨੂੰ ਨਹੀਂ ਪਹਿਚਾਣਦੇ।

**ਮਾ ਨੀਜ਼ ਚੂ ਗੋਯਾ ਜ਼ਿ ਅਜ਼ਲ ਮਸਤ ਈਸਤਮ**
**ਈਂ ਕਾਇਦਾਇ ਜ਼ੁਹਦੋ ਰਿਆ ਰਾ ਨਾ ਸ਼ਨਾਸੇਮ।**

ਅਸੀਂ ਵੀ, ਗੋਯਾ ਵਾਂਗ, ਆਦਿ ਦਿਨ ਤੋਂ ਹੀ ਮਸਤ ਹਾਂ,
ਭਜਨ ਬੰਦਗੀ ਅਤੇ ਪਾਖੰਡ ਦੇ ਅਸੂਲਾਂ ਦਾ ਸਾਨੂੰ ਕੁਝ ਪਤਾ ਨਹੀਂ।

੫੯

ਹਰਗਾਹ ਨਜ਼ਰ ਬਜਾਨਿਬਿ ਦਿਲਦਾਰ ਮੀ ਕੁਨੇਮ
ਦਰਿਆਇ ਹਰ ਦੋ ਚਸ਼ਮ ਗੁਹਰ-ਬਾਰ ਮੀ ਕੁਨੇਮ।

ਜਦ ਵੀ ਅਸੀਂ ਪਿਆਰੇ ਵਲ ਨਜ਼ਰ ਚੁੱਕ ਕੇ ਵੇਖਦੇ ਹਾਂ,
ਤਾਂ ਮੋਤੀ ਵਰ੍ਹਾਉਣ ਵਾਲੀਆਂ ਦੋਹਾਂ ਅੱਖਾਂ ਦੇ ਦਰਿਆ ਵਗਾਹ ਦਿੰਦੇ ਹਾਂ।

ਹਰ ਜਾ ਕਿ ਦੀਦਾਏਮ ਰੁਖ਼ਿ ਯਾਰ ਦੀਦਾਏਮ
ਮਾ ਕੈ ਨਜ਼ਰ ਬਜਾਨਿਬਿ ਅਗ਼ਯਾਰ ਮੀ ਕੁਨੇਮ।

ਜਿੱਥੇ ਵੀ ਅਸਾਂ ਵੇਖਿਆ ਹੈ, ਸੱਜਨ ਦਾ ਮੁਖੜਾ ਹੀ ਵੇਖਿਆ ਹੈ,
ਅਸੀਂ ਕਦੋਂ ਪਰਾਇਆਂ ਵੱਲ ਵੇਖਣ ਵਾਲੇ ਹਾਂ?

ਜ਼ਾਹਿਦ ਮਰਾ ਜ਼ਿ ਦੀਦਾਨਿ ਖ਼ੂਬਾਂ ਮਨਆ ਮਕੁਨ
ਮਾ ਖ਼ੁਦ ਨਜ਼ਰ ਬਸੂਇ ਰੁਖ਼ਿ ਯਾਰ ਮੀ ਕੁਨੇਮ।

ਹੇ ਭਜਨੀਕ ਮਹਾਤਮਾ, ਮੈਨੂੰ ਸੋਹਣਿਆਂ ਨੂੰ ਵੇਖਣ ਤੋਂ ਨਾ ਰੋਕ,
ਅਸੀਂ ਤਾਂ ਆਪਣੀ ਨਜ਼ਰ ਸੱਜਨ ਦੇ ਮੁਖੜੇ ਵਲ ਲਾਈ ਬੈਠੇ ਹਾਂ।

ਮਾ ਜੁਜ਼ ਹਦੀਸਿ ਰੂਇ ਤੂ ਕੂਤੇ ਨਾ ਖ਼ੁਰਦਾਏਮ
ਦਰ ਰਹਿ ਇਸ਼ਕ ਈਂ ਹਮਾ ਤਕਰਾਰ ਮੀ ਕੁਨੇਮ।

ਅਸਾਂ ਤੇਰੇ ਮੁਖੜੇ ਦੀ ਕਥਾ ਤੋਂ ਛੁੱਟ ਹੋਰ ਕੋਈ ਖ਼ੁਰਾਕ ਨਹੀਂ ਖਾਧੀ,
ਪ੍ਰੇਮ ਦੇ ਰਾਹ ਉੱਤੇ ਇਸੇ ਨੂੰ ਬਾਰ ਬਾਰ ਦੁਹਰਾਂਦੇ ਹਾਂ।

ਗੋਯਾ ਜ਼ਿ ਚਸ਼ਮਿ ਯਾਰ ਕਿ ਮਖ਼ਮੂਰ ਗਸ਼ਤਾਏਮ
ਕੈ ਖ਼ਾਹਸ਼ਿ ਸ਼ਰਾਬਿ ਪੁਰ ਅਸਰਾਰ ਮੀ ਕੁਨੇਮ।

ਗੋਯਾ, ਅਸੀਂ ਪਿਆਰੇ ਦੀ ਤੱਕਣੀ ਨਾਲ ਹੀ ਮਸਤ ਹੋ ਗਏ ਹਾਂ,
ਅਸੀਂ ਭਲਾ ਫਿਰ ਕਿਉਂ ਭੇਤ ਭਰੀ ਸ਼ਰਾਬ ਦੀ ਚਾਹ ਰਖੀਏ।

੬੦

ਨਮੀ ਗੁੰਜਦ ਬਚਸ਼ਮਮ ਗ਼ੈਰਿ ਸ਼ਾਹਿ ਖ਼ੁਦ-ਪਸੰਦਿ ਮਨ
ਬਚਸ਼ਮਮ ਖ਼ੁਸ਼ ਨਿਸ਼ਸਤ ਆਂ ਕਾਮਤਿ ਬਖ਼ਤਿ ਬੁਲੰਦਿ ਮਨ।

ਮੇਰੀਆਂ ਅੱਖਾਂ ਵਿਚ ਮੇਰੇ ਖ਼ੁਦ-ਪਸੰਦ ਬਾਦਸ਼ਾਹ ਤੋਂ ਬਿਨਾਂ ਹੋਰ ਕੋਈ ਨਹੀਂ ਸਮਾਉਂਦਾ,
ਮੇਰੀਆਂ ਅੱਖਾਂ ਨੂੰ ਉਸ ਦਾ ਵੱਡ-ਭਾਗੀ ਕੱਦ ਠੀਕ ਜੱਚ ਗਿਆ ਹੈ।

ਤਮਾਮੀ ਮੁਰਦਾਹਾ ਰਾ ਅਜ਼ ਤਬੱਸਮ ਜ਼ਿੰਦਾ ਮੀ ਸਾਜ਼ਦ
ਚੂ ਰੇਜ਼ਦ ਆਬ ਹੈਵਾਂ ਅਜ਼ ਦਹਾਨਿ ਗ਼ੁੰਚਾ-ਖ਼ੰਦਿ-ਮਨ।

ਜਦ ਉਹ ਆਪਣੇ ਕਲੀ ਵਰਗੇ ਤੰਗ ਮੂੰਹ ਤੋਂ ਅੰਮ੍ਰਿਤ ਵਰ੍ਹਾਉਂਦਾ ਹੈ,
ਤਾ ਮਾਨੋ ਸਾਰੇ ਮੁਰਦਿਆਂ ਨੂੰ ਉਹ ਆਪਣੀ ਮੁਸਕਾਨ ਨਾਲ ਜੀਉਂਦਾ ਕਰ ਦਿੰਦਾ ਹੈ।

**ਬਰਾਇ ਦੀਦਨਿ ਤੂ ਦੀਦਾਅਮ ਸ਼ੁਦ ਚਸ਼ਮਾਇ ਕੌਸਰ**
**ਬਿਆ ਜਾਨਾਂ ਕਿ ਕੁਰਬਾਨਿ ਤੂ ਜਾਨਿ ਦਰਦ-ਮੰਦਿ ਮਨ।**

ਤੇਰੇ ਦੀਦਾਰ ਲਈ ਮੇਰੀਆਂ ਅੱਖਾਂ ਚਸ਼ਮੇ ਦਾ ਸ੍ਰੋਤ ਬਣ ਗਈਆਂ,
ਆ ਮੇਰੀ ਜਾਨੀ, ਕਿ ਮੇਰੀ ਦਰਦ-ਭਰੀ ਜਾਨ ਤੈਥੋਂ ਕੁਰਬਾਨ।

**ਅਗਰ ਬੀਨੀ ਦਰੂਨਿ ਮਨ ਬ.ਗੈਰ ਅਜ਼ ਖ਼ੁਦ ਕੁਜਾ ਯਾਬੀ**
**ਕਿ .ਗੈਰ ਅਜ਼ ਜ਼ਿਕਰਿ ਤੂੰ ਨਬੂਦ ਦਰੂਨਿ ਬੰਦ ਬੰਦਿ ਮਨ।**

ਜੇਕਰ ਤੂੰ ਕਿਧਰੇ ਮੇਰੇ ਅੰਦਰਲੇ ਵਿਚ ਝਾਤ ਮਾਰੇਂ ਤਾਂ ਤੈਨੂੰ ਆਪਣੇ ਬਿਨਾਂ ਉਸ ਵਿਚ ਹੋਰ ਕੁਝ ਨਹੀਂ ਨਜ਼ਰ ਆਏਗਾ,
ਕਿਉਂ ਜੋ ਮੇਰੇ ਤਾਂ ਬੰਦ ਬੰਦ ਵਿਚ ਤੇਰੇ ਬਿਨਾਂ ਹੋਰ ਕਿਸੇ ਦਾ ਜ਼ਿਕਰ ਤਕ ਨਹੀਂ।

**ਮਨਮ ਯਕ ਮੁਸ਼ਤਿ ਗਿਲ ਗੋਯਾ ਦਰੂਨਮ ਨੂਰਿ ਓ ਲਾਮਅ**
**ਬਗਰਦਿਸ਼ ਦਾਇਮਾ ਗਰਦਦ ਦਿਲਿ ਪੁਰ ਹੋਸ਼ਮੰਦਿ ਮਨ।**

ਗੋਯਾ! ਮੈਂ ਤਾਂ ਮਿੱਟੀ ਦੀ ਇਕ ਮੁੱਠ ਹਾਂ, ਮੇਰਾ ਅੰਦਰਲਾ ਉਸ ਦੇ ਨੂਰ ਦੀਆਂ ਕਿਰਨਾਂ ਨਾਲ ਭਰਿਆ ਪਿਆ ਹੈ,
ਇਸੇ ਲਈ ਮੇਰਾ ਹੋਸ਼ਮੰਦ ਦਿਲ ਉਸ ਦੇ ਉਦਾਲੇ ਸਦਾ ਘੁੰਮਦਾ ਰਹਿੰਦਾ ਹੈ।

## ੬੧

**ਬੇਵਫ਼ਾ ਨੀਸਤ ਕਸੇ ਗਰ ਤੂ ਵਫ਼ਾਦਾਰ ਸ਼ਵੀ**
**ਵਕਤ ਆਨਸਤ ਕਿ ਬਰ ਵਕਤ ਖ਼ਬਰਦਾਰ ਸ਼ਵੀ।**

ਜੇਕਰ ਤੂੰ ਵਫ਼ਾਦਾਰ ਹੋ ਜਾਵੇਂ ਤਾਂ ਹੋਰ ਕੋਈ ਵੀ ਬੇਵਫ਼ਾ ਨਹੀਂ,
ਸਮਾਂ ਉਹ ਹੈ, ਕਿ ਤੂੰ ਸਮੇਂ ਸਿਰ ਹੁਸ਼ਿਆਰ ਹੋ ਜਾਵੇਂ।

**ਜਾਂ ਅਗਰ ਹਸਤ ਨਿਸਾਰਿ ਕਦਮਿ ਜਾਨਾਂ ਕੁਨ**
**ਦਿਲ ਬ-ਦਿਲਦਾਰ ਬਿਦਿਹ ਜ਼ਾ ਕਿ ਤੂ ਦਿਲਦਾਰ ਸ਼ਵੀ।**

ਜੇਕਰ ਤੇਰੇ ਕੋਲ ਜਾਨ ਹੈ, ਤਾਂ ਪਿਆਰੇ ਦੇ ਕਦਮਾਂ ਤੋਂ ਵਾਰ ਦੇ,
ਆਪਣਾ ਦਿਲ ਦਿਲਦਾਰ ਨੂੰ ਦੇ ਦੇ, ਤਾਂ ਜੋ ਤੂੰ ਆਪ ਦਿਲਦਾਰ ਹੋ ਜਾਵੇਂ।

**ਮੰਜ਼ਲਿ ਇਸ਼ਕ ਦਰਾਜ਼ ਅਸਤ ਬ-ਪਾ ਨਤਵਾਂ ਰਫ਼ਤ**
**ਸਰ ਕਦਮ ਸਾਜ਼ ਤਾ ਦਰ ਰਹਿ ਆਂ ਯਾਰ ਸ਼ਵੀ।**

ਪ੍ਰੀਤ ਦਾ ਪੈਂਡਾ ਬੜਾ ਲੰਮਾ ਹੈ, ਪੈਰਾਂ ਨਾਲ ਨਹੀਂ ਤੁਰਿਆ ਜਾਣਾ।
ਆਪਣੇ ਸਿਰ ਨੂੰ ਪੈਰ ਬਣਾ ਲੈ ਤਾਂ ਜੋ ਉਸ ਪਿਆਰੇ ਦੇ ਰਾਹ ਤੇ ਟੁਰ ਸਕੇਂ।

**ਗੁਫ਼ਤਗੂਇ ਹਮਾ ਕਸ ਦਰ ਇਦਰਾਕਿ ਖ਼ੁਦ ਅਸਤ**
**ਲਬ ਫ਼ਰੋਬੰਦ ਕਿ ਤਾ ਮਹਿਰਮਿ ਅਸਰਾਰ ਸ਼ਵੀ।**

ਸਾਰੇ ਲੋਕਾਂ ਦੀ ਗੱਲਬਾਤ ਆਪਣੀ ਸੂਝ ਬੂਝ ਅਨੁਸਾਰ ਹੈ,
ਤੂੰ ਆਪਣੇ ਹੋਠੋਂ ਮੀਟੀ ਰੱਖ ਤਾਂ ਜੋ ਉਸ ਦੇ ਭੇਤਾਂ ਤੋਂ ਜਾਣੂ ਹੋ ਸਕੇਂ।

**ਮੀ ਫ਼ਰੋਸ਼ਦ ਦਿਲਿ ਦੀਵਾਨਾਇ ਖ਼ੁਦ ਰਾ ਗੋਯਾ**
**ਬ-ਉਮੀਦਿ ਕਰਮਿ ਆਂ ਕਿ ਖ਼ਰੀਦਾਰ ਸ਼ਵੀ।**

ਗੋਯਾ, ਆਪਣਾ ਦੀਵਾਨਾ ਦਿਲ ਉਸ ਮਿਹਰ ਦੀ ਆਸ ਵੇਚਦਾ ਹੈ,
ਕਿ ਸ਼ਾਇਦ ਤੂੰ ਖ਼ਰੀਦਾਰ ਬਣ ਜਾਵੇਂ।

## ਰੁਬਾਈਆਂ

ਹਰ ਕਸ ਜ਼ਿ ਸ਼ੌਕਿ ਤੂ ਕਦਮ ਅਜ਼ ਸਰ ਸਾਖ਼ਤ,
ਬਰ ਨਹੁ ਤਬਕ ਆਲਮ ਸਰ ਅਫ਼ਰਾਖ਼ਤ,
ਸ਼ੁਦ ਆਮਦਨਸ਼ ਮੁਬਾਰਿਕ ਰਫ਼ਤਨ ਹਮ,
ਗੋਯਾ ਆਂ ਕਸ ਕਿ ਰਾਹਿ ਹੱਕ ਰਾ ਬਿਸ਼ਨਾਖ਼ਤ ॥੧॥

ਤੇਰੇ ਸ਼ੌਕ ਕਾਰਣ ਹਰ ਇਕ, ਸਿਰ ਦੇ ਪੈਰੀਂ ਤੁਰਿਆ,
ਅਤੇ ਉਸ ਨੇ ਨੌਵਾਂ ਅਸਮਾਨਾਂ ਤੇ ਆਪਣਾ ਝੰਡਾ ਗੱਡ ਲਿਆ।
ਉਸ ਦਾ ਆਉਣਾ ਵੀ ਮੁਬਾਰਕ ਹੋਇਆ ਤੇ ਜਾਣਾ ਵੀ ਸੁਭਾਗਾ,
ਗੋਯਾ, ਜਿਸ ਨੇ ਰੱਬ ਦਾ ਰਾਹ ਪਹਿਚਾਣ ਲਿਆ।

ਕੂਰ ਅਸਤ ਹਰ ਆਂ ਦੀਦਾ ਕਿ ਹੱਕ ਰਾ ਨ-ਸ਼ਨਾਖ਼ਤ,
ਈਂ ਉਮਰਿ ਗਿਰਾਂ ਮਾਯਾ ਬ-ਗ਼ਫ਼ਲਤ ਦਰਬਾਖ਼ਤ,
ਊ ਗਿਰੀਆਂ ਕੁਨਾਂ ਆਮਦ ਬ-ਹਸਰਤ ਮੁਰਦ,
ਅਫ਼ਸੋਸ ਦਰੀਂ ਆਮਦ ਸ਼ੁਦ ਕਾਰੇ ਨ ਸਾਖ਼ਤ ॥੨॥

ਹਰ ਉਹ ਅੱਖ ਜਿਸ ਨੇ ਰੱਬ ਨੂੰ ਨਾ ਪਛਾਣਿਆ, ਮਾਨੋ ਅੰਨ੍ਹੀ ਹੈ,
ਉਸ ਨੇ ਇਸ ਕੀਮਤੀ ਆਯੂ ਨੂੰ ਅਣਗਹਿਲੀ ਵਿਚ ਹੀ ਗਵਾ ਦਿੱਤਾ।
ਉਹ ਰੋਂਦਾ ਹੋਇਆ ਆਇਆ ਅਤੇ ਸਧਰਾਂ ਨਾਲ ਲਈ ਮਰ ਗਿਆ,
ਅਫ਼ਸੋਸ, ਕਿ ਉਸ ਨੇ ਇਸ ਆਉਣ ਜਾਣ ਵਿਚ ਆਪਣਾ ਕੁਝ ਨਾ ਸਵਾਰਿਆ।

ਈਂ ਚਸ਼ਮਿ ਤੂ ਖ਼ਾਨਾ ਦਾਰਿ ਜਾਨਾਨਸਤ,
ਈਂ ਤਖ਼ਤਿ ਵਜੂਦਿ ਮਸਨਦਿ ਸੁਲਤਾਨਸਤ,
ਹਰ ਬੂਅਲਹਵਸੇ ਬਸੂਇ ਊ ਰਾਹ ਨ ਬੁਰਦ,
ਕਿ ਈਂ ਰਾਹ ਤਅੱਲਕਿ ਮੰਜ਼ਲਿ ਮਰਦਾਨਸਤ ॥੩॥

ਇਹ ਤੇਰੀ ਅੱਖ ਪਿਆਰੇ ਸੱਜਨ ਦਾ ਘਰ ਹੈ;
ਇਹ ਹਸਤੀ ਦਾ ਤਖ਼ਤ ਸੱਚੇ ਪਾਤਸ਼ਾਹ ਦਾ ਸੰਘਾਸਨ ਹੈ।
ਹਿਰਸਾਂ ਹਵਸਾਂ ਦਾ ਹਰ ਬੰਦਾ ਉਸ ਰੱਬ ਤਕ ਨਹੀਂ ਪੁੱਜ ਸਕਦਾ,
ਕਿਉਂ ਜੋ ਇਹ ਰਸਤਾ ਤਾਂ ਰੱਬ ਦੇ ਸੂਰਮੇ ਭਗਤਾਂ ਦਾ ਹੈ।

ਹਰ ਦਿਲ ਕਿ ਬਰਾਹਿ ਰਾਸਤ ਜਾਨਾਂ ਸ਼ੁਦਾ ਅਸਤ,
ਤਹਿਕੀਕ ਬਿਦਾਂ ਕਿ ਐਨਿ ਜਾਨਾਂ ਸ਼ੁਦਾ ਅਸਤ,
ਯਕ ਜ਼ੱਰਾ ਜ਼ਿ ਫ਼ੈਜ਼ਿ ਰਹਿਮਤਸ਼ ਖ਼ਾਲੀ ਨੀਸਤ,
ਨੱਕਾਸ਼ ਦਰੂਨਿ ਨਕਸ਼ ਪਿਨਹਾਂ ਸ਼ੁਦਾ ਅਸਤ ॥੪॥

ਹਰ ਉਹ ਦਿਲ ਜਿਹੜਾ ਸਿੱਧਾ ਹੀ ਪ੍ਰੀਤਮ ਬਣ ਗਿਆ,
ਯਕੀਨ ਜਾਣੋ, ਕਿ ਉਹ ਬਿਲਕੁੱਲ ਪ੍ਰੀਤਮ ਦਾ ਹੀ ਰੂਪ ਬਣ ਗਿਆ।

ਇਕ ਜ਼ੱਰਾ ਵੀ ਉਸ ਦੀ ਰਹਿਮਤ ਅਤੇ ਬਖ਼ਸ਼ਿਸ਼ ਤੋਂ ਖ਼ਾਲੀ ਨਹੀਂ,
ਚਿਤ੍ਰਕਾਰ ਆਪਣੇ ਚਿੱਤਰਾਂ ਦੇ ਰੰਗਾਂ ਵਿਚ ਹੀ ਲੁਕਿਆ ਹੋਇਆ ਹੈ।

**ਈਂ ਆਮਦੋ ਰਫ਼ਤ ਜੁਜ਼ ਦਮੇ ਬੇਸ਼ ਨ ਬੂਦ,**
**ਹਰ ਜਾ ਕਿ ਨਜ਼ਰ ਕੁਨੇਮ ਜੁਜ਼ ਖ਼ੇਸ਼ ਨਬੂਦ,**
**ਮਾ ਜਾਨਬਿ ਗ਼ੈਰ ਚੂੰ ਨਿਗਾਹ ਬਿਕੁਨੇਮ,**
**ਚੂੰ ਗ਼ਰ ਤੂ ਹੀਚ ਕਸ ਪਸੋ ਪੇਸ਼ ਨਬੂਦ ॥੫॥**

ਇਹ ਆਉਣਾ ਜਾਣਾ ਇਕ ਦਮ ਭਰ ਤੋਂ ਵੱਧ ਨਹੀਂ ਹੁੰਦਾ,
ਜਿੱਥੇ ਵੀ ਅਸੀਂ ਨਿਗਾਹ ਦੌੜਾਂਦੇ ਹਾਂ, ਸਿਵਾਇ ਆਪਣੇ ਦੇ ਹੋਰ ਕੋਈ ਨਹੀਂ ਹੁੰਦਾ।
ਅਸੀਂ ਕਿਸੇ ਦੂਜੇ ਵੱਲ ਕਿਵੇਂ ਨਜ਼ਰ ਪੁੱਟ ਕੇ ਵੇਖ ਸਕਦੇ ਹਾਂ,
ਕਿਉਂ ਜੋ ਤੇਰੇ ਬਿਨਾਂ ਸਾਡੇ ਅੱਗੇ ਪਿੱਛੇ ਕੋਈ ਵੀ ਨਹੀਂ ਹੁੰਦਾ।

**ਹਰ ਬੰਦਾ ਕੁ ਤਾਲਿਬਿ ਮੋਲਾ ਬਾਸ਼ਦ,**
**ਦਰ ਹਰ ਦੋ ਜਹਾਂ ਰੁਤਬਾ-ਅੰਸ਼ ਊਲਾ ਬਾਸ਼ਦ,**
**ਗੋਯਾ ਦੋ ਜਹਾਂ ਰਾ ਬ-ਜੌਏ ਬਿ-ਸਤਾਨੰਦ,**
**ਮਜਨੂੰਨਿ ਤੂ ਕੈ ਆਸ਼ਕਿ ਲੈਲਾ ਬਾਸ਼ਦ ॥੬॥**

ਹਰ ਉਸ ਬੰਦੇ ਦਾ, ਜਿਹੜਾ ਰੱਬ ਦਾ ਤਾਲਬ ਹੁੰਦਾ ਹੈ,
ਦੋਹਾਂ ਜਹਾਨਾਂ ਵਿਚ ਉਸ ਦਾ ਮਰਤਬਾ ਸਭ ਤੋਂ ਉਚੇਰਾ ਹੁੰਦਾ ਹੈ।
ਗੋਯਾ ਦੋਹਾਂ ਜਹਾਨਾਂ ਨੂੰ ਉਹ ਇਕ ਜੌਂ ਦੇ ਬਦਲੇ ਲੈ ਲੈਂਦੇ ਹਨ,
ਤੇਰਾ ਮਜਨੂੰ ਕਦੋਂ ਲੈਲਾ ਦਾ ਪ੍ਰੇਮੀ ਬਣਦਾ ਹੈ।

**ਦਰ ਦਹਿਰ ਕਿ ਮਰਦਾਨਿ ਖ਼ੁਦਾ ਆਮਦਾ ਅੰਦ,**
**ਬਰ ਗ਼ੁਮ-ਸ਼ੁਦਗਾਨਿ ਰਹਿਨੁਮਾ ਆਮਦਾ ਅੰਦ,**
**ਗੋਯਾ ਅਗਰ ਈਂ ਚਸ਼ਮਿ ਤੂ ਮੁਸ਼ਤਾਕਿ ਖ਼ੁਦਾ ਅਸਤ,**
**ਮਰਦਾਨਿ ਖ਼ੁਦਾ ਖ਼ੁਦਾ-ਨੁਮਾ ਆਮਦਾ ਅੰਦ ॥੭॥**

ਸੰਸਾਰ ਵਿਚ ਜਦ ਖ਼ੁਦਾ ਦੇ ਭਗਤ ਆਉਂਦੇ ਹਨ,
ਉਹ ਭੁੱਲੜਾਂ ਨੂੰ ਰਾਹ ਦੱਸਣ ਆਉਂਦੇ ਹਨ।
ਗੋਯਾ! ਜੇਕਰ ਤੇਰੀ ਇਹ ਅੱਖ ਰੱਬ ਦੀ ਤਾਂਘ ਵਾਲੀ ਹੋਵੇ,
(ਤਾਂ ਸਮਝ) ਕਿ ਰੱਬ ਦੇ ਭਗਤ ਰੱਬ ਨੂੰ ਵਖਾਉਣ ਲਈ ਆਉਂਦੇ ਹਨ।

**ਦਰ ਮਜ਼ਹਬਿ ਮਾ ਗ਼ੈਰ-ਪਰਸਤੀ ਨ ਕੁਨੰਦ,**
**ਸਰ ਤਾ ਬਕਦਮ ਬਹੋਸ਼ ਓ ਮਸਤੀ ਨ ਕੁਨੰਦ,**
**ਗ਼ਾਫ਼ਿਲ ਨਸ਼ਵੰਦ ਯਕ ਦਮ ਅਜ਼ ਯਾਦਿ ਖ਼ੁਦਾ,**
**ਦੀਗਰ ਸੁਖ਼ਨ ਅਜ਼ ਬੁਲੰਦੋ ਪਸਤੀ ਨ ਕੁਨੰਦ ॥੮॥**

ਸਾਡੇ ਧਰਮ ਵਿਚ ਗ਼ੈਰਾਂ ਦੀ ਪੂਜਾ ਨਹੀਂ ਕਰਦੇ,
ਉਹ ਇਕ ਹੋਸ਼ ਵਿਚ ਰਹਿੰਦੇ ਹਨ, ਅਤੇ ਮਸਤੀ ਨਹੀਂ ਕਰਦੇ।
ਉਹ ਇਕ ਦਮ ਲਈ ਵੀ ਰੱਬ ਦੀ ਯਾਦ ਤੋਂ ਗ਼ਾਫ਼ਲ ਨਹੀਂ ਰਹਿੰਦੇ,
ਨਾਲੇ ਉਹ ਉਚਾਈ ਨਿਚਾਈ ਦੀਆਂ ਗੱਲਾਂ ਨਹੀਂ ਕਰਦੇ।

ਯੱਕ ਜ਼ੱਰਾ ਅਗਰ ਸ਼ੌਕਿ ਇਲਾਹੀ ਬਾਸ਼ਦ,
ਬਿਹਤਰ ਜ਼ਿ ਹਜ਼ਾਰ ਬਾਦਸ਼ਾਹੀ ਬਾਸ਼ਦ,
ਗੋਯਾ-ਸਤ ਗ਼ੁਲਾਮਿ ਮੁਰਸ਼ਦਿ ਖ਼ੇਸ਼,
ਈਂ ਖ਼ਤ ਨ ਮੁਹਤਾਜਿ ਗਵਾਹੀ ਬਾਸ਼ਦ ॥੯॥

ਜੇਕਰ ਰੱਤਾ ਭਰ ਵੀ ਰੱਬ ਦਾ ਸ਼ੌਕ ਹੋਵੇ ਤਾਂ,
ਉਹ ਹਜ਼ਾਰਾਂ ਪਾਤਸ਼ਾਹੀਆਂ ਨਾਲੋਂ ਚੰਗੇਰਾ ਹੈ।
ਗੋਯਾ! ਆਪਣੇ ਸਤਿ ਗੁਰੂ ਦਾ ਬੰਦਾ ਹੈ,
ਇਸ ਲਿਖਤ ਲਈ ਕਿਸੇ ਗਵਾਹੀ ਦੀ ਲੋੜ ਨਹੀਂ।

ਹਰ ਕਸ ਬ-ਜਹਾ ਨਸ਼ਵੋ ਨੁਮਾ ਮੀ ਖ਼ਾਹਦ,
ਅਸਪੋ ਸ਼ੁਤਰੋ ਫ਼ੀਲੋ ਤਿਲਾ ਮੀ ਖ਼ਾਹਦ,
ਹਰ ਕਸ ਜ਼ਿ ਬਰਾਇ ਖ਼ੇਸ਼ ਚੀਜ਼ੇ ਮੀ ਖ਼ਾਹਦ,
ਗੋਯਾ ਜ਼ਿ ਖ਼ੁਦਾ ਯਾਦਿ ਖ਼ੁਦਾ ਮੀ ਖ਼ਾਹਦ ॥੧੦॥

ਹਰ ਮਨੁੱਖ ਇਸ ਜਹਾਨ ਵਿਚ ਵੱਧਣਾ ਫੁੱਲਣਾ ਚਾਹੁੰਦਾ ਹੈ,
ਉਹ ਘੋੜੇ, ਊਠ, ਹਾਥੀ, ਅਤੇ ਸੋਨਾ ਲੋਚਦਾ ਹੈ।
ਹਰ ਆਦਮੀ ਆਪਣੇ ਲਈ ਕੁਝ ਨਾ ਕੁਝ ਲੋਚਦਾ ਹੈ,
ਪਰੰਤੂ ਗੋਯਾ ਤਾਂ ਰੱਬ ਪਾਸੋਂ ਕੇਵਲ ਰੱਬ ਦੀ ਯਾਦ ਹੀ ਲੋਚਦਾ ਹੈ।

ਪੁਰ ਗਸ਼ਤਾ ਜ਼ਿ ਸਰ ਤਾ ਬ-ਕਦਮ ਨੂਰ-ਉਲ-ਨੂਰ,
ਆਈਨਾ ਕਿ ਦਰ ਵੈਨ ਬਵਦ ਹੀਚ ਕਸੂਰ,
ਤਹਿਕੀਕ ਬਿਦਾਂ ਜ਼ਿ ਗ਼ਾਫ਼ਿਲਾਂ ਦੂਰ ਬਵਦ,
ਊ ਦਰ ਦਿਲਿ ਆਰਿਫ਼ ਕਰਦਾ ਜ਼ਹੂਰ ॥੧੧॥

ਸਿਰ ਤੋਂ ਪੈਰਾਂ ਤਕ ਉਹ ਨੂਰ ਨਾਲ ਭਰ ਗਿਆ,
ਉਹ ਸ਼ੀਸ਼ਾ ਜਿਸ ਵਿਚ ਕੋਈ ਤ੍ਰੇੜ ਨਹੀਂ।
ਯਕੀਨ ਜਾਣ, ਕਿ ਉਹ ਅਣਗਹਿਲਾਂ ਤੋਂ ਦੂਰ ਰਹਿੰਦਾ ਹੈ,
ਉਹ ਤਾਂ ਆਰਫ਼ ਦੇ ਦਿਲ ਵਿਚ ਪ੍ਰਗਟ ਹੁੰਦਾ ਹੈ।

ਈਂ ਉਮਰਿ ਗਿਰਾਂ-ਮਾਯਾ ਕਿ ਬਰਬਾਦ ਸ਼ਵਦ,
ਈਂ ਖ਼ਾਨਿਇ ਵੀਰਾਂ ਬ-ਚਿਹ ਆਬਾਦ ਸ਼ਵਦ,
ਤਾ ਮੁਰਸ਼ਦਿ ਕਾਮਿਲ ਨਦਿਹਦ ਦਸਤ ਬ੍ਰਹਮ,
ਗੋਯਾ ਦਿਲਿ ਗ਼ਮਗੀਨਿ ਤੂ ਚੂੰ ਸ਼ਾਦ ਸ਼ਵਦ ॥੧੨॥

ਇਹ ਬਹੁ-ਮੁੱਲੀ ਉਮਰ ਜਿਹੜੀ ਜ਼ਾਇਆ ਹੋ ਜਾਂਦੀ ਹੈ,
ਇਹ ਉਜਾੜ ਘਰ ਕਿਵੇਂ ਆਬਾਦ ਹੋ ਸਕਦਾ ਹੈ?
ਜਦ ਤਕ ਪੂਰਾ ਸਤਿਗੁਰੂ ਸਹਾਇਤਾ ਨਹੀਂ ਕਰਦਾ,
ਗੋਯਾ! ਤੇਰਾ ਗ਼ਮਾਂ-ਭਰਿਆ ਦਿਲ ਕਿਵੇਂ ਪ੍ਰਸੰਨ ਹੋ ਸਕਦਾ ਹੈ।

ਦਿਲਿ ਜ਼ਾਲਿਮ ਬ-ਕਸਦਿ ਕੁਸ਼ਤਨਿ ਮਾ-ਸਤ,
ਦਿਲਿ ਮਜ਼ਲੂਮਿ ਮਨ ਬਸੂਇ ਖ਼ੁਦਾ ਸਤ,

ਊ ਦਰੀਂ ਫ਼ਿਕਰ ਤਾਂ ਬਮਾ ਚਿਹ ਕੁਨਦ,
ਮਾ ਦਰੀਂ ਫ਼ਿਕਰ ਤਾ ਖ਼ੁਦਾ ਚਿਹ ਕੁਨਦ ॥੧੩॥

ਜ਼ਾਲਮ ਦਾ ਦਿਲ ਸਾਨੂੰ ਮਾਰਨ ਦਾ ਇਰਾਦਾ ਰਖਦਾ ਹੈ,
ਮੇਰਾ ਮਜ਼ਲੂਮ ਦਿਲ ਰੱਬ ਵੱਲ ਆਸ ਲਾਈ ਬੈਠਾ ਹੈ।
ਉਹ ਇਸ ਫ਼ਿਕਰ ਵਿਚ ਹੈ, ਕਿ ਸਾਡੇ ਨਾਲ ਕੀ ਕਰੇ?
ਅਸੀਂ ਇਸ ਚਿੰਤਾ ਵਿਚ ਹਾਂ, ਕਿ ਰੱਬ ਕੀ ਕਰਦਾ ਹੈ।

ਦਰ ਹਾਸਿਲਿ ਉਮਰ ਆਂ ਚਿਹ ਮਾ ਯਾਫ਼ਤਾ ਏਮ,
ਦਰ ਹਰ ਦੋ-ਜਹਾਂ ਯਾਦਿ ਖ਼ੁਦਾ ਯਾਫ਼ਤਾ ਏਮ,
ਈਂ ਹਸਤੀਏ ਖ਼ੇਸ਼ਤਨ ਬਲਾ ਬੂਦ ਅਜ਼ੀਮ,
ਅਜ਼ ਖੇਸ਼ ਗੁਜ਼ਸ਼ਤੇਮ ਖ਼ੁਦਾ ਯਾਫ਼ਤਾ ਏਮ ॥੧੪॥

ਜੋ ਕੁਝ ਅਸਾਂ ਉਮਰ ਦਾ ਫਲ ਪ੍ਰਾਪਤ ਕੀਤਾ ਹੈ,
ਦੋਹਾਂ ਜਹਾਨਾਂ ਵਿਚ ਅਸਾਂ ਖ਼ੁਦਾ ਦੀ ਯਾਦ ਹਾਸਲ ਕੀਤੀ ਹੈ।
ਇਹ ਸਾਡੀ ਹਸਤੀ ਤਾਂ ਇਕ ਵੱਡੀ ਬਲਾ ਸੀ,
ਜਦ ਅਸੀਂ ਆਪਣੇ ਆਪੇ ਤੋਂ ਗੁਜ਼ਰ ਗਏ, ਅਸਾਂ ਰੱਬ ਨੂੰ ਪਾ ਲਿਆ।

ਅਜ਼ ਖ਼ਾਕਿ ਦਰਿ ਤੂ ਤੂਤੀਆ ਯਾਫ਼ਤਾਏਮ,
ਕਜ਼ ਦੌਲਤਿ ਆਂ ਨਸ਼ਵੋ ਨੁਮਾ ਯਾਫ਼ਤਾ ਏਮ,
ਮਾ ਸਿਜਦਾ ਬਰ ਰੂਇ ਗ਼ੈਰ ਦੀਗਰ ਨ-ਕੁਨੇਮ,
ਦਰ ਖ਼ਾਨਾਇ ਦਿਲ ਨਕਸ਼ਿ ਖ਼ੁਦਾ ਯਾਫ਼ਤਾ ਏਮ ॥੧੫॥

ਤੇਰੇ ਦਰਵਾਜ਼ੇ ਦੀ ਧੂੜ ਤੋਂ ਸਾਨੂੰ ਸੁਰਮਾ ਪ੍ਰਾਪਤ ਹੋਇਆ ਹੈ,
ਜਿਸ ਦੀ ਬਦੌਲਤ ਅਸੀਂ ਵਧੇ ਫੁਲੇ ਹਾਂ।
ਅਸੀਂ ਕਦੀ ਗ਼ੈਰ ਅੱਗੇ ਮੱਥਾ ਨਹੀਂ ਟੇਕਦੇ,
ਸਾਨੂੰ ਤਾਂ ਆਪਣੇ ਦਿਲ ਦੇ ਘਰ ਵਿਚ ਹੀ ਰੱਬ ਦੇ ਨਿਸ਼ਾਨ ਮਿਲ ਗਏ ਹਨ।

ਗੋਯਾ ਖ਼ਬਰ ਅਜ਼ ਯਾਦਿ ਖ਼ੁਦਾ ਯਾਫ਼ਤਾ ਏਮ,
ਈਂ ਜਾਮਿ ਲਬਾ-ਲਬ ਅਜ਼ ਕੁਜਾ ਯਾਫ਼ਤਾ ਏਮ,
ਜੁਜ਼ ਤਾਲਿਬਿ ਹੱਕ ਨਸੀਬਿ ਹਰ ਕਸ ਨ ਬਵਦ,
ਈਂ ਦੌਲਤਿ ਨਾਯਾਬ ਕਿ ਮਾ ਯਾਫ਼ਤਾ ਏਮ ॥੧੬॥

ਗੋਯਾ! ਸਾਨੂੰ ਰੱਬ ਦੀ ਯਾਦ ਤੋਂ ਉਸ ਦੀ ਸੋ ਮਿਲੀ ਹੈ,
ਇਹ ਨਕੋ ਨੱਕ ਭਰਿਆ ਪਿਆਲਾ ਭਲਾ ਸਾਨੂੰ ਕਿਥੋਂ ਪ੍ਰਾਪਤ ਹੋਇਆ?
ਸਿਵਾਇ ਰੱਬ ਦੇ ਤਾਲਬ ਦੇ ਹਰ ਕਿਸੇ ਦੀ ਕਿਸਮਤ ਵਿਚ
ਇਹ ਦੁਰਲੱਭ ਦੌਲਤ ਨਹੀਂ ਹੁੰਦੀ, ਜਿਹੜੀ ਕਿ ਸਾਨੂੰ ਪ੍ਰਾਪਤ ਹੋਈ ਹੈ।

ਗੋਯਾ ਤਾ ਕੈ ਦਰੀਂ ਸਰਾਏ ਮਾਅਦੂਮ
ਗਾਹੇ ਲਾਜ਼ਮ ਸ਼ਵਦ ਵ ਗਾਹੇ ਮਲਜ਼ੂਮ
ਤਾ ਕੈ ਚੂ ਸਗਾਂ ਬਰ ਉਸਤਖ਼ਾਂ ਜੰਗ ਕੁਨੇਮ।
ਦੁਨਿਆ ਮਾਅਲੂਮ ਅਹਿਲਿ ਦੁਨਿਆ ਮਾਅਲੂਮ ॥੧੭॥

ਗੋਯਾ! ਤੂੰ ਕਦ ਤਕ ਇਹ ਨਾਸ਼ਮਾਨ ਸੰਸਾਰ ਵਿਚ ਰਹੇਂਗਾ?
ਜਿਹੜਾ ਕਦੀ ਜ਼ਰੂਰੀ ਹੋ ਜਾਂਦਾ ਹੈ ਅਤੇ ਕਦੀ ਨਿਰਧਾਰਤ।
ਕਦ ਤੱਕ ਅਸੀਂ ਕੁੱਤਿਆਂ ਵਾਂਗ ਹੱਡੀਆਂ ਉੱਪਰ ਲੜਦੇ ਰਹਾਂਗੇ?
ਸਾਨੂੰ ਦੁਨੀਆ ਦਾ ਵੀ ਪਤਾ ਹੈ ਅਤੇ ਦੁਨੀਆਦਾਰਾਂ ਦਾ ਵੀ।

**ਗੋਯਾ ਅਗਰ ਆਂ ਜਮਾਲ ਦੀਦਨ ਦਾਰੀ,**
**ਅਜ਼ ਖ਼ੁਦ ਹਵਸ ਮੈਲਿ ਰਮੀਦਨ ਦਾਰੀ,**
**ਜ਼ੀਂ ਦੀਦਾ ਮਬੀਂ ਕਿ ਹਜ਼ਾਬ ਸਤ ਤੁਰਾ,**
**ਬੇ-ਦੀਦਾ ਬਿਬੀਂ ਹਰ ਆਂ ਚਿਹ ਦੀਦਨ ਦਾਰੀ ॥੧੮॥**

ਗੋਯਾ! ਜੇਕਰ ਤੂੰ ਉਸ ਦੇ ਜਲਵੇ ਨੂੰ ਵੇਖਣਾ ਚਾਹੁੰਦਾ ਹੈਂ?
ਜੇਕਰ ਤੂੰ ਆਪਣੀ ਹਿਰਸ ਹਵਸ ਤੋਂ ਭੱਜਣ ਦੀ ਇੱਛਾ ਰਖਦਾ ਹੈਂ?
ਇਨ੍ਹਾਂ ਜ਼ਾਹਰਾਂ ਅੱਖਾਂ ਨਾਲ ਨਾ ਵੇਖ, ਕਿਉਂਕਿ ਇਹ ਤਾਂ ਤੇਰੇ ਲਈ ਰੁਕਾਵਟ ਹਨ।
ਤੂੰ ਬਿਨਾਂ ਅੱਖਾਂ ਦੇ ਵੇਖ, ਜੋ ਕੁਝ ਵੀ ਤੂੰ ਵੇਖਣਾ ਚਾਹੁੰਦਾ ਹੈਂ।

**ਮੌਜੂਦ ਖ਼ੁਦਾਸਤ ਤੂ ਕਿਰਾ ਮੀ ਜੋਈ,**
**ਮਕਸੂਦ ਖ਼ੁਦਾਸਤ ਤੂ ਕੁਜਾ ਮੀ ਪੋਈ,**
**ਈਂ ਹਰ ਦੋ ਜਹਾਂ ਨਿਸ਼ਾਨਿ ਦੌਲਤਿ ਤੁਸਤ,**
**ਯਾਅਨੀ ਸੁਖ਼ਨ ਅਜ਼ ਜ਼ਬਾਨਿ ਹੱਕ ਮੀ ਗੋਈ ॥੧੯॥**

ਰੱਬ ਤਾਂ ਹਰ ਥਾਂ ਮੌਜੂਦ ਹੈ, ਤੂੰ ਕਿਸ ਨੂੰ ਢੂੰਡਦਾ ਹੈਂ?
ਰੱਬ ਦਾ ਮੇਲ ਤਾਂ ਤੇਰਾ ਮਨੋਰਥ ਹੈ, ਤੂੰ ਕਿਧਰ ਭਟਕਦਾ ਪਿਆ ਹੈਂ?
ਇਹ ਦੋਵੇਂ ਜਹਾਨ ਤੇਰੀ ਮਾਲਕੀ ਦੇ ਚਿੰਨ੍ਹ ਹਨ,
ਅਰਥਾਤ ਤੂੰ ਆਪਣੇ ਬੋਲ ਰੱਬ ਦੀ ਜ਼ਬਾਨ ਰਾਹੀਂ ਹੀ ਬੋਲਦਾ ਹੈ।

## ਫੁਟਕਲ ਬੈਂਤ

**ਮਬਰ ਐ ਬਾਦ ਖ਼ਾਕਮ ਅਜ਼ ਦਰਿ ਦੂਸਤ**
**ਦੁਸ਼ਮਨਮ ਸਰਜ਼ਨਸ਼ ਕੁਨਦ ਕਿ ਹਰ ਜਾਈਸਤ ॥੧॥**

ਐ ਹਵਾ! ਮੇਰੀ ਮਿੱਟੀ ਸੱਜਨ ਦੇ ਦਰਵਾਜ਼ੇ ਤੋਂ ਨਾ ਉੜਾਈਂ,
ਨਹੀਂ ਤਾਂ ਵੈਰੀ ਭੰਡੀ ਕਰੇਗਾ, ਕਿ ਇਹ ਤਾਂ ਹਰ ਥਾਂਈ ਹੈ।

**ਨੀਸਤ ਗ਼ੈਰ ਅਜ਼ ਆਂ ਸਨਮ ਦਰ ਪਰਦਾਇ ਦੈਰੋ ਹਰਮ**
**ਕੈ ਬਵਦ ਆਤਿਸ਼ਿ ਦੋ ਰੰਗ ਅਜ਼ ਇਖ਼ਤਲਾਫ਼ਿ ਸੰਗ ਹਾ ॥੨॥**

ਉਸ ਪਿਆਰੇ ਤੋਂ ਬਿਨਾਂ ਕਾਅਬੇ ਅਤੇ ਬੁਤਖ਼ਾਨੇ ਵਿਚ ਹੋਰ ਕੋਈ ਨਹੀਂ ਹੈ,
ਪੱਥਰਾਂ ਦੇ ਭੇਤ ਕਾਰਣ ਅੱਗ ਦੋ ਰੰਗੀ ਕਿਵੇਂ ਹੋ ਸਕਦੀ ਹੈ?

**ਆਸਮਾਂ ਸਿਜਦਾ ਕੁਨਦ ਪੇਸ਼ਿ ਜ਼ਮੀਂ ਕਿ ਬਰ ਊ**
**ਯੱਕ ਦੋ ਨਫ਼ਸ ਅਜ਼ ਪੈਏ ਜ਼ਿਕਰਿ ਖ਼ੁਦਾ ਬਿਨਸ਼ੀਨੰਦ ॥੩॥**

ਅਸਮਾਨ ਧਰਤ ਦੇ ਸਾਹਮਣੇ ਇਸ ਲਈ ਮੱਥਾ ਟੇਕਦਾ ਹੈ,
ਕਿ ਰੱਬ ਦੇ ਭਗਤ ਇਸ ਉੱਪਰ ਇਕ ਦੋ ਪਲ ਲਈ ਰੱਬ ਦਾ ਸਿਮਰਨ ਕਰਨ ਲਈ ਬੈਠਦੇ

ਹਨ।

ਬਜ਼ੇਰਿ ਸਾਇਆਇ ਤੂਬਾ ਮੁਰਾਦ ਹਾ ਯਾਬੀ
ਬਜ਼ੇਰ ਸਾਇਆ ਮਰਦਾਨਿ ਹੱਕ ਖ਼ੁਦਾ ਯਾਬੀ ॥੪॥

ਕਲਪ ਬ੍ਰਿਛ ਦੀ ਛਾਵੇਂ ਤਾਂ ਤੈਨੂੰ ਦਿਲ ਦੀਆਂ ਮੁਰਾਦਾਂ ਮਿਲਦੀਆਂ ਹਨ,
ਪਰ ਰੱਬ ਦੇ ਬੰਦਿਆਂ ਦੀ ਛਾਂ ਹੇਠ ਤੂੰ ਰੱਬ ਨੂੰ ਪ੍ਰਾਪਤ ਕਰ ਲਵੇਂਗਾ।

ਆਂ ਖ਼ੁਦਾਵੰਦਿ ਜ਼ਮੀਨੋ ਆਸਮਾਂ
ਜ਼ਿੰਦਗੀ ਬਖ਼ਸ਼ਿ ਵਜੂਦਿ ਇਨਸੋ ਜਾਂ ॥੧॥

ਉਹ ਧਰਤ ਅਤੇ ਆਕਾਸ਼ ਦਾ ਮਾਲਕ ਹੈ, ਅਤੇ
ਮਨੁੱਖ ਅਤੇ ਜਾਨਦਾਰਾਂ ਨੂੰ ਜ਼ਿੰਦਗੀ ਬਖ਼ਸ਼ਣ ਵਾਲਾ ਹੈ।

ਖ਼ਾਕਿ ਰਾਹਸ਼ ਤੂਤੀਯਾਇ ਚਸ਼ਮਿ ਮਾਸਤ
ਆਬਰੂ ਅਫ਼ਜ਼ਾਇ ਹਰ ਸ਼ਾਹੋ ਸਦਾ ਸਤ ॥੨॥

ਉਸ ਦੇ ਰਾਹ ਦੀ ਧੂੜ ਸਾਡੀਆਂ ਅੱਖਾਂ ਲਈ ਸੁਰਮਾ ਹੈ।
ਉਹ ਹਰ ਬਾਦਸ਼ਾਹ ਅਤੇ ਫ਼ਕੀਰ ਦਾ ਮਾਨ ਵਧਾਉਣ ਵਾਲਾ ਹੈ।

ਹਰ ਕਿਹ ਬਾਸ਼ਦ ਦਾਯਮਾ ਦਰ ਯਾਦਿ ਊ
ਯਾਦਿ ਹੱਕ ਹਰ ਦਮ ਬਵਦ ਇਰਸ਼ਾਦਿ ਊ ॥੩॥

ਜੋ ਕੋਈ ਭੀ ਸਦਾ ਉਸ ਦੀ ਯਾਦ ਵਿਚ ਰਹਿੰਦਾ ਹੈ,
ਉਹ ਰੱਬ ਦੀ ਯਾਦ ਦੀ ਹੀ ਪ੍ਰੇਰਨਾ ਕਰਦਾ ਹੈ।

ਗਰ ਤੂ ਦਰ ਯਾਦਿ ਖ਼ੁਦਾ ਬਾਸ਼ੀ ਮੁਦਾਮ
ਮੀ ਸ਼ਵੀ ਐ ਜਾਨਿ ਮਨ ਮਰਦਿ ਤਮਾਮ ॥੪॥

ਜੇਕਰ ਤੂੰ ਰੱਬ ਦੀ ਯਾਦ ਵਿਚ ਸਦਾ ਮਸਤ ਰਹੇਂ,
ਤਾਂ ਤੂੰ, ਹੇ ਮੇਰੀ ਜਾਨ! ਪੂਰਨ ਮਨੁੱਖ ਬਣ ਜਾਵੇਂ।

ਆਫ਼ਤਾਬੇ ਹਸਤ ਪਿਨਹਾਂ ਜ਼ੇਰਿ ਅਬਰ,
ਬਿਗੁਜ਼ਰ ਅਜ਼ ਅਬਰੋ ਨੁਮਾ ਰੁਖ਼ਿ ਹਮਚੂ ਬਦਰ ॥੫॥

ਬੱਦਲਾਂ ਹੇਠ ਸੂਰਜ [ਦੀ ਤਰ੍ਹਾਂ] ਲੁਕਿਆ ਹੋਇਆ ਹੈ।
ਬੱਦਲਾਂ ਦੇ ਪਿੱਛੋਂ ਆਪਣਾ ਪੂਰਨ ਚੰਦਰਮਾ ਵਰਗਾ ਮੁਖੜਾ ਵਿਖਾ।

ਈਂ ਤਨਤ ਅਬਰੇਸਤ ਦਰ ਵੈ ਆਫ਼ਤਾਬ
ਯਾਦਿ ਹਕ ਮੀਦਾਂ ਹਮੀਂ ਬਾਸ਼ਦ ਸਵਾਬ ॥੬॥

ਇਹ ਤੇਰਾ ਤਨ ਇਕ ਬੱਦਲ ਹੈ, ਉਸ ਵਿਚ ਸੂਰਜ ਲੁਕਿਆ ਹੋਇਆ ਹੈ,
ਰੱਬ ਦੀ ਭਗਤੀ ਯਾਦ ਰੱਖ, ਇਹ ਹੀ ਜੀਵਨ ਦਾ ਫਲ ਹੈ।

ਹਰਕਿ ਵਾਕਿਫ਼ ਸ਼ੁਦ ਅਜ਼ ਅਸਰਾਰਿ ਖ਼ੁਦਾ
ਹਰ ਨਫ਼ਸ ਜੁਜ਼ ਹਕ ਨ ਦਾਰਦ ਮੁਦਆ ॥੭॥

ਜਿਹੜਾ ਵੀ ਰੱਬ ਦੇ ਭੇਤਾਂ ਤੋਂ ਵਾਕਫ਼ ਹੋ ਗਿਆ,

ਛਿਨ ਛਿਨ ਸਿਵਾਇ ਰੱਬ ਤੋਂ ਹੋਰ ਕੋਈ ਉਸ ਦਾ ਮੰਤਵ ਨਹੀਂ ਰਹਿੰਦਾ।

**ਕਹ ਚਿਹ ਬਾਸ਼ਦ ਯਾਦਿ ਆਂ ਯਜ਼ਦਾਨਿ ਪਾਕ**
**ਕੈ ਬਿਦਾਨਦ ਕਦਰਿ ਊ ਹਰ ਮੁਸ਼ਤਿ ਖ਼ਾਕ ॥੮॥**

ਸੱਚ ਕੀ ਹੈ? ਉਸ ਪਾਕ ਪਰਵਰਦਗਾਰ ਦੀ ਯਾਦ ਹੈ।
ਮਿੱਟੀ ਦੀ ਹਰ ਮੁੱਠ ਭਲਾ ਉਸ ਦੀ ਕਦਰ ਕੀ ਜਾਣ ਸਕਦੀ ਹੈ।

**ਸੁਹਬਤਿ ਨੇਕਾਂ ਅਗਰ ਬਾਸ਼ਦ ਨਸੀਬ**
**ਦੌਲਤਿ ਜਾਵੀਦ ਯਾਬੀ ਐ ਹਬੀਬ ॥੯॥**

ਜੇਕਰ ਤੈਨੂੰ ਭਲੇ ਪੁਰਖਾਂ ਦੀ ਸੰਗਤ ਨਸੀਬ ਹੋ ਜਾਵੇ,
ਤਾਂ ਹੇ ਪੁੱਤਰ! ਤੈਨੂੰ ਅਮਰ ਦੌਲਤ ਪ੍ਰਾਪਤ ਹੋ ਜਾਵੇਗੀ।

**ਦੌਲਤ ਅੰਦਰ ਖ਼ਿਦਮਤਿ ਮਰ਼ਦਾਨਿ ਊਸਤ**
**ਹਰਿ ਗਦਾ ਓ ਪਾਦਸ਼ਹਿ ਕੁਰਬਾਨਿ ਊਸਤ ॥੧੦॥**

ਇਹ ਦੌਲਤ ਉਸ ਰੱਬ ਦੇ ਬੰਦਿਆਂ ਦੀ ਸੇਵਾ ਵਿਚ ਹੈ,
ਹਰ ਮੰਗਤਾ ਅਤੇ ਬਾਦਸ਼ਾਹ ਉਸ ਤੋਂ ਕੁਰਬਾਨ ਜਾਂਦਾ ਹੈ।

**ਖ਼ੂਇ ਸ਼ਾਂ ਗੀਰ ਐ ਬ੍ਰਾਦਰ ਖ਼ੂਇ ਸ਼ਾਂ**
**ਦਾਯਮਾ ਮੀ ਗਰਦ ਗਿਰਦਿ ਕੂਇ ਸ਼ਾਂ ॥੧੧॥**

ਭਾਈ! ਤੂੰ ਉਨ੍ਹਾਂ ਦਾ ਸੁਭਾਵ ਗ੍ਰਹਿਣ ਕਰ,
ਅਤੇ ਸਦਾ ਉਨ੍ਹਾਂ ਦੀ ਗਲੀ ਦੀ ਹੀ ਪਰਕਰਮਾ ਕਰਦਾ ਰਹੁ।

**ਹਰ ਕਿਹ ਗਿਰਦਿ ਕੂਇ ਸ਼ਾਂ ਗਰਦੀਦ ਯਾਫ਼ਤ**
**ਦਰ ਦੋ ਆਲਮ ਹਮ ਚੂ ਮਿਹਰੋ ਬਦਰ ਤਾਫ਼ਤ ॥੧੨॥**

ਜੋ ਕੋਈ ਵੀ ਉਨ੍ਹਾਂ ਦੇ ਕੂਚੇ ਉਦਾਲੇ ਫਿਰਦਾ ਰਿਹਾ,
ਦੋਹਾਂ ਜਹਾਨਾਂ ਵਿਚ ਉਸ ਨੇ ਸੂਰਜ ਅਤੇ ਚੰਦ ਵਰਗੀ ਰੋਸ਼ਨੀ ਪ੍ਰਾਪਤ ਕਰ ਲਈ।

**ਦੌਲਤਿ ਜਾਵੀਦ ਬਾਸ਼ਦ ਬੰਦਗੀ**
**ਬਦਗੀ ਕੁਨ ਬੰਦਗੀ ਕੁਨ ਬੰਦਗੀ ॥੧੩॥**

ਭਜਨ ਬੰਦਗੀ ਹੀ ਅਮਰ ਖ਼ਜ਼ਾਨਾ ਹੈ,
ਤਾਂ ਤੇ ਤੂੰ ਬੰਦਗੀ ਕਰ, ਭਜਨ ਕਰ, ਸਿਮਰਨ ਕਰ।

**ਦਰ ਲਿਬਾਸਿ ਬੰਦਗੀ ਸ਼ਾਹੀ ਤੁਰਾਸਤ**
**ਦੌਲਤੇ ਅਜ਼ ਮਾਹ ਤਾ ਮਾਹੀ ਤੁਰਾਹਸਤ ॥੧੪॥**

ਬੰਦਗੀ ਦੇ ਜੀਵਨ ਵਿਚ ਸਾਰੀ ਬਾਦਸ਼ਾਹੀ ਤੇਰੀ ਹੈ,
ਚੰਨ ਤੋਂ ਲੈ ਕੇ ਪਾਤਾਲ ਤਕ ਤੇਰਾ ਹੀ ਰਾਜ ਹੈ।

**ਹਰ ਕਿਹ ਗ਼ਾਫ਼ਿਲ ਸ਼ੁਦ ਅਜ਼ੂ ਨਾਦਾਂ ਬਵਦ**
**ਗਰ ਗਦਾ ਬਾਸ਼ਦ ਵਗਰ ਸ਼ੁਲਤਾਂ ਬਵਦ ॥੧੫॥**

ਜਿਹੜਾ ਵੀ ਉਸ ਰੱਬ ਤੋਂ ਗਾਫ਼ਲ ਰਹਿਆ, ਸਮਝੋ, ਉਹ ਮੂਰਖ ਹੈ,
ਭਾਵੇਂ ਉਹ ਮੰਗਤਾ ਹੋਵੇ ਅਤੇ ਭਾਵੇਂ ਬਾਦਸ਼ਾਹ ਸੁਲਤਾਨ।

**ਸ਼ੌਕਿ ਮੌਲਾ ਅਜ਼ ਹਮਾ ਬਾਲਾ ਤਰ ਅਸਤ**

**ਸਾਯਾਇ ਊ ਬਰ ਸਰਿ ਮਾ ਅਫ਼ਸਰ ਅਸਤ ॥੧੬॥**

ਰੱਬ ਦਾ ਪਿਆਰ ਸਭ ਨਾਲੋਂ ਉਚੇਰੀ ਵਸਤੂ ਹੈ,
ਉਸ ਦਾ ਸਾਯਾ ਸਾਡੇ ਸਿਰਾਂ ਤੇ ਮਾਨੋ ਤਾਜ ਹੈ।

**ਸ਼ੌਕਿ ਮੌਲਾ ਮਾਅਨੀਏ ਜ਼ਿਕਰਿ ਖ਼ੁਦਾ-ਸਤ**
**ਕਾਂ ਤਲਿਸਮਿ ਚਸ਼ਮ ਮਾ ਰਾ ਕੀਮੀਆ ਸਤ ॥੧੭॥**

ਰੱਬ ਦੇ ਪਿਆਰ ਤੋਂ ਰੱਬ ਦੀ ਯਾਦ ਦਾ ਭਾਵ ਹੈ,
ਕਿਉਂਕਿ ਉਸ ਦੀ ਜਾਦੂ ਵਰਗੀ ਨਜ਼ਰ ਸਾਡੇ ਲਈ ਰਸਾਇਣ ਵਾਂਗ ਹੈ।

**ਸ਼ੌਕਿ ਮੌਲਾ ਜ਼ਿੰਦਗੀਇ ਜਾਨਿ ਮਾ-ਸਤ**
**ਜ਼ਿਕਰਿ ਊ ਸਰਮਾਯਾਇ ਈਮਾਨਿ ਮਾਸਤ ॥੧੮॥**

ਰੱਬ ਦਾ ਪਰੇਮ ਸਾਡੀ ਆਤਮਾ ਦਾ ਜੀਵਨ ਹੈ।
ਉਸ ਦਾ ਸਿਮਰਨ ਸਾਡੇ ਪਰਮ ਈਮਾਨ ਦੀ ਪੂੰਜੀ ਹੈ।

**ਰੂਜ਼ਿ ਜੁਮਆ ਮੋਮਨਾਨਿ ਪਾਕਬਾਜ਼**
**ਗਿਰਦ ਮੀ ਆਇੰਦ ਅਜ਼ ਬਹਿਰਿ ਨਿਮਾਜ਼ ॥੧੯॥**

ਸ਼ੁੱਕਰਵਾਰ ਵਾਲੇ ਦਿਨ ਪਾਕ ਪਰਹੇਜ਼ਗਾਰ ਮੁਸਲਮਾਨ,
ਰੱਬ ਦੀ ਨਿਮਾਜ਼ ਲਈ ਇਕੱਠੇ ਹੁੰਦੇ ਹਨ।

**ਹਮਚੁਨਾਂ ਦਰ ਮਜ਼ਹਬਿ ਮਾ ਸਾਧ ਸੰਗ**
**ਕਜ਼ ਮੁਹੱਬਤ ਬਾ-ਖ਼ੁਦਾ ਦਾਰੰਦ ਰੰਗ ॥੨੦॥**

ਇਸੇ ਤਰ੍ਹਾਂ ਸਾਡੇ ਧਰਮ ਵਿਚ ਸਾਧ ਸੰਗਤਿ ਵਿਚ [ਰੱਬ ਦੇ ਪਿਆਰੇ ਜੁੜਦੇ ਹਨ]
ਅਤੇ ਵਾਹਿਗੁਰੂ ਦੇ ਪ੍ਰੇਮ ਵਿਚ ਰੰਗ ਮਾਣਦੇ ਹਨ।

**ਗਿਰਦ ਮੀ ਆਇੰਦ ਦਰ ਮਾਹੇ ਦੋ ਬਾਰ**
**ਬਹਿਰਿ ਜ਼ਿਕਰਿ ਖ਼ਾਸਾਇ ਪਰਵਰਦਗਾਰ ॥੨੧॥**

ਮਹੀਨੇ ਵਿਚ ਦੋ ਵਾਰ ਉਸ
ਪਰਵਰਦਗਾਰ ਦੀ ਉਚੇਰੀ ਯਾਦ ਲਈ ਇਕੱਠੇ ਹੁੰਦੇ ਹਨ।

**ਆਂ ਹਜੂਮਿ ਖ਼ੁਸ਼ ਕਿ ਅਜ਼ ਬਹਿਰਿ ਖ਼ੁਦਾ-ਸਤ**
**ਆਂ ਹਜੂਮਿ ਖ਼ੁਸ਼ ਕਿ ਅਜ਼ ਦਫ਼ਾਇ ਬਲਾ-ਸਤ ॥੨੨॥**

ਉਹ ਸਤਿਸੰਗ ਸੁਭਾਗਾ ਹੈ, ਜੋ ਰੱਬ ਲਈ ਹੋਵੇ,
ਉਹ ਸਤਿਸੰਗ ਸੁਭਾਗਾ ਹੈ ਕਿ ਮਨ ਦੀਆਂ ਬਲਾਵਾਂ ਦੂਰ ਕਰਨ ਲਈ ਹੈ।

**ਆਂ ਹਜੂਮ ਖ਼ੁਸ਼ ਕਿ ਬਹਿਰਿ ਯਾਦਿ ਊ-ਸਤ**
**ਆਂ ਹਜੂਮਿ ਖ਼ੁਸ਼ ਕਿ ਹੱਕ ਬੁਨਿਆਦਿ ਊ-ਸਤ ॥੨੩॥**

ਉਹ ਸਤਿਸੰਗ ਸੁਭਾਗਾ ਹੈ, ਜੋ ਰੱਬ ਦੀ ਯਾਦ ਲਈ ਹੋਵੇ,
ਉਹ ਸਤਿਸੰਗ ਸੁਭਾਗਾ ਹੈ, ਜਿਸ ਦੀ ਨੀਂਵ ਸਤਿ ਉੱਤੇ ਹੋਵੇ।

**ਆ ਹਜੂਮਿ ਬਦ ਕਿ ਸ਼ੈਤਾਨੀ ਬਵਦ**
**ਆਕਬਤ ਅਜ਼ ਵੈ ਪਸ਼ੇਮਾਨੀ ਬਵਦ ॥੨੪॥**

ਉਹ ਇਕੱਠ ਭੈੜਾ ਹੈ, ਜਿੱਥੇ ਸ਼ੈਤਾਨੀ ਦੇ ਕੰਮ ਹੋਣ,

ਜਿਸ ਤੋਂ ਅੱਗੇ ਨੂੰ ਪਛਤਾਵਾ ਲੱਗਦਾ ਹੋਵੇ।

**ਈਂ ਜਹਾਨੋ ਆਂ ਜਹਾਂ ਅਫ਼ਸਾਨਾ ਈਸਤ**
**ਈਨੋ ਆਂ ਅਜ਼ ਖ਼ਿਰਮਨਸ਼ ਯਕ ਦਾਨਾ ਈਸਤ ॥੨੫॥**

ਇਹ ਲੋਕ ਅਤੇ ਪਰਲੋਕ ਇਕ ਝੂਠੀ ਕਹਾਣੀ ਹਨ;
ਇਹ ਦੋਵੇਂ ਲੋਕ ਉਸ ਰੱਬ ਦੇ ਬੋਹਲ ਵਿਚੋਂ ਇਕ ਦਾਣਾ ਹਨ।

**ਈਂ ਜਹਾਨੋਂ ਆਂ ਜਹਾਂ ਫ਼ਰਮਾਨਿ ਹੱਕ**
**ਔਲੀਆ ਓ ਅਬੀਆ ਕੁਰਬਾਨਿ ਹੱਕ ॥੨੬॥**

ਇਹ ਦੋਵੇਂ ਜਹਾਨ ਸੱਚੇ ਰੱਬ ਦੇ ਹੁਕਮ ਵਿਚ ਹਨ,
ਵਲੀ ਅਤੇ ਨਬੀ ਉਸ ਸੱਚੇ ਰੱਬ ਤੋਂ ਸਦਕੇ ਜਾਂਦੇ ਹਨ।

**ਹਰ ਕਿ ਦਰ ਯਾਦਿ ਖ਼ੁਦਾ ਕਾਇਮ ਬਵਦ**
**ਤਾ ਖ਼ੁਦਾ ਕਾਇਮ ਬਵਦ ਦਾਇਮ ਬਵਦ ॥੨੭॥**

ਜਿਹੜਾ ਵੀ ਰੱਬ ਦੀ ਯਾਦ ਵਿਚ ਪੱਕਾ ਸਥਿਰ ਹੋ ਜਾਂਦਾ ਹੈ,
ਜਦ ਤਕ ਰੱਬ ਕਾਇਮ ਹੈ, ਉਹ ਵੀ ਅਮਰ ਹੋ ਜਾਂਦਾ ਹੈ।

**ਈਂ ਦੋ ਆਲਮ ਜ਼ੱਰਾਇ ਅਜ਼ ਨੂਰਿ ਊਸਤ**
**ਮਿਹਰੋ ਮਾਹ ਮਸ਼ਅਲ-ਕਸ਼ਿ ਮਜ਼ਦੂਰਿ ਊਸਤ ॥੨੮॥**

ਇਹ ਦੋਵੇਂ ਲੋਕ ਉਸ ਰੱਬੀ ਨੂਰ ਦੇ ਜ਼ੱਰੇ ਹਨ;
ਇਹ ਚੰਨ ਸੂਰਜ ਦੋਵੇਂ ਉਸ ਦੀ ਚਾਕਰੀ ਵਿਚ ਮਸ਼ਾਲਚੀ ਹਨ।

**ਹਾਸਲਿ ਦੁਨਿਆ ਹਮੀਂ ਦਰਦਿ-ਸਰ ਅਸਤ**
**ਹਰ ਕਿਹ ਗ਼ਾਫ਼ਿਲ ਸ਼ੁਦ ਜ਼ਿ ਹੱਕ ਗਾਓ ਖ਼ਰ ਅਸਤ ॥੨੯॥**

ਦੁਨੀਆਂ ਦੀ ਪ੍ਰਾਪਤੀ ਨਿਰੀ ਸਿਰ ਪੀੜ ਹੈ;
ਜੋ ਕੋਈ ਵੀ ਰੱਬ ਤੋਂ ਗਾਫ਼ਲ ਹੋਇਆ, ਉਹ ਜਾਂ ਬਲਦ ਹੈ ਜਾਂ ਖੋਤਾ।

**ਗ਼ਫ਼ਲਤ ਅਜ਼ ਵੈ ਯੱਕ ਜ਼ਮਾਂ ਸਦ ਮਰਗ ਦਾਂ**
**ਜ਼ਿੰਦਗੀ ਯਾਦ ਅਸਤ ਨਿਜ਼ਦਿ ਆਰਿਫ਼ਾਂ ॥੩੦॥**

ਉਸ ਰੱਬ ਤੋਂ ਇਕ ਪਲ ਭਰ ਲਈ ਵੀ ਅਵੇਸਲੇ ਰਹਿਣਾ ਮਾਨੋ ਸੌ ਮੌਤਾਂ ਬਰਾਬਰ ਹੈ।
ਰੱਬ ਦੇ ਗਿਆਨ ਵਾਲਿਆਂ ਲਈ ਤਾਂ ਉਸ ਦੀ ਯਾਦ ਹੀ ਅਸਲ ਜ਼ਿੰਦਗੀ ਹੈ।

**ਹਰ ਦਮੇ ਕੁ ਬਿਗੁਜ਼ਰਦ ਦਰ ਯਾਦਿ ਊ**
**ਬਾ ਖ਼ੁਦਾ ਕਾਇਮ ਬਵਦ ਬੁਨਯਾਦਿ ਊ ॥੩੧॥**

ਹਰ ਉਹ ਛਿਨ ਜੋ ਉਸ ਦੀ ਯਾਦ ਵਿਚ ਗੁਜ਼ਰਦਾ ਹੈ,
ਉਸ ਦੀ ਜੜ੍ਹ ਰੱਬ ਨਾਲ ਸਦਾ ਕਾਇਮ ਰਹਿੰਦੀ ਹੈ।

**ਹਰ ਸਰੇ ਕੂ ਸਿਜਦਾਇ ਸੁਬਹਾ ਨ ਕਰਦ**
**ਹੱਕ ਮਰ ਊ ਰਾ ਸਾਹਿਬਿ ਈਮਾਨ ਕਰਦ ॥੩੨॥**

ਜੋ ਭੀ ਰੱਬ ਦੇ ਸਾਹਮਣੇ ਮੱਥਾ ਟੇਕਣ ਵਾਲਾ ਹੈ,
ਰੱਬ ਨੇ ਉਸ ਨੂੰ ਸਿਦਕ ਈਮਾਨ ਦਾ ਪੱਕਾ ਬਣਾ ਦਿੱਤਾ।

**ਸਰ ਬਰਾਇ ਸਿਜਦਾ ਪੈਦਾ ਕਰਦਾ ਅੰਦ**

**ਦਰਦਿ ਹਰ ਸਰ ਰਾ ਮਦਾਵਾ ਕਰਦਾ ਅੰਦ ॥੩੩॥**

ਸਿਰ ਤਾਂ ਰੱਬ ਨੂੰ ਮੱਥਾ ਟੇਕਣ ਲਈ ਪੈਦਾ ਕੀਤਾ ਗਿਆ ਹੈ,
ਇਹ ਹੀ [ਸੰਸਾਰ ਦੀ] ਹਰ ਸਿਰ ਦਰਦੀ ਦੀ ਦਵਾ ਹੈ।

**ਪਰ ਤੁਰਾ ਬਾਇਦ ਕੁਨੀ ਹਰਦਮ ਸਜੂਦ**
**ਆਰਿਫ਼ ਅਜ਼ ਵੈ ਯਕ ਜ਼ਮਾਂ ਗਾਫ਼ਿਲ ਨਾ ਬੂਦ ॥੩੪॥**

ਇਸ ਲਈ ਤੈਨੂੰ ਹਰ ਵੇਲੇ ਰੱਬ ਅੱਗੇ ਸਿਰ ਝੁਕਾਉਣਾ ਚਾਹੀਦਾ ਹੈ,
ਰੱਬ ਨੂੰ ਜਾਨਣ ਵਾਲਾ ਤਾਂ ਛਿੰਨ ਪਲ ਲਈ ਵੀ ਉਸ ਤੋਂ ਗ਼ਾਫ਼ਲ ਨਹੀਂ ਰਹਿੰਦਾ।

**ਹਰ ਕਿ ਗ਼ਾਫ਼ਿਲ ਸ਼ੁਦ ਚਿਰਾ ਆਕਿਲ ਬਵਦ**
**ਹਰ ਕਿ ਗ਼ਾਫ਼ਿਲ ਗਸ਼ਤ ਊ ਜਾਹਿਲ ਬਵਦ ॥੩੫॥**

ਜੋ ਵੀ ਉਸ ਤੋਂ ਗ਼ਾਫ਼ਲ ਰਿਹਾ, ਉਹ ਕਿਵੇਂ ਅਕਲਮੰਦ ਕਿਹਾ ਜਾ ਸਕਦਾ ਹੈ,
ਜੋ ਵੀ ਗ਼ਾਫ਼ਲ ਹੋਇਆ, ਸਮਝੋ ਉਹ ਮੂਰਖ ਅਤੇ ਉਜੱਡ ਹੈ।

**ਮਰਦਿ ਆਰਿਫ਼ ਫ਼ਾਰਿਗ਼ ਅਜ ਚੂਨੋ ਚਿਰਾ-ਸਤ**
**ਹਾਸਿਲਿ ਉਮਰਸ਼ ਹਮੀਂ ਯਾਦਿ ਖ਼ੁਦਾ-ਸਤ ॥੩੬॥**

ਗਿਆਨਵਾਨ ਪੁਰਸ਼ ਹਾਂ ਹੂੰ ਵਿਚ ਨਹੀਂ ਪੈਂਦਾ,
ਉਸ ਦੀ ਉਮਰ ਦੀ ਪ੍ਰਾਪਤੀ ਬੱਸ ਇਹੀ ਰੱਬ ਦੀ ਯਾਦ ਹੁੰਦੀ ਹੈ।

**ਸਾਹਿਬਿ ਈਮਾਂ ਹਮਾਂ ਬਾਸ਼ਦ ਹਮਾਂ**
**ਕੂ ਨ ਬਾਸ਼ਦ ਗ਼ਾਫ਼ਿਲ ਅਜ਼ ਵੈ ਯਕ ਜ਼ਮਾਂ ॥੩੭॥**

ਨਰਮੀ ਤੇ ਇਮਾਨਦਾਰ ਬਸ ਉਹੀ ਹੁੰਦਾ ਹੈ,
ਜੋ ਇਕ ਛਿਨ ਪਲ ਲਈ ਵੀ ਉਸ ਤੋਂ ਗ਼ਾਫ਼ਲ ਨਾ ਰਹੇ।

**ਕੁਫ਼ਰ ਬਾਸ਼ਦ ਅਜ਼ ਖ਼ੁਦਾ ਗ਼ਾਫ਼ਿਲ ਸ਼ੁਦਨ**
**ਬਰ ਲਿਬਾਸਿ ਦੁਨਯਵੀ ਮਾਇਲ ਸ਼ੁਦਨ ॥੩੮॥**

ਰੱਬ ਤੋਂ ਗ਼ਾਫ਼ਲ ਰਹਿਣਾ, ਅਤੇ ਸੰਸਾਰੀ ਭੇਸ ਉੱਪਰ ਮੋਹਤ ਹੋਣਾ ਕੁਫ਼ਰ ਬਰਾਬਰ ਹੈ।

**ਚੀਸਤ ਦੁਨਿਆ ਓ ਲਿਬਾਸਿ ਦੁਨਯਵੀ**
**ਅਜ਼ ਖ਼ੁਦਾ ਗ਼ਾਫ਼ਿਲ ਸ਼ੁਦਨ ਐ ਮੋਲਵੀ ॥੩੯॥**

ਹੇ ਮੋਲਵੀ! ਤੂੰ ਹੀ ਦੱਸ! ਰੱਬ ਤੋਂ ਗ਼ਾਫ਼ਲ ਰਹਿ ਕੇ ਇਹ ਸੰਸਾਰ ਅਤੇ ਇਸ ਦਾ ਭੇਖ ਅਰਥਾਤ ਰੰਗ ਰਸ ਤੇ ਭੋਗ ਕੀ ਅਰਥ ਰੱਖਦੇ ਹਨ? [ਭਾਵ ਰੱਬ ਤੋਂ ਬਿਨਾਂ ਇਨ੍ਹਾਂ ਦਾ ਕੁਝ ਭੀ ਮੁੱਲ ਨਹੀਂ ਪੈਂਦਾ]

**ਈਂ ਲਿਬਾਸਿ ਦੁਨਯਵੀ ਫ਼ਾਨੀ ਬਵਦ**
**ਬਰ ਖ਼ੁਦਾਵੰਦੀਸ਼ ਅਰਜ਼ਾਨੀ ਬਵਦ ॥੪੦॥**

ਸੰਸਾਰ ਦੇ ਰੰਗ ਰਸ ਭੋਗਾਂ ਵਾਲਾ ਜੀਵਨ ਨਾਸ਼ਵਾਨ ਹੈ,
ਇਸ ਦੀ ਮਾਲਕੀ ਅਤੇ ਪਿਆਰ ਵਾਲਾ ਬੰਦਾ ਹੋਲਾ ਹੁੰਦਾ ਹੈ।

**ਦੀਨੋ ਦੁਨਿਆ ਬੰਦਾਇ ਫ਼ਰਮਾਨਿ ਊ**
**ਈਂ ਅਜ਼ਾਂ ਸ਼ਰਮਿੰਦਾਇ ਇਹਸਾਨਿ ਊ ॥੪੧॥**

ਦੀਨ ਅਤੇ ਦੁਨੀਆਂ ਉਸ ਰੱਬ ਦੇ ਬੰਦੇ ਹਨ,
ਇਹ ਉਸ ਦੇ ਅਹਿਸਾਨ ਹੇਠਾਂ ਹਨ।

**ਚੀਸਤ ਐਹਸਾਨਿ ਸੁਹਬਤਿ ਮਰਦਾਨਿ ਹੱਕ**
**ਆਂ ਕਿ ਮੀਖ਼ਾਨੰਦ ਅਜ਼ ਇਸ਼ਕਸ਼ ਸਬਕ ॥੪੨॥**

ਰੱਬ ਦੇ ਉਨ੍ਹਾਂ ਭਗਤਾਂ ਦੀ ਸੰਗਤ ਦਾ ਕਿੰਨਾਂ ਵੱਡਾ ਅਹਿਸਾਨ ਹੈ,
ਜੋ ਉਸ ਦੇ ਸੱਚੇ ਪਿਆਰ ਦੀ ਸਿੱਖਿਆ ਲੈਂਦੇ ਰਹਿੰਦੇ ਹਨ।

**ਯਾਦਿ ਊ ਸਰਮਾਯਾਇ ਈਮਾਂ ਬਵਦ**
**ਹਰ ਗਦਾ ਅਜ਼ ਯਾਦਿ ਊ ਸੁਲਤਾਂ ਬਵਦ ॥੪੩॥**

ਉਸ ਦੀ ਯਾਦ ਸਿਦਕ ਈਮਾਨ ਦਾ ਸਰਮਾਇਆ ਹੁੰਦਾ ਹੈ;
ਹਰ ਭਿਖਾਰੀ ਉਸ ਦੀ ਯਾਦ ਨਾਲ ਬਾਦਸ਼ਾਹ ਹੁੰਦਾ ਹੈ।

**ਰੂਜ਼ੋ ਸ਼ਬ ਦਰ ਬੰਦਗੀ ਬਾਸ਼ੰਦ ਸ਼ਾਦ**
**ਬੰਦਗੀ ਓ ਬੰਦਗੀ ਓ ਯਾਦੋ ਯਾਦ ॥੪੪॥**

ਉਹ ਦਿਨ ਰਾਤ ਉਸ ਦੀ ਬੰਦਗੀ ਵਿਚ ਖ਼ੁਸ਼ ਰਹਿੰਦੇ ਹਨ,
ਉਸ ਦੀ ਬੰਦਗੀ ਹੀ ਅਸਲ ਬੰਦਗੀ ਹੈ ਅਤੇ ਉਸ ਦੀ ਯਾਦ ਹੀ ਅਸਲ ਯਾਦ ਹੈ।

**ਚੀਸਤ ਸੁਲਤਾਨੀ ਵਾ ਦਰਵੇਸ਼ੀ ਬਿਦਾਂ**
**ਯਾਦਿ ਆਂ ਜਾਂ ਆਫ਼ਰੀਨਿ ਇਨਸੋ ਜਾਂ ॥੪੫॥**

ਬਾਦਸ਼ਾਹ ਅਤੇ ਦਰਵੇਸ਼ੀ ਕੀ ਹੈ? ਸਮਝ ਲੈ ਕਿ
ਇਹ ਮਨੁੱਖਾਂ ਅਤੇ ਰੂਹਾਂ ਦੇ ਪੈਦਾ ਕਰਨ ਵਾਲੇ ਉਸ ਰੱਬ ਦੀ ਯਾਦ ਹੈ।

**ਯਾਦਿ ਊ ਗਰ ਮੂਨਸਿ ਜਾਨਤ ਬਵਦ**
**ਹਰ ਦੋ ਆਲਮ ਜ਼ੇਰਿ ਫ਼ਰਮਾਨਤ ਬਵਦ ॥੪੬॥**

ਜੇਕਰ ਉਸ ਦੀ ਯਾਦ ਤੇਰੀ ਜਾਨ ਦੀ ਮਿੱਤਰ ਬਣ ਜਾਵੇ,
ਤਾਂ ਦੋਵੇਂ ਜਹਾਨ ਤੇਰੇ ਹੁਕਮ ਹੇਠਾਂ ਹੋ ਜਾਣ।

**ਬਸ ਬਜ਼ੁਰਗੀ ਹਸਤ ਅੰਦਰ ਯਾਦਿ ਊ**
**ਯਾਦਿ ਊ ਕੁਨ ਯਾਦਿ ਊ ਕੁਨ ਯਾਦਿ ਊ ॥੪੭॥**

ਉਸ ਦੀ ਯਾਦ ਵਿਚ ਹੀ ਵੱਡੀ ਵਡਿਆਈ ਹੈ,
ਤੂੰ ਉਸ ਦੀ ਯਾਦ ਕਰ, ਬਸ ਉਸ ਦੀ ਯਾਦ ਕਰ।

**ਗਰ ਬਜ਼ੁਰਗੀ ਬਾਇਦਾਤ ਕੁਨ ਬੰਦਗੀ**
**ਵਰਨਾ ਆਖ਼ਿਰ ਮੀ-ਕਸ਼ੀ ਸ਼ਰਮਿੰਦਗੀ ॥੪੮॥**

ਜੇਕਰ ਤੈਨੂੰ ਵਡਿਆਈ ਚਾਹੀਦੀ ਹੈ ਤਾਂ ਬੰਦਗੀ ਕਰ,
ਨਹੀਂ ਤਾਂ ਅਖ਼ੀਰ ਤੈਨੂੰ ਸ਼ਰਮਿੰਦਾ ਹੋਣਾ ਪਵੇਗਾ।

**ਸ਼ਰਮ ਕੁਨ ਹਾਂ ਸ਼ਰਮ ਕੁਨ ਹਾਂ ਸ਼ਰਮ ਕੁਨ**
**ਈਂ ਦਿਲਿ ਚੂੰ ਸੰਗਿ ਖ਼ੁਦ ਰਾ ਨਰਮ ਕੁਨ ॥੪੯॥**

ਸ਼ਰਮ ਕਰ, ਕੁਝ ਸ਼ਰਮ ਕਰ, ਤੂੰ ਸ਼ਰਮ ਕਰ,
ਆਪਣੇ ਇਸ ਪੱਥਰ ਵਰਗੇ ਦਿਲ ਨੂੰ ਤੂੰ ਨਰਮ ਕਰ।

**ਮਾਅਨੀਏ ਨਰਮੀ ਗ਼ਰੀਬੀ ਆਮਦਾ**
**ਦਰਦਿ ਹਰ ਕਸ ਰਾ ਤਬੀਬੀ ਆਮਦਾ ॥੫੦॥**

ਨਰਮੀ ਦਾ ਭਾਵ ਨਿਮਰਤਾ ਹੈ,
ਇਹ ਹੀ ਹਰ ਕਿਸੇ ਦੇ ਦਰਦ ਦੀ ਵੈਦਗੀ ਹੈ।

**ਹੱਕ ਪ੍ਰਸਤਾਂ ਖ਼ੁਦ-ਪ੍ਰਸਤੀ ਚੂੰ ਕੁਨੰਦ**
**ਸਰ-ਬੁਲੰਦਾਂ ਮੈਲਿ ਪ੍ਰਸਤੀ ਚੂੰ ਕੁਨੰਦ ॥੫੧॥**

ਸੱਚ ਦੇ ਭਗਤ ਖ਼ੁਦ-ਪ੍ਰਸਤੀ (ਹਉਮੈ) ਕਿਵੇਂ ਕਰ ਸਕਦੇ ਹਨ?
ਉੱਚੇ ਸਿਰ ਵਾਲੇ ਨਿਵਾਣਾਂ ਦੀ ਕਿਵੇਂ ਲਾਲਸਾ ਕਰ ਸਕਦੇ ਹਨ?

**ਖ਼ੁਦ-ਪ੍ਰਸਤੀ ਕਤਰਾਇ ਨਾਪਾਕਿ ਤੂ**
**ਆਂ ਕਿ ਜਾ ਕਰਦਾ ਬ-ਮੁਸ਼ਤਿ ਖ਼ਾਕਿ ਤੂ ॥੫੨॥**

ਇਹ ਹਉਮੈ ਇਕ ਗੰਦਾ ਤਿਪਕਾ ਹੈ;
ਜਿਸ ਨੇ ਤੇਰੀ ਮੁੱਠੀ ਭਰ ਮਿੱਟੀ ਵਿਚ ਥਾਂ ਬਣਾ ਰੱਖੀ ਹੈ।

**ਖ਼ੁਦ-ਪ੍ਰਸਤੀ ਖ਼ਾਸਾਇ ਨਾਦਾਨਿ ਤੂ**
**ਹੱਕ ਪ੍ਰਸਤੀ ਮਾਇਆਇ ਈਮਾਨਿ ਤੂ ॥੫੩॥**

ਇਹ ਹਉਮੈ ਤੇਰੀ ਮੂਰਖਤਾ ਦਾ ਖ਼ਾਸਾ ਹੈ,
ਸੱਚ ਦੀ ਪੂਜਾ ਤੇਰੇ ਈਮਾਨ ਦੀ ਰਾਸ ਹੈ।

**ਜਿਸਮਿ ਤੂ ਅਜ਼ ਬਾਦੋ ਖ਼ਾਕੋ ਆਤਿਸ਼ ਅਸਤ**
**ਕਤਰਾਇ ਆਬੀ ਨੂਰਿ ਜ਼ਾਤਿਸ਼ ਅਸਤ ॥੫੪॥**

ਤੇਰਾ ਸਰੀਰ ਤਾਂ ਹਵਾ, ਮਿੱਟੀ, ਅਤੇ ਅੱਗ ਦਾ ਬਣਿਆ ਹੋਇਆ ਹੈ,
ਤੂੰ ਤਾਂ ਪਾਣੀ ਦਾ ਇਕ ਕਤਰਾ ਹੈਂ, ਤੇ ਇਹ ਨੂਰ ਉਸ ਰੱਬ ਵਲੋਂ ਹੈ।

**ਖ਼ਾਨਾਅਤ ਅਜ਼ ਨੂਰਿ ਹੱਕ ਰੋਸ਼ਨ ਸ਼ੁਦਾ**
**ਯਕ ਗੁਲੇ ਬੁਦੀ ਕਨੂੰ ਗੁਲਸ਼ਨ ਸ਼ੁਦਾ ॥੫੫॥**

ਤੇਰਾ ਹਿਰਦੇ ਰੂਪੀ ਘਰ ਰੱਬ ਦੇ ਨੂਰ ਨਾਲ ਰੋਸ਼ਨ ਹੈ,
ਤੂੰ ਇਕ ਫੁੱਲ ਸੀ, ਹੁਣ ਗੁਲਸ਼ਨ ਬਣ ਗਿਆ ਹੈਂ।

**ਪਸ ਦਰੂਨਿ ਗੁਲਸ਼ਨਿ ਖ਼ੁਦ ਸੈਰ ਕੁਨ**
**ਹਮਚੂ ਮੁਰਗ਼ਿ ਕੁੱਦਸਿ ਦਰ ਵੈ ਤੈਰ ਕੁਨ ॥੫੬॥**

ਆਪਣੇ ਇਸ ਗੁਲਸ਼ਨ ਅੰਦਰ ਤੂੰ ਸੈਰ ਕਰ,
ਪਾਕ ਪਵਿਤ੍ਰ ਪੰਛੀ ਵਾਂਗ ਉਸ ਵਿਚ ਉਡਾਰੀਆਂ ਲਾ।

**ਸਦ ਹਜ਼ਾਰਾਂ ਖ਼ੁਲਦ ਅੰਦਰ ਗੋਸ਼ਾ ਅਸ਼**
**ਹਰ ਦੋ ਆਲਮ ਦਾਨਾਇ ਅਜ਼ ਖ਼ੋਸ਼ਾ ਅਸ਼ ॥੫੭॥**

ਉਸ ਦੀ ਇਕ ਇਕ ਨੁੱਕਰ ਵਿਚ ਲੱਖਾਂ ਬਹਿਸ਼ਤੀ ਬਾਗ਼ ਹਨ,
ਇਹ ਦੋਵੇਂ ਜਹਾਨ ਉਸੇ ਦੇ ਸਿੱਟੇ ਦੇ ਦਾਣੇ ਹਨ।

**ਕੂਤਿ ਆਂ ਮੁਰਗ਼ਿ ਮੁਕੱਦਸ ਯਾਦਿ ਊ.**
**ਯਾਦਿ ਊ ਹਾਂ ਯਾਦਿ ਊ ਹਾਂ ਯਾਦਿ ਊ ॥੫੮॥**

ਉਸ ਪਾਕ ਪਵਿੱਤਰ ਪੰਛੀ ਦਾ ਚੋਗਾ ਰੱਬ ਦੀ ਯਾਦ ਹੈ,
ਉਸ ਦੀ ਯਾਦ, ਬਸ ਉਸ ਦੀ ਯਾਦ, ਹਾਂ ਉਸੇ ਦੀ ਯਾਦ।

**ਹਰ ਕਸੇ ਕੂ ਮਾਇਲਿ ਖ਼ੁਦਾ-ਸਤ**
**ਖ਼ਾਕਿ ਰਾਹਸ਼ ਤੂਤਿਆਇ ਚਸ਼ਮਿ ਮਾ-ਸਤ ॥੫੯॥**

ਜਿਹੜਾ ਵੀ ਰੱਬ ਦੀ ਯਾਦ ਵੱਲ ਲੱਗਾ ਹੋਇਆ ਹੈ,
ਉਸ ਦੇ ਰਾਹ ਦੀ ਧੂੜ ਸਾਡੇ ਨੇਤ੍ਰਾਂ ਦਾ ਸੁਰਮਾ ਹੈ।

**ਗਰ ਤੁਰਾ ਯਾਦਿ ਖ਼ੁਦਾ ਹਾਸਿਲ ਸ਼ਵਦ**
**ਹੱਲਿ ਹਰ ਮੁਸ਼ਕਿਲ ਤੁਰਾ, ਐ ਦਿਲ ਸ਼ਵਦ ॥੬੦॥**

ਜੇਕਰ ਤੈਨੂੰ ਰੱਬ ਦੀ ਯਾਦ ਪ੍ਰਾਪਤ ਹੋ ਜਾਏ,
ਤਾਂ ਹੇ ਦਿਲ! ਸਮਝ ਕਿ ਤੇਰੀ ਹਰ ਮੁਸ਼ਕਿਲ ਦਾ ਹੱਲ ਹੋ ਗਿਆ।

**ਹੱਲਿ ਹਰ ਮੁਸ਼ਕਿਲ ਹਮੀਂ ਯਾਦਿ ਖ਼ੁਦਾ-ਸਤ**
**ਹਰ ਕਿ ਯਾਦਿ ਹੱਕ ਕੁਨਦ ਜ਼ਾਤਿ ਖ਼ੁਦਾ-ਸਤ ॥੬੧॥**

ਹਰ ਮੁਸ਼ਕਿਲ ਦਾ ਹੱਲ ਬੱਸ ਇਹੀ ਰੱਬ ਦੀ ਯਾਦ ਹੈ;
ਰੱਬ ਦੀ ਯਾਦ ਕਰਨ ਵਾਲਾ ਰੱਬ ਦੀ ਹੀ ਜ਼ਾਤ ਹੁੰਦਾ ਹੈ।

**ਦਰ ਹਕੀਕਤ ਗ਼ੈਰ ਹੱਕ ਮਨਜ਼ੂਰ ਨੀਸਤ**
**ਕੀਸਤ ਐ ਜਾਨ ਕੂ ਸਰਾਪਾ ਨੂਰ ਨੀਸਤ ॥੬੨॥**

ਅਸਲ ਵਿਚ ਰੱਬ ਤੋਂ ਬਿਨਾਂ ਕੋਈ ਭੀ ਹੋਰ ਚੀਜ਼ ਪ੍ਰਵਾਨ ਨਹੀਂ ਹੈ,
ਹੇ ਮੇਰੇ ਮਨ! ਅਜਿਹਾ ਕੌਣ ਹੈ, ਜਿਹੜਾ ਸਿਰ ਤੋਂ ਪੈਰਾਂ ਤਕ ਰੱਬ ਦਾ ਨੂਰ ਨਹੀਂ।

**ਕਤਰਾਇ ਨੂਰੀ ਸਰਾਪਾ ਨੂਰ ਬਾਸ਼**
**ਬਿਗੁਜ਼ਰ ਅਜ਼ ਗ਼ਮ ਦਾਇਮਾ ਮਸਰੂਰ ਬਾਸ਼ ॥੬੩॥**

ਤੂੰ ਉਸ ਮਹਾਨ ਨੂਰ ਦੀ ਇਕ ਕਿਰਨ ਹੈਂ, ਸਿਰ ਤੋਂ ਪੈਰਾਂ ਤਕ ਨੂਰ ਹੋ ਜਾ।
ਚਿੰਤਾ ਨੂੰ ਛੱਡ ਦੇ ਅਤੇ ਸਦਾ ਲਈ ਸਰੂਰ ਵਿਚ ਰਹੁ।

**ਤਾ ਬਕੈ ਦਰ ਬੰਦਿ ਗ਼ਮ ਬਾਸ਼ੀ ਮਦਾਮ**
**ਬਿਗੁਜ਼ਰ ਅਜ਼ ਗ਼ਮ ਯਾਦਿ ਹੱਕ ਕੁਨ ਵ-ਸਲਾਮ ॥੬੪॥**

ਕਦ ਤਕ ਤੂੰ ਗ਼ਮ ਦੀ ਸਦੀਵੀ ਕੈਦ ਵਿਚ ਪਿਆ ਰਹੇਂਗਾ?
ਗ਼ਮ ਨੂੰ ਛੱਡ, ਰੱਬ ਦੀ ਯਾਦ ਕਰ ਅਤੇ ਸਦਾ ਸਲਾਮਤ ਰਹੁ।

**ਗ਼ਮ ਚਿਹ ਬਾਸ਼ਦ ਗ਼ਫ਼ਲਤ ਅਜ਼ ਯਾਦਿ ਖ਼ੁਦਾ**
**ਚੀਸਤ ਸ਼ਾਦੀ ਯਾਦਿ ਆਂ ਬੇ-ਮਿਨਤਹਾ ॥੬੫॥**

ਗ਼ਮ ਕੀ ਹੈ? ਉਸ ਰੱਬ ਦੀ ਯਾਦ ਤੋਂ ਗ਼ਫ਼ਲਤ,
ਖ਼ੁਸ਼ੀ ਕੀ ਹੈ, ਉਸ ਅਪਰਮ ਅਪਾਰ ਦੀ ਯਾਦ।

**ਮਾਅਨੀਇ ਬੇ-ਮਿੰਤਹਾ ਦਾਨੀ ਕੀ ਚੀਸਤ**
**ਆਂ ਕਿ ਊ ਨਾਇਦ ਬਕੈਦਿ ਮਰਗੋ ਜ਼ੀਸਤ ॥੬੬॥**

ਜਾਣਦਾ ਹੈਂ, ਕਿ ਉਸ ਅਪਰਮ ਅਪਾਰ ਦੇ ਕੀ ਅਰਥ ਹਨ?
ਅਪਰਮ ਅਪਾਰ ਉਹ ਹੈ, ਜਿਹੜਾ ਜਨਮ ਮਰਨ ਵਿਚ ਨਹੀਂ ਆਉਂਦਾ।

**ਦਰ ਸਰਿ ਹਰ ਮਰਦੋ ਜ਼ਨ ਸੌਦਾਇ ਊ-ਸਤ**
**ਦਰ ਦੋ ਆਲਮ ਸ਼ੋਰਸ਼ੇ ਗ਼ੌਗਾਇ ਊ-ਸਤ ॥੬੭॥**

ਹਰ ਪੁਰਸ਼ ਅਤੇ ਇਸਤ੍ਰੀ ਨੂੰ ਉਸੇ ਦੀ ਹੀ ਧੁਨ ਸਮਾਈ ਹੋਈ ਹੈ।
ਦੋਹਾਂ ਜਹਾਨਾਂ ਵਿਚ ਇਹ ਸਭ ਉਸੇ ਦਾ ਹੀ ਰੌਲਾ ਰੱਪਾ ਹੈ।

**ਮੰਜ਼ਲਿ ਊ ਬਰ ਜ਼ੁਬਾਨਿ ਔਲੀਆ-ਸਤ**
**ਰੂਜ਼ੇ ਸ਼ਬ ਕਾਂਦਰ ਦਿਲਸ਼ ਯਾਦਿ ਖ਼ੁਦਾ-ਸਤ ॥੬੮॥**

ਵਲੀਆਂ (ਸੰਤਾਂ) ਦੀ ਰਸਨਾ ਉੱਤੇ ਉਸ ਦਾ ਟਿਕਾਣਾ ਹੈ,
ਜਾਂ ਉਸ ਜੀਵ ਦੇ ਹਿਰਦੇ ਅੰਦਰ, ਜਿੱਥੇ ਦਿਨ ਰਾਤ ਉਸ ਦੀ ਯਾਦ ਰਹਿੰਦੀ ਹੈ।

**ਚਸ਼ਮਿ ਊ ਬਰ ਗ਼ੈਰ ਹਰਗਿਜ਼ ਵਾ ਨ-ਸ਼ੁਦ**
**ਕਤਰਾਇ ਊ ਜੁਜ਼ ਸੂਇ ਦਰਿਆ ਨ-ਸ਼ੁਦ ॥੬੯॥**

ਉਸ (ਰੱਬ ਨੂੰ ਯਾਦ ਕਰਨ ਵਾਲੇ) ਦੀ ਅੱਖ ਗ਼ੈਰ ਉੱਪਰ ਖੁਲ੍ਹਦੀ ਹੀ ਨਹੀਂ,
ਉਸ ਦਾ ਕਤਰਾ ਬਿਨਾਂ ਸਾਗਰ ਦੀ ਦਿਸ਼ਾ ਦੇ ਹੋਰ ਕਿਸੇ ਪਾਸੇ ਰੁੜ੍ਹਦਾ ਹੀ ਨਹੀਂ।

**ਬੰਦਾਇ ਊ ਸਾਹਿਬ ਹਰ ਦੋ ਸਰਾ**
**ਕੂ ਨ ਬੀਨਦ ਗ਼ੈਰ ਨਕਸ਼ਿ ਕਿਬਰੀਆ ॥੭੦॥**

ਰੱਬ ਦਾ ਬੰਦਾ ਦੋਹਾਂ ਜਹਾਨਾਂ ਦਾ ਮਾਲਿਕ ਹੈ,
ਕਿਉਂ ਜੋ ਉਹ ਰੱਬ ਦੇ ਉਸ ਮਹਾਨ ਸੱਚ ਸਰੂਪ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਵੇਖਦਾ।

**ਈਂ ਜਹਾਨੋ ਆਂ ਜਹਾਂ ਫ਼ਾਨੀ ਬਵਦ**
**ਗ਼ੈਰਿ ਯਾਦਸ਼ ਜੁਮਲਾ ਨਾਦਾਨੀ ਬਵਦ ॥੭੧॥**

ਇਹ ਲੋਕ ਅਤੇ ਪਰਲੋਕ ਦੋਵੇਂ ਨਾਸ਼ਵਾਨ ਹਨ;
ਉਸ ਦੀ ਯਾਦ ਤੋਂ ਛੁਟ ਬਾਕੀ ਸਭ ਕੁਝ ਬੇਸਮਝੀ ਹੈ।

**ਯਾਦ ਕੁਨ ਹਾਂ ਤਾਂ ਤਵਾਨੀ ਯਾਦ ਕੁਨ**
**ਖ਼ਾਨਾ ਰਾ ਅਜ਼ ਯਾਦਿ ਹੱਕ ਆਬਾਦ ਕੁਨ ॥੭੨॥**

ਉਸ ਦੀ ਯਾਦ ਕਰ; ਜਿਥੋਂ ਤਕ ਤੇਰੇ ਪਾਸੋਂ ਹੋ ਸਕੇ ਉਸ ਨੂੰ ਯਾਦ ਰੱਖ।
ਆਪਣੇ (ਹਿਰਦੇ ਰੂਪੀ) ਘਰ ਨੂੰ ਰੱਬ ਦੀ ਯਾਦ ਨਾਲ ਆਬਾਦ ਕਰ।

**ਈਂ ਦਿਲਿ ਤੂ ਖ਼ਾਨਾਇ ਹੱਕ ਬੂਦਾ ਅਸਤ**
**ਮਨ ਕਿਹ ਗੋਇਮ ਹੱਕ ਚੁਨੀਂ ਫ਼ਰਮੂਦਾ ਅਸਤ ॥੭੩॥**

ਤੇਰਾ ਇਹ ਹਿਰਦਾ ਰੱਬ ਦਾ ਹੀ ਘਰ ਹੈ,
ਮੈਂ ਕੀ ਆਖਾਂ, ਰੱਬ ਨੇ ਹੀ ਇਉਂ ਕਿਹਾ ਹੈ।

**ਸ਼ਾਹ ਬਾ ਤੂ ਹਮਨਸ਼ੀਨੋ ਹਮ ਜ਼ੁਬਾਂ**
**ਤੂ ਬ-ਸੂਇ ਹਰ ਕਸੋ ਨਾਕਸ ਦਵਾਂ ॥੭੪॥**

ਤੇਰਾ ਸਾਥੀ ਅਤੇ ਤੇਰੀ ਹਾਂ ਨਾਲ ਹਾਂ ਮਿਲਾਣ ਵਾਲਾ ਤਾਂ ਬਾਦਸ਼ਾਹ ਹੈ,
ਪਰ ਤੂੰ ਤਾਂ ਹਰ ਮੰਦੇ ਚੰਗੇ ਮਗਰ ਸਵਾਰਥ ਲਈ ਨੱਸਦਾ ਫਿਰਦਾ ਹੈਂ।

**ਵਾਇ ਤੂ ਬਰ ਜਾਨਿ ਤੂ ਅਹਿਵਾਲਿ ਤੂ**
**ਵਾਇ ਬਰ ਈਂ ਗ਼ਫ਼ਲਤੋ ਅਫ਼ਆਲਿ ਤੂ ॥੭੫॥**

ਅਫ਼ਸੋਸ ਤੇਰੇ ਉੱਤੇ, ਤੇਰੀ ਜਾਨ ਉੱਤੇ ਅਤੇ ਤੇਰੇ ਹਾਲ ਉੱਤੇ,
ਅਫ਼ਸੋਸ ਹੈ ਤੇਰੀ ਇਸ ਅਣਗਹਿਲੀ ਉੱਤੇ ਅਤੇ ਤੇਰੀ ਚਾਲ ਉੱਤੇ।

ਹਰ ਕਸੇ ਕੂ ਤਾਲਿਬਿ ਦੀਦਾਰ ਸ਼ੁਦ
ਪੇਸ਼ਿ ਚਸ਼ਮਸ਼ ਜੁਮਲਾ ਨਕਸ਼ਿ ਯਾਰ ਸ਼ੁਦ ॥੭੬॥

ਜਿਹੜਾ ਵੀ ਉਸ ਦੇ ਦੀਦਾਰ ਦਾ ਤਾਲਬ ਹੋ ਗਿਆ,
ਉਸ ਦੀਆਂ ਨਜ਼ਰਾਂ ਵਿਚ ਸਭ ਕੁਝ ਉਸੇ ਦਾ ਸਰੂਪ ਹੋ ਗਿਆ।

ਦਰਮਿਆਨਿ ਨਕਸ਼ ਨੱਕਾਸ਼ ਅਸਤੋ ਬਸ
ਈਂ ਸਖ਼ੁਨ ਰਾ ਦਰ ਨਯਾਬਦ ਬੂਅਲ-ਹਵਸ ॥੭੭॥

ਹਰ ਚਿਤ੍ਰ ਵਿਚ ਉਹ ਚਿਤ੍ਰਕਾਰ ਹੀ ਝਲਕਦਾ ਹੈ,
ਪਰੰਤੂ ਇਸ ਭੇਤ ਨੂੰ ਮਨਮੁਖ ਨਹੀਂ ਜਾਣ ਸਕਦਾ।

ਗਰ ਤੂ ਮੀਖ਼ਾਨੀ ਜ਼ਿ ਇਸ਼ਕਿ ਹੱਕ ਸਬਕ
ਯਾਦਿ ਹੱਕ ਕੁਨ ਯਾਦਿ ਹੱਕ ਕੁਨ ਯਾਦਿ ਹੱਕ ॥੭੮॥

ਜੇਕਰ ਤੂੰ ਰੱਬ ਦੇ ਪ੍ਰੇਮ ਦਾ ਸਬਕ ਪੜ੍ਹਨਾ ਹੈ ਤਾਂ
ਰੱਬ ਦੀ ਯਾਦ ਕਰ, ਤੂੰ ਬਸ ਰੱਬ ਦੀ ਯਾਦ ਕਰ।

ਐ ਬਰਾਦਰ ਯਾਦਿ ਹੱਕ ਦਾਨੀ ਕਿ ਚੀਸਤ
ਅੰਦਰੂਨਿ ਜੁਮਲਾ ਦਿਲਹਾਇ ਜਾਇ ਕੀਸਤ ॥੭੯॥

ਹੇ ਭਾਈ! ਕੀ ਤੈਨੂੰ ਪਤਾ ਹੈ ਰੱਬ ਦੀ ਯਾਦ ਕੀ ਹੁੰਦੀ ਹੈ,
ਅਤੇ ਇਨ੍ਹਾਂ ਸਾਰੇ ਦਿਲਾਂ ਅੰਦਰ ਕੌਣ ਵਸਦਾ ਹੈ ?

ਚੂੰ ਦਰੂਨਿ ਜੁਮਲਾ ਦਿਲਹਾ ਸਾਇ ਊ-ਸਤ
ਖ਼ਾਨਾਇ ਦਿਲ ਮੰਜ਼ਲੋ ਮਾਵਾਇ ਊ-ਸਤ ॥੮੦॥

ਜਦ ਸਭਨਾਂ ਦਿਲਾਂ ਵਿਚ ਉਹ ਹੀ ਵਸਦਾ ਹੈ,
ਦਿਲ ਦਾ ਘਰ ਉਸ ਦਾ ਟਿਕਾਣਾ ਅਤੇ ਪਨਾਹ ਹੈ।

ਚੂੰ ਬਿਦਾਨਿਸਤੀ ਕਿ ਦਰ ਦਿਲਹਾ ਖ਼ੁਦਾ-ਸਤ
ਪਸ ਤੁਰਾ ਆਦਾਬਿ ਹਰ ਦਿਲ ਮੁਦਆ-ਸਤ ॥੮੧॥

ਜਦ ਤੈਨੂੰ ਪਤਾ ਲੱਗ ਗਿਆ, ਕਿ ਸਾਰੇ ਦਿਲਾਂ ਵਿਚ ਰੱਬ ਵੱਸਦਾ ਹੈ,
ਤਾਂ ਤੇ ਹਰ ਦਿਲ ਦੀ ਇੱਜ਼ਤ ਕਰਨਾ ਤੇਰਾ ਮਨੋਰਥ ਹੋਣਾ ਚਾਹੀਦਾ ਹੈ।

ਯਾਦਿ ਹੱਕ ਈਨਸਤੋ ਦੀਗਰ ਯਾਦ ਨੀਸਤ
ਹਰ ਕਿਰਾ ਈਂ ਗ਼ਮ ਨ-ਬਾਸ਼ਦ ਸ਼ਾਦ ਨੀਸਤ ॥੮੨॥

ਇਹੀ ਰੱਬ ਦੀ ਯਾਦ ਹੈ, ਹੋਰ ਕੋਈ ਯਾਦ ਨਹੀਂ,
ਜਿਸ ਕਿਸੇ ਨੂੰ ਅਜਿਹਾ ਫ਼ਿਕਰ ਨਹੀਂ, ਉਹ ਖ਼ੁਸ਼ ਨਹੀਂ ਹੈ।

ਜ਼ਿੰਦਗੀ ਇ ਆਰਿਫ਼ਾਂ ਯਾਦਿ ਖ਼ੁਦਾ-ਸਤ
ਅਜ਼ ਖ਼ੁਦਾ ਦੂਰ ਅਸਤ ਹਰ ਕੂ ਖ਼ੁਦ-ਨੁਮਾਸਤ ॥੮੩॥

ਰੱਬ ਦੇ ਗਿਆਨਵਾਨਾਂ ਦੀ ਜ਼ਿੰਦਗੀ ਰੱਬ ਦਾ ਸਿਮਰਨ ਹੈ;
ਹਉਮੈ ਵਿਚ ਫਸਿਆ ਮਨੁੱਖ ਰੱਬ ਤੋਂ ਦੂਰ ਹੈ।

ਕੀਸਤ ਗੋਯਾ ਮੁਸ਼ਤਿ ਖ਼ਾਕਿ ਬੇਸ਼ ਨੀਸਤ
ਆਂ ਹਮ ਅੰਦਰ ਅਖ਼ਤਿਆਰ ਖੇਸ਼ ਨੀਸਤ ॥੮੪॥

ਹੇ ਗੋਯਾ! ਤੇਰੀ ਹਸਤੀ ਹੀ ਕੀ ਹੈ? ਇਕ ਮੁੱਠ ਮਿੱਟੀ ਤੋਂ ਵੱਧ ਨਹੀਂ,
ਅਤੇ ਉਹ ਵੀ ਆਪਣੇ ਬੱਸ ਨਹੀਂ (ਇਹ ਸਰੀਰ ਵੀ ਤਾਂ ਆਪਣੇ ਬੱਸ ਨਹੀਂ)।

**ਹੱਕ ਕਿ ਹਫ਼ਤਾਦੋ ਦੋ ਮਿੱਲਤ ਆਫ਼ਰੀਦ**
**ਫ਼ਿਰਕਾਇ ਨਾਜੀ ਅਜ਼ੀਂਹਾ ਬਰ-ਗੁਜ਼ੀਦ ॥੮੫॥**

ਰੱਬ ਨੇ ਬਹੱਤਰ ਫਿਰਕੇ ਪੈਦਾ ਕੀਤੇ,
ਜਿਨ੍ਹਾਂ ਵਿਚੋਂ ਉਸ ਨੇ ਨਾਜੀ ਫਿਰਕਾ ਉੱਚਤਮ ਚੁਣਿਆ।

**ਫ਼ਿਰਕਾਇ ਨਾਜੀ ਬਿਦਾਂ ਬੇ-ਇਸ਼ਤਬਾਹ**
**ਹਸਤ ਹਫ਼ਤਾਦੋ ਦੋ ਮਿੱਲਤ ਰਾ ਪਨਾਹ ॥੮੬॥**

ਨਾਜੀ (ਜਿਹੜੇ ਜਨਮ ਮਰਨ ਤੋਂ ਰਹਿਤ ਹੋ ਗਏ ਹੋਣ) ਫ਼ਿਰਕੇ ਨੂੰ ਤੂੰ ਬਿਨਾਂ ਕਿਸੇ ਸ਼ੱਕ ਦੇ ਬਹੱਤਰਾਂ ਫ਼ਿਰਕਿਆਂ ਦੀ ਪਨਾਹ ਸਮਝ।

**ਮਰਦਮਾਨਸ਼ ਹਰ ਯਕੇ ਪਾਕੀਜ਼ਾ ਤਰ**
**ਖ਼ੂਬ-ਰੂ ਓ ਖ਼ੂਬ-ਖ਼ੂ ਓ ਖ਼ੁਸ਼-ਸੀਅਰ ॥੮੭॥**

ਇਨ੍ਹਾਂ ਦਾ ਹਰ ਇਕ ਬੰਦਾ ਪਵਿੱਤਰ ਹੈ,
ਸੋਹਣਾ, ਨੇਕ-ਸੁਭਾਉ ਅਤੇ ਨੇਕ ਤਬੀਅਤ ਵਾਲਾ ਹੈ।

**ਪੇਸ਼ਿ ਸ਼ਾਂ ਜੁਜ਼ ਯਾਦਿ ਹੱਕ ਮਨਜ਼ੂਰ ਨੀਸਤ**
**ਗ਼ੈਰ ਹਰਫ਼ਿ ਬੰਦਗੀ ਦਸਤੂਰ ਨੀਸਤ ॥੮੮॥**

ਇਨ੍ਹਾਂ ਨੂੰ ਰੱਬ ਦੀ ਯਾਦ ਤੋਂ ਬਿਨਾਂ ਕੋਈ ਚੀਜ਼ ਚੰਗੀ ਨਹੀਂ ਲੱਗਦੀ,
ਬੰਦਗੀ ਦੇ ਪਾਠ ਬਿਨਾਂ ਉਨ੍ਹਾਂ ਦੀ ਹੋਰ ਕੋਈ ਮਰਯਾਦਾ ਨਹੀਂ।

**ਮੀਚਕਦ ਅਜ਼ ਹਰਫ਼ਿ ਸ਼ਾਂ ਕੰਦੋ ਨਬਾਤ**
**ਬਾਰਦ ਅਜ਼ ਹਰ ਮੂਇ ਸ਼ਾਂ ਆਬਿ ਹਯਾਤ ॥੮੯॥**

ਉਨ੍ਹਾਂ ਦੇ ਸ਼ਬਦਾਂ ਵਿਚੋਂ ਖੰਡ ਤੇ ਮਿਸਰੀ ਝੜਦੀ ਹੈ,
ਉਨ੍ਹਾਂ ਦੇ ਹਰ ਵਾਲ ਤੋਂ ਅੰਮ੍ਰਿਤ ਦੀ ਬਰਖਾ ਹੁੰਦੀ ਹੈ।

**ਫ਼ਾਰਿਗ਼ ਅੰਦ ਅਜ਼ ਬੁਗ਼ਜ਼ੋ ਕੀਨਾ ਓ ਜ਼ਿ ਹਸਦ**
**ਬਰ ਨਮੀ-ਆਇਦ ਅਜ਼ ਏਸ਼ਾਂ ਫ਼ਿਅਲਿ ਬਦ ॥੯੦॥**

ਉਹ ਈਰਖਾ, ਵੈਰ ਵਿਰੋਧ ਤੋਂ ਅਟੰਕ ਹਨ,
ਉਹ ਕਦੀ ਮੰਦਾ ਕਰਮ ਨਹੀਂ ਕਰਦੇ।

**ਹਰ ਕਸੇ ਰਾ ਇੱਜ਼ਤੋ ਹੁਰਮਤ ਕੁਨੰਦ**
**ਮੁਫ਼ਲਸੇ ਰਾ ਸਾਹਿਬਿ ਦੌਲਤ ਕੁਨੰਦ ॥੯੧॥**

ਉਹ ਹਰ ਇਕ ਦਾ ਮਾਣ ਸਤਿਕਾਰ ਕਰਦੇ ਹਨ,
ਉਹ ਨਿਰਧਨ ਨੂੰ ਧਨਵਾਨ ਬਣਾ ਦਿੰਦੇ ਹਨ।

**ਮੁਰਦਾ ਰਾ ਆਬਿ-ਹੈਵਾਂ ਮੀਦਿਹੰਦ**
**ਹਰ ਦਿਲੇ ਪਜ਼ਮੁਰਦਾ ਰਾ ਜਾਂ ਮੀਦਿਹੰਦ ॥੯੨॥**

ਉਹ ਮੁਰਦੇ ਨੂੰ ਅੰਮ੍ਰਿਤ ਬਖ਼ਸ਼ਦੇ ਹਨ,
ਉਹ ਹਰ ਮੁਰਝਾਏ ਹੋਏ ਦਿਲ ਨੂੰ ਨਵੀਂ ਜਾਨ ਬਖ਼ਸ਼ਦੇ ਹਨ।

ਸਬਜ਼ ਮੀਸਾਜ਼ੰਦ ਚੋਬਿ ਖੁਸ਼ਕ ਰਾ
ਬੂਏ ਮੀਬਖਸ਼ੰਦ ਰੰਗਿ ਮੁਸ਼ਕ ਰਾ ॥੯੩॥

ਉਹ ਹਰ ਸੁੱਕੀ ਲੱਕੜ ਨੂੰ ਹਰੀ ਭਰੀ ਬਣਾ ਦਿੰਦੇ ਹਨ,
ਉਹ ਬੂ ਨੂੰ ਵੀ ਕਸਤੂਰੀ ਬਣਾ ਦਿੰਦੇ ਹਨ।

ਜੁਮਲਾ ਅਸ਼ਰਾਫ਼ ਅੰਦ ਦਰ ਜ਼ਾਤੋ ਸਿਫ਼ਾਤ
ਤਾਲਿਬਿ ਜ਼ਾਤ ਅੰਦ ਖ਼ੁਦ ਹਮ ਐਨਿ ਜ਼ਾਤ ॥੯੪॥

ਨਿਜੀ ਸਿਫ਼ਤਾਂ ਵਿਚ ਇਹ ਸਾਰੇ ਭਲੇ ਲੋਕ ਹਨ,
ਰੱਬ ਦੀ ਜ਼ਾਤ ਦੇ ਢੂੰਡਾਊ ਹਨ, ਆਪ ਵੀ ਉਹ ਰੱਬ ਵਰਗੇ ਹੀ ਹਨ।

ਖ਼ੂਇ ਸ਼ਾਂ ਇਲਮੋ ਅਦਬ ਰਾ ਮੁਜ਼ਹਰ ਅਸਤ
ਰੂਇ ਸ਼ਾਂ ਰੌਸ਼ਨ ਜ਼ਿ ਮਿਹਰਿ ਅਨਵਰ ਅਸਤ ॥੯੫॥

ਇਲਮ ਅਤੇ ਅਦਬ ਉਨ੍ਹਾਂ ਦੇ ਸੁਭਾਉ ਵਿਚੋਂ ਪ੍ਰਗਟ ਹੁੰਦਾ ਹੈ;
ਉਨ੍ਹਾਂ ਦਾ ਮੁਖੜਾ ਨੂਰਾਨੀ ਸੂਰਜ ਤੋਂ ਰੋਸ਼ਨ ਹੁੰਦਾ ਹੈ।

ਮਿੱਲਤਿ ਸ਼ਾਂ ਕੌਮਿ ਮਿਸਕੀਨਾਂ ਬਵਦ
ਹਰ ਦੋ ਆਲਮ ਸ਼ਾਇਕਿ ਈਨਾਂ ਬਵਦ ॥੯੬॥

ਉਨ੍ਹਾਂ ਦਾ ਪੰਥ ਗਰੀਬ ਨਿਮਾਣਿਆਂ ਦੀ ਕੌਮ ਹੈ;
ਦੋਵੇਂ ਜਹਾਨ ਇਨ੍ਹਾਂ ਦੇ ਸ਼ਰਧਾਲੂ ਹਨ।

ਕੌਮਿ ਮਿਸਕੀਂ ਕੌਮਿ ਮਰਦਾਨਿ ਖ਼ੁਦਾ-ਸਤ
ਈਂ ਹਮਾ ਫ਼ਾਨੀ ਵ ਊ ਦਾਇਮ ਬਕਾਸਤ ॥੯੭॥

ਇਹ ਮਸਕੀਨਾਂ ਦੀ ਕੌਮ, ਰੱਬ ਦੇ ਬੰਦਿਆਂ ਦੀ ਕੌਮ ਹੈ।
ਇਹ ਸਭ ਕੁਝ ਨਾਸ਼ ਹੋ ਜਾਣ ਵਾਲਾ ਹੈ ਪਰ ਉਹ ਰੱਬ ਸਦਾ ਅਬਿਨਾਸ਼ੀ ਹੈ।

ਸੁਹਬਤਿ ਸ਼ਾਂ ਖ਼ਾਕ ਰਾ ਅਕਸੀਰ ਕਰਦ
ਲੁਤਫ਼ਿ ਸ਼ਾਂ ਬਰ ਹਰ ਦਿਲੇ ਤਾਸੀਰ ਕਰਦ ॥੯੮॥

ਉਨ੍ਹਾਂ ਦੀ ਸੰਗਤ ਨੇ ਮਿੱਟੀ ਨੂੰ ਵੀ ਅਕਸੀਰ ਬਣਾ ਦਿੱਤਾ।
ਉਨ੍ਹਾਂ ਦੀ ਮਿਹਰ ਨੇ ਹਰ ਦਿਲ ਤੇ ਅਸਰ ਕੀਤਾ।

ਹਰ ਕਿ ਬ-ਏਸ਼ਾਂ ਨਸ਼ੀਨਦ ਯੱਕ ਦਮੇ
ਰੂਜ਼ਿ ਫ਼ਰਦਾ ਰਾ ਕੁਜਾ ਦਾਰਦ ਗ਼ਮੇਂ ॥੯੯॥

ਜੋ ਇਕ ਵਾਰ ਵੀ ਉਨ੍ਹਾਂ ਦੀ ਸੰਗਤ ਵਿਚ ਬੈਠ ਜਾਂਦਾ ਹੈ,
ਫਿਰ ਉਹ ਕਿਆਮਤ ਦੇ ਦਿਨ ਦੀ ਕਦ ਚਿੰਤਾ ਕਰਦਾ ਹੈ?

ਆਂ ਕਿ ਦਰ ਸਦ-ਸਾਲਾ ਉਮਰਸ਼ ਨ-ਯਾਫ਼ਤ
ਸੁਹਬਤਿ ਸ਼ਾਂ ਹਮਚੂ ਖ਼ੁਰਸ਼ੀਦਸ਼ ਬਿਤਾਖ਼ਤ ॥੧੦੦॥

ਜਿਸ ਨੂੰ ਸੈਂਕੜੇ ਸਾਲਾਂ ਦੀ ਉਮਰ ਵਿਚ ਕੁਝ ਪ੍ਰਾਪਤ ਨਾ ਹੋਇਆ,
ਉਨ੍ਹਾਂ ਦੀ ਸੰਗਤ 'ਚ ਉਹ ਸੂਰਜ ਵਾਂਗ ਚਮਕ ਪਿਆ।

ਮਾ ਕਿ ਅਜ਼ ਇਹਸਾਨਿ ਸ਼ਾਂ ਸ਼ਰਮਿੰਦਾ-ਏਮ
ਬੰਦਾਇ ਇਹਸਾਨਿ ਸ਼ਾਂ ਰਾ ਬੰਦਾ ਏਮ ॥੧੦੧॥

ਅਸੀਂ ਉਨ੍ਹਾਂ ਦੇ ਅਹਿਸਾਨਮੰਦ ਹਾਂ,
ਉਨ੍ਹਾਂ ਦੇ ਅਹਿਸਾਨਾਂ ਦੇ ਬੰਦੇ ਹਾਂ।

**ਸਦ ਹਜ਼ਾਰਾਂ ਹਮਚੂ ਮਨ ਕੁਰਬਾਨਿ ਸ਼ਾਂ**
**ਹਥ ਚਿ ਗੋਇਮ ਕਮ ਬਵਦ ਦਰ ਸ਼ਾਨਿ ਸ਼ਾਂ ॥੧੦੨॥**

ਮੇਰੇ ਜਿਹੇ ਲੱਖਾਂ ਉਨ੍ਹਾਂ ਤੋਂ ਕੁਰਬਾਨ ਹਨ,
ਮੈਂ ਜੋ ਕੁਝ ਵੀ ਉਨ੍ਹਾਂ ਦੀ ਸਿਫ਼ਤ ਵਿਚ ਆਖਾਂ, ਥੋੜ੍ਹਾ ਹੈ।

**ਸ਼ਾਨਿ ਸ਼ਾਂ ਬੀਰੂੰ ਬਵਦ ਅਜ਼ ਗ਼ੁਫਤਗੂ**
**ਜਾਮਾਇ ਸ਼ਾਂ ਪਾਕ ਅਜ਼ ਸ਼ੁਸਤੋ ਸ਼ੂ ॥੧੦੩॥**

ਉਨ੍ਹਾਂ ਦੀ ਸ਼ਾਨ ਕਹਿਣ ਤੋਂ ਬਾਹਰ ਹੈ,
ਉਨ੍ਹਾਂ ਦਾ ਜੀਵ-ਜਾਮਾ ਧੋਣ ਤੋਂ ਪਾਕ ਹੈ।

**ਦਾਂ ਯਕੀਂ ਤਾਂ ਚੰਦ ਈਂ ਦੁਨੀਆ ਬਵਦ**
**ਆਖ਼ਰਿਸ਼ ਕਾਰਿ ਤੂ ਬਾ ਮੌਲਾ ਬਵਦ ॥੧੦੪॥**

ਯਕੀਨ ਰੱਖ! ਆਖਰ ਇਹ ਦੁਨੀਆਂ ਕਦ ਤਕ ਹੈ?
ਅਖ਼ੀਰ ਤੇਰਾ ਸੰਬੰਧ ਤਾਂ ਰੱਬ ਨਾਲ ਹੀ ਹੋਣਾ ਹੈ।

**ਪਸ ਜ਼ ਅੱਵਲ ਕੁਨ ਹਦੀਸਿ ਸ਼ਾਹ ਰਾ**
**ਪੈਰਵੀ ਕੁਨ ਹਾਦੀਏ ਈਂ ਰਾਹ ਰਾ ॥੧੦੫॥**

ਹੁਣ ਤੂੰ ਫਿਰ ਮੁੱਢ ਤੋਂ ਉਸ ਸ਼ਾਹ ਦੀਆਂ ਕਥਾ ਕਹਾਣੀਆਂ ਕਰ।
ਇਹ ਰਾਹ ਦੇ ਵਿਖਾਉਣ ਵਾਲੇ ਦੇ ਪਿੱਛੇ ਪਿੱਛੇ ਤੁਰ।

**ਤਾ ਤੂ ਹਮ ਯਾਬੀ ਮੁਰਾਦਿ ਉਮਰ ਰਾ**
**ਲਜ਼ਤੇ ਯਾਬੀ ਜ਼ ਸ਼ੌਕਿ ਕਿਬਰੀਆ ॥੧੦੬॥**

ਤਾਂ ਜੋ ਤੈਨੂੰ ਉਮਰਾਂ ਦੀ ਮੁਰਾਦ ਮਿਲ ਜਾਵੇ,
ਅਤੇ ਉਸ ਮਹਾਨ ਪ੍ਰਭੂ ਦੀ ਪ੍ਰੀਤੀ ਦਾ ਰਸ ਪ੍ਰਾਪਤ ਹੋਵੇ।

**ਜਾਹਿਲ ਆਂ-ਜਾ ਸਾਹਿਬਿ-ਦਿਲ ਮੀਸ਼ਵਦ**
**ਗ਼ਰਕਿ ਦਰਿਆਓ ਬਸਾਹਿਲ ਮੀਸ਼ਵਦ ॥੧੦੭॥**

ਇਕ ਮੂਰਖ ਵੀ ਉੱਥੇ ਦਿਲ ਵਾਲਾ ਹੋ ਜਾਂਦਾ ਹੈ,
ਦਰਿਆ ਵਿਚ ਡੁੱਬਿਆ ਹੋਇਆ ਵੀ ਕੰਢੇ ਤੇ ਪੁੱਜ ਜਾਂਦਾ ਹੈ।

**ਨਾਕਿਸ ਆਂ-ਜਾ ਆਰਿਫ਼ ਕਾਮਿਲ ਸ਼ਵਦ**
**ਯਾਦਿ ਮੌਲਾ ਹਰ ਕਿ ਰਾ ਹਾਸਿਲ ਸ਼ਵਦ ॥੧੦੮॥**

ਜਿਸ ਨੂੰ ਵੀ ਰੱਬ ਦੀ ਯਾਦ ਪ੍ਰਾਪਤ ਹੋ ਜਾਂਦੀ ਹੈ,
ਉਹ ਤੁੱਛ ਵੀ ਪੂਰਾ ਗਿਆਨਵਾਨ ਬਣ ਜਾਂਦਾ ਹੈ।

**ਈਂ ਅਦਬ ਤਾਜਸਤ ਬਰ ਅਫ਼ਰਾਕਿ ਕਸ**
**ਆਂ ਕਿ ਗ਼ਾਫ਼ਿਲ ਨੀਸਤ ਅਜ ਹੱਕ ਯਕ ਨਫ਼ਸ ॥੧੦੯॥**

ਜਿਹੜਾ ਰੱਬ (ਦੀ ਯਾਦ) ਤੋਂ ਪਲ ਭਰ ਵੀ ਗ਼ਾਫ਼ਲ ਨਹੀਂ,
ਉਸ ਦੇ ਸਿਰ ਉੱਤੇ ਸਮਝੋ ਅਦਬ-ਸਤਿਕਾਰ ਦਾ ਤਾਜ ਰਖਿਆ ਹੋਇਆ ਹੈ।

ਹਰ ਕਸੇ ਰਾ ਨੀਸਤ ਈਂ ਦੌਲਤ ਨਸੀਬ
ਦਰਦਿ ਸ਼ਾਂ ਰਾ ਨੀਸਤ ਗ਼ੈਰ ਅਜ਼ ਹੱਕ ਤਬੀਬ ॥੧੧੦॥

ਇਹ ਦੌਲਤ ਹਰ ਕਿਸੇ ਨੂੰ ਨਸੀਬ ਨਹੀਂ,
ਉਨ੍ਹਾਂ ਦੇ ਦਰਦ ਦਾ ਇਲਾਜ ਸਿਵਾਇ ਰੱਬ ਵੈਦ ਦੇ ਕੋਈ ਨਹੀਂ।

ਦਾਰੂਇ ਹਰ ਦਰਦ ਰਾ ਯਾਦਿ ਖ਼ੁਦਾਸਤ
ਜ਼ਾਂ ਕਿ ਦਰ ਹਰ ਹਾਲ ਹੱਕ ਦਾਰਦ ਰਵਾ-ਸਤ ॥੧੧੧॥

ਹਰ ਦਰਦ ਦਾ ਦਾਰੂ ਰੱਬ ਦੀ ਯਾਦ ਹੈ,
ਜਿਸ ਹਾਲ ਵਿਚ ਰੱਬ ਰੱਖੇ, ਉਹੀ ਠੀਕ ਹੈ।

ਮੁਰਸ਼ਦਿ ਕਾਮਿਲ ਹਮਾ ਰਾ ਆਰਜ਼ੂ,
ਗ਼ੈਰਿ ਮੁਰਸ਼ਦ ਕਸ ਨ ਯਾਬਦ ਰਹਿ ਬਦੂ ॥੧੧੨॥

ਸਭ ਦੀ ਇੱਛਾ ਪੂਰਨ ਸਤਿਗੁਰ ਦੀ ਪ੍ਰਾਪਤੀ ਹੈ,
ਬਿਨਾਂ ਗੁਰੂ ਦੇ ਕੋਈ ਵੀ ਰੱਬ ਤਕ ਨਹੀਂ ਪਹੁੰਚ ਸਕਦਾ।

ਰਾਹ-ਰਵਾਂ ਰਾ ਰਾਹ ਬਿਸੀਆਰ ਆਮਦਾ
ਕਾਰਵਾਂ ਰਾ ਰਾਹ ਦਰਕਾਰ ਆਮਦਾ ॥੧੧੩॥

ਪਾਂਧੀਆਂ ਲਈ ਕਿੰਨੇ ਹੀ ਰਾਹ ਹਨ,
ਉਨ੍ਹਾਂ ਨੂੰ ਕਾਫ਼ਲੇ ਦੇ ਰਾਹ ਦੀ ਲੋੜ ਹੈ।

ਦਮ ਬਦਮ ਦਰ ਜ਼ਿਕਰਿ ਮੌਲਾ ਹਾਜ਼ਰ ਅੰਦ
ਖੇਸ਼ ਮਨਜ਼ੂਰੇ ਖ਼ੁਦਾ ਰਾ ਨਾਜ਼ਿਰ ਅੰਦ ॥੧੧੪॥

ਉਹ ਹਰ ਦਮ ਰੱਬ ਦੇ ਸਿਮਰਨ ਲਈ ਤਤਪਰ ਰਹਿੰਦੇ ਹਨ,
ਆਪ ਰੱਬ ਦੇ ਮਨਜ਼ੂਰ ਹਨ ਅਤੇ ਰੱਬ ਦੇ ਦਰਸ਼ਕ ਹਨ।

ਮੁਰਸ਼ਦਿ ਕਾਮਿਲ ਹਮਾਂ ਬਾਂਸ਼ਦ ਹਮਾਂ
ਕਜ਼ ਕਲਾਮਸ਼ ਬੂਇ ਹੱਕ ਆਦਿ ਅਯਾਂ ॥੧੧੫॥

ਪੂਰਨ ਸਤਿਗੁਰੂ ਓਹੀ ਅਤੇ ਓਹੀ ਹੋ ਸਕਦਾ ਹੈ,
ਜਿਸ ਦੀ ਬਾਣੀ ਵਿਚੋਂ ਰੱਬ ਦੀ ਸੁਗੰਧੀ ਸਪਸ਼ਟ ਮਹਿਕਦੀ ਹੋਵੇ।

ਹਰ ਕਿ ਆਇਦ ਪੇਸ਼ਿ ਏਸ਼ਾਂ ਜ਼ੱਰਾ ਵਾਰ
ਜ਼ੂਦ ਗਰਦਦ ਹਮਚੂ ਮਿਹਰਿ ਨੂਰ ਬਾਰ ॥੧੧੬॥

ਕੋਈ ਵੀ ਉਨ੍ਹਾਂ ਦੇ ਸਾਹਮਣੇ ਜ਼ੱਰੇ ਵਾਂਗ ਆਉਂਦਾ ਹੈ,
ਉਹ ਛੇਤੀ ਹੀ ਸੂਰਜ ਵਾਂਗ ਨੂਰ ਦੀ ਬਰਖਾ ਕਰਨ ਵਾਲਾ ਬਣ ਜਾਂਦਾ ਹੈ।

ਜ਼ਿੰਦਗੀ ਈਨਸਤ ਬੇ ਚੂਨੋ ਚਿਰਾ
ਬਿਗੁਜ਼ਰਦ ਈਂ ਉਮਰ ਦਰ ਯਾਦਿ ਖ਼ੁਦਾ ॥੧੧੭॥

ਜ਼ਿੰਦਗੀ ਹੀ ਉਹ ਹੈ ਜਿਹੜੀ ਬਿਨਾਂ ਕਿਸੇ ਹੀਲ ਹੁੱਜਤ ਦੇ,
ਉਸ ਰੱਬ ਦੀ ਯਾਦ ਵਿਚ ਗੁਜ਼ਰੇ।

ਖ਼ੁਦ-ਪ੍ਰਸਤੀ ਕਾਰਿ ਨਾਦਾਂ ਆਮਦਾ
ਹੱਕ-ਪ੍ਰਸਤੀ ਜ਼ਾਤਿ ਦੀਮਾਂ ਆਮਦਾ ॥੧੧੮॥

ਹਉਮੈ ਕਰਨਾ ਮੂਰਖਾਂ ਦਾ ਕੰਮ ਹੈ,
ਰੱਬ ਦੀ ਭਗਤੀ ਈਮਾਨ ਵਾਲਿਆਂ ਦਾ ਖਾਸਾ ਹੈ।

**ਹਰ ਦਮੇ ਗ਼ਫ਼ਲਤ ਬਵਦ ਮਰਗਿ ਅਜ਼ੀਮ**
**ਹੱਕ ਨਿਗਾਹ ਦਾਰਦ ਜ਼ਿ ਸ਼ੈਤਾਨਿ ਰਜੀਮ ॥੧੧੯॥**

ਹਰ ਇਕ ਦਮ ਦੀ ਅਣਗਹਿਲੀ ਇਕ ਵੱਡੀ ਮੌਤ ਹੈ,
ਰੱਬ ਦੋਜ਼ਖ ਦੇ ਸ਼ੈਤਾਨ ਤੋਂ ਬਚਾਈ ਰੱਖੇ।

**ਆਂ ਕਿ ਰੂਜ਼ੋ ਸ਼ਬ ਬ-ਯਾਦਸ਼ ਮੁਬਤਲਾ-ਸਤ**
**ਈਂ ਮਤਾਅ ਅੰਦਰ ਦੂਕਾਨਿ ਔਲੀਆ-ਸਤ ॥੧੨੦॥**

ਜਿਹੜਾ ਵੀ ਉਸ ਦੀ ਯਾਦ ਵਿਚ ਦਿਨ ਰਾਤ ਮਸਤ ਰਹਿੰਦਾ ਹੈ,
(ਉਸ ਨੂੰ ਪਤਾ ਹੈ ਕਿ) ਇਹ [ਰੱਬ ਦੀ ਯਾਦ] ਮਾਲ ਸੰਤਾਂ ਦੀ ਹੱਟ ਤੋਂ ਹੀ ਪ੍ਰਾਪਤ ਹੁੰਦਾ ਹੈ।

**ਕਿਹਤਰੀਨਿ ਬੰਦਾਇ ਦਰਗਾਹਿ ਸ਼ਾਂ**
**ਬਿਹਤਰ ਅਸਤ ਅਜ਼ ਮਿਹਤਰਾਨਿ ਈਂ ਜਹਾਂ ॥੧੨੧॥**

ਉਨ੍ਹਾਂ ਦੀ ਦਰਗਾਹ ਦਾ ਸਭ ਤੋਂ ਨੀਵਾਂ ਬੰਦਾ ਵੀ,
ਇਸ ਜਹਾਨ ਦੇ ਵੱਡੇ ਤੋਂ ਵੱਡੇ ਪਤਵੰਤਿਆਂ ਨਾਲੋਂ ਚੰਗੇਰਾ ਹੈ।

**ਬਸ ਬਜ਼ੁਰਗਾਂ ਕੂ ਫ਼ਿਦਾਇ ਰਾਹਿ ਸ਼ਾਂ**
**ਸੁਰਮਾਇ ਚਸ਼ਮਮ ਜ਼ਿ ਖ਼ਾਕਿ ਰਾਹਿ ਸ਼ਾਂ ॥੧੨੨॥**

ਉਨ੍ਹਾਂ ਦੇ ਰਾਹਾਂ ਤੋਂ ਕਈ ਸਿਆਣੇ ਕੁਰਬਾਨ (ਜਾਂਦੇ) ਹਨ,
ਉਨ੍ਹਾਂ ਦੇ ਰਾਹਾਂ ਦੀ ਧੂੜ ਮੇਰੀਆਂ ਅੱਖਾਂ ਲਈ ਸੁਰਮਾ ਹੈ।

**ਹਮਚੁਨੀਂ ਪਿੰਦਾਰ ਖ਼ੁਦ ਰਾ ਐ ਅਜ਼ੀਜ਼**
**ਤਾ ਸ਼ਵੀ ਐ ਜਾਨਿ ਮਨ ਮਰਦਿ ਤਮੀਜ਼ ॥੧੨੩॥**

ਤੂੰ ਵੀ, ਹੇ ਬਰਖੁਰਦਾਰ! ਆਪਣੇ ਆਪ ਨੂੰ ਇਸੇ ਤਰ੍ਹਾਂ ਸਮਝ,
ਤਾਂ ਜੋ, ਮੇਰੀ ਜਾਨ! ਤੂੰ ਇਕ ਬਿਬੇਕੀ ਪੁਰਸ਼ ਬਣ ਜਾਵੇਂ।

**ਸਾਹਿਬਾਂ ਰਾ ਬੰਦਾ ਬਿਸੀਆਰ ਆਮਦਾ**
**ਬੰਦਾ ਰਾ ਬਾ-ਬੰਦਗੀ ਕਾਰ ਆਮਦਾ ॥੧੨੪॥**

ਇਨ੍ਹਾਂ ਸਾਹਿਬਾਂ ਦੇ ਬਹੁਤ ਸੇਵਕ ਅਤੇ ਬੰਦੇ ਹਨ,
ਬੰਦੇ ਦਾ ਕੰਮ ਤਾਂ ਬੰਦਗੀ ਕਰਨਾ ਹੈ।

**ਮਸਾ ਤੁਰਾ ਬਾਇਦ ਕਿ ਖ਼ਿਦਮਤਗਾਰਿ ਸ਼ਾਂ**
**ਬਾਸ਼ੀ ਓ ਹਰਗਿਜ਼ ਨ-ਬਾਸ਼ੀ ਬਾਰਿ ਸ਼ਾਂ ॥੧੨੫॥**

ਇਸ ਲਈ ਤੈਨੂੰ ਚਾਹੀਦਾ ਹੈ ਕਿ ਉਨ੍ਹਾਂ ਦਾ ਸੇਵਕ ਬਣ ਜਾਵੇਂ,
ਪਰ ਕਦੀ ਵੀ ਉਨ੍ਹਾਂ ਲਈ ਭਾਰ ਨਾ ਬਣੇਂ।

**ਗਰਚਿਹ ਯਾਰੀ-ਦਿਹ ਨ ਗ਼ੈਰ ਅਜ਼ ਸਾਲਕੇ-ਸਤ**
**ਲੇਕ ਦਰ ਗੁਫ਼ਤਨ ਚੁਨੀਂ ਐਬੇ ਬਸੇ-ਸਤ ॥੧੨੬॥**

ਭਾਵੇਂ ਰੱਬ ਤਕ ਪਹੁੰਚਾਉਣ ਵਾਲਾ ਉਨ੍ਹਾਂ ਬਿਨਾਂ ਹੋਰ ਕੋਈ ਨਹੀਂ ਹੁੰਦਾ,
ਪਰ ਅਜਿਹੀ ਗੱਲ ਕਰਨਾ ਵੀ (ਉਨ੍ਹਾਂ ਲਈ) ਦੋਸ਼ ਹੈ।

**ਜ਼ੱਰਾ ਰਾ ਦੀਦਮ ਕਿ ਖ਼ੁਰਸ਼ੀਦਿ-ਜਹਾਂ**
**ਸ਼ੁਦ ਜ਼ਿ ਫ਼ੈਜ਼ਿ ਸੁਹਬਤਿ ਸਾਹਿਬ-ਦਿਲਾਂ ॥੧੨੭॥**

ਮੈਂ ਵੇਖਿਆ ਕਿ ਇਨ੍ਹਾਂ ਦਿਲਾਂ ਦੇ ਮਹਿਰਮਾਂ ਦੀ,
ਸੰਗਤ ਦੀ ਬਖ਼ਸ਼ਿਸ਼ ਦੇ ਸਦਕੇ ਜ਼ੱਰਾ ਵੀ ਜਹਾਨ ਦਾ ਸੂਰਜ ਬਣ ਗਿਆ।

**ਕੀਸਤ ਸਾਹਿਬ-ਦਿਲ ਕਿ ਹੱਕ ਬਿਸ਼ਨਾਸਦਸ਼**
**ਕਜ਼ ਲਕਾਇਸ਼ ਸ਼ੌਕਿ ਹੱਕ ਮੀ-ਬਾਰਦਸ਼ ॥੧੨੮॥**

ਦਿਲ ਵਾਲਾ ਬੰਦਾ ਕੌਣ ਹੈ ਜਿਹੜਾ ਰੱਬ ਨੂੰ ਪਛਾਣਦਾ ਹੋਵੇ,
ਅਤੇ ਜਿਸ ਦੇ ਮੁਖੜੇ ਤੋਂ ਰੱਬ ਦਾ ਨੂਰ ਬਰਸਦਾ ਹੋਵੇ।

**ਸੁਹਬਤਿ ਸ਼ਾਂ ਸ਼ੌਕਿ ਹੱਕ ਬਖ਼ਸ਼ਦ ਤੁਰਾ**
**ਅਜ਼ ਕਿਤਾਬਿ ਹਕ ਸਬਕ ਬਖ਼ਸ਼ਦ ਤੁਰਾ ॥੧੨੯॥**

ਉਨ੍ਹਾਂ ਦੀ ਸੰਗਤ ਤੈਨੂੰ ਰੱਬ ਦਾ ਪਿਆਰ ਬਖ਼ਸ਼ਦੀ ਹੈ,
ਉਨ੍ਹਾਂ ਦੀ ਸੰਗਤ ਰੱਬ ਦੀ ਕਿਤਾਬ ਤੋਂ ਤੈਨੂੰ ਸਬਕ ਦਿੰਦੀ ਹੈ।

**ਜ਼ੱਰਾ ਰਾ ਖ਼ੁਰਸ਼ੀਦਿ ਅਨਵਰ ਮੀ-ਕੁਨੰਦ**
**ਖ਼ਾਕ ਰਾ ਅਜ਼ ਹੱਕ ਮੁਨੱਵਰ ਮੀ-ਕੁਨੰਦ ॥੧੩੦॥**

ਉਹ ਤਾਂ ਜ਼ੱਰੇ ਨੂੰ ਚਮਕਦਾ ਸੂਰਜ ਬਣਾ ਦਿੰਦੇ ਹਨ,
ਮਿੱਟੀ ਨੂੰ ਸੱਚ ਦੀ ਰੋਸ਼ਨੀ ਨਾਲ ਨੂਰਾਨੀ ਬਣਾ ਦਿੰਦੇ ਹਨ।

**ਚਸ਼ਮਿ ਤੂ ਖ਼ਾਕੀ ਵ ਦਰ ਵੈ ਨੂਰਿ ਹੱਕ**
**ਅੰਦਰੂਨਸ਼ ਚਾਰ ਸੂ ਵ ਨਹੁ ਤਬਕ ॥੧੩੧॥**

ਤੇਰੀ ਅੱਖ ਤਾਂ ਮਿੱਟੀ ਦੀ ਹੈ, ਪਰ ਉਸ ਵਿਚ ਨੂਰ ਰੱਬ ਦਾ ਹੈ,
ਉਸ ਵਿਚ ਚਾਰੇ ਦਿਸ਼ਾ ਅਤੇ ਨੌ-ਆਸਮਾਨ ਮੌਜੂਦ ਹਨ।

**ਖ਼ਿਦਮਤਿ ਸ਼ਾਂ ਬੰਦਗੀਇ ਹੱਕ ਬਵਦ**
**ਕਾਂ ਕਬੂਲਿ ਕਾਦਰਿ ਮੁਤਲਿਕ ਬਵਦ ॥੧੩੨॥**

ਉਨ੍ਹਾਂ ਦੀ ਸੇਵਾ ਰੱਬ ਦੀ ਬੰਦਗੀ ਹੈ,
ਕਿਉਂਕਿ ਉਹ ਉਸ ਸਰਬ-ਸ਼ਕਤੀਮਾਨ ਨੂੰ ਪਰਵਾਨ ਹੈ।

**ਬੰਦਗੀ ਕੁਨ ਜਾਂ ਕਿ ਊ ਬਾਸ਼ਦ ਕਬੂਲ**
**ਕਦਰਿ ਊ ਰਾ ਕੈ ਬਿਦਾਨਦ ਹਰ ਜਹੂਲ ॥੧੩੩॥**

ਤੂੰ ਵੀ ਬੰਦਗੀ ਕਰ ਤਾਂ ਜੋ ਉਸ (ਰੱਬ) ਅੱਗੇ ਪਰਵਾਨ ਹੋਵੇ,
ਉਸ ਦੀ ਕਦਰ ਹਰ ਮੂਰਖ ਕਿਵੇਂ ਸਮਝ ਸਕਦਾ ਹੈ?

**ਹਸਤ ਕਾਰਿ ਰੂਜ਼ੋ ਸ਼ਬ ਦਰ ਯਾਦਿ ਊ**
**ਯਕ ਨਫ਼ਸ ਖ਼ਾਲੀ ਨਮੀ ਬਾਸ਼ਦ ਅਜ਼ੂ ॥੧੩੪॥**

ਦਿਨ ਰਾਤ ਬਸ ਇਕੋ ਕੰਮ ਉਸ ਦੀ ਯਾਦ ਹੀ ਹੋਣਾ ਚਾਹੀਦਾ ਹੈ,
ਇਕ ਛਿਣ ਲਈ ਵੀ ਉਸ ਦੀ ਯਾਦ ਬਿਨਾਂ ਨਹੀਂ ਰਹਿਣਾ ਚਾਹੀਦਾ।

**ਚਸ਼ਮਿ ਸ਼ਾਂ ਰੋਸ਼ਨ ਜ਼ਿ ਦੀਦਾਰਿ ਅੱਲਾਹ**
**ਦਰ ਲਿਬਾਸ ਅੰਦਰ-ਗਦਾ ਓ ਬਾਦਸ਼ਾਹ ॥੧੩੫॥**

ਉਨ੍ਹਾਂ ਦੇ ਨੇਤ੍ਰ ਰੱਬ ਦੇ ਦੀਦਾਰ ਨਾਲ ਰੌਸ਼ਨ ਹਨ,
ਉਹ ਭਾਵੇਂ ਭਿਖਾਰੀ ਦੇ ਭੇਖ ਵਿਚ ਹੋਣ, ਪਰ ਉਹ ਬਾਦਸ਼ਾਹ ਹੁੰਦੇ ਹਨ।

**ਬਾਦਸ਼ਾਹੀ ਆਂ ਕਿ ਊ ਦਾਇਮ ਬਵਦ**
**ਹਮਚੂ ਜਾਤਿ ਪਾਕਿ ਸੱਕ ਕਾਇਮ ਬਵਦ ॥੧੩੬॥**

ਪਾਤਸ਼ਾਹੀ ਉਹੋ ਹੀ ਹੈ ਜਿਹੜੀ ਸਦਾ ਕਾਇਮ ਰਹੇ,
ਅਤੇ ਰੱਬ ਦੀ ਪਾਕ ਪਵਿੱਤ੍ਰ ਜ਼ਾਤ ਵਾਂਗ ਹੀ ਕਾਇਮ ਰਹੇ।

**ਰਸਮਿ ਸ਼ਾਂ ਆਈਨਿ ਦਰਵੇਸ਼ੀ ਬਵਦ**
**ਅਸ ਖ਼ੁਦਾ ਓ ਬਾਹਮਾ ਖ਼ੇਸੀ ਬਵਦ ॥੧੩੭॥**

ਉਨ੍ਹਾਂ ਦੀ ਰਹੁ ਰੀਤੀ ਦਰਵੇਸ਼ਾਂ ਵਾਲੀ ਹੁੰਦੀ ਹੈ,
ਉਹ ਰੱਬ ਦੇ ਅੰਸ਼ ਹੁੰਦੇ ਹਨ ਅਤੇ ਸਭ ਨਾਲ ਉਨ੍ਹਾਂ ਦੀ ਅਪਣਤ ਹੁੰਦੀ ਹੈ।

**ਹਰ ਗਦਾ ਰਾ ਇੱਜ਼ੇ ਜਾਹੇ ਮੀਦਿਹੰਦ**
**ਦੌਲਤ ਬੇ-ਇਸ਼ਤਬਾਹੀ ਮੀਦਿਹੰਦ ॥੧੩੮॥**

ਉਹ ਹਰ ਭਿਖਾਰੀ ਨੂੰ ਇੱਜ਼ਤ ਮਰਤਬਾ ਬਖ਼ਸ਼ਦੇ ਹਨ,
ਨਿਰਸੰਦੇਹ ਉਹ ਦੌਲਤ ਬਖ਼ਸ਼ਦੇ ਹਨ।

**ਨਾਕਸਾਂ ਰਾ ਆਰਿਫ਼ਿ ਕਾਮਿਲ ਕੁਨੰਦ**
**ਬੇ-ਦਿਲਾਂ ਰਾ ਸਾਹਿਬਿ-ਦਿਲ ਮੀਕੁਨੰਦ ॥੧੩੯॥**

ਤੁੱਛ ਬੰਦਿਆਂ ਨੂੰ ਉਹ ਪੂਰਨ ਗਿਆਨਵਾਨ ਬਣਾ ਦਿੰਦੇ ਹਨ,
ਬੇਦਿਲਾਂ ਨੂੰ ਉਹ ਦਿਲਾਂ ਦੇ ਮਾਲਕ ਬਣਾ ਦਿੰਦੇ ਹਨ।

**ਖ਼ੁਦ-ਪ੍ਰਸਤੀ ਅਜ਼ ਮਿਆਂ ਬਰਦਾਸ਼ਤੰਦ**
**ਤੁਖ਼ਮਿ ਹੱਕ ਦਰ ਕਿਸ਼ਤਿ ਦਿਲਹਾ ਕਾਸ਼ਤੰਦ ॥੧੪੦॥**

ਆਪਣੇ ਅੰਦਰੋਂ ਉਹ ਹਉਮੈ ਬਾਹਰ ਕੱਢ ਮਾਰਦੇ ਹਨ,
ਉਹ ਸੱਚ ਦੇ ਬੀਜ ਦਿਲਾਂ ਦੇ ਖੇਤਾਂ ਵਿਚ ਬੀਜਦੇ ਹਨ।

**ਖੇਸ਼ਤਨ ਰਾ ਹੀਚ ਮੀ ਦਾਨੰਦ ਸ਼ਾਂ**
**ਹਰਫ਼ਿ ਹੱਕ ਰਾ ਰੂਜ਼ੋ ਸ਼ਬ ਖ਼ਾਨੰਦ ਸ਼ਾਂ ॥੧੪੧॥**

ਉਹ ਆਪਣੇ ਆਪ ਨੂੰ ਅਸਲੋਂ ਤੁੱਛ ਸਮਝਦੇ ਹਨ,
ਉਹ ਦਿਨ ਰਾਤ ਰੱਬ ਦੇ ਸਿਮਰਨ ਵਿਚ ਲੀਨ ਰਹਿੰਦੇ ਹਨ।

**ਤਾ ਕੁਜਾ ਔਸਾਫ਼ਿ ਮਰਦਾਨਿ ਖ਼ੁਦਾ-ਸਤ**
**ਅਜ਼ ਹਜ਼ਾਰਾਂ ਗਰ ਯਕੇ ਗੋਇਮ ਰਵਾ-ਸਤ ॥੧੪੨॥**

ਰੱਬ ਦੇ ਬੰਦਿਆਂ (ਸੰਤਾਂ) ਦੀ ਸਿਫ਼ਤ ਕਿਥੋਂ ਤਕ ਕਰਾਂ?
ਜੇਕਰ ਉਨ੍ਹਾਂ ਦੀਆਂ ਹਜ਼ਾਰਾਂ ਸਿਫ਼ਤਾਂ ਵਿਚੋਂ ਇਕ ਵੀ ਬਿਆਨ ਕਰ ਸਕਾਂ ਤਾਂ ਭੀ ਚੰਗਾ ਹੈ।

**ਹਮਚੁਨੀਂ ਮਰਦੁਮ ਬਜ਼ੂ ਕਆਂ ਕੀਸਤੰਦ**
**ਦੀਗਰਾਂ ਮੁਰਦੰਦ ਈਹਾਂ ਜ਼ੀਸਤੰਦ ॥੧੪੩॥**

ਤੂੰ ਵੀ ਅਜਿਹੇ ਗੁਰਮੁਖ ਪਿਆਰੇ ਢੂੰਡ, ਕਿਹੜੇ ਪਿਆਰੇ?
ਜਿਹੜੇ ਸਦਾ ਜਿਊਂਦੇ ਹਨ। ਦੂਜੇ ਤਾਂ ਮੋਇਆਂ ਸਮਾਨ ਹਨ।

ਜ਼ੀਸਤਨ ਰਾ ਮਾਅਨੀ ਦਾਨੀ ਕਿਹ ਚੀਸਤ
ਐ ਖ਼ੁਸ਼ਾ ਉਮਰੇ ਕਿ ਦਰ ਯਾਦਸ਼ ਬਜ਼ੀਸਤ ॥੧੪੪॥

ਕੀ ਤੈਨੂੰ ਜਿਊਣ ਦੇ ਅਰਥਾਂ ਦਾ ਪਤਾ ਹੈ?
(ਆ ਦੱਸਾਂ) ਜਿਊਣਾ ਉਹੀ ਸੁਭਾਗਾ ਹੈ ਜਿਹੜਾ ਉਸ ਰੱਬ ਦੀ ਯਾਦ ਵਿਚ ਜੀਆ ਜਾਵੇ।

ਮਰਦਿ ਆਰਿਫ਼ ਜ਼ਿੰਦਾ ਅਜ਼ ਇਰਫ਼ਾਨਿ ਊ-ਸਤ
ਨਿਅਮਤਿ ਹਰ ਦੋ ਜਹਾਂ ਦਰ ਖ਼ਾਨਾਇ ਊ-ਸਤ ॥੧੪੫॥

ਆਰਫ ਲੋਕ ਰੱਬ ਦੇ ਭੇਤ ਭਰੇ ਗਿਆਨ ਕਰਕੇ ਹੀ ਜ਼ਿੰਦਾ ਹਨ,
ਦੋਹਾਂ ਜਹਾਨਾਂ ਦੀ ਨਿਹਮਤ ਉਸ ਦੇ ਘਰ ਵਿਚ ਹੈ।

ਮਾਅਨੀਇ ਈਂ ਜ਼ਿੰਦਗੀ ਯਾਦਿ ਖ਼ੁਦਾ-ਸਤ
ਕਜ਼ ਤੁਫ਼ੈਲਸ਼ ਜ਼ਿੰਦਾ ਜਾਨਿ ਔਲੀਆ-ਸਤ ॥੧੪੬॥

ਜੀਵਨ ਦਾ ਅਰਥ ਹੀ ਰੱਬ ਦੀ ਯਾਦ ਹੈ।
ਇਸੇ ਕਰਕੇ ਹੀ ਸੰਤਾਂ ਦਾ ਜੀਵਨ ਹੈ।

ਜ਼ਿਕਰਿ ਊ ਬਰ ਹਰ ਜ਼ਬਾਨਿ ਗੋਯਾ ਸ਼ੁਦਾ
ਹਰ ਦੋ ਆਲਮ ਰਾਹਿ ਹੱਕ ਜੂਯਾ ਸ਼ੁਦਾ ॥੧੪੭॥

ਉਨ੍ਹਾਂ ਦਾ ਜ਼ਿਕਰ ਹਰ ਬੋਲਦੀ ਜੀਭਾ ਉੱਪਰ ਹੈ,
ਦੋਵੇਂ ਜਹਾਨ ਉਸ ਰੱਬ ਦੇ ਮਾਰਗ ਦੇ ਢੂੰਡਾਊ ਹਨ।

ਜੁਮਲਾ ਮੀ-ਖ਼ਾਨੰਦ ਜ਼ਿਕਰਿ ਜ਼ੁਲਜਲਾਲ
ਐ ਜ਼ਹੇ ਕੀਲੋ ਜ਼ਹੇ ਫ਼ਰਖ਼ੰਦਾ ਕਾਲ ॥੧੪੮॥

ਸਾਰੇ ਹੀ ਉਸ ਜਲਾਲ ਵਾਲੇ ਰੱਬ ਦਾ ਸਿਮਰਨ ਕਰਦੇ ਹਨ,
ਤਾਂ ਤੇ ਸੁਭਾਗਾ ਹੈ ਅਜਿਹਾ ਸਿਮਰਨ ਅਤੇ ਸ਼ੁਭ ਹੈ ਅਜਿਹੀ ਚਰਚਾ।

ਕੀਲੋ ਕਾਲੇ ਗਰ ਬਰਾਇ ਹੱਕ ਬਵਦ
ਅਜ਼ ਬਰਾਇ ਕਾਦਰਿ ਮੁਤਲਿਕ ਬਵਦ ॥੧੪੯॥

ਜੇਕਰ ਸੱਚ ਦੀ ਗੱਲ ਬਾਤ ਅਤੇ ਚਰਚਾ ਕਰਨੀ ਹੋਵੇ,
ਤਾਂ ਇਹ ਉਸ ਸਰਬ ਸ਼ਕਤੀਮਾਨ ਬਾਰੇ ਹੀ ਹੋ ਸਕਦਾ ਹੈ।

ਯਾਫ਼ਤ ਈਂ ਸਰਮਾਯਾਇ ਉਮਰਿ ਨਜੀਬ
ਹਸਤ ਅੰਦਰ ਸੁਹਬਤਿ ਏਸ਼ਾਂ ਨਸੀਬ ॥੧੫੦॥

ਨੇਕ ਉਮਰ ਨੂੰ ਅਜਿਹਾ (ਭਜਨ ਬੰਦਗੀ ਦਾ) ਸਰਮਾਇਆ
ਉਨ੍ਹਾਂ (ਸੰਤਾਂ) ਦੀ ਸੰਗਤ ਵਿਚੋਂ ਹੀ ਨਸੀਬ ਹੋਇਆ।

ਆਂ ਰਵਾ ਬਾਸ਼ਦ ਦਿਗਰ ਮਨਜ਼ੂਰ ਨੀਸਤ
ਗ਼ਰਿ ਹਰਫ਼ਿ ਰਾਸਤੀ ਦਸਤੂਰ ਨੀਸਤ ॥੧੫੧॥

ਉਨ੍ਹਾਂ ਨੂੰ ਅਜਿਹੀ ਰਾਸ ਹੀ ਮਨਜ਼ੂਰ ਹੈ, ਹੋਰ ਕੁਝ ਵੀ ਉਨ੍ਹਾਂ ਨੂੰ ਚੰਗਾ ਨਹੀਂ ਲੱਗਦਾ,
ਸੱਚ ਦੇ ਸ਼ਬਦਾਂ ਤੋਂ ਬਿਨਾਂ ਹੋਰ ਕੁਝ ਕਹਿਣਾ ਉਨ੍ਹਾਂ ਦਾ ਨੇਮ ਹੀ ਨਹੀਂ।

ਸਾਧ ਸੰਗਤ ਨਾਮਿ ਸ਼ਾਂ ਦਰ ਹਿੰਦਵੀਸਤ
ਈਂ ਹਮਾ ਤਾਰੀਫ਼ਿ ਸ਼ਾਂ ਐ ਮੌਲਵੀਸਤ ॥੧੫੨॥

ਹਿੰਦਵੀ ਬੋਲੀ ਵਿਚ ਉਨ੍ਹਾਂ ਦਾ ਨਾਮ ਸਾਧ-ਸੰਗਤ ਹੈ,
ਹੇ ਮੌਲਵੀ! ਇਹ ਸਭ ਉਨ੍ਹਾਂ ਦੀ ਹੀ ਤਾਰੀਫ਼ ਹੈ।

**ਸੁਹਬਤਿ ਏਸ਼ਾਂ ਬਵਦ ਲੁਤਫ਼ਿ ਖ਼ੁਦਾ**
**ਤਾ ਨਸੀਬਿ ਕਸ ਸ਼ਵਦ ਈਂ ਰੂ-ਨੁਮਾ ॥੧੫੩॥**

ਉਨ੍ਹਾਂ ਦੀ ਸੰਗਤ ਦੀ ਪ੍ਰਾਪਤੀ ਪ੍ਰਮਾਤਮਾ ਦੀ ਕਿਰਪਾ ਤੋਂ ਹੁੰਦੀ ਹੈ,
ਏਥੇ ਇਸ ਦੀ ਕਿਰਪਾ ਤੋਂ ਇਕ ਪੁਰਸ਼ ਦਾ ਭਾਗ ਪ੍ਰਗਟ ਹੋ ਜਾਂਦਾ ਹੈ।

**ਹਰ ਕਸੇ ਈਂ ਦੌਲਤਿ ਜਾਵੀਦ ਯਾਫ਼ਤ**
**ਜ਼ਿੰਦਗੀਏ ਉਮਰ ਰਾ ਉਮੀਦ ਯਾਫ਼ਤ ॥੧੫੪॥**

ਜਿਸ ਕਿਸੇ ਨੂੰ ਇਹ ਅਮਰ ਧਨ ਪ੍ਰਾਪਤ ਹੋ ਗਿਆ,
ਮਾਨੋ ਉਸ ਦੀ ਉਮਰ ਦੀ ਆਯੂ ਆਸ਼ਾਵੰਤ ਹੋ ਗਈ।

**ਈਂ ਹਮਾਂ ਫ਼ਾਨੀ ਵ ਆਂ ਬਾਕੀ ਬਿਦਾਂ**
**ਜਾਮਿ ਇਸ਼ਕ ਪਾਕ ਰਾ ਸਾਕੀ ਬਿਦਾਂ ॥੧੫੫॥**

ਇਹ ਸਭ (ਦੌਲਤ ਅਤੇ ਉਮਰ) ਨਾਸ਼ਵਾਨ ਹੈ, ਅਤੇ ਉਹ ਅਬਿਨਾਸ਼ੀ ਹਨ,
ਉਨ੍ਹਾਂ ਨੂੰ ਤੂੰ ਪਵਿੱਤਰ ਪ੍ਰੇਮ ਦੇ ਪਿਆਲੇ ਭਰ ਭਰ ਦੇਣ ਵਾਲਾ ਸਾਕੀ ਸਮਝ।

**ਹਰ ਚਿ ਹਸਤ ਅਜ਼ ਸੁਹਬਤਿ ਏਸ਼ਾਂ ਬਵਦ**
**ਕਜ਼ ਤਫ਼ੈਲਸ਼ ਜੁਮਲਾ ਆਬਾਦਾ ਬਵਦ ॥੧੫੬॥**

ਜੋ ਕੁਝ ਵੀ ਮੌਜੂਦ ਦਿੱਸਦਾ ਹੈ, ਇਹ ਉਨ੍ਹਾਂ ਦੀ ਸੰਗਤ ਕਰਕੇ ਹੀ ਹੈ,
ਉਨ੍ਹਾਂ ਦੀ ਮਿਹਰ ਕਰਕੇ ਇਹ ਸਭ ਆਬਾਦੀ ਅਤੇ ਖ਼ੁਸ਼ਹਾਲੀ ਹੈ।

**ਈਂ ਹਮਾਂ ਆਬਾਦੀ ਅਜ਼ ਲੁਤਫ਼ਿ ਖ਼ੁਦਾ-ਸਤ**
**ਗ਼ਫ਼ਲਤ ਅਜ਼ ਵੈ ਯੱਕ ਨਫ਼ਸ ਮਰਗੋ ਜਫ਼ਾ ਸਤ ॥੧੫੭॥**

ਇਹ ਸਭ ਆਬਾਦੀ ਰੱਬ ਦੀ ਮਿਹਰ ਕਰਕੇ ਹੈ,
ਛਿਨ ਭਰ ਲਈ ਵੀ ਉਸ ਰੱਬ ਨੂੰ ਵਿਸਰਨਾ ਮੌਤ ਅਤੇ ਦੁੱਖ ਸਮਾਨ ਹੈ।

**ਸੁਹਬਤਿ ਸ਼ਾਂ ਹਾਸਲਿ ਈਂ ਜ਼ਿੰਦਗੀਸਤ**
**ਜ਼ਿੰਦਗੀ ਈਂ ਜ਼ਿੰਦਗੀ ਈਂ ਬੰਦਗੀ-ਸਤ ॥੧੫੮॥**

ਉਨ੍ਹਾਂ ਦੀ ਸੰਗਤ ਇਸ ਜ਼ਿੰਦਗੀ ਦੀ ਪ੍ਰਾਪਤੀ ਹੈ,
ਜ਼ਿੰਦਗੀ, ਇਹੀ ਜ਼ਿੰਦਗੀ, ਜਿਹੜੀ ਉਸ ਦੀ ਬੰਦਗੀ ਹੈ।

**ਗਰ ਤੂ ਮੀਖ਼ਾਹੀ ਕਿ ਮਰਦਿ ਹੱਕ ਸ਼ਵੀ**
**ਆਰਿਫ਼ਿ ਊ ਕਾਮਿਲ ਮੁਤਲਿਕ ਸ਼ਵੀ ॥੧੫੯॥**

ਜੇਕਰ ਤੂੰ ਚਾਹੁੰਦਾ ਹੈਂ ਕਿ ਰੱਬ ਦਾ ਭਗਤ ਬਣੇਂ,
ਤਾਂ ਉਸ ਪੂਰਨ ਪੁਰਖ ਦਾ ਗਿਆਨਵਾਨ ਬਣ।

**ਸੁਹਬਤਿ ਸ਼ਾਂ ਕੀਮੀਆ ਬਾਸ਼ਦ ਤੁਰਾ**
**ਤਾ ਚਿਹ ਮੀਖ਼ਾਹੀ ਰਵਾ ਬਾਸ਼ਦ ਤੁਰਾ ॥੧੬੦॥**

ਉਨ੍ਹਾਂ ਦੀ ਸੰਗਤ ਤੇਰੇ ਲਈ ਕੀਮੀਆ ਹੈ,
ਤਾਂ ਜੋ, ਜੋ ਵੀ ਤੂੰ ਚਾਹੇਂ, ਉਹ ਉਚਿਤ ਹੋਵੇ।

**ਈਂ ਹਮਾ ਕੂ ਸਾਹਿਬਿ ਜਾਂ ਆਮਦੰਦ**
**ਅਜ਼ ਬਰਾਇ ਸੁਹਬਤਿ ਸ਼ਾਂ ਆਮਦੰਦ ॥੧੬੧॥**

ਇਹ ਜਿਹੜੇ ਸਾਰੇ ਜੋ ਜੀਉਂਦੇ ਜਾਗਦੇ ਹਨ,
ਇਹ ਕੇਵਲ ਉਨ੍ਹਾਂ (ਗੁਰਮੁਖਾਂ) ਦੀ ਸੰਗਤ ਸਦਕਾ ਹਨ।

**ਜ਼ਿੰਦਗੀਇ ਸ਼ਾਂ ਜ਼ਿਫ਼ੈਜ਼ਿ ਸੁਹਬਤ ਅਸਤ**
**ਸੁਹਬਤਿ ਸ਼ਾਂ ਆਇਤਿ ਪੁਰ ਰਹਿਮਤ ਅਸਤ ॥੧੬੨॥**

ਉਨ੍ਹਾਂ ਦੀ ਜ਼ਿੰਦਗੀ ਉਨ੍ਹਾਂ ਦੀ ਸੰਗਤ ਦੀ ਬਖ਼ਸ਼ਿਸ਼ ਸਦਕਾ ਹੈ,
ਉਨ੍ਹਾਂ ਦੀ ਸੰਗਤ ਰੱਬ ਦੀ ਰਹਿਮਤ ਦੀ ਦਲੀਲ ਹੈ।

**ਹਰ ਕਸੇ ਰਾ ਸੁਹਬਤਿ ਸ਼ਾਂ ਬਾਇਦਸ਼**
**ਤਾ ਜ਼ਿ ਦਿਲ ਅਕਦਿ ਗੁਹਰ ਬਿਕੁਸ਼ਾਇਦਸ਼ ॥੧੬੩॥**

ਹਰ ਕਿਸੇ ਨੂੰ ਉਨ੍ਹਾਂ ਦੀ ਸੰਗਤ ਦੀ ਲੋੜ ਹੈ,
ਤਾਂ ਜੋ ਆਪਣੇ ਦਿਲ ਵਿਚੋਂ ਮੋਤੀਆਂ ਦੀ ਲੜੀ ਖੋਲ੍ਹ ਸਕਣ।

**ਸਾਹਿਬਿ ਗੰਜੀਨਾਈ ਅ ਬੇ-ਖ਼ਬਰ**
**ਲੇਕ ਜ਼ਾਂ ਗੰਜੇ ਤੁਰਾ ਨ-ਬਵਦ ਖ਼ਬਰ ॥੧੬੪॥**

ਹੇ ਅਨਜਾਣ! ਤੂੰ (ਬਹੁ-ਮੁੱਲੇ) ਖ਼ਜ਼ਾਨੇ ਦਾ ਮਾਲਕ ਹੈਂ,
ਪਰ ਅਫ਼ਸੋਸ ਕਿ ਤੈਨੂੰ ਉਸ ਗੁਪਤ ਖ਼ਜ਼ਾਨੇ ਦਾ ਪਤਾ ਹੀ ਨਹੀਂ।

**ਕੈ ਅਜ਼ਾਂ ਗੰਜੇ ਬ-ਯਾਬੀ ਇਤਲਾਅ**
**ਅੰਦਰੂਨਿ ਕੁਫ਼ਲ ਚੂੰ ਬਾਸ਼ਦ ਮਤਾਅ ॥੧੬੫॥**

ਉਸ ਖ਼ਜ਼ਾਨੇ ਦਾ ਤੈਨੂੰ ਕਿਵੇਂ ਪਤਾ ਲੱਗੇ,
ਕਿ ਜੰਦਰੇ ਅੰਦਰ ਕਿਹੋ ਜੇਹਾ ਮਾਲ ਮਤਾਅ ਪਿਆ ਹੈ।

**ਪਸ ਤੁਰਾ ਲਾਜ਼ਿਮ ਬਵਦ ਜੂਈ ਕੁਲੀਦ**
**ਤਾ ਬ-ਬੀਨੀ ਗੰਜਿ ਖ਼ੁਫ਼ੀਆ ਰਾ ਪਦੀਦ ॥੧੬੬॥**

ਇਸ ਲਈ ਤੇਰੇ ਵਾਸਤੇ ਜ਼ਰੂਰੀ ਹੈ ਕਿ ਅਜਿਹੇ ਖ਼ਜ਼ਾਨੇ ਦੀ ਕੁੰਜੀ ਢੂੰਡੇਂ,
ਤਾਂ ਜੋ ਤੈਨੂੰ ਗੁਪਤ ਖ਼ਜ਼ਾਨੇ ਦਾ ਸਾਫ਼ ਪਤਾ ਲੱਗ ਜਾਵੇ।

**ਕੁਫ਼ਲ ਬਿਕੁਸ਼ਾ ਅਜ਼ ਕੁਲੀਦਿ ਨਾਮਿ ਹੱਕ**
**ਅਜ਼ ਕਿਤਾਬਿ ਗੰਜ ਮਖ਼ਫ਼ੀ ਖ਼ਾਂ ਸਬਕ ॥੧੬੭॥**

ਤੂੰ ਰੱਬ ਦੇ ਨਾਮ ਦੀ ਕੁੰਜੀ ਨਾਲ ਇਸ ਜੰਦਰੇ ਨੂੰ ਖੋਲ੍ਹ,
ਇਸ ਛੁਪੇ ਹੋਏ ਖ਼ਜ਼ਾਨੇ ਦੀ ਪੋਥੀ ਵਿਚੋਂ ਸਬਕ ਪੜ੍ਹ।

**ਈਂ ਕੁਲੀਦਿ ਨਾਮ ਪੇਸ਼ਿ ਸ਼ਾਂ ਬਵਦ**
**ਮਰਹਮਿ ਦਿਲਹਾਇ ਰੇਸ਼ੋ ਜਾਂ ਬਵਦ ॥੧੬੮॥**

ਇਹ ਨਾਮ ਦੀ ਕੁੰਜੀ ਉਨ੍ਹਾਂ ਸੰਤਾਂ ਕੋਲ ਹੀ ਹੁੰਦੀ ਹੈ,
ਇਹ ਕੁੰਜੀ ਜ਼ਖ਼ਮੀ ਦਿਲਾਂ ਅਤੇ ਜਾਨਾਂ ਦੀ ਮਲ੍ਹਮ ਹੈ।

**ਚੂੰ ਕਸੇ ਰਾ ਈਂ ਕੁਲੀਦ ਆਇਦ ਬ-ਦਸਤ**
**ਸਾਹਿਬਿ ਗੰਜੀਨਾ ਬਾਸ਼ਦ ਹਰ ਕਿ ਹਸਤ ॥੧੬੯॥**

ਜਦ ਇਹ ਕੁੰਜੀ ਕਿਸੇ ਦੇ ਹੱਥ ਲੱਗ ਜਾਵੇ,
ਤਾਂ, ਜੋ ਕੋਈ ਵੀ ਹੋਵੇ, ਉਹ ਖ਼ਜ਼ਾਨੇ ਦਾ ਮਾਲਕ ਬਣ ਜਾਂਦਾ ਹੈ।

**ਗੰਜ ਰਾ ਚੂੰ ਯਾਫ਼ਤਾ ਜੋਯਾਇ ਗੰਜ**
**ਗਸ਼ਤ ਫਾਰਿਗ਼ ਅਜ਼ ਹਮਾ ਤਸ਼ਵੀਸ਼ੋ ਰੰਜ ॥੧੭੦॥**

ਜਦ ਖ਼ਜ਼ਾਨਾ ਢੂੰਡਣ ਵਾਲੇ ਨੂੰ ਖ਼ਜ਼ਾਨਾ ਮਿਲ ਗਿਆ ਤਾਂ
ਸਮਝੋ ਉਹ ਸਾਰੇ ਫ਼ਿਕਰਾਂ ਅੰਦੇਸ਼ਿਆਂ ਤੋਂ ਮੁਕਤ ਹੋ ਗਿਆ।

**ਆਂ ਹਮ ਅਜ਼ ਮਰਦਾਨਿ ਹੱਕ ਸ਼ੁਦ ਐ ਸ਼ਫੀਕ**
**ਆਂ ਕਿ ਰਾਹੇ ਯਾਫ਼ਤ ਦਰ ਕੂਇ ਰਫ਼ੀਕ ॥੧੭੧॥**

ਜਿਸ ਨੂੰ ਆਪਣੇ ਸੱਜਣ ਪਿਆਰੇ ਦੀ ਗਲੀ ਦਾ ਰਾਹ ਮਿਲ ਗਿਆ,
ਹੇ ਮੇਰੇ ਦੋਸਤ, ਉਹ ਵੀ ਸਮਝ ਕਿ ਰੱਬ ਦੇ ਪਿਆਰਿਆਂ ਵਿਚ ਸ਼ਾਮਲ ਹੋ ਗਿਆ।

**ਸੁਹਬਤਿ ਸ਼ਾਂ ਜ਼ੱਰਾ ਰਾ ਚੂੰ ਮਾਹ ਕਰਦ**
**ਹਰ ਗਦਾ ਰਾ ਸੁਹਬਤਿ ਸ਼ਾਂ ਸ਼ਾਹ ਕਰਦ ॥੧੭੨॥**

ਉਨ੍ਹਾਂ ਦੀ ਸੰਗਤ ਨੇ ਜ਼ੱਰੇ ਨੂੰ ਚੰਨ ਬਣਾ ਦਿੱਤਾ,
ਉਨ੍ਹਾਂ ਦੀ ਸੰਗਤ ਨੇ ਹਰ ਭਿਖਾਰੀ ਨੂੰ ਬਾਦਸ਼ਾਹ ਕਰ ਦਿੱਤਾ।

**ਰਹਿਮਤਿ ਹੱਕ ਬਾਦ ਬਰ ਔਜ਼ਾਇ ਸ਼ਾਂ**
**ਬਰ ਪਿਦਰ ਬਰ ਮਾਦਰੋ ਇਬਨਾਇ ਸ਼ਾਂ ॥੧੭੩॥**

ਉਨ੍ਹਾਂ ਦੇ ਚਰਿਤ੍ਰ ਉੱਤੇ ਰੱਬ ਦੀ ਮਿਹਰ ਹੋਵੇ,
ਉਨ੍ਹਾਂ ਦੇ ਮਾਪਿਆਂ ਅਤੇ ਆਲ ਔਲਾਦ ਉੱਤੇ ਵੀ [ਰੱਬ ਦੀ ਮਿਹਰ ਹੋਵੇ]

**ਹਰ ਕਿ ਸ਼ਾਂ ਰਾ ਦੀਦ ਹੱਕ ਰਾ ਦੀਦਾ ਅਸਤ**
**ਖੁਸ਼ ਗੁਲ ਅਜ਼ ਬਾਗਿ ਮੁਹੱਬਤ ਚੀਦਾ ਅਸਤ ॥੧੭੪॥**

ਜਿਸ ਕਿਸੇ ਵੀ ਉਨ੍ਹਾਂ ਦੇ ਦਰਸ਼ਨ ਕਰ ਲਏ, ਮਾਨੋ ਉਸ ਨੇ ਰੱਬ ਨੂੰ ਵੇਖ ਲਿਆ,
ਅਤੇ ਸਮਝੋ ਉਸ ਨੇ ਸੱਚੀ ਪ੍ਰੀਤੀ ਦੇ ਬਾਗ਼ ਵਿਚੋਂ ਸਭ ਤੋਂ ਸੁੰਦਰ ਫੁੱਲ ਤੋੜ ਲਿਆ ਹੈ।

**ਗੁਲ ਜ਼ਿ ਬਾਗ਼ਿ ਮਾਅਰਫ਼ਤ ਬਰ-ਚੀਦਨ ਅਸਤ**
**ਦੀਦਨਿ ਏਸ਼ਾਂ ਖ਼ੁਦਾ ਰਾ ਦੀਦਨ ਅਸਤ ॥੧੭੫॥**

ਉਨ੍ਹਾਂ ਦੀ ਸੰਗਤ ਰੱਬੀ ਗਿਆਨ ਦੇ ਬਾਗ਼ ਚੋਂ ਸੁੰਦਰ ਫੁੱਲ ਤੋੜਨਾ ਹੈ,
ਉਨ੍ਹਾਂ ਦੇ ਦਰਸ਼ਨ ਕਰਨਾ ਰੱਬ ਦਾ ਦੀਦਾਰ ਕਰਨਾ ਹੈ।

**ਮੁਸ਼ਕਿਲ ਆਮਦ ਦੀਦਨਿ ਹੱਕ ਰਾ ਬਿਆਂ**
**ਮੀਦਿਹਦ ਈਂ ਜੁਮਲਾ ਰਾ ਕੁਦਰਤ ਨਿਸ਼ਾਂ ॥੧੭੬॥**

ਰੱਬ ਦੇ ਦਰਸ਼ਨਾਂ ਦਾ ਬਿਆਨ ਕਰਨਾ ਮੁਸ਼ਕਲ ਹੈ,
ਉਸ ਦੀ ਸ਼ਕਤੀ ਅਥਵਾ ਪ੍ਰਕ੍ਰਿਤੀ ਹੀ ਉਸ ਦਾ ਪਤਾ ਦਿੰਦੀ ਹੈ।

**ਅਜ਼ ਤੁਫ਼ੈਲਿ ਸ਼ਾਂ ਖ਼ੁਦਾ ਰਾ ਦੀਦਾ-ਅਮ**
**ਗੁਲ ਜ਼ ਬਾਗ਼ਿ ਮਾਅਰਫ਼ਤ ਬਰ ਚੀਦਾ-ਅਮ ॥੧੭੭॥**

ਉਸ ਦੀ ਕ੍ਰਿਪਾ ਨਾਲ ਮੈਂ ਰੱਬ ਦੇ ਦਰਸ਼ਨ ਕੀਤੇ ਹਨ।
ਉਨ੍ਹਾਂ ਦੀ ਕ੍ਰਿਪਾ ਨਾਲ ਮੈਂ ਰੱਬੀ ਗਿਆਨ ਦੇ ਬਾਗ਼ ਵਿਚੋਂ ਫੁੱਲ ਚੁਣਿਆ ਹੈ।

ਦੀਦਨਿ ਹੱਕ ਮਾਅਨੀਏ ਦਾਰਦ ਸ਼ਰੀਫ਼
ਮਨ ਨਿ-ਅੱਮ ਈਂ ਜੁਮਲਾ ਆਂ ਜ਼ਾਤਿ ਲਤੀਫ਼ ॥੧੭੮॥

ਰੱਬ ਦੇ ਦਰਸ਼ਨ ਕਰਨਾ ਇਕ ਪਵਿੱਤ੍ਰ ਭਾਵ ਰਖਦਾ ਹੈ,
ਮੈਂ ਤਾਂ ਕੁਝ ਵੀ ਨਹੀਂ, ਇਹ ਸਭ ਕੁਝ ਉਸ ਦੀ ਸੂਖਮ ਜ਼ਾਤ ਹੀ ਹੈ।

ਹਰ ਕਿ ਊ ਦਾਨਿਸਤ ਈਂ ਹਰਫ਼ਿ ਤਮਾਮ
ਯਾਫ਼ਤ ਊ ਆਂ ਗੰਜਿ ਮਖ਼ਫ਼ੀ ਰਾ ਮਕਾਮ ॥੧੭੯॥

ਜਿਸ ਨੇ ਇਸ ਪੂਰਨ ਅੱਖਰ ਨੂੰ ਸਮਝ ਲਿਆ,
ਮਾਨੋ ਉਸ ਨੇ ਛੁਪੇ ਖ਼ਜ਼ਾਨੇ ਦਾ ਟਿਕਾਣਾ ਲੱਭ ਲਿਆ।

ਮਾਅਨੀਏ ਹੱਕ ਸੂਰਤੇ ਦਾਰਦ ਨਿਕੂ-ਸਤ
ਸੂਰਤਿ ਹੱਕ ਸੂਰਤਿ ਮਰਦਾਨਿ ਊ-ਸਤ ॥੧੮੦॥

ਰੱਬ ਦੀ ਹਕੀਕਤ ਦੀ ਅਤਿ ਸੋਹਣੀ ਸੂਰਤ ਹੈ,
ਰੱਬ ਦੀ ਸੂਰਤ ਰੱਬ ਦੇ ਬੰਦਿਆਂ ਦੀ ਸੂਰਤ ਹੈ।

ਖ਼ਲਵਤਿ ਏਸ਼ਾਂ ਬਵਦ ਦਰ ਅੰਜੁਮਨ
ਵਸਫ਼ਿ ਏਸ਼ਾਂ ਬਰ ਜ਼ੁਬਾਨਿ ਮਰਦੋ ਜ਼ਨ ॥੧੮੧॥

ਉਹ ਸੰਗਤ ਵਿਚ ਵੀ ਇਕਾਂਤ ਵਿਚ ਹੁੰਦੇ ਹਨ
ਸਭਨਾਂ ਦੀ ਜੀਭਾਂ ਤੇ ਉਨ੍ਹਾਂ ਦਾ ਜਸ ਹੁੰਦਾ ਹੈ।

ਜ਼ੀਂ ਖ਼ਬਰ ਵਾਕਿਫ਼ ਕਸੇ ਬਾਸ਼ਦ ਕਿ ਊ
ਦਾਰਦ ਅਜ਼ ਸ਼ੌਕਿ ਮੁਹੱਬਤ ਗੁਫ਼ਤਗੂ ॥੧੮੨॥

ਇਸ ਭੇਤ ਤੋਂ ਉਹ ਹੀ ਵਾਕਫ਼ ਹੋ ਸਕਦਾ ਹੈ,
ਜਿਹੜਾ ਚਾਉ ਸਹਿਤ ਉਸ ਦੀ ਪ੍ਰੀਤੀ ਦੇ ਗੁਣ ਗਾਉਂਦਾ ਹੈ।

ਸ਼ੌਕਿ ਮੌਲਾ-ਅਸ਼ ਗਿਰੇਬਾਂ ਗੀਰ ਸ਼ੁਦ
ਨਾਕਸੇ ਹਮ ਸਾਹਿਬਿ ਤਦਬੀਰ ਸ਼ੁਦ ॥੧੮੩॥

ਰੱਬ ਦਾ ਸ਼ੌਕ ਜਿਸ ਨੇ ਗਲੇ ਦਾ ਹਾਰ ਹੁੰਦਾ ਹੈ,
ਉਹ ਨਾਚੀਜ਼ ਵੀ ਸਿਆਣਾ ਤੇ ਮੁਦੱਬਰ ਬਣ ਜਾਂਦਾ ਹੈ।

ਸ਼ੌਕਿ ਮੌਲਾਯਤ ਚੂੰ ਬਾਸ਼ਦ ਦਸਤਗੀਰ
ਜ਼ੱਰਾ ਗਰਦਦ ਰਸ਼ਕਿ ਖ਼ੁਰਸ਼ੀਦਿ ਮੁਨੀਰ ॥੧੮੪॥

ਜਦ ਰੱਬ ਦਾ ਸ਼ੌਕ ਤੇਰਾ ਸਹਾਈ ਹੋਵੇ,
ਤਾਂ ਜ਼ੱਰਾ ਵੀ ਚਮਕਦਾ ਸੂਰਜ ਬਰਾਬਰ ਬਣ ਜਾਂਦਾ ਹੈ।

ਬਸਕਿ ਹੱਕ ਮੀਬਾਰਦ ਅਜ਼ ਗੁਫ਼ਤਾਰਿ ਸ਼ਾਂ
ਦੀਦਾਹਾ ਰੌਸ਼ਨ ਸ਼ੁਦ ਅਜ਼ ਦੀਦਾਰਿ ਸ਼ਾਂ ॥੧੮੫॥

ਉਨ੍ਹਾਂ ਦੇ ਬਚਨਾਂ ਤੋਂ ਸੱਚ ਦੇ ਅੰਮ੍ਰਿਤ ਦੀ ਬਰਖਾ ਹੁੰਦੀ ਹੈ,
ਉਨ੍ਹਾਂ ਦੇ ਦਰਸ਼ਨਾਂ ਨਾਲ ਅੱਖਾਂ ਨੂੰ ਠੰਡ ਪੈਂਦੀ ਹੈ।

ਰੂਜ਼ੋ ਸ਼ਬ ਬਾਸ਼ੰਦ ਦਰ ਜ਼ਿਕਰਸ਼ ਮੁਦਾਮ
ਦਰ ਲਿਬਾਸਿ ਦੁਨਯਵੀ ਮਰਦਿ ਤਮਾਮ ॥੧੮੬॥

ਉਹ ਦਿਨ ਰਾਤ ਰੱਬ ਦਾ ਸਿਮਰਨ ਕਰਦੇ ਰਹਿੰਦੇ ਹਨ,
ਸੰਸਾਰੀ ਭੇਖ ਵਿਚ ਉਹ ਪੂਰਨ ਪੁਰਖ ਹਨ।

**ਬਾ ਹਮਾ ਅਜ਼ ਜੁਮਲਾ ਆਜ਼ਾਦੰਦ ਸ਼ਾਂ**
**ਦਰ ਹਮਾ ਹਾਲ ਅਜ਼ ਖ਼ੁਦਾ ਸ਼ਾਦੰਦ ਸ਼ਾਂ ॥੧੮੭॥**

ਉਹ ਇਸ ਸਭ ਕੁਝ ਦੇ ਹੁੰਦੇ ਹੋਏ ਭੀ ਸੁਤੰਤਰ ਹਨ।
ਹਰ ਹਾਲ ਵਿਚ ਉਹ ਰੱਬ ਦੀ ਰਜ਼ਾ ਵਿਚ ਖ਼ੁਸ਼ ਹਨ।

**ਦਰ ਲਿਬਾਸਿ ਦੁਨਯਵੀਂ ਵਾ ਰਸਮਿ ਦੀਂ**
**ਹਮਚੂ ਏਸਾਂ ਸਾਨੀਏ ਦੀਗਰ ਮਬੀਂ ॥੧੮੮॥**

ਉਨ੍ਹਾਂ ਦਾ ਭੇਖ ਦੁਨਿਆਵੀ ਹੈ, ਪਰ ਰਹੁ ਰੀਤ ਧਰਮ ਵਾਲੀ ਹੈ।
ਉਨ੍ਹਾਂ ਜੇਹਾਂ ਸੰਸਾਰ ਵਿਚ ਹੋਰ ਕੋਈ ਨਹੀਂ ਦਿਸਦਾ।

**ਹਮ ਚੁਨਾਂ ਦਰ ਯਾਦਿ ਹੱਕ ਦਾਰੰਦ ਦਸਤ**
**ਹੱਕ-ਸ਼ਨਾਸੋ ਹੱਕ-ਪਸੰਦੋ ਹੱਕ-ਪ੍ਰਸਤ ॥੧੮੯॥**

ਉਹ ਰੱਬ ਦੀ ਯਾਦ ਵਿਚ ਪਰਪੱਕ ਅਤੇ ਪਰਬੀਨ ਹਨ,
ਉਹ ਸੱਚ ਨੂੰ ਸਮਝਦੇ, ਸੱਚ ਨੂੰ ਹੀ ਪਿਆਰ ਕਰਦੇ ਤੇ ਸੱਚ ਦੀ ਹੀ ਆਰਾਧਨਾ ਕਰਦੇ ਹਨ।

**ਦਰ ਲਿਬਾਸਿ ਦੁਨਯਵੀ ਸਰ ਤਾ ਕਦਮ**
**ਬੀਨੀ ਵਾ ਗ਼ਾਫ਼ਿਲ ਨ-ਬੀਨੀ ਨੀਮ ਦਮ ॥੧੯੦॥**

ਉਹ ਭਾਵੇਂ ਸਿਰ ਤੋਂ ਪੈਰਾਂ ਤੱਕ ਦੁਨਿਆਵੀ ਭੇਖ ਵਿਚ ਦਿਸਦੇ ਹਨ,
ਪਰ ਉਨ੍ਹਾਂ ਨੂੰ ਤੂੰ ਕਦੀ ਅੱਧੇ ਪਲ ਲਈ ਵੀ ਗ਼ਾਫ਼ਲ ਨਹੀਂ ਦੇਖੇਂਗਾ।

**ਆਂ ਖ਼ੁਦਾਇ ਪਾਕ ਸ਼ਾਂ ਰਾ ਪਾਕ ਕਰਦ**
**ਗ਼ਰ ਚਿਹ ਜਿਸਮਿ ਸ਼ਾਂ ਜ਼ਿ-ਮੁਸ਼ਤਿ ਖ਼ਾਕ ਕਰਦ ॥੧੯੧॥**

ਉਨ੍ਹਾਂ ਦਾ ਸਰੀਰ ਭਾਵੇਂ ਮੁੱਠੀ ਭਰ ਮਿੱਟੀ ਦਾ ਹੈ,
ਪਰ ਉਨ੍ਹਾਂ ਨੂੰ ਪਾਕ ਰੱਬ ਨੇ ਪਾਕ ਪਵਿੱਤਰ ਬਣਾਇਆ ਹੈ।

**ਈਂ ਵਜੂਦਿ ਖ਼ਾਕ ਪਾਕ ਅਜ਼ ਯਾਦਿ ਊ ਸਤ**
**ਜ਼ਾਂ ਕਿ ਏਸ਼ਾਂ ਮਜ਼ਹਰਿ ਬੁਨਿਆਦਿ ਊ ਸਤ ॥੧੯੨॥**

ਇਹ ਮਿੱਟੀ ਦਾ ਸਰੀਰ ਉਸ ਦੀ ਯਾਦ ਨਾਲ ਪਵਿੱਤਰ ਹੈ,
ਕਿਉਂਕਿ ਉਹ ਪ੍ਰਮਾਤਮਾ ਵੱਲੋਂ ਮਿਲੀ ਨੀਂਹ (ਹਸਤੀ) ਦਾ ਪ੍ਰਗਟਾਵਾ ਹਨ।

**ਰਸਮਿ ਸ਼ਾਂ ਆਈਨਿ ਦਿਲਦਾਰੀ ਬਵਦ**
**ਦਰ ਹਮਾ ਹਾਲ ਅਜ਼ ਖ਼ੁਦਾ ਯਾਰੀ ਬਵਦ ॥੧੯੩॥**

ਉਨ੍ਹਾਂ ਦੀ ਰੀਤੀ ਰੱਬ ਦੀ ਦਿਲਦਾਰੀ ਕਰਨਾ ਹੈ,
ਉਨ੍ਹਾਂ ਦੀ ਰੀਤੀ ਸਦਾ ਰੱਬ ਨਾਲ ਪ੍ਰੇਮ ਕਰਨਾ ਹੈ।

**ਹਰ ਕਸੇ ਰਾ ਕੈ ਨਸੀਬ ਈਂ ਦੌਲਤ ਅਸਤ**
**ਦੌਲਤਿ ਜਾਵੀਦ ਅੰਦਰ ਸੁਹਬਤ ਅਸਤ ॥੧੯੪॥**

ਹਰ ਕਿਸੇ ਨੂੰ ਅਜਿਹੇ ਭਾਗ ਕਿਵੇਂ ਨਸੀਬ ਹੋ ਸਕਦੇ ਹਨ?
ਅਮਰ ਦੌਲਤ ਤਾਂ ਉਨ੍ਹਾਂ ਦੀ ਸੰਗਤ ਵਿਚ ਹੈ।

ਈਂ ਹਮਾ ਅਜ਼ ਸੁਹਬਤਿ ਮਰਦਾਨਿ ਊਸਤ
ਦੌਲਤਿ ਹਰ ਦੋ ਜਹਾਂ ਦਰ ਸ਼ਾਨਿ ਊਸਤ ॥੧੯੫॥

ਇਹ ਸਭ ਕੁਝ ਉਨ੍ਹਾਂ ਦੀ ਸੰਗਤ ਤੋਂ ਹੈ,
ਦੋਹਾਂ ਜਹਾਨਾਂ ਦੀ ਦੌਲਤ ਉਨ੍ਹਾਂ ਦੀ ਵਡਿਆਈ ਵਿਚ ਹੈ।

ਸੁਹਬਤਿ ਸ਼ਾਂ ਨਫ਼ਆ ਬਿਸੀਆਰ ਆਵੁਰਦ
ਨਖ਼ਲਿ ਜਿਸਮਿ ਖ਼ਾਕ ਹੱਕ ਬਾਰ ਆਵੁਰਦ ॥੧੯੬॥

ਉਨ੍ਹਾਂ ਦੀ ਸੰਗਤਿ ਬਹੁਤ ਫ਼ਾਇਦਾ ਬਖ਼ਸ਼ਦੀ ਹੈ,
ਮਿੱਟੀ ਦੇ ਸਰੀਰ ਦੀ ਖਜੂਰ ਸੱਚ ਦਾ ਫਲ ਲਿਆਉਂਦੀ ਹੈ।

ਹਮਚੁਨੀਂ ਸੁਹਬਤ ਕੁਜਾ ਬਾਜ਼ ਆਇਦਤ
ਕਜ਼ ਬਰਾਏ ਮਰਦਮੀ ਮੀ-ਸ਼ਾਇਦਤ ॥੧੯੭॥

ਅਜਿਹੀ ਸੰਗਤ ਫੇਰ ਤੈਨੂੰ ਕਦ ਮਿਲੇਗੀ?
ਅਜਿਹੀ ਸੰਗਤ ਤੈਨੂੰ ਮਨੁੱਖਤਾ ਬਖ਼ਸ਼ਦੀ ਹੈ।

ਮਰਦਮੀ ਯਾਅਨੀ ਬ-ਹੱਕ ਪੈਵਸਤਨ ਅਸਤ
ਗ਼ੈਰ ਜ਼ਿਕਰਸ਼ ਅਜ਼ ਹਮਾ ਵਾ ਰਿਸਤਨ ਅਸਤ ॥੧੯੮॥

ਮਨੁੱਖਤਾ ਦਾ ਭਾਵ ਰੱਬ ਨਾਲ ਮੇਲ ਹੈ,
ਬਿਨਾਂ ਰੱਬ ਦੇ ਜ਼ਿਕਰ ਤੋਂ ਸਭ ਨਾਲੋਂ ਟੁੱਟਣਾ ਹੈ।

ਚੂੰ ਦਿਲਿ ਬੰਦਾ ਬਜ਼ਿਕਰਸ਼ ਰਾਹ ਯਾਫ਼ਤ
ਹਾਸਲਿ ਉਮਰੋ ਦਿਲ ਆਗਾਹ ਯਾਫ਼ਤ ॥੧੯੯॥

ਜਦ ਮਨੁੱਖ ਦਾ ਦਿਲ ਉਸ ਰੱਬ ਦੇ ਸਿਮਰਨ ਦੇ ਰਾਹ ਪੈ ਗਿਆ,
ਤਾਂ ਉਹ ਉਮਰ ਅਤੇ ਆਤਮਾ ਦੀ ਪ੍ਰਾਪਤੀ ਤੋਂ ਵਾਕਫ਼ ਹੋ ਗਿਆ।

ਕਾਰਸ਼ ਅਜ਼ ਗਰਦੂਨਿ ਗਰਦਾਂ ਦਰ ਗੁਜ਼ਸ਼ਤ
ਬਰ ਸਰਿ ਦੁਨਿਆ ਚੂ ਮਰਦਾਂ ਦਰ ਗੁਜ਼ਸ਼ਤ ॥੨੦੦॥

ਉਸ ਦਾ ਇਸ ਘੁੰਮਦੇ ਹੋਏ ਆਸਮਾਨ ਨਾਲੋਂ ਵਾਸਤਾ ਜਾਂਦਾ ਰਿਹਾ (ਅਰਥਾਤ ਉਹ ਜਨਮ ਮਰਨ ਤੋਂ ਰਹਿਤ ਹੋ ਗਿਆ)। ਜਗਿਆਸੂਆਂ ਵਾਂਗ ਉਹ ਸੰਸਾਰ ਤੋਂ ਵਿਰਕਤ ਹੋ ਗਿਆ।

ਈਂ ਜਹਾਨੋ ਆਂ ਜਹਾਂ ਤਹਿਸੀਂ ਕੁਨੰਦ
ਆਂ ਕਿ ਦਿਲ ਅਜ਼ ਜ਼ਿਕਰਿ ਹੱਕ ਰੰਗੀਂ ਕੁਨੰਦ ॥੨੦੧॥

ਜਿਸ ਕਿਸੇ ਨੇ ਆਪਣਾ ਦਿਲ ਰੱਬ ਦੀ ਯਾਦ ਨਾਲ ਰੰਗ ਲਿਆ,
ਦੋਹਾਂ ਜਹਾਨਾਂ ਵਿਚ ਉਸ ਦੀ ਮਹਿਮਾ ਹੋਣ ਲੱਗੀ।

ਦਰ ਵਜੂਦਸ਼ ਆਫ਼ਤਾਬੇ ਤਾਫ਼ਤਾ
ਨਾਮਿ ਹੱਕ ਦਰ ਸੁਹਬਤਿ ਸ਼ਾਂ ਯਾਫ਼ਤਾ ॥੨੦੨॥

ਉਸ ਦੇ ਸਰੀਰ ਅੰਦਰ ਸੂਰਜ ਚਮਕ ਪਿਆ,
ਰੱਬ ਦੇ ਭਗਤਾਂ ਦੀ ਸੰਗਤ ਵਿਚ ਉਸ ਨੇ ਸੱਚ ਪ੍ਰਾਪਤ ਕਰ ਲਿਆ।

ਨਾਮਿ ਹੱਕ ਅਜ਼ ਬਸਕਿ ਰੂਜ਼ੋ ਸ਼ਬ ਗ੍ਰਿਫ਼ਤ
ਦਸਤਿ ਊ ਰਾ ਜ਼ਿਕਰਿ ਮੌਲਾ ਬਰ-ਗ੍ਰਿਫ਼ਤ ॥੨੦੩॥

ਉਸ ਨੇ ਦਿਨ ਰਾਤ ਰੱਬ ਦਾ ਨਾਮ ਧਿਆਇਆ,
ਰੱਬ ਦਾ ਜ਼ਿਕਰ ਹੀ ਉਸ ਦਾ ਸਹਾਈ ਹੋਇਆ।

**ਜ਼ਿਕਰਿ ਮੌਲਾ ਆਂ ਕਿ ਯਾਰੀ ਦਾਦਾ ਸ਼ੁਦ**
**ਖ਼ਾਨਾਇ ਵੀਰਾਂ ਜ਼ਿ ਹਕ ਆਬਾਦਾ ਸ਼ੁਦ ॥੨੦੪॥**

ਰੱਬ ਦੇ ਸਿਮਰਨ ਨੇ ਜਿਸ ਕਿਸੇ ਦੀ ਸਹਾਇਤਾ ਕੀਤੀ,
ਉਸ ਦਾ ਉਜੜਿਆ ਹੋਇਆ ਘਰ ਸੱਚ ਦੀ ਪ੍ਰਾਪਤੀ ਨਾਲ ਆਬਾਦ ਹੋ ਗਿਆ।

**ਜ਼ਿਕਰਿ ਮੌਲਾ ਦੌਲਤੇ ਬਾਸ਼ਦ ਅਜ਼ੀਮ**
**ਕੈ ਬਦਸਤ ਆਇਦ ਜ਼ਿ ਗੰਜੋ ਮਾਲੋ ਸੀਮ ॥੨੦੫॥**

ਰੱਬ ਦੀ ਯਾਦ ਇਕ ਬਹੁਤ ਵੱਡਾ ਧਨ ਹੈ,
ਅਜਿਹਾ ਧਨ ਸੰਸਾਰ ਦੇ ਖ਼ਜ਼ਾਨਿਆਂ, ਮਾਲ ਅਤੇ ਚਾਂਦੀ ਤੋਂ ਕਿਵੇਂ ਮਿਲ ਸਕਦਾ ਹੈ?

**ਹਰ ਕਿਹ ਹੱਕ ਰਾ ਖ਼ਾਸਤ ਹੱਕ ਊ ਰਾ ਬਖ਼ਾਸਤ**
**ਸ਼ੌਕਿ ਮੌਲਾ ਬਿਹਤਰੀਨਿ ਕੀਮੀਆ-ਸਤ ॥੨੦੬॥**

ਜਿਸ ਕਿਸੇ ਨੇ ਰੱਬ ਦੀ ਇੱਛਾ ਕੀਤੀ, ਰੱਬ ਨੇ ਉਸ ਨੂੰ ਚਾਹਿਆ,
ਰੱਬ ਦਾ ਪਰੇਮ ਸਭ ਤੋਂ ਚੰਗੀ ਰਸਾਇਣ ਹੈ।

**ਗੋਹਰਿ ਮਕਸੂਦਿ ਤਨ ਯਾਦਿ ਖ਼ੁਦਾ-ਸਤ**
**ਲੇਕਨ ਊ ਅੰਦਰ ਜ਼ੁਬਾਨਿ ਔਲੀਆ ਸਤ ॥੨੦੭॥**

ਇਸ ਸਰੀਰ ਦੇ ਮਨੋਰਥ ਦਾ ਜੌਹਰ ਰੱਬ ਦੀ ਯਾਦ ਹੈ,
ਪਰੰਤੂ ਉਹ ਗੁਰਮੁਖਾਂ ਦੀ ਜੀਭਾਂ ਉੱਤੇ ਵੱਸਦਾ ਹੈ।

**ਪਾਰਸਾਈ ਬਿਹ ਕਿ ਬਹਿਰਿ ਹੱਕ ਬਵਦ**
**ਬਾਦਸ਼ਾਹੀ ਚੀਸਤ ਕਾਂ ਨਾਹੱਕ ਬਵਦ ॥੨੦੮॥**

ਪਾਰਸਾਈ ਉਹੀ ਹੀ ਕਿਸੇ ਕੰਮ ਦੀ ਹੈ, ਜਿਹੜੀ ਸੱਚ ਲਈ ਹੋਵੇ,
ਉਹ ਪਾਤਸ਼ਾਹੀ ਕਿਸ ਕੰਮ, ਜਿਹੜੀ ਵਿਅਰਥ ਹੋਵੇ।

**ਹਰ ਦੋ ਮੁਸ਼ਤਾਕ ਅੰਦ ਰਿੰਦੋ ਪਾਰਸਾ**
**ਤਾ ਕਿਰਾ ਖ਼ਾਹਦ ਖ਼ੁਦਾਇ ਕਿਬਰੀਆ ॥੨੦੯॥**

ਰਿੰਦ ਅਤੇ ਪਾਰਸਾ ਦੋਵੇਂ ਹੀ ਚਾਹਵਾਨ ਹਨ,
ਵੇਖੀਏ, ਉਹ ਪਾਰਬ੍ਰਹਮ ਪਰਮੇਸ਼ਰ ਕਿਸ ਨੂੰ ਚਾਹੁੰਦਾ ਹੈ?

**ਬੰਦਾ ਤਾਂ ਬਾਸ਼ਦ ਬਰਾਇ ਬੰਦਗੀਸਤ**
**ਗ਼ੈਰ ਹਰਫ਼ਿ ਹੱਕ ਹਮਾ ਸ਼ਰਮਿੰਦਗੀਸਤ ॥੨੧੦॥**

ਬੰਦਾ ਤਾਂ ਹੀ ਹੁੰਦਾ ਹੈ ਜੇਕਰ ਉਹ ਬੰਦਗੀ ਲਈ ਹੈ,
ਬਿਨਾਂ ਰੱਬ ਦੇ ਜ਼ਿਕਰ ਦੇ ਸਭ ਸ਼ਰਮਿੰਦਗੀ ਹੈ।

**ਲੇਕ ਦਰ ਜ਼ਾਹਿਰ ਕਸੇ ਬਾਸ਼ਦ ਦਰੁਸਤ**
**ਆਂ ਕਿ ਆਰਦ ਮੁਰਸ਼ਦਿ ਕਾਮਿਲ ਬਦਸਤ ॥੨੧੧॥**

ਪਰੰਤੂ ਜ਼ਾਹਰਾ ਤੌਰ ਤੇ ਉਹ ਹੀ ਸਹੀ ਹੈ,
ਜਿਸ ਨੇ ਪੂਰਨ ਸਤਿਗੁਰੂ ਨੂੰ ਪ੍ਰਾਪਤ ਕਰ ਲਿਆ ਹੈ।

ਦੀਨੋ ਦੁਨਿਆ ਹਰ ਦੋ ਫ਼ਰਮਾਂ-ਦਾਰਿ ਊ
ਹਰ ਦੋ ਆਲਮ ਸ਼ਾਇਕਿ ਦੀਦਾਰਿ ਊ ॥੨੧੨॥

ਦੀਨ ਅਤੇ ਦੁਨੀਆਂ ਦੋਵੇਂ ਹੀ ਉਸ ਰੱਬ ਦੇ ਆਗਿਆਕਾਰ ਹਨ,
ਦੋਵੇਂ ਜਹਾਨ ਉਸ ਰੱਬ ਦੇ ਦੀਦਾਰ ਦੇ ਚਾਹਵਾਨ ਹਨ।

ਹਰ ਕਿ ਰਾ ਉਲਫ਼ਤ ਜ਼ਿ ਨਾਮਿ ਹੱਕ ਬਵਦ
ਦਰ ਹਕੀਕਤ ਆਰਫ਼ਿ ਮੁਤਲਿਕ ਬਵਦ ॥੨੧੩॥

ਜਿਸ ਕਿਸੇ ਦਾ ਪ੍ਰੇਮ ਰੱਬ ਦੇ ਨਾਮ ਨਾਲ ਹੋ ਜਾਂਦਾ ਹੈ,
ਅਸਲ ਵਿਚ ਉਹ ਪੂਰਨ ਜਗਿਆਸੂ ਬਣ ਜਾਂਦਾ ਹੈ।

ਯਾਦਿ ਹੱਕ ਰਾ ਤਾਲਿਬਿ ਊ ਮੀ ਕੁਨੰਦ
ਆਰਿਫ਼ਿ ਹੱਕ ਜੁਮਲਾ ਨੇਕੋ ਮੀ ਕੁਨੰਦ ॥੨੧੪॥

ਰੱਬ ਦੇ ਜਗਿਆਸੂ ਰੱਬ ਦਾ ਸਿਮਰਨ ਕਰਦੇ ਹਨ,
ਰੱਬ ਦਾ ਜਗਿਆਸੂ ਸਭ ਨੂੰ ਸੁੰਦਰ ਬਣਾ ਦਿੰਦਾ ਹੈ।

ਹੱਕ ਹਮਾਂ ਬਾਸ਼ਦ ਕਿ ਬਾਸ਼ੀ ਬੰਦਾਇ
ਬੇ-ਅਦਬ ਦਾਇਮ ਜ਼ ਹੱਕ ਸ਼ਰਮਿੰਦਾਇ ॥੨੧੫॥

ਸੱਚ ਤਾਂ ਇਹ ਹੈ ਕਿ ਤੂੰ ਰੱਬ ਦਾ ਬੰਦਾ ਬਣਿਆ ਰਹੁ,
ਬੇਅਦਬ (ਮਨਮੁੱਖ) ਰੱਬ ਤੋਂ ਸਦਾ ਸ਼ਰਮਸਾਰ ਹੁੰਦਾ ਹੈ।

ਉਮਰ ਆਂ ਬਾਸ਼ਦ ਕਿ ਊ ਦਰ ਯਾਦ ਰਫ਼ਤ
ਉਮਰ ਨਾ ਬੂਦ ਆਂ ਕਿ ਬਰਬਾਦ ਰਫ਼ਤ ॥੨੧੬॥

ਉਮਰ ਉਹੀ ਚੰਗੀ ਹੈ, ਜੋ ਰੱਬ ਦੀ ਯਾਦ ਵਿਚ ਗੁਜ਼ਰੇ,
ਉਹ ਉਮਰ ਕਿਸ ਕੰਮ, ਜੋ ਅਜਾਈਂ ਗੁਜ਼ਰ ਜਾਏ।

ਬੰਦਾ ਪੈਦਾ ਸ਼ੁਦ ਬਰਾਏ ਬੰਦਗੀ
ਖ਼ੁਸ਼ ਇਲਾਜੇ ਹਸਤ ਬਹਿਰਿ ਬੰਦਗੀ ॥੨੧੭॥

ਬੰਦਾ ਬੰਦਗੀ ਲਈ ਪੈਦਾ ਹੋਇਆ ਹੈ,
ਭਜਨ ਬੰਦਗੀ ਹੀ ਜ਼ਿੰਦਗੀ ਦਾ ਇਕੋ ਚੰਗਾ ਇਲਾਜ ਹੈ।

ਐ ਖ਼ੁਸ਼ਾ ਚਸ਼ਮੇ ਕਿ ਦੀਦਾ ਰੂਇ ਦੂਸਤ
ਮਰਦੁਮਿ ਚਸ਼ਮਿ ਦੋ ਆਲਮ ਸੂਇ ਊ ਸਤ ॥੨੧੮॥

ਸੁਭਾਗੀ ਹੈ ਉਹ ਅੱਖ ਜਿਸ ਨੇ ਪਿਆਰ ਦਾ ਮੁੱਖੜਾ ਵੇਖ ਲਿਆ,
ਦੋਹਾਂ ਜਹਾਨਾਂ ਦੀ ਅੱਖ ਦੀ ਪੁਤਲੀ ਉਸ ਦੇ ਵੱਲ ਹੀ ਲੱਗੀ ਹੋਈ ਹੈ।

ਈਂ ਜਹਾਨੋ ਆਂ ਜਹਾਂ ਅਜ਼ ਹੱਕ ਪੁਰ ਅਸਤ
ਲੇਕ ਮਰਦਿ ਹੱਕ ਬ-ਆਲਮ ਕਮਤਰ ਅਸਤ ॥੨੧੯॥

ਇਹ ਜਹਾਨ ਤੇ ਉਹ ਜਹਾਨ ਸੱਚ ਨਾਲ ਭਰਪੂਰ ਹਨ,
ਪਰ ਰੱਬ (ਸਤਿ) ਦੇ ਭਗਤ ਇਸ ਦੁਨੀਆਂ ਵਿਚ ਵਿਰਲੇ ਹੀ ਹਨ।

ਹਰ ਕਸੇ ਕੂ ਬ-ਖ਼ੁਦਾ ਹਮਰੰਗ ਸ਼ੁਦ
ਵਸਫ਼ਿ ਊ ਦਰ ਮੁਲਕਿ ਰੂਮੋ ਜ਼ੰਗ ਸ਼ੁਦ ॥੨੨੦॥

ਜੋ ਕੋਈ ਰੱਬ ਨਾਲ ਇਕ ਮਿਕ ਹੋ ਗਿਆ,
ਉਸ ਦਾ ਜਸ ਰੂਮ ਅਤੇ ਹਬਸ਼ ਦੇਸ਼ਾਂ ਤਕ ਫੈਲ ਗਿਆ।

**ਮਾਅਨੀਇ ਯਕਰੰਗੀ ਆਮਦ ਸ਼ੌਕਿ ਹੱਕ**
**ਬੰਦਾ ਰਾ ਆਰਾਮ ਅੰਦਰ ਜ਼ੌਕਿ ਹੱਕ ॥੨੨੧॥**

ਰੱਬ ਦੇ ਸਰੂਪ ਵਿਚ ਸਮਾ ਜਾਣਾ ਹੀ ਰੱਬ ਦਾ ਪ੍ਰੇਮ ਹੈ,
ਰੱਬ ਦੇ ਪ੍ਰੇਮ ਵਿਚ ਹੀ ਬੰਦੇ ਨੂੰ ਸਦੀਵੀ ਸੁੱਖ ਹੈ।

**ਊ ਬਰੰਗਿ ਸਾਹਿਬੀ ਬਾ ਇਜ਼ੋ ਜਾਹ**
**ਮਾ ਬਾਰੰਗਿ ਬੰਦਗੀ ਅੰਦਰ ਪਨਾਹ ॥੨੨੨॥**

ਉਹ ਸਾਹਿਬਿ ਦੇ ਰੰਗ ਵਿਚ ਮਾਨ ਸਤਿਕਾਰ ਵਾਲਾ ਹੈ,
ਅਸੀਂ ਬੰਦਗੀ ਦੇ ਰੰਗ ਵਿਚ ਉਸ ਦੀ ਸ਼ਰਨ ਲਈ ਹੈ।

**ਊ ਬਰੰਗਿ ਸਾਹਿਬਿ ਫਰਮਾਂ ਰਵਾ**
**ਮਾ ਬਰੰਗਿ ਬੰਦਗੀ ਨਿਜ਼ਦਸ਼ ਗਦਾ ॥੨੨੩॥**

ਉਹ ਸਾਹਿਬਿ ਦੇ ਰੰਗ ਵਿਚ ਸੰਸਾਰ ਦਾ ਬਾਦਸ਼ਾਹ ਹੈ,
ਅਸੀਂ ਬੰਦਗੀ ਦੇ ਰੰਗ ਵਿਚ ਉਸ ਦੇ ਸਾਹਮਣੇ ਭਿਖਾਰੀ ਹਾਂ।

**ਊ ਬਰੰਗਿ ਸਾਹਿਬੀ ਦਾਰਦ ਨਜ਼ਰ**
**ਬੰਦਾ ਰਾ ਅਜ਼ ਬੰਦਗੀ ਬਾਸ਼ਦ ਖ਼ਬਰ ॥੨੨੪॥**

ਉਹ ਸਾਹਿਬਿ ਦੇ ਰੰਗ ਵਿਚ ਸਾਡੀ ਪ੍ਰਿਤਪਾਲਣਾ ਕਰਦਾ ਹੈ,
ਬੰਦੇ ਨੂੰ ਬੰਦਗੀ ਨਾਲ ਹੀ ਉਸ ਦਾ ਪਤਾ ਲੱਗਦਾ ਹੈ।

**ਉਮਰ ਹਾ ਜੋਯਾਇ ਈਂ ਦੌਲਤ ਸ਼ੁਦੰਦ**
**ਸਾਲਹਾ ਮੁਸ਼ਤਾਕਿ ਈਂ ਸੁਹਬਤ ਸ਼ੁਦੰਦ ॥੨੨੫॥**

ਉਮਰਾਂ ਭਰ ਉਹ ਅਜਿਹੀ ਦੌਲਤ ਨੂੰ ਢੂੰਡਦੇ ਰਹੇ,
ਸਾਲਾਂ ਬੱਧੀ ਉਹ ਅਜਿਹੀ ਸੰਗਤ ਦੇ ਇੱਛਾਵਾਨ ਰਹੇ।

**ਹਰ ਕਸੇ ਰਾ ਜ਼ੱਰਾ ਜ਼ਾਂ ਬਾਸ਼ਦ ਨਸੀਬ**
**ਆਂ ਬਖ਼ੂਬੀ ਗਸ਼ਤ ਖ਼ੁਦਰਸ਼ੀਦਿ ਨਜੀਬ ॥੨੨੬॥**

ਜਿਸ ਕਿਸੇ ਨੂੰ ਉਹ ਦੌਲਤ ਦਾ ਇਕ ਜ਼ੱਰਾ ਵੀ ਪ੍ਰਾਪਤ ਹੋ ਗਿਆ,
ਉਹ ਸਹਿਜੇ ਹੀ ਇਕ ਵਚਿਤ੍ਰ ਸੂਰਜ ਬਣ ਗਿਆ।

**ਗ਼ੈਰ ਊ ਯਾਅਨੀ ਜ਼ਿ ਹੱਕ ਗ਼ਫ਼ਲਤ ਬਵਦ**
**ਯਾਦਿ ਊ ਸਰਮਾਯਾਇ ਦੌਲਤ ਬਵਦ ॥੨੨੭॥**

ਉਸ ਰੱਬ (ਸੱਚ) ਤੋਂ ਬਿਨਾਂ ਸਭ ਗ਼ਫ਼ਲਤ ਹੈ,
ਉਸ ਰੱਬ ਦੀ ਯਾਦ ਭਾਗਾਂ (ਵਾਲਿਆਂ) ਦਾ ਵੱਡਾ ਸਰਮਾਇਆ ਹੈ।

**ਦੀਦਨਿ ਹੱਕ ਤਾ ਮੁਯੱਸਰ ਮੀ-ਸ਼ਵਦ**
**ਸੁਹਬਤਿ ਮਰਦਾਂ ਤਅਸੁਰ ਮੀ-ਸ਼ਵਦ ॥੨੨੮॥**

ਰੱਬ ਦੇ ਦਰਸ਼ਨ ਤਾਂ ਪ੍ਰਾਪਤ ਹੁੰਦੇ ਹਨ,
ਜੇਕਰ ਗੁਰਮੁਖਾਂ ਦੀ ਸੰਗਤ ਦਾ ਅਸਰ ਹੋ ਜਾਵੇ।

ਹਰਫ਼ਿ ਹੱਕ ਦਰ ਦਿਲ ਅਗਰ ਮਾਵਾ ਕੁਨਦ
ਦਰ ਬੁਨਿ ਹਰ ਮੂਇ ਊ ਹੱਕ ਜਾ ਕੁਨਦ ॥੨੨੯॥

ਜੇਕਰ ਸੱਚ ਦਾ ਇਕ ਹਰਫ਼ ਵੀ ਦਿਲ ਵਿਚ ਘਰ ਕਰ ਜਾਏ,
ਤਾਂ ਉਸ ਦੇ ਵਾਲਾਂ ਦੀ ਹਰ ਜੜ੍ਹ ਤਕ ਸੱਚ ਹੀ ਸੱਚ ਸਮਾ ਜਾਂਦਾ ਹੈ।

ਹਰ ਕਿ ਖ਼ੁਦ ਰਾ ਸੂਇ ਹੱਕ ਮੀ-ਆਦਰਸ਼
ਅਜ਼ ਰੁਖ਼ਿ ਊ ਨੂਰਿ-ਹੱਕ ਮੀ-ਬਾਰਦਸ਼ ॥੨੩੦॥

ਜੋ ਕੋਈ ਵੀ ਆਪਣੇ ਆਪ ਨੂੰ ਰੱਬ ਦੇ ਰਾਹ ਲਿਆਉਂਦਾ ਹੈ,
ਉਸ ਦੇ ਮੁਖੜੇ ਤੋਂ ਰੱਬ ਦਾ ਨੂਰ ਵਰ੍ਹਦਾ ਹੈ।

ਈਂ ਹਮਾ ਫ਼ੈਜ਼ ਅਜ਼ ਤੁਫ਼ਲਿ ਸੁਹਬਤ ਅਸਤ
ਸੁਹਬਤਿ ਮਰਦਾਨਿ ਹੱਕ ਖ਼ੁਸ਼ ਦੌਲ਼ਤ ਅਸਤ ॥੨੩੧॥

ਇਹ ਸਭ ਮਿਹਰ ਅਤੇ ਬਖ਼ਸ਼ਿਸ਼ ਉਨ੍ਹਾਂ ਦੀ ਸੰਗਤ ਦੀ ਹੈ,
ਰੱਬ ਦੇ ਪਿਆਰਿਆਂ ਦੀ ਸੰਗਤ ਇਕ ਵੱਡੀ ਦੌਲਤ ਹੈ।

ਹੀਚ ਕਸ ਅਜ਼ ਹਾਲਿ ਸ਼ਾਂ ਆਗਾਹ ਨੀਸਤ
ਹਰ ਕਿਹ ਓ ਮਿਹ ਰਾ ਦਰਾਂਜਾ ਰਾਹ ਨੀਸਤ ॥੨੩੨॥

ਕੋਈ ਵੀ ਉਨ੍ਹਾਂ ਗੁਰਮੁਖਾਂ ਦੀ ਅਵਸਥਾ ਤੋਂ ਵਾਕਫ਼ ਨਹੀਂ,
ਹਰ ਛੋਟੇ ਮੋਟੇ ਦੀ ਉਥੋਂ ਤਕ ਪਹੁੰਚ ਨਹੀਂ।

ਦਰ ਨਜ਼ਰ ਆਇੰਦ ਚੂੰ ਜ਼ਾਤਿ ਅਲਾਹ
ਦਰ ਹਕੀਕਤ ਹਰ ਦੋ ਆਲਮ ਅਪਨਾਹ ॥੨੩੩॥

ਵੇਖਣ ਵਿਚ ਉਹ ਰੱਬ ਦੀ ਜ਼ਾਤ ਦਾ ਰੂਪ ਹਨ,
ਅਸਲ ਵਿਚ ਉਹ ਦੋਹਾਂ ਜਹਾਨਾਂ ਲਈ ਪਨਾਹ ਹਨ।

ਦਰ ਕਸਬ ਬਾਸ਼ੰਦ ਆਜ਼ਾਦ ਅਜ਼ ਕਸਬ
ਉਮਰ ਗੁਜ਼ਰਾਨੰਦ ਅੰਦਰ ਯਾਦਿ ਰੱਬ ॥੨੩੪॥

ਉਹ ਆਪਣਾ ਕਿੱਤਾ ਕਰਦੇ ਹੋਏ ਵੀ ਕਿਰਤ ਤੋਂ ਆਜ਼ਾਦ ਹਨ,
ਉਹ ਆਪਣੀ ਆਯੂ ਰੱਬ ਦੀ ਯਾਦ ਵਿਚ ਲੰਘਾਂਦੇ ਹਨ।

ਖ਼ੇਸ਼ ਰਾ ਚੂੰ ਮੂਰ ਬਿਸ਼ਨਾਸੰਦ ਸ਼ਾਂ
ਦਰ ਹਕੀਕਤ ਬਿਹਤਰ ਅਜ਼ ਪੀਲਿ ਦਮਾਂ ॥੨੩੫॥

ਉਹ ਆਪਣੇ ਆਪ ਨੂੰ ਕੀੜੀ ਸਮਾਨ ਸਮਝਦੇ ਹਨ,
ਅਸਲ ਵਿਚ ਭਾਵੇਂ ਉਹ ਭਿਆਨਕ ਹਾਥੀ ਨਾਲੋਂ ਵੀ ਜ਼ੋਰ ਵਾਲੇ ਹਨ।

ਹਰ ਚਿ ਮੀ-ਬੀਨੀ ਹਮਾ ਹੈਰਾਨਿ ਸ਼ਾਂ
ਸ਼ਾਨਿ ਸ਼ਾਂ ਬਿਹਤਰ ਬਵੱਦ ਅਜ਼ ਇਮਤਿਹਾਂ ॥੨੩੬॥

ਜੋ ਕੁਝ ਵੀ ਤੂੰ ਵੇਖਦਾ ਹੈਂ, ਇਹ ਸਭ ਉਨ੍ਹਾਂ ਤੇ ਹੈਰਾਨ ਹਨ,
ਉਨ੍ਹਾਂ ਦੀ ਸ਼ਾਨ ਇਮਤਿਹਾਨ ਤੋਂ ਵਡੇਰੀ ਹੈ।

ਸੁਹਬਤਿ ਮਰਦਾਨਿ ਹੱਕ ਬਾਸ਼ਦ ਕਰਮ
ਦੌਲਤੇ ਕਆਂ ਰਾ ਨ-ਬਾਸ਼ਦ ਹੀਚ ਗ਼ਮ ॥੨੩੭॥

ਰੱਬ ਦੇ ਪਿਆਰਿਆਂ ਦੀ ਸੰਗਤ ਇਕ ਵੱਡੀ ਬਖ਼ਸ਼ਿਸ਼ ਹੈ,
ਅਜਿਹੀ ਦੌਲਤ ਅਤੇ ਨੇਕ ਬਖ਼ਤੀ ਨੂੰ ਕੋਈ ਚਿੰਤਾ ਗ਼ਮ ਨਹੀਂ।

**ਖ਼ੁਦ ਬਜ਼ੁਰਗੋ ਹਰ ਕਸੇ ਬਾ ਸ਼ਾਂ ਨਿਸ਼ਸਤ**
**ਊ ਬਜ਼ੁਰਗੀ ਯਾਫ਼ਤ ਤਾਂ ਹਰ ਜਾ ਕਿ ਹਸਤ ॥੨੩੮॥**

ਉਹ ਆਪ ਬਹੁਤ ਉਚੇਰੇ ਅਤੇ ਵਡੇਰੇ ਹਨ, ਤੇ ਜਿਸ ਨੇ ਵੀ,
ਉਨ੍ਹਾਂ ਦੀ ਸੰਗਤ ਕੀਤੀ, ਉਸ ਨੇ ਹਰ ਥਾਂ ਵਡਿਆਈ ਪਾਈ।

**ਹਰ ਕਸੇ ਕੂ ਖ਼ੇਸ਼ ਰਾ ਬਿਸ਼ਨਾਖ਼ਤਾ**
**ਦਰ ਤਰੀਕਿ ਬੰਦਗੀ ਪਰਦਾਖ਼ਤਾ ॥੨੩੯॥**

ਜਿਸ ਕਿਸੇ ਨੇ ਆਪਣੇ ਅਸਲੇ ਨੂੰ ਪਛਾਣ ਲਿਆ,
ਸਮਝੋ ਉਸ ਨੇ ਬੰਦਗੀ ਦਾ ਮਾਰਗ ਫੜ੍ਹ ਲਿਆ।

**ਈਂ ਜ਼ਮੀਨੋ ਆਸਮਾਂ ਪੁਰ ਅਜ਼ ਖ਼ੁਦਾ-ਸਤ**
**ਆਲਮੇ ਹਰ ਸੂ ਦਵਾਂ ਕਆਂ ਸ਼ਹਿ ਕੁਜਾ-ਸਤ ॥੨੪੦॥**

ਇਹ ਧਰਤੀ ਅਤੇ ਆਸਮਾਨ ਰੱਬ ਨਾਲ ਭਰਪੂਰ ਹਨ।
ਪਰ ਇਹ ਸੰਸਾਰ ਹਰ ਪਾਸੇ ਭੱਜਾ ਫਿਰਦਾ ਹੈ ਕਿ ਉਹ ਰੱਬ ਕਿੱਥੇ ਹੈ।

**ਦੀਦਾ ਬਰ ਦੀਦਾਰਿ ਹੱਕ ਗਰ ਮੁਬਤਲਾ-ਸਤ**
**ਹਰ ਚਿਹ ਮੀ ਬੀਨੀ ਬਚਸ਼ਮਤ ਹਕ-ਨੁਮਾ-ਸਤ ॥੨੪੧॥**

ਜੇਕਰ ਅੱਖਾਂ ਰੱਬ ਦੇ ਦੀਦਾਰ ਤੇ ਲੱਗ ਜਾਣ,
ਫਿਰ ਜੋ ਕੁਝ ਵੀ ਤੈਨੂੰ ਦਿੱਸੇਗਾ, ਉਹ ਰੱਬ ਦਾ ਦਰਸ਼ਨ ਹੀ ਹੋਵੇਗਾ।

**ਹਰ ਕਿ ਸ਼ਾਂ ਰਾ ਦੀਦ ਹਕ ਰਾ ਦੀਦਾ ਅਸਤ**
**ਊ ਤਰੀਕਿ ਬੰਦਗੀ ਫ਼ਹਿਮੀਦਾ ਅਸਤ ॥੨੪੨॥**

ਜਿਸ ਨੇ ਉਨ੍ਹਾਂ (ਗੁਰਮੁਖਾਂ) ਨੂੰ ਵੇਖ ਲਿਆ, ਸਮਝੋ ਉਸ ਨੇ ਰੱਬ ਦੇ ਦਰਸ਼ਨ ਕਰ ਲਏ, ਅਤੇ ਉਸ ਨੇ ਬੰਦਗੀ ਦਾ ਰਾਹ ਅਨੁਭਵ ਕਰ ਲਿਆ।

**ਤਰਜ਼ਿ ਯਕ-ਰੰਗੀ ਅਜਬ ਰੰਗ ਆਰਦਸ਼**
**ਕਜ਼ ਬਦਨ ਨੂਰਿ ਖ਼ੁਦਾ ਮੀ-ਬਾਰ ਦਸ਼ ॥੨੪੩॥**

ਇਹ ਅਕਾਲ ਪੁਰਖ ਦੀ ਪ੍ਰੇਮਾਰੀਤੀ ਅਜਬ ਰੰਗ ਲਿਆਉਂਦੀ ਹੈ,
ਅਜਿਹੀ ਪ੍ਰੇਮਾ-ਭਗਤੀ ਦੇ ਅੰਗ ਅੰਗ ਵਿਚੋਂ ਰੱਬ ਦੇ ਨੂਰ ਦੀ ਬਰਖਾ ਹੁੰਦੀ ਹੈ।

**ਊ ਬਰੰਗਿ ਸਾਹਿਬੀ ਈਂ ਹਸਤੋ ਬੂਦ**
**ਬੰਦਗੀ ਦਾਇਮ ਬ-ਆਦਾਬ ਸਜੂਦ ॥੨੪੪॥**

ਉਹ ਇਸ ਮਾਯਾ ਦਾ ਸਾਹਿਬ ਹੈ, ਇਹ ਉਸੇ ਦਾ ਹੀ ਰੂਪ ਹੈ,
ਸਤਿਕਾਰ ਅਤੇ ਸਿਜਦਿਆਂ ਸਹਿਤ ਉਸੇ ਦੀ ਬੰਦਗੀ ਸਦਾ ਸ਼ੋਭਦੀ ਹੈ।

**ਊ ਬਰੰਗਿ ਸਾਹਿਬੀ ਅਰਸ਼ਾਦਿ ਊ**
**ਬੰਦਗੀ ਤਾ ਸਰ ਕਦਮ ਬੁਬਯਾਦਿ ਊ ॥੨੪੫॥**

ਉਹ ਹੀ ਸਾਹਿਬ ਦਾ ਰੂਪ ਹੈ ਤੇ ਉਸੇ ਦਾ ਹੀ ਹੁਕਮ ਹੈ,
ਸਿਰ ਤੋਂ ਪੈਰਾਂ ਤਕ ਦੀ ਬੰਦਗੀ ਹੀ ਉਸੇ ਤੋਂ ਹੈ।

ਸਾਹਿਬੇ ਬਾ ਸਾਹਿਬਾਂ ਜ਼ੇਬਦ ਮੁਦਾਮ
ਬੰਦਾ ਰਾ ਦਰ ਬੰਦਗੀ ਬਾਸ਼ਦ ਕਿਆਮ ॥੨੪੬॥

ਸਾਹਿਬ ਸਾਹਿਬਾਂ ਨਾਲ ਹੀ ਸਦਾ ਸ਼ੋਭਦਾ ਹੈ,
ਬੰਦੇ ਨੂੰ ਬੰਦਗੀ ਵਿਚ ਹੀ ਟਿਕਿਆ ਰਹਿਣਾ ਚਾਹੀਦਾ ਹੈ।

ਸਾਹਿਬਾਂ ਰਾ ਸਾਹਿਬੀ ਬਾਸ਼ਦ ਸ਼ੁਆਰ
ਬੰਦਾ ਰਾ ਦਰ ਬੰਦਗੀ ਫ਼ਸਲਿ ਬਹਾਰ ॥੨੪੭॥

ਸਾਹਿਬਾਂ ਦਾ ਸੁਭਾਵ ਸਾਹਿਬੀ (ਵਡਿਆਈ) ਕਰਨਾ ਹੈ,
ਬੰਦੇ ਨੂੰ ਬੰਦਗੀ ਵਿਚ ਹੀ ਬਸੰਤ ਦੀ ਰੁੱਤ ਹੈ।

ਸਾਹਿਬਾਂ ਰਾ ਸਾਹਿਬੀ ਦਾਇਮ ਬਵਦ
ਬੰਦਾ ਹਮ ਹਰ ਬੰਦਗੀ ਕਾਇਮ ਬਵਦ ॥੨੪੮॥

ਸਾਹਿਬਾਂ ਦੀ ਵਡਿਆਈ ਸਦੀਵੀ ਹੁੰਦੀ ਹੈ,
ਬੰਦੇ ਦੀ ਬੰਦਗੀ ਵੀ ਸਦਾ ਕਾਇਮ ਰਹਿੰਦੀ ਹੈ।

ਅਜ਼ ਬਰਾਇ ਆਂ ਕਿ ਤੂ ਸਰ-ਗਸ਼ਤਾਈ
ਅਜ਼ ਪਏ ਦੁਨੀਆਂ ਜ਼ਿ ਹੱਕ ਬਰ-ਗਸ਼ਤਾਈ ॥੨੪੯॥

ਤੂੰ ਇਸ ਲਈ ਉਸ ਤੋਂ ਮੂੰਹ ਫੇਰ ਲਿਆ ਹੈ (ਕੁਰਾਹੇ ਪੈ ਗਿਆ ਹੈਂ),
ਕਿ ਮਾਯਾ ਦੀ ਖ਼ਾਤਰ ਤੂੰ ਰੱਬ ਤੋਂ ਮੂੰਹ ਮੋੜ ਲਿਆ ਹੈ।

ਦੌਲਤਿ ਗੀਤੀ ਨ ਬਾਸ਼ਦ ਪਾਇਦਾਰ
ਯੱਕ ਨਫ਼ਸ ਖ਼ੁਦ ਰਾ ਬਸੂਇ ਹੱਕ ਬਿਆਰ ॥੨੫੦॥

ਦੁਨੀਆਂ ਦੀ ਦੌਲਤ ਸਦਾ ਰਹਿਣ ਵਾਲੀ ਨਹੀਂ,
(ਇਸ ਲਈ) ਤੂੰ ਛਿਨ ਪਲ ਲਈ ਤਾਂ ਰੱਬ ਵੱਲ ਆਪਣੇ ਆਪ ਨੂੰ ਮੋੜ।

ਚੂੰ ਦਿਲਿ ਤੂ ਮਾਇਲਿ ਯਾਦਿ ਖ਼ੁਦਾ-ਸਤ
ਆਂ ਖ਼ੁਦਾਇ ਪਾਕ ਕੈ ਅਜ਼ ਤੂ ਜੁਦਾ-ਸਤ ॥੨੫੧॥

ਜਦ ਤੇਰਾ ਦਿਲ ਰੱਬ ਦੀ ਯਾਦ ਵੱਲ ਝੁਕਿਆ,
ਫਿਰ ਉਹ ਪਾਕ ਪਰਵਰਦਗਾਰ ਤੈਥੋਂ ਕਦ ਵੱਖ ਹੈ?

ਗਰ ਤੂ ਗ਼ਾਫ਼ਿਲ-ਬਾਸ਼ੀ ਅਜ਼ ਫ਼ਿਕਰਿ ਬੁਲੰਦ
ਤੂ ਕੁਜਾ ਓ ਊ ਕੁਜਾ ਐ ਹੋਸ਼ਮੰਦ ॥੨੫੨॥

ਜੇ ਤੂੰ ਰੱਬ ਦੇ ਉੱਚ ਧਿਆਨ ਤੋਂ ਬੇਪਰਵਾਹ ਰਿਹਾ,
ਤਾਂ, ਹੇ ਹੋਸ਼ ਵਾਲੇ, ਤੇਰਾ ਤੇ ਰੱਬ ਦਾ ਮੇਲ ਕਿਹਾ (ਤੂੰ ਕਿੱਥੇ ਅਤੇ ਉਹ ਕਿੱਥੇ)?

ਯਾਦਿ ਊ ਦਰਦਿ ਦੋ ਆਲਮ ਰਾ ਦਵਾ-ਸਤ
ਯਾਦਿ ਊ ਹਰ ਗੁਮ-ਸ਼ੁਦਾ ਰਾ ਰਾਹਨੁਮਾ ਸਤ ॥੨੫੩॥

ਉਸ ਦੀ ਯਾਦ ਦੋਹਾਂ ਜਹਾਨਾਂ ਦੇ ਦਰਦਾਂ ਦੀ ਦਵਾਈ ਹੈ,
ਉਸ ਦੀ ਯਾਦ ਹਰ ਭੁੱਲੜ ਨੂੰ ਰਾਹ ਦੱਸਣ ਵਾਲੀ ਹੈ।

ਯਾਦਿ ਊ ਈਂ ਜੁਮਲਾ ਰਾ ਲਾਜ਼ਮ ਬਵਦ
ਹਰ ਕਿ ਗ਼ਾਫ਼ਿਲ ਸ਼ੁਦ ਅਜ਼ੋ ਮੁਲਜ਼ਮ ਸ਼ਵਦ ॥੨੫੪॥

ਉਸ ਦੀ ਯਾਦ ਸਭਨਾਂ ਲਈ ਜ਼ਰੂਰੀ ਹੈ,
ਉਹ ਦੀ ਯਾਦ ਨੂੰ ਭੁੱਲ ਜਾਣ ਵਾਲਾ ਦੋਸ਼ੀ ਹੈ।

**ਯਾ ਇਲਾਹੀ ਬੰਦਾ ਰਾ ਤੌਫ਼ੀਕ ਦਿਹ,**
**ਤਾ ਬ-ਯਾਦਤ ਬਿਗੁਜ਼ਰਦ ਈਂ ਉਮਰ ਬਿਹ ॥੨੫੫॥**

ਹੇ ਅਕਾਲ ਪੁਰਖ! ਇਸ ਬੰਦੇ ਨੂੰ ਅਜਿਹੀ ਹਿੰਮਤ ਬਖ਼ਸ਼,
ਤਾਂ ਜੋ ਇਹ ਉਮਰ ਤੇਰੀ ਯਾਦ ਵਿਚ ਭਲੀ ਗੁਜ਼ਾਰੇ।

**ਉਮਰ ਆਂ ਬਾਸ਼ਦ ਕਿ ਦਰ ਯਾਦਿ ਖ਼ੁਦਾ**
**ਬਿਗੁਜ਼ਰਦ ਦੀਗਰ ਨ-ਬਾਸ਼ਦ ਮੁਦਆ ॥੨੫੬॥**

ਉਮਰ ਓਹੀ ਹੀ ਹੈ, ਜੋ ਰੱਬ ਦੀ ਯਾਦ ਵਿਚ ਗੁਜ਼ਰੇ,
ਜੋ ਇਸ ਤੋਂ ਬਿਨਾਂ ਗੁਜ਼ਰੇ, ਬਿਅਰਥ ਹੈ।

**ਮੁਦਆ ਬਿਹਤਰ ਜੁਜ਼ ਯਾਦ ਨੀਸਤ**
**ਗ਼ੈਰ ਯਾਦਸ਼ ਈਂ ਦਿਲਿ ਮਾ ਸ਼ਾਦ ਨੀਸਤ ॥੨੫੭॥**

ਰੱਬ ਦੀ ਯਾਦ ਨਾਲੋਂ ਹੋਰ ਕੋਈ ਮਨੋਰਥ ਚੰਗੇਰਾ ਨਹੀਂ,
ਰੱਬ ਦੀ ਯਾਦ ਬਿਨਾਂ ਸਾਡਾ ਚਿੱਤ ਪ੍ਰਸੰਨ ਨਹੀਂ ਹੋ ਸਕਦਾ।

**ਸ਼ਾਦੀਇ ਦਾਇਮ ਬਵਦ ਯਾਦਿ ਖ਼ੁਦਾ**
**ਐ ਜ਼ਿਹੇ ਦੌਲਤ ਕਿ ਬਾਸ਼ਦ ਰਾਹਨੁਮਾ ॥੨੫੮॥**

ਰੱਬ ਦੀ ਯਾਦ ਵਿਚ ਸਦੀਵੀ ਖ਼ੁਸ਼ੀ ਹੁੰਦੀ ਹੈ,
ਕਿੰਨੇ ਚੰਗੇ ਭਾਗ ਹਨ ਕਿ ਇਹ ਸਾਨੂੰ ਰਾਹ ਵਿਖਾਉਂਦੀ ਹੈ।

**ਗਰ ਚਿ ਹੱਕ ਦਰ ਜੁਮਲਾਇ ਦਿਲਹਾ ਬਵਦ**
**ਲੇਕ ਆਰਿਫ਼ ਸਾਹਿਬਿ ਈਮਾਂ ਬਵਦ ॥੨੫੯॥**

ਭਾਵੇਂ ਉਹ ਰੱਬ (ਸੱਚ) ਸਾਰਿਆਂ ਦਿਲਾਂ ਵਿਚ ਵਸਦਾ ਹੈ,
ਪਰ ਇਕ ਗਿਆਨਵਾਨ ਹੀ ਸਿਦਕ ਈਮਾਨ ਦਾ ਬੰਦਾ ਹੁੰਦਾ ਹੈ।

**ਚਸ਼ਮਿ ਆਰਿਫ਼ ਕਾਬਲਿ ਦੀਦਾਰ ਹਸਤ**
**ਮਰਦਿ ਆਰਿਫ਼ ਵਾਕਿਫ਼ਿ ਅਸਰਾਰ ਹਸਤ ॥੨੬੦॥**

ਗਿਆਨਵਾਨ ਦੀ ਅੱਖ ਹੀ ਰੱਬ ਦੇ ਦੀਦਾਰ ਯੋਗ ਹੈ,
ਗਿਆਨਵਾਨ ਦਾ ਦਿਲ ਹੀ ਰੱਬ ਦੇ ਭੇਤਾਂ ਤੋਂ ਵਾਕਫ਼ ਹੁੰਦਾ ਹੈ।

**ਸੁਹਬਤਿ ਮਰਦਾਨਿ ਹੱਕ ਰਾ ਦੂਸਤ ਦਾਰ**
**ਤਾ ਤੂ ਹਮ ਗਰਦੀ ਜ਼ਿ ਯਮਨਸ਼ ਰੁਸਤਗਾਰ ॥੨੬੧॥**

ਤੂੰ ਸਦਾ ਰੱਬ ਦੇ ਭਗਤਾਂ ਦੀ ਸੰਗਤ ਕਰ,
ਤਾਂ ਜੋ ਤੂੰ ਉਸ ਦੀ ਬਰਕਤ ਸਦਕਾ ਮੁਕਤ ਹੋ ਜਾਵੇਂ।

**ਹਰ ਚਿਹ ਹਸਤ ਅਜ਼ ਸੁਹਬਤਿ ਈਸ਼ਾਂ ਬਵਦ**
**ਜ਼ਾਂ ਕਿ ਜਿਸਮੋ ਜਾ ਸਰਾਪਾ ਜਾਂ ਬਵਦ ॥੨੬੨॥**

ਜੋ ਕੁਝ ਵੀ ਇਹ ਦਿੱਸਦਾ ਹੈ, ਇਹ ਉਨ੍ਹਾਂ ਦੀ ਸੰਗਤ ਕਰਕੇ ਹੈ,
ਕਿਉਂ ਜੋ ਇਹ ਸਰੀਰ ਅਤੇ ਜਾਨ ਸਭ ਉਸੇ ਦੀ ਆਤਮਾ ਹੈ।

ਮੁਰਦੁਮਾਨਿ ਦੀਦਾ ਰੋਸ਼ਨ ਸ਼ੁਦ ਅਜ਼ੋ
ਖ਼ਾਕਿ ਜਿਸਮਮ ਜੁਮਲਾ ਗੁਲਸ਼ਨ ਸ਼ੁਦ ਅਜ਼ੋ ॥੨੬੩॥

ਅੱਖ ਦੀਆਂ ਪੁਤਲੀਆਂ ਉਨ੍ਹਾਂ ਦੀ ਇਸ ਸੰਗਤ ਕਾਰਨ ਹੀ ਰੋਸ਼ਨ ਹਨ,
ਮੇਰੇ ਸਰੀਰ ਦੀ ਮਿੱਟੀ ਇਸ ਕਾਰਨ ਸਾਰੀ ਗੁਲਜ਼ਾਰ ਬਣ ਗਈ।

ਐ ਜ਼ਹੇ ਸੁਹਬਤ ਕਿ ਖ਼ਾਕ ਅਕਸੀਰ ਕਰਦ
ਨਾਕਸੇ ਰਾ ਸਾਹਿਬਿ ਤਦਬੀਰ ਕਰਦ ॥੨੬੪॥

ਵੱਡ ਭਾਗੀ ਹੈ ਉਹ ਸੰਗਤ, ਜਿਸ ਨੇ ਮਿੱਟੀ ਨੂੰ ਅਕਸੀਰ ਬਣਾ ਦਿੱਤਾ,
ਅਤੇ ਹਰ ਨਾਚੀਜ਼ ਨੂੰ ਸੂਝਵਾਨ ਬਣਾ ਦਿੱਤਾ।

ਗੋਹਰੋ ਲਾਲੋ ਜਵਾਹਰ ਪੇਸ਼ਿ ਸ਼ਾਂ
ਹਰ ਦੂਮੇ ਕੂ ਬਿਗੁਜ਼ਰਦ ਦਰ ਯਾਦਿ ਆਂ ॥੨੬੫॥

ਹਰ ਪਲ ਛਿਨ ਜਿਹੜਾ ਉਸ ਦੀ ਯਾਦ ਵਿਚ ਗੁਜ਼ਰਦਾ ਹੈ,
ਉਸ ਲਈ ਮੋਤੀ, ਲਾਲ ਅਤੇ ਜਵਾਹਰ ਬਣ ਜਾਂਦਾ ਹੈ।

ਈਂ ਜਵਾਹਰ-ਹਾ ਹਮਾ ਫ਼ਾਨੀ ਬਵਦ
ਯਾਦਿ ਹੱਕ ਬਰ ਬੰਦਾ ਅਰਜ਼ਾਨੀ ਬਵਦ ॥੨੬੬॥

ਇਹ ਸੰਸਾਰ ਦੇ ਲਾਲ ਜਵਾਹਰ ਸਭ ਨਾਸ਼ਵਾਨ ਹਨ,
ਰੱਬ ਦੀ ਯਾਦ ਬੰਦੇ ਲਈ ਬਹੁ-ਮੁੱਲੀ ਹੁੰਦੀ ਹੈ।

ਰਸਮਿ ਮਰਦਾਨਿ ਖ਼ੁਦਾ ਦਾਨੀ ਕਿ ਚੀਸਤ
ਫ਼ਾਰਿਗ਼ ਅੰਦ ਅਜ਼ ਕੈਦਹਾਇ ਮਰਗੋ ਜ਼ੀਸਤ ॥੨੬੭॥

ਕੀ ਤੈਨੂੰ ਪਤਾ ਹੈ? ਕਿ ਰੱਬ ਦੇ ਭਗਤਾਂ ਦੀ ਕੀ ਰਹੁ ਰੀਤੀ ਹੈ,
ਉਹ ਜਨਮ ਮਰਨ ਦੀ ਕੈਦ ਤੋਂ ਸਦਾ ਮੁਕਤ ਹਨ।

ਯਕ ਨਫ਼ਸ ਬੇ ਯਾਦਿ ਹੱਕ ਨ-ਗੁਜ਼ਾਸ਼ਤੰਦ
ਖ਼ੁਸ਼ ਆਲਮ ਬਰ ਨਹੁ ਤਬਕ ਅਫ਼ਰਾਸ਼ਤੰਦ ॥੨੬੮॥

ਉਹ ਪਲ ਭਰ ਵੀ ਰੱਬ ਦੀ ਯਾਦ ਤੋਂ ਬਿਨਾਂ ਨਹੀਂ ਗੁਜ਼ਾਰਦੇ,
ਉਹ ਆਪਣਾ ਸੁੰਦਰ (ਯਾਦ ਦਾ) ਝੰਡਾ ਨੌਵਾਂ ਅਸਮਾਨਾਂ ਓਪਰ ਝੁਲਾਉਂਦੇ ਹਨ।

ਖ਼ੈਰਖ਼ਾਹਿ ਜੁਲਗੀ ਪੈਦਾਇਸ਼ ਅੰਦ
ਜ਼ੇਬ ਬਖਸ਼ਿ ਈਂ ਹਮਾ ਆਰਾਇਸ਼ ਅੰਦ ॥੨੬੯॥

ਉਹ ਸਾਰੀ ਰਚੀ ਹੋਈ ਸ੍ਰਿਸ਼ਟੀ ਦਾ ਭਲਾ ਮੰਗਦੇ ਹਨ,
ਇਸ ਸਾਰੀ ਸਜਾਵਟ ਨੂੰ ਸੁੰਦਰਤਾ ਬਖ਼ਸ਼ਣ ਵਾਲੇ ਹਨ।

ਨਾਮਿ ਹੱਕ ਮਰਦਾਨਿ ਹੱਕ ਰਾ ਜ਼ੇਵਰ ਅਸਤ
ਚਸ਼ਮਿ ਸ਼ਾਂ ਅਜ਼ ਨੂਰਿ ਹੱਕ ਪੁਰ ਗੋਹਰ ਅਸਤ ॥੨੭੦॥

ਰੱਬ ਦੇ ਭਗਤਾਂ ਲਈ ਰੱਬ ਦਾ ਨਾਮ ਹੀ ਗਹਿਣਾ ਹੈ,
ਰੱਬ ਦੇ ਭਗਤਾਂ ਦੀ ਅੱਖ ਰੱਬ ਦੇ ਨੂਰ ਨਾਲ ਮੋਤੀਆਂ ਭਰੀ ਹੈ।

ਹਰਫ਼ਿ ਸ਼ਾਂ ਤਾਅਲੀਮਿ ਉਮਰਿ ਜਾਵਿਦਾਂ
ਯਾਦਿ ਹੱਕ ਦਾਰੰਦ ਦਾਇਮ ਬਰ ਜ਼ੁਬਾਂ ॥੨੭੧॥

ਉਨ੍ਹਾਂ ਦੇ ਬਚਨ ਅਮਰ ਜੀਵਨ ਦਾ ਪਾਠ ਹਨ,
ਉਨ੍ਹਾਂ ਦੀ ਜੀਭ ਉੱਪਰ ਸਦਾ ਰੱਬ ਦੀ ਯਾਦ ਰਹਿੰਦੀ ਹੈ।

**ਹਰ ਚਿਹ ਮੀਗੋਇੰਦ ਅਰਸ਼ਾਦਸਤੋ ਬਸ**
**ਬਰ ਨਮੀ ਆਰੰਦ ਗ਼ੈਰ ਅਜ਼ ਹੱਕ ਨਫ਼ਸ ॥੨੭੨॥**

ਉਨ੍ਹਾਂ ਦੇ ਬਚਨ ਰੱਬੀ ਹੁਕਮ ਦਾ ਦਰਜਾ ਰੱਖਦੇ ਹਨ,
ਉਨ੍ਹਾਂ ਦਾ ਇਕ ਸੁਆਸ ਵੀ ਰੱਬ ਦੀ ਯਾਦ ਬਿਨਾਂ ਨਹੀਂ ਨਿਕਲਦਾ।

**ਈਂ ਹਮਾ ਮੁਸ਼ਤਾਕਿ ਦੀਦਾਰਿ ਖ਼ੁਦਾ-ਸਤ**
**ਬੋਸਤਾਨਿ ਦਹਿਰ ਗੁਲਜ਼ਾਰਿ ਖ਼ੁਦਾ-ਸਤ ॥੨੭੩॥**

ਇਹ ਸਾਰੇ (ਰੱਬ ਦੇ ਪਿਆਰੇ) ਰੱਬ ਦੇ ਦਰਸ਼ਨਾਂ ਦੇ ਮੁਸ਼ਤਾਕ ਹਨ,
ਇਹ ਦੁਨੀ ਸੁਹਾਵਾ ਬਾਗ ਰੱਬ ਦੀ ਹੀ ਫੁਲਵਾੜੀ ਹੈ।

**ਹਰ ਕਿ ਬਾ-ਮਰਦਾਨਿ ਹੱਕ ਸ਼ੁਦ ਆਸ਼ਨਾ**
**ਸਾਇਆਇ ਉ ਬਿਹਤਰ ਅਜ਼ ਬਾਲਿ ਹੁਮਾ ॥੨੭੪॥**

ਜਿਹੜਾ ਵੀ ਰੱਬ ਦੇ ਭਗਤਾਂ ਦਾ ਦੋਸਤ ਮਿਤ੍ਰ ਬਣਿਆਂ,
ਸਮਝੋ ਉਸ ਦਾ ਪਰਛਾਵਾਂ ਹੁਮਾ ਪੰਛੀ ਦੇ ਪਰਾਂ ਨਾਲੋਂ ਵੀ ਵਧੇਰੇ ਸੁਭਾਗਾ ਹੁੰਦਾ ਹੈ।
(ਕਹਿੰਦੇ ਹਨ, ਹੁਮਾ ਪੰਛੀ ਦਾ ਪਰਛਾਵਾਂ ਜਿਸ ਉੱਤੇ ਪੈ ਜਾਵੇ ਉਹ ਬਾਦਸ਼ਾਹ ਬਣ ਜਾਂਦਾ ਹੈ)

**ਯਾਦਿ ਹੱਕ ਯਾਅਨੀ ਜ਼ਿ ਖ਼ੁਦ ਬਿਗੁਜ਼ਸ਼ਤਨ ਅਸਤ**
**ਅਜ਼ ਖ਼ਿਆਲਿ ਗ਼ੈਰਿ ਹੱਕ ਵਾਰੁਸਤਨ ਅਸਤ ॥੨੭੫॥**

ਰੱਬ ਦੀ ਯਾਦ ਸਮਝੋ ਆਪਣਾ ਆਪਾ (ਖ਼ੁਦੀ) ਛੱਡਣਾ ਹੈ,
ਰੱਬ ਦੇ ਧਿਆਨ ਤੋਂ ਬਿਨਾਂ ਹਰ ਦੂਜੀ ਚੀਜ਼ (ਦੇ ਬੰਧਨ) ਤੋਂ ਮੁਕਤ ਹੋਣਾ ਹੈ।

**ਰਸਤਗੀ ਅਜ਼ ਖੇਸ਼ਤਨ ਵਾਰਸਤਗੀ-ਸਤ**
**ਬਾ ਖ਼ੁਦਾਇ ਖੇਸ਼ਤਨ ਦਿਲ-ਬਸਤਗੀ-ਸਤ ॥੨੭੬॥**

ਆਪਣੇ ਆਪ ਤੋਂ ਮੁਕਤ ਹੋਣਾ ਹੀ ਅਸਲੀ ਮੁਕਤੀ ਹੈ,
ਆਪਣੇ ਦਿਲ ਨੂੰ ਰੱਬ ਦੀ ਪ੍ਰੀਤੀ ਵਿਚ ਬੰਨ੍ਹਣਾ ਹੀ ਮੁਕਤੀ ਹੈ।

**ਹਰ ਕਸ ਕੂ ਬਾ ਖ਼ੁਦਾ ਦਿਲ ਬਸਤਾ ਅਸਤ**
**ਊ ਜ਼ ਚਰਖ਼ਿ ਨਹੁ ਤਬਕ ਬਰ-ਜਸਤਾ ਅਸਤ ॥੨੭੭॥**

ਜਿਸ ਕਿਸੇ ਨੇ ਰੱਬ ਨਾਲ ਦਿਲ ਲਾ ਲਿਆ,
ਉਹ ਸਮਝੋ ਨੌਵਾਂ ਤਾਲਿਆਂ ਵਾਲੇ ਆਸਮਾਨ ਨੂੰ ਵੀ ਛਾਲਾਂ ਮਾਰ ਕੇ ਟੱਪ ਗਿਆ।

**ਸੁਹਬਤਿ ਦਿਲ-ਬਸਤਗਾਨਿ ਬਾ ਖ਼ੁਦਾ**
**ਕੈ ਮਯਸਰ ਆਇਦਤ ਈਂਕੀਮੀਆ ॥੨੭੮॥**

ਰੱਬ ਨਾਲ ਦਿਲ-ਜੁੜੇ ਅਜਿਹੇ ਭਗਤਾਂ ਦੀ ਸੰਗਤ,
ਸਮਝੋ ਰਸਾਇਣ ਹੈ, ਪਰ ਇਹ ਤੈਨੂੰ ਕਿਥੋਂ ਨਸੀਬ?

**ਦੀਨੋ ਦੁਨੀਆ ਹਰ ਦੋ ਹੈਰਾਂ ਮਾਂਦਾ ਅੰਦ**
**ਬਸ ਜ਼ ਹੈਰਾਨੀ ਪ੍ਰੀਸ਼ਾਂ ਮਾਂਦਾ ਅੰਦ ॥੨੭੯॥**

ਦੀਨ ਅਤੇ ਦੁਨੀਆਂ ਦੋਵੇਂ ਹੈਰਾਨ ਹਨ,
ਇਸ ਹੱਦੋਂ ਵੱਧ ਹੈਰਾਨੀ ਕਾਰਨ ਪਰੇਸ਼ਾਨ ਹਨ।

**ਹਰ ਕਿਹ ਰਾ ਈਂ ਆਰਜ਼ੂਏ ਪਾਕ ਹਸਤ**
**ਮੁਰਸ਼ਦਿ ਊ ਸਾਹਿਬਿ ਅਦਰਾਕ ਹਸਤ ॥੨੮੦॥**

ਜਦ ਕਿਸੇ ਨੂੰ ਅਜਿਹੀ ਪਵਿੱਤ੍ਰ ਅਤੇ ਰੱਬੀ ਇੱਛਾ ਹੈ,
ਉਸ ਦਾ ਗੁਰੂ ਅੰਤ੍ਰੀਵ ਗਿਆਨ ਦਾ ਮਾਲਕ ਹੈ।

**ਵਾਸਿਲਾਨਿ-ਹੱਕ ਤੁਰਾ ਵਾਸਿਲ ਕੁਨੰਦ**
**ਦੌਲਤਿ-ਜਾਵੀਦ ਰਾ ਹਾਸਿਲ ਕੁਨੰਦ ॥੨੮੧॥**

ਰੱਬ ਨਾਲ ਮਿਲ ਚੁਕੇ ਗੁਰਮੁਖ ਪਿਆਰੇ ਤੈਨੂੰ ਉਸ ਨਾਲ ਮਿਲਾ ਦਿੰਦੇ ਹਨ,
ਉਹ ਅਮਰ ਦੌਲਤ ਪ੍ਰਾਪਤ ਕਰਦੇ ਹਨ।

**ਦੌਲਤਿ ਜਾਵੀਦ ਪੇਸ਼ਿ ਆਰਿਫ਼ ਅਸਤ**
**ਈਂ ਸਖ਼ੁਨ ਮਸ਼ਹੂਰ ਬਸ ਮੁਤਆਰਿਫ਼ ਅਸਤ ॥੨੮੨॥**

ਇਕ ਗਿਆਨਵਾਨ ਲਈ ਇਹੀ ਇਕ ਅਮਰ ਪ੍ਰਾਪਤੀ ਹੈ,
ਇਹ ਕਥਨ ਆਮ ਮਸ਼ਹੂਰ ਹੈ, ਇਸ ਨੂੰ ਸਭ ਜਾਣਦੇ ਹਨ।

**ਆਰਿਫ਼ਾਨੋ ਕਾਮਿਲਾਨੋ ਵਾਸਿਲਾਂ**
**ਨਾਮਿ ਊ ਦਾਰਦ ਦਾਇਮ ਬਰ ਜ਼ੁਬਾਂ ॥੨੮੩॥**

ਗਿਆਨਵਾਨ, ਪਹੁੰਚੇ ਹੋਏ ਅਤੇ ਉਸ ਸ਼ਹੁ ਨਾਲ ਮਿਲ ਚੁੱਕੇ ਪ੍ਰੇਮੀ,
ਸਦਾ ਉਸੇ ਦਾ ਨਾਮ ਹੀ ਜਪਦੇ ਹਨ।

**ਬੰਦਗੀਇ ਸ਼ਾਂ ਬਵਦ ਜ਼ਿਕਰਿ ਖ਼ੁਦਾ**
**ਦੌਲਤਿ ਜਾਵੀਦ ਬਾਸ਼ਦ ਹੱਕ-ਨੁਮਾ ॥੨੮੪॥**

ਰੱਬ ਦਾ ਨਾਮ ਜਪਣਾ ਹੀ ਉਨ੍ਹਾਂ ਦੀ ਬੰਦਗੀ ਹੈ,
ਰੱਬ ਦੀ ਅਮਰ ਦੌਲਤ ਉਸੇ ਦਾ ਰਾਹ ਦਰਸਾਂਦੀ ਹੈ।

**ਚੂੰ ਨੁਮਾਇਦ ਦੌਲਤਿ ਜਾਵੀਦ ਰੂ**
**ਤੂ ਜ਼ ਹੱਕ ਬਾਸ਼ੀ ਵਾ ਹੱਕ ਬਾਸ਼ਦ ਜ਼ ਤੂ ॥੨੮੫॥**

ਜਦ ਅਮਰ ਦੌਲਤ ਆਪਣਾ ਮੁਖੜਾ ਵਿਖਾਵੇ,
ਤੂੰ ਰੱਬ ਦਾ ਹੋ ਗਿਆ ਅਤੇ ਰੱਬ ਤੇਰਾ ਹੋ ਗਿਆ।

**ਬਰ ਦਿਲਤ ਗਰ ਪਰਤਵੇ ਹੱਕ ਬਰਫ਼ਗੰਦ**
**ਖ਼ਾਰਿ ਹਿਜਰਤ ਰਾ ਜ਼ ਪਾਇ ਦਿਲ ਕੁਨੰਦ ॥੨੮੬॥**

ਜੇਕਰ ਦਿਲ ਤੇ ਰੱਬ ਦਾ ਪਰਛਾਵਾਂ ਪੈ ਜਾਵੇ,
ਤਾਂ ਦਿਲ ਦੇ ਪੈਰ ਵਿਚੋਂ ਸਮਝੋ, ਵਿਛੋੜੇ ਦਾ ਕੰਡਾ ਨਿਕਲ ਗਿਆ।

**ਖ਼ਾਰਿ ਹਿਜਰ ਅਜ਼ ਪਾਇ ਦਿਲ ਚੂੰ ਦੂਰ ਸ਼ੁਦ**
**ਖ਼ਾਨਾਇ ਦਿਲ ਅਜ਼ ਖ਼ੁਦਾ ਮਾਮੂਰ ਸ਼ੁਦ ॥੨੮੭॥**

ਵਿਛੋੜੇ ਦਾ ਕੰਡਾ ਜਦ ਦਿਲ ਦੇ ਪੈਰ ਤੋਂ ਨਿਕਲ ਗਿਆ,
ਤਾਂ ਦਿਲ ਦਾ ਮੰਦਰ ਰੱਬ ਨਾਲ ਵਸ ਗਿਆ।

ਹਮਚੂ ਕਤਰਾ ਕੂ ਬਦਰਿਆ ਦਰ ਫ਼ਤਾਦ
ਐਨ ਦਰਿਆ ਗਸ਼ਤੋ ਵਸਲਸ਼ ਦਸਤਦਾਦ ॥੨੮੮॥

ਉਸ ਪਾਣੀ ਦੇ ਕਤਰੇ ਵਾਂਗ, ਜਿਹੜਾ ਸਾਗਰ ਵਿਚ ਜਾ ਡਿੱਗਾ,
ਸਾਗਰ ਬਣ ਗਿਆ, [ਰੱਬ ਦੇ ਚਰਨੀਂ ਢਹਿਆ ਨੂੰ] ਰੱਬ ਦਾ ਮਿਲਾਪ ਹੋ ਗਿਆ।

ਕਤਰਾ ਚੂੰ ਸ਼ੁਦ ਬਦਰਿਆ ਆਸ਼ਨਾ
ਬਾਅਦ ਅਜ਼ਾਂ ਤਫ਼ਰੀਕ ਨਤਵਾਂ ਸ਼ੁਦ ਜ਼ ਜਾ ॥੨੮੯॥

ਜਦ ਕਤਰਾ ਸਾਗਰ ਨਾਲ ਰਲ ਗਿਆ,
ਉਸ ਪਿਛੋਂ ਉਹ ਉਸ ਤੋਂ ਅੱਡ ਨਹੀਂ ਹੋ ਸਕਦਾ।

ਕਤਰਾ ਚੂੰ ਜਾਨਿਬਿ ਦਰਿਆ ਸ਼ਤਾਫ਼ਤ
ਅਜ਼ ਰਹਿ ਤਫ਼ਰੀਕ ਖ਼ੁਦ ਰਾ ਕਤਰਾ ਯਾਫ਼ਤ ॥੨੯੦॥

ਕਤਰਾ ਜਦ ਦਰਿਆ ਵਲ ਨੂੰ ਵੇਗ ਦੌੜਿਆ,
ਵੱਖਰਾ ਹੋ ਕੇ ਉਸ ਨੂੰ ਆਪਣੇ ਇਕ ਕਤਰਾ ਹੋਣ ਦਾ ਪਤਾ ਲੱਗਾ।

ਕਤਰਾ ਰਾ ਈਂ ਦੌਲਤੇ ਚੂੰ ਦਸਤਦਾਦ
ਕਤਰਾ ਸ਼ੁਦ ਅੰਦਰ ਹਕੀਕਤ ਬਾ-ਮੁਰਾਦ ॥੨੯੧॥

ਪਰ ਜਦ ਕਤਰੇ ਨੂੰ ਇਹ ਅਮਰ ਮਿਲਾਪ ਪ੍ਰਾਪਤ ਹੋ ਗਿਆ,
ਤਾਂ ਵਾਸਤਵ ਵਿਚ ਉਸ ਦੀ ਮੁਰਾਦ ਪੂਰੀ ਹੋ ਗਈ।

ਗੁਫ਼ਤ ਮਨ ਯੱਕ ਕਤਰਾ ਆਬੀ ਬੂਦਾ ਅਮ
ਪੈਹਨਿ ਦਰਿਆ ਰਾ ਚੁਨਾਂ ਪੈਮੂਦਾ ਅਮ ॥੨੯੨॥

ਕਤਰੇ ਨੇ ਕਿਹਾ, ਮੈਂ ਭਾਵੇਂ ਇਕ ਪਾਣੀ ਦਾ ਕਤਰਾ ਸਾਂ,
ਪਰ ਮੈਂ ਸਾਗਰ ਦੀ ਚੌੜਿਤਣ ਨੂੰ ਕਿਵੇਂ ਮਿਣ ਲਿਆ ਹੈ।

ਗਰ ਮਰਾ ਦਰ ਬਾਜ਼ ਰਹਿ ਲੁਤਫ਼ਿ ਖੇਸ਼
ਵਾਸਿਲ ਖ਼ੁਦ ਕਰਦ ਅਜ਼ ਅੰਦਾਜ਼ਾ ਬੇਸ਼ ॥੨੯੩॥

ਜੇ ਮੈਨੂੰ ਸਾਗਰ ਨੇ ਅਤਿ ਕ੍ਰਿਪਾ ਸਹਿਤ ਆਪਣੇ ਨਾਲ ਲਿਆ,
ਜੇ ਉਸ ਨੇ ਵਿਤ ਤੋਂ ਬਾਹਰਾ ਮੈਨੂੰ ਆਪਣੇ ਨਾਲ ਮਿਲਾ ਲਿਆ ਹੈ।

ਹਮਚੂ ਮੌਜ ਅਜ਼ ਪੈਹਨਿ ਦਰਿਆ ਰੂ ਨਮੂਦ
ਮੌਜ ਗਸ਼ਤ ਵਾ ਕਰਦ ਦਰਿਆ ਰਾ ਸਜੂਦ ॥੨੯੪॥

ਤੇ ਉਹ ਸਾਗਰ ਦੀ ਚੌੜਿਤਣ ਵਿਚੋਂ ਇਕ ਲਹਿਰ ਵਾਂਗ ਉਠਿਆ,
ਲਹਿਰ ਬਣ ਗਿਆ, ਤੇ ਲਹਿਰ ਬਣ ਕੇ ਉਸ ਨੇ ਸਾਗਰ ਨੂੰ ਪ੍ਰਣਾਮ ਕੀਤਾ।

ਹਮ ਚੁਨਾਂ ਹਰ ਬੰਦਾ ਕੂ ਵਾਸਿਲ ਅਸਤ
ਦਰ ਤਰੀਕਿ ਬੰਦਗੀ ਬਸ ਕਾਮਿਲ ਅਸਤ ॥੨੯੫॥

ਏਸੇ ਤਰ੍ਹਾਂ ਹਰ ਉਹ ਬੰਦਾ ਜੋ ਰੱਬ ਨਾਲ ਮਿਲ ਗਿਆ,
ਬੰਦਗੀ ਦੇ ਮਾਰਗ ਉੱਪਰ ਪੂਰਨ ਹੋ ਗਿਆ।

ਮੌਜੋ ਦਰਿਆ ਗਰ ਚਿ ਦਰ ਮਾਅਨੀ ਯਕੇਸਤ
ਲੇਕ ਅੰਦਰ ਈਨੋ ਆਂ ਫ਼ਰਕੇ ਬਸੇਸਤ ॥੨੯੬॥

ਲਹਿਰ ਅਤੇ ਸਾਗਰ ਅਸਲ ਵਿਚ ਭਾਵੇਂ ਇਕੋ ਹਨ,
ਫਿਰ ਵੀ ਲਹਿਰ ਅਤੇ ਸਾਗਰ ਵਿਚ ਬੜਾ ਫ਼ਰਕ ਹੈ।

**ਮਨ ਯਕੇ ਮੌਜਮ ਤੂ ਬਹਿਰਿ ਬੇਕਰਾਂ**
**ਫ਼ਰਕ ਬਾਸ਼ਦ ਅਜ਼ ਜ਼ਮੀਨੋ ਆਸਮਾਂ ॥੨੯੭॥**

ਮੈਂ ਤਾਂ ਇਕ ਲਹਿਰ ਹਾਂ, ਤੂੰ ਅਨੰਤ ਸਾਗਰ ਹੈਂ,
ਮੇਰੇ ਅਤੇ ਤੇਰੇ ਵਿਚ ਤਾਂ ਧਰਤ ਅਤੇ ਆਕਾਸ਼ ਵਾਲਾ ਫ਼ਰਕ ਹੈ।

**ਮਨ ਨੀਅੱਮ ਈਂ ਜੁਮਲਾ ਅਜ਼ ਅਲਤਾਫ਼ਿ ਤੂ**
**ਮਨ ਯਕ ਮੌਜਮ ਜ਼ ਤਬਆਇ ਸਾਫ਼ਿ ਤੂ ॥੨੯੮॥**

ਮੈਂ ਤਾਂ ਕੁਝ ਵੀ ਨਹੀਂ, ਇਹ ਸਭ ਕੁਝ ਤੇਰੀ ਹੀ ਬਖ਼ਸ਼ਿਸ਼ ਹੈ,
ਮੈਂ ਵੀ ਤਾਂ ਤੇਰੀ ਪਵਿੱਤਰ ਪ੍ਰਕਿਰਤੀ ਦੀ ਹੀ ਇਕ ਲਹਿਰ ਹਾਂ।

**ਬਾ ਬਜ਼ੁਰਗਾਂ ਸੁਹਬਤੇ ਮੀ ਬਾਇਦਤ**
**ਅਜ਼ ਹਮਾ ਅਵੱਲ ਹਮੀਂ ਮੀ ਸ਼ਾਇਦਤ ॥੨੯੯॥**

ਤੈਨੂੰ ਮਹਾਂ ਪੁਰਖਾਂ ਦੀ ਸੰਗਤ ਦੀ ਲੋੜ ਹੈ,
ਤੈਨੂੰ ਸਭ ਤੋਂ ਪਹਿਲਾਂ ਇਸੇ ਦੀ ਲੋੜ ਹੈ।

**ਕਾਦਰਿ ਮੁਤਲਿਕ ਬਕੁਦਰਤ ਜ਼ਾਹਿਰ ਅਸਤ**
**ਦਰਮਿਆਨਿ ਕੁਦਰਤਿ ਖ਼ੁਦ ਕਾਦਰ ਅਸਤ ॥੩੦੦॥**

ਉਹ ਪੂਰਨ ਕਾਦਰ ਕੁਦਰਤ ਰਾਹੀਂ ਦਿਸਦਾ ਹੈ,
ਸਿਰਜਨ-ਹਾਰ ਆਪ ਆਪਣੀ ਕੁਦਰਤ ਵਿਚ ਵਸਦਾ ਹੈ।

**ਕਾਦਰੋ ਕੁਦਰਤ ਬਹਮ ਆਮੇਖ਼ਤੰਦ**
**ਆਂ ਮਤਾਇ ਗ਼ੈਰ ਹੱਕ ਰਾ ਰੇਖ਼ਤੰਦ ॥੩੦੧॥**

ਕਾਦਰ ਅਤੇ ਕੁਦਰਤ ਇਕ ਮਿਕ ਹੋਏ ਹਨ,
ਮਹਾਂ ਪੁਰਖ ਰੱਬ ਤੋਂ ਬਿਨਾਂ ਸਭ ਮਾਲ ਤਿਆਗ ਦਿੰਦੇ ਹਨ।

**ਪਸ ਤੁਰਾ ਹਮ ਬਾਇਦ ਐ ਯਾਰਿ ਅਜ਼ੀਜ਼**
**ਹਕ ਕੁਦਾਮ ਵਾ ਤੂ ਕੁਦੀਮੀ ਕੁਨ ਤਮੀਜ਼ ॥੩੦੨॥**

ਤਾਂ ਤੇ ਤੈਨੂੰ ਵੀ, ਹੇ ਮੇਰੇ ਦੋਸਤ! ਇਹ ਨਿਰਣਾ ਕਰਨਾ ਚਾਹੀਦਾ ਹੈ,
ਕਿ ਰੱਬ ਕੌਣ ਹੈ ਅਤੇ ਤੂੰ ਕੌਣ ਹੈਂ?

**ਗਰ ਤੂ ਵਾਸਿਲ ਗਸ਼ਤਾਈ ਦਰ ਜ਼ਾਤਿ ਊ**
**ਗ਼ੈਰ ਹਰਫ਼ਿ ਬੰਦਗੀ ਦੀਗਰ ਮਗੂ ॥੩੦੩॥**

ਜੇ ਤੇਰਾ ਉਸ ਰੱਬ ਦੀ ਜ਼ਾਤ ਨਾਲ ਮੇਲ ਹੋ ਗਿਆ ਹੈ,
ਤਾਂ ਬਿਨਾਂ ਬੰਦਗੀ ਦੇ ਹੋਰ ਕੋਈ ਬਚਨ ਨਾ ਕਹਿ।

**ਈਂ ਹਮਾ ਅਜ਼ ਦੌਲਤਿ ਈਂ ਬੰਦਗੀਸਤ**
**ਜ਼ਿੰਦਗੀ-ਬੇ-ਬੰਦਗੀ ਸ਼ਰਮਿੰਦਗੀਸਤ ॥੩੦੪॥**

ਇਹ ਸਭ ਕੁਝ ਉਸੇ ਬੰਦਗੀ ਦੀ ਬਦੌਲਤ ਹੈ,
ਬਿਨਾਂ ਬੰਦਗੀ ਜ਼ਿੰਦਗੀ [ਕੇਵਲ] ਸ਼ਰਮਿੰਦਗੀ ਹੈ।

ਹੱਕ ਤਾਅਲਾ ਬੰਦਗੀ ਫ਼ਰਮੂਦਾ ਅਸਤ
ਹਰ ਕਸੇ ਕੂ ਬੰਦਾ ਸ਼ੁਦ ਆਸੂਦਾ ਅਸਤ ॥੩੦੫॥

ਰੱਬ ਨੇ ਵੀ ਬੰਦਗੀ ਲਈ ਫ਼ਰਮਾਇਆ ਹੈ,
ਜੋ ਕੋਈ ਵੀ ਉਸ ਦਾ ਬੰਦਾ ਹੋ ਗਿਆ, ਉਹ ਸੋਖਾ ਹੋ ਗਿਆ।

ਚੂੰ ਅਨਅਲਹੱਕ ਬਰ ਜ਼ੁਬਾਂ ਇਜ਼ਹਾਰ ਕਰਦ
ਸ਼ਰਆ ਆਂ ਮਨਸੂਰ ਰਾ ਬਰ-ਦਾਰ ਕਰਦ ॥੩੦੬॥

ਜਿਸ ਨੇ ਵੀ ਮੂੰਹੋਂ ਕਿਹਾ ਮੈਂ ਰੱਬ ਹਾਂ,
ਸ਼ਰ੍ਹਾ ਨੇ ਉਸ ਨੂੰ ਮਨਸੂਰ ਵਾਂਗ ਸੂਲੀ ਤੇ ਚਾੜ੍ਹ ਦਿੱਤਾ।

ਮਸਤੀਇ ਹੱਕ ਮਾਅਨੀਇ ਹੁਸ਼ਿਆਰੀ ਅਸਤ
ਆਰਿਫ਼ਾਂ ਰਾ ਖ਼ਾਬ ਹਮ ਬੇਦਾਰੀ ਅਸਤ ॥੩੦੭॥

ਰੱਬ ਦੀ ਮਸਤੀ ਅਸਲ ਵਿਚ ਸਦਾ ਹੀ ਹੋਸ਼ ਵਿਚ ਰਹਿਣਾ ਹੈ,
ਗਿਆਨਵਾਨਾਂ ਲਈ ਨੀਂਦ ਵੀ ਜਾਗਰਤਾ ਹੈ।

ਦਰ ਹਕੀਕਤ ਬੇ-ਅਦਬ ਯਾਬਦ ਸਜ਼ਾ
ਚੂੰ ਆਦਬ ਆਮਦ ਹਮਾ ਰਾ ਰਹਾਨੁਮਾ ॥੩੦੮॥

ਅਸਲ ਵਿਚ ਬੇਅਦਬ ਨੂੰ ਆਪਣੀ ਕਰਨੀ ਦਾ ਫਲ ਮਿਲਦਾ ਹੈ,
ਕਿਉਂਕਿ ਅਦਬ ਹੀ ਸਾਰਿਆਂ ਨੂੰ ਰਾਹ ਵਿਖਾਉਣ ਵਾਲਾ ਹੈ।

ਗਰ ਤੂ ਸਰ ਤਾ ਪਾ ਹਮਾ ਹੱਕ ਗਸ਼ਤਾਈ
ਵਾਸਿਲਿ ਬੇ ਚੂਨਿ ਮੁਤਲਿਕ ਗਸ਼ਤਾਈ ॥੩੦੯॥

ਜੇਕਰ ਤੂੰ ਸਿਰ ਤੋਂ ਪੈਰਾਂ ਤਕ ਰੱਬ ਦਾ ਰੂਪ ਹੋ ਗਿਆ ਹੈਂ,
ਅਤੇ ਜੇ ਉਸ ਲਾਸਾਨੀ ਪੂਰਨ ਪੁਰਖ ਦੇ ਨਾਲ ਮਿਲ ਗਿਆ ਹੈਂ।

ਬਾਜ਼ ਰਾਹਿ ਬੰਦਗੀ ਦਰ ਪੇਸ਼ ਗੀਰ
ਬੰਦਾਇ ਊ ਬਾਸ਼ ਵਾ ਰਾਹਿ ਖੇਸ਼ ਗੀਰ ॥੩੧੦॥

ਤਾਂ ਫਿਰ ਬੰਦਗੀ ਦਾ ਰਾਹ ਫੜ੍ਹ,
ਉਸੇ ਦਾ ਬੰਦਾ ਹੋ ਜਾ ਅਤੇ ਆਪਣਾ ਰਾਹ ਫੜ੍ਹੀ ਰਖ।

ਦਰ ਹਮਾ ਹਾਲਤ ਖ਼ੁਦਾ ਹਾਜ਼ਰ ਬਬੀਂ
ਹਾਜ਼ਿਰੋ ਨਾਜ਼ਿਰ ਹਮਾਂ ਨਾਜ਼ਿਰ ਬਬੀਂ ॥੩੧੧॥

ਹਰ ਹਾਲਤ ਵਿਚ ਰੱਬ ਨੂੰ ਹਾਜਰ ਵੇਖ,
ਉਸ ਨੂੰ ਹਾਜਰ ਨਾਜਰ ਜਾਣ, ਉਸ ਨੂੰ ਸਭ ਕੁੱਝ ਵੇਖ ਰਿਹਾ ਸਮਝ।

ਦਰ ਰਹਿ ਹੱਕ ਜੁਜ਼ ਅਦਬ ਤਾਅਲੀਮ ਨੀਸਤ
ਤਾਲਿਬਿ ਊ ਰਾ ਬਜੁਜ਼ ਤਸਲੀਮ ਨੀਸਤ ॥੩੧੨॥

ਰੱਬ ਦੇ ਰਾਹ ਤੇ ਸਤਿਕਾਰ ਤੋਂ ਛੁੱਟ ਕੋਈ ਸਿੱਖਿਆ ਨਹੀਂ,
ਉਸ ਰੱਬ ਦੇ ਢੂੰਡਾਊ ਲਈ ਹੁਕਮ ਵਿਚ ਰਹਿਣ ਤੋਂ ਬਿਨਾਂ ਨਹੀਂ ਬਣਦਾ।

ਤਾਲਿਬਾਨਿ ਹੱਕ ਹਮੇਸ਼ਾ ਬਾ ਅਦਬ
ਬਾ ਅਦਬ ਬਾਸ਼ੰਦ ਅੰਦਰ ਯਾਦਿ ਰੱਬ ॥੩੧੩॥

ਰੱਬ ਦੇ ਢੂੰਡਾਓ ਸਦਾ ਸਤਿਕਾਰ ਸਹਿਤ ਰਹਿੰਦੇ ਹਨ,
ਰੱਬ ਦੀ ਯਾਦ ਵਿਚ ਸਦਾ ਸਤਿਕਾਰ ਭਰਪੂਰ ਵਿਚਰਦੇ ਹਨ।

**ਬੇਅਦਬ ਰਾ ਕੈ ਜ਼ਿ ਰਾਹਿ ਸ਼ਾਂ ਖ਼ਬਰ**
**ਬੇਅਦਬ ਅਜ਼ ਹੱਕ ਹਮੇਸ਼ਾਂ ਬੇ-ਅਸਰ ॥੩੧੪॥**

ਸਤਿਕਾਰ-ਹੀਨ ਨੂੰ ਉਨ੍ਹਾਂ ਦੇ ਰਾਹ ਦਾ ਕੀ ਪਤਾ?
ਬੇ-ਅਦਬ ਰੱਬ ਨੂੰ ਕਦੀ ਵੀ ਨਹੀਂ ਵੇਖ ਸਕਦਾ।

**ਬੇ ਅਦਬ ਹਰਗਿਜ਼ ਬ-ਹੱਕ ਰਾਹੇ ਨਯਾਫ਼ਤ**
**ਰਾਹਿ ਹੱਕ ਰਾ ਹੀਚ ਗੁਮਰਾਹੇ ਨ ਯਾਫ਼ਤ ॥੩੧੫॥**

ਸਤਿਕਾਰਹੀਨ ਨੂੰ ਕਦੀ ਵੀ ਰੱਬ ਦਾ ਰਾਹ ਨਹੀਂ ਲੱਭਦਾ,
ਕੋਈ ਵੀ ਭੁੱਲੜ ਰੱਬ ਤਕ ਨਹੀਂ ਪੁੱਜ ਸਕਿਆ।

**ਹਾਦੀਏ ਰਾਹਿ ਖ਼ੁਦਾ ਆਮਦ ਅਦਬ**
**ਬੇ-ਅਦਬ ਖ਼ਾਲੀ-ਸਤ ਅਜ਼ ਅਲਤਾਫ਼ਿ ਰੱਬ ॥੩੧੬॥**

ਸਤਿਕਾਰ ਹੀ ਰੱਬ ਦਾ ਰਾਹ-ਵਿਖਾਊ ਹੈ,
ਸਤਿਕਾਰ-ਹੀਨ ਰੱਬ ਦੀ ਮਿਹਰ ਤੋਂ ਵਾਂਝਾ ਰਹਿੰਦਾ ਹੈ।

**ਬੇ-ਅਦਬ ਰਾਹਿ ਖ਼ੁਦਾ ਕੈ ਦਾਨਦਸ਼**
**ਹਰ ਕਿਰਾ ਕਹਿਰਿ ਖ਼ੁਦਾ ਮੀਰਾਨਦਸ਼ ॥੩੧੭॥**

ਸਤਿਕਾਰ ਹੀਨ ਰੱਬ ਦਾ ਰਾਹ ਕਿਵੇਂ ਜਾਣ ਸਕਦਾ ਹੈ,
ਜੋ ਰੱਬ ਦੇ ਕਹਿਰ ਕਾਰਨ ਧਿਰਕਾਰਿਆ ਜਾਂਦਾ ਹੈ।

**ਦਰ ਪਨਾਹਿ ਸਾਇਆਇ ਮਰਦਾਨਿ ਹੱਕ**
**ਗਰ ਰਵੀ ਆਂ ਜਾ ਅਦਬ ਯਾਬੀ ਸਬਕ ॥੩੧੮॥**

ਜੇਕਰ ਤੂੰ ਰੱਬ ਦੇ ਭਗਤਾਂ ਦੀ ਛਤਰ ਛਾਇਆ ਹੇਠ ਕਦੀ ਜਾਏਂ,
ਤਾਂ ਤੈਨੂੰ ਉੱਥੇ ਸਤਿਕਾਰ ਦੀ ਸਿੱਖਿਆ ਮਿਲੇਗੀ।

**ਬੇ ਅਦਬ ਈਂਜਾ ਅਦਬ ਆਮੋਜ਼ ਸ਼ੁਦ**
**ਈਂ ਚਰਾਗਿ ਗੁਲ ਜਹਾਂ ਅਫਰੋਜ਼ ਸ਼ੁਦ ॥੩੧੯॥**

ਸਤਿਕਾਰ ਹੀਨ ਇੱਥੇ ਆ ਕੇ ਸਤਿਕਾਰ ਦੀ ਸਿੱਖਿਆ ਦੇਣ ਵਾਲੇ ਬਣ ਜਾਂਦੇ ਹਨ,
ਇੱਥੇ ਆ ਕੇ ਬੁਝਿਆ ਹੋਇਆ ਦੀਵਾ ਵੀ ਜਹਾਨ ਨੂੰ ਰੌਸ਼ਨ ਕਰਨ ਲੱਗ ਜਾਂਦਾ ਹੈ।

**ਐ ਖ਼ੁਦਾ ਹਰ ਬੇ-ਅਦਬ ਰਾ ਦਿਹ ਅਦਬ**
**ਤਾ ਗੁਜ਼ਾਰਦ ਉਮਰ ਰਾ ਦਰ ਯਾਦਿ ਰੱਬ ॥੩੨੦॥**

ਹੇ ਵਾਹਿਗੁਰੂ! ਤੂੰ ਹਰ ਬੇਅਦਬ ਨੂੰ ਅਦਬ ਬਖ਼ਸ਼,
ਤਾਂ ਜੋ ਉਹ ਆਪਣੀ ਆਯੂ ਤੇਰੀ ਯਾਦ ਵਿਚ ਲੰਘਾ ਸਕੇ।

**ਗਰ ਬਯਾਬੀ ਲੱਜ਼ਤੇ ਅਜ਼ ਯਾਦਿ ਊ**
**ਜ਼ਿੰਦਾ ਬਾਸ਼ੀ ਦਾਇਮਾ ਐ ਨੇਕ-ਖ਼ੂ ॥੩੨੧॥**

ਹੇ ਜੀਵ! ਜੇਕਰ ਤੈਨੂੰ ਰੱਬ ਦੀ ਯਾਦ ਦਾ ਸੁਆਦ ਆ ਜਾਵੇ,
ਤਾਂ, ਹੇ ਭਲੇ ਪੁਰਸ਼, ਤੂੰ ਅਮਰ ਹੋ ਜਾਏਂਗਾ।

ਈਂ ਵਜੂਦਿ ਖ਼ਾਕ ਰਾ ਕਾਇਮ ਬਦਾਂ
ਕਾਇਮ ਆਮਦ ਸ਼ੌਕਿ ਊ ਦਰ ਹਿਰਜ਼ਿ ਜਾਂ ॥੩੨੨॥

ਇਸ ਮਿੱਟੀ ਦੇ ਸਰੀਰ ਨੂੰ ਇਸ ਲਈ ਸਥਿਰ ਜਾਣ,
ਕਿਉਂ ਜੋ ਉਸ ਦਾ ਪ੍ਰੇਮ ਉਸ ਜਾਨ ਦੀ ਗੜ੍ਹੀ ਵਿਚ ਆ ਟਿਕਿਆ ਹੈ।

ਸ਼ੌਕਿ ਮੌਲਾ ਜ਼ਿੰਦਗੀਇ ਜਾਂ ਬਵਦ
ਯਾਦਿ ਊ ਸਰਮਾਯਾਇ ਈਮਾਂ ਬਵਦ ॥੩੨੩॥

ਰੱਬ ਦਾ ਪ੍ਰੇਮ ਅਤੇ ਚਾਓ ਆਤਮਾ ਦਾ ਜੀਵਨ ਹੈ,
ਉਸ ਦੀ ਯਾਦ ਵਿਚ ਸਿਦਕ ਈਮਾਨ ਦੀ ਪੂੰਜੀ ਹੈ।

ਸ਼ੌਕਿ ਊ ਦਰ ਹਰ ਦਿਲੇ ਕੈ ਜਾ ਕੁਨਦ
ਦਰ ਵਜੂਦਿ ਖ਼ਾਕ ਕੈ ਮਾਵ਼ਾ ਕੁਨਦ ॥੩੨੪॥

ਰੱਬ ਦਾ ਚਾਓ ਹਰ ਦਿਲ ਵਿਚ ਕਿਵੇਂ ਘਰ ਕਰ ਸਕਦਾ ਹੈ,
ਉਹ ਮਿੱਟੀ ਦੇ ਸਰੀਰ ਵਿਚ ਕਿਵੇਂ ਪਨਾਹ ਲੈ ਸਕਦਾ ਹੈ?

ਸ਼ੌਕਿ ਮੌਲਾ ਮਰ ਤੁਰਾ ਚੂੰ ਦਸਤਦਾਦ
ਦੌਲਤਿ ਦਾਇਮ ਬਦਸਤਤ ਦਰ-ਫ਼ਤਾਦ ॥੩੨੫॥

ਪਰ ਜਦ ਰੱਬ ਦੇ ਸ਼ੌਕ ਨੇ ਤੇਰੀ ਸਹਾਇਤਾ ਕੀਤੀ,
ਤਾਂ ਫਿਰ ਸਦੀਵੀ ਦੌਲਤ, ਸਮਝੋ, ਤੇਰੇ ਹੱਥ ਲੱਗ ਗਈ।

ਖ਼ਾਕਿ ਰਾਹਸ਼ ਸੁਰਮਾਇ ਸਰ ਅਸਤ
ਆਰਿਫ਼ਾਂ ਰਾ ਬਿਹ ਜ਼ ਤਾਜ਼ੋ ਅਫ਼ਸਰ ਅਸਤ ॥੩੨੬॥

ਉਸ ਦੇ ਰਾਹਾਂ ਦੀ ਧੂੜ ਅੱਖਾਂ ਲਈ ਸੁਰਮਾ ਹੈ,
ਗਿਆਨਵਾਨਾਂ ਲਈ ਇਹ ਧੂੜ ਤਾਜ ਤਖ਼ਤ ਨਾਲੋਂ ਵੀ ਵਧੇਰੇ ਮੁੱਲ ਦੀ ਹੈ।

ਦੌਲਤਿ ਦੁਨਿਆ ਨ-ਬਾਸ਼ਦ ਪਾਇਦਾਰ
ਦਰ ਤਰੀਕਿ ਆਰਿਫ਼ਾਨਿ ਹੱਕ ਗੁਜ਼ਾਰ ॥੩੨੭॥

ਸੱਚੇ ਗਿਆਨਵਾਨ ਦੀ ਰੀਤੀ ਅਨੁਸਾਰ,
ਇਸ ਦੁਨੀਆਂ ਦੀ ਦੌਲਤ ਟਿਕਣ ਵਾਲੀ ਚੀਜ਼ ਨਹੀਂ।

ਯਾਦਿ ਊ ਲਾਜ਼ਿਮ ਬਵਦ ਦਾਇਮ ਤੁਰਾ
ਜ਼ਿਕਰਿ ਊ ਕਾਇਮ ਕੁਨਦ ਕਾਇਮ ਤੁਰਾ ॥੩੨੮॥

ਰੱਬ ਦਾ ਸਿਮਰਨ ਤੇਰੇ ਲਈ ਸਦਾ ਜ਼ਰੂਰੀ ਹੈ,
ਰੱਬ ਦਾ ਸਿਮਰਨ ਤੈਨੂੰ ਸਥਿਰ ਬਣਾਉਂਦਾ ਹੈ।

ਆਰਿਫ਼ਾਂ ਦਾਰੰਦ ਬਾ ਇਰਫ਼ਾਨਿ ਖੇਸ਼
ਹਾਸਿਲਿ ਇਰਫ਼ਾਂ ਦਰੂਨਿ ਜਾਨਿ ਖੇਸ਼ ॥੩੨੯॥

ਆਰਫ਼ਾਂ ਦੀ ਅਪਣਤ ਰੱਬੀ ਗਿਆਨ ਨਾਲ ਹੁੰਦੀ ਹੈ,
ਰੱਬੀ ਗਿਆਨ ਦੀ ਪ੍ਰਾਪਤੀ ਉਨ੍ਹਾਂ ਦੀ ਜਾਨ ਵਿਚ ਸਮਾਈ ਹੁੰਦੀ ਹੈ।

ਮਸਨਦਿ ਸ਼ੌਕਿ ਇਲਾਹੀ ਬੇ-ਜ਼ਵਾਲ
ਵਰਨਾ ਬੀਨੀ ਪੁਰ ਜ਼ਵਾਲੇ ਹਰ ਕਮਾਲ ॥੩੩੦॥

ਰੱਬ ਦੇ ਪ੍ਰੇਮ ਦਾ ਆਸਰਾ ਸਥਿਰ ਹੈ,
ਉਂਜ ਭਾਵੇਂ ਹਰ ਚੜ੍ਹਾਉ ਨੂੰ ਉਤਰਾਉ ਹੈ।

**ਬੇ-ਜ਼ਵਾਲ ਆਮਦ ਕਮਾਲਿ ਜ਼ੌਕਿ ਹੱਕ**
**ਤਾ ਕਿ ਯਾਬਦ ਜ਼ੱਰਾ ਅਜ਼ ਸ਼ੌਕਿ ਹੱਕ ॥੩੩੧॥**

ਰੱਬ ਦੇ ਸ਼ੌਕ ਦਾ ਕਮਾਲ ਸਦੀਵੀ ਹੈ,
ਕਾਸ਼! ਰੱਬ ਦੇ ਸ਼ੌਕ ਦਾ ਇਕ ਕਿਣਕਾ ਹੀ ਪ੍ਰਾਪਤ ਹੋ ਜਾਵੇ?

**ਹਰ ਕਸੇ ਕੂ ਯਾਫ਼ਤ ਊ ਜਾਵੀਦ ਸ਼ੁਦ**
**ਦਰ ਹਕੀਕਤ ਸਾਹਿਬਿ ਉਮੀਦ ਸ਼ੁਦ ॥੩੩੨॥**

ਜਿਸ ਕਿਸੇ ਨੂੰ [ਇਹ ਸ਼ੌਕ ਦਾ ਕਿਣਕਾ] ਪ੍ਰਾਪਤ ਹੋ ਗਿਆ, ਉਹ ਅਮਰ ਹੋ ਗਿਆ ਅਸਲ ਵਿਚ ਉਸ ਦੀ ਆਸ਼ਾ ਪੂਰਨ ਹੋ ਗਈ।

**ਚੂੰ ਉਮੀਦਸ਼ ਸੂਰਤਿ ਹਾਸਲ ਗ੍ਰਿਫ਼ਤ**
**ਜ਼ੱਰਾ ਅਜ਼ ਸ਼ੌਕ ਜਾ ਦਰ ਦਿਲ ਗ੍ਰਿਫ਼ਤ ॥੩੩੩॥**

ਜਦ ਉਸ ਦੀ ਉਮੀਦ ਫ਼ਲ ਆਈ,
ਰੱਬ ਦੇ ਸ਼ੌਕ ਦਾ ਇਕ ਕਿਣਕਾ ਉਸ ਦੇ ਦਿਲ ਵਿਚ ਵੱਸ ਗਿਆ।

**ਆਬਿ ਹੈਵਾਂ ਮੀਚਕਦ ਅਜ਼ ਮੂਇ ਊ**
**ਜ਼ਿੰਦਾ ਮੀਗਰਦਦ ਜਹਾਂ ਅਜ਼ ਬੂਇ ਊ ॥੩੩੪॥**

ਉਸ ਦੇ ਵਾਲ ਵਾਲ ਚੋਂ ਅੰਮ੍ਰਿਤ ਚੋਂਦਾ ਹੈ,
ਜਹਾਨ ਉਸ ਦੀ ਸੁਗੰਧੀ ਨਾਲ ਜੀਉਂਦਾ ਹੋ ਉੱਠਦਾ ਹੈ।

**ਐ ਜ਼ਹੇ ਇਨਸਾਨ ਕਿ ਹੱਕ ਰਾ ਯਾਫ਼ਤਾ**
**ਰੂ ਜ਼ ਯਾਦਿ ਗ਼ੈਰਿ ਹੱਕ ਬਰ-ਤਾਫ਼ਤਾ ॥੩੩੫॥**

ਭਾਗਾਂ ਵਾਲਾ ਹੈ ਉਹ ਬੰਦਾ ਜਿਸ ਨੂੰ ਕਿ ਰੱਬ ਪ੍ਰਾਪਤ ਹੋ ਗਿਆ,
ਅਤੇ ਜਿਸ ਨੇ ਰੱਬ ਤੋਂ ਬਿਨਾਂ ਹਰ ਚੀਜ਼ ਤੋਂ ਮੂੰਹ ਮੋੜ ਲਿਆ।

**ਦਰ ਲਿਬਾਸਿ ਦੁਨਿਯਵੀ ਫ਼ਾਰਿਗ਼ ਅਜ਼ਾਂ**
**ਹਮਚੂ ਜ਼ਾਤਿਸ਼ ਆਸ਼ਿਕਾਂ ਰਾ ਊ ਨਿਹਾਂ ॥੩੩੬॥**

ਦੁਨੀਆਂ ਦੇ ਭੇਸ ਵਿਚ ਰਹਿੰਦੇ ਹੋਏ ਵੀ ਉਹ ਦੁਨੀਆਂ ਤੋਂ ਅਲੋਪ ਹੈ,
ਰੱਬ ਦੀ ਜ਼ਾਤ ਵਾਂਗ ਉਹ ਵੀ ਛੁਪਿਆ ਰਹਿੰਦਾ ਹੈ।

**ਜ਼ਾਹਿਰਿਸ਼ ਦਰ ਕੈਦਿ ਮੁਸ਼ਤਿ ਖ਼ਾਕ ਹਸਤ**
**ਬਾਤਨਿ ਊ ਬਾ ਖ਼ੁਦਾਇ ਪਾਕ ਹਸਤ ॥੩੩੭॥**

ਬਾਹਰੋਂ ਭਾਵੇਂ ਉਹ ਮੁੱਠ ਭਰ ਮਿੱਟੀ ਦੀ ਕੈਦ ਵਿਚ ਦਿੱਸਦਾ ਹੈ,
ਪਰ ਅੰਦਰੋਂ ਉਹ ਸਦਾ ਪਰਮਾਤਮਾ ਦੇ ਸੰਗ ਵਸਦਾ ਹੈ।

**ਜ਼ਾਹਿਰ ਅੰਦਰ ਮਾਇਲਿ ਫਰਜ਼ੰਦੋ ਜ਼ਨ**
**ਦਰ ਹਕੀਕਤ ਬਾ ਖ਼ੁਦਾਇ ਖੇਸ਼ਤਨ ॥੩੩੮॥**

ਬਾਹਰੋਂ ਭਾਵੇਂ ਉਹ ਇਸਤਰੀ ਬੱਚੇ ਦੇ ਮੋਹ ਵਿਚ ਦਿਸਦਾ ਹੈ,
ਪਰ ਅਸਲ ਵਿਚ ਉਹ ਸਦਾ ਆਪਣੇ ਰੱਬ ਨਾਲ ਰਹਿੰਦਾ ਹੈ।

ਜ਼ਾਹਿਰ ਅੰਦਰ ਮਾਇਲਿ ਹਿਰਸੋ ਹਵਾ
ਬਾਤਨਿ ਊ ਪਾਕ ਅਜ਼ ਯਾਦਿ ਖ਼ੁਦਾ ॥੩੩੯॥

ਬਾਹਰੋਂ ਉਹ ਭਾਵੇਂ ਲਬ ਲੋਭ ਵੱਲ ਝੁਕਿਆ ਦਿਸੇ,
ਪਰ ਉਸ ਦਾ ਅੰਦਰਲਾ ਰੱਬ ਦੀ ਯਾਦ ਨਾਲ ਪਵਿੱਤ੍ਰ ਰਹਿੰਦਾ ਹੈ।

ਜ਼ਾਹਿਰ ਅੰਦਰ ਮਾਇਲਿ ਅਸਪੋ ਸ਼ੁਤਰ
ਬਾਤਨਸ਼ ਫ਼ਾਰਿਗ਼ ਜ਼ ਕੈਦਿ ਸ਼ੋਰੋ ਸ਼ਰ ॥੩੪੦॥

ਬਾਹਰੋਂ ਭਾਵੇਂ ਉਹ ਊਠਾਂ ਘੋੜਿਆਂ ਵਲ ਧਿਆਨ ਦੇ ਰਿਹਾ ਦਿਸੇ,
ਪਰ ਉਸ ਦਾ ਅੰਦਰਲਾ ਸੰਸਾਰ ਦੀ ਖਪ ਖੇਡ ਤੋਂ ਨਿਆਰਾ ਰਹਿੰਦਾ ਹੈ।

ਜ਼ਾਹਿਰ ਅੰਦਰ ਮਾਇਲਿ ਸੀਮੋ ਜ਼ਰ ਅਸਤ
ਬਾਤਨ ਅੰਦਰ ਸਾਹਿਬਿ ਬਹਿਰੋ ਬਰ ਅਸਤ ॥੩੪੧॥

ਜ਼ਾਹਰਾ ਤਾਂ ਭਾਵੇਂ ਉਹ ਸੋਨੇ ਚਾਂਦੀ ਵੱਲ ਝੁਕਿਆ ਦਿਸੇ,
ਪਰ ਅੰਦਰੋਂ ਉਹ ਜਲ ਥਲ ਦਾ ਮਾਲਕ ਹੁੰਦਾ ਹੈ।

ਰਫ਼ਤਾ ਰਫ਼ਤਾ ਬਾਤਨਸ਼ ਜ਼ਾਹਿਰ ਸ਼ੁਦਾ
ਦਰ ਹਕੀਕਤ ਤਿਬਲਾਇ ਅੰਬਰ ਸ਼ੁਦਾ ॥੩੪੨॥

ਹੋਲੀ ਹੋਲੀ ਉਸ ਦਾ ਅੰਦਰਲਾ ਪ੍ਰਗਟ ਹੋ ਜਾਂਦਾ ਹੈ,
ਅਸਲ ਵਿਚ ਉਹ ਸੁਗੰਧੀ ਦੀ ਸੰਦੂਕੜੀ ਬਣ ਜਾਂਦਾ ਹੈ।

ਜ਼ਾਹਿਰੋ ਬਾਤਨ ਸ਼ੁਦਾ ਯਕਸਾਨਿ ਊ
ਹਰ ਦੋ ਆਲਮ ਬੰਦਾਇ ਫ਼ਰਮਾਨਿ ਊ ॥੩੪੩॥

ਉਸ ਦਾ ਅੰਦਰਲਾ ਬਾਹਰਲਾ ਇਕ ਸਮਾਨ ਹੋ ਜਾਂਦਾ ਹੈ,
ਦੋਵੇਂ ਜਹਾਨ ਉਸ ਦੇ ਹੁਕਮ ਨੂੰ ਪਾਲਣ ਵਾਲੇ ਹੋ ਜਾਂਦੇ ਹਨ।

ਹਮ ਬਦਿਲ ਯਾਦਿ ਖ਼ੁਦਾ ਵਾ ਬਰ ਜ਼ੁਬਾਂ
ਈਂ ਜ਼ੁਬਾਨਸ਼ ਦਿਲ ਸ਼ੁਦਾ ਦਿਲ ਸ਼ੁਦ ਜ਼ੁਬਾਂ ॥੩੪੪॥

ਉਸ ਦੇ ਦਿਲ ਵਿਚ ਅਤੇ ਜੀਭ ਪਰ ਸਦਾ ਰੱਬ ਦੀ ਯਾਦ ਰਹਿੰਦੀ ਹੈ,
ਉਸ ਦੀ ਜੀਭ ਦਿਲ ਬਣ ਜਾਂਦੀ ਹੈ ਅਤੇ ਦਿਲ ਜੀਭ ਬਣ ਜਾਂਦਾ ਹੈ।

ਵਾਸਿਲਾਨਿ ਹੱਕ ਚੁਨੀਂ ਫ਼ਰਮੂਦਾ ਅੰਦ
ਬੰਦਾ ਹਾ ਦਰ ਬੰਦਗੀ ਆਸੂਦਾ ਅੰਦ ॥੩੪੫॥

ਰੱਬ ਨਾਲ ਮਿਲੇ ਹੋਏ ਸੰਤਾਂ ਨੇ ਇਉਂ ਫ਼ਰਮਾਇਆ ਹੈ,
ਕਿ ਰੱਬ ਦੇ ਬੰਦੇ ਉਸ ਦੀ ਬੰਦਗੀ ਵਿਚ ਸੌਖੇ ਅਤੇ ਖ਼ੁਸ਼ ਰਹਿੰਦੇ ਹਨ।

ਸਾਹਿਬੀ ਬਾਸ਼ਦ ਮੁਸੱਲਮ ਸ਼ਾਹ ਰਾ
ਕੁਰਨਿਸ਼ਿ ਮਨ ਸਾਲਿਕਿ ਈਂ ਰਾਹ ਰਾ ॥੩੪੬॥

ਉਸ ਸੱਚੇ ਪਾਤਸ਼ਾਹ ਦੀ ਮਾਲਕੀ ਅਤੇ ਵਡਿਆਈ ਮੰਨੀ ਪ੍ਰਮੰਨੀ ਹੈ,
ਇਸ ਰਾਹ ਤੇ ਚਲਣ ਵਾਲੇ ਪਾਂਧੀ ਨੂੰ ਮੇਰੀ ਨਮਸਕਾਰ ਹੈ।

ਸਾਲਿਕਿ ਈਂ ਰਾਹ ਬਮੰਜ਼ਲ ਰਾਹ ਯਾਫ਼ਤ
ਹਾਸਿਲਿ ਉਮਰਿ ਦਿਲ ਆਗਾਹ ਯਾਫ਼ਤ ॥੩੪੭॥

ਇਸ ਰਾਹ ਦਾ ਮੁਸਾਫ਼ਿਰ ਆਪਣੇ ਅੱਡੇ ਤੇ ਪੁੱਜ ਗਿਆ,
ਅਤੇ ਉਸ ਦਾ ਦਿਲ ਉਮਰ ਦੀ ਪ੍ਰਾਪਤੀ ਤੋਂ ਵਾਕਫ਼ ਹੋ ਗਿਆ।

**ਬੰਦਾ-ਹਾ ਰਾ ਬੰਦਗੀ ਦਰਕਾਰ ਹਸਤ**
**ਜਾਮਿ ਸ਼ੌਕਿ ਬੰਦਗੀ ਸਰਸ਼ਾਰ ਹਸਤ ॥੩੪੮॥**

ਰੱਬ ਦੇ ਬੰਦਿਆਂ ਨੂੰ ਤਾਂ ਉਸ ਦੀ ਬੰਦਗੀ ਦੀ ਹੀ ਲੋੜ ਹੈ,
ਰੱਬ ਦੀ ਬੰਦਗੀ ਦੇ ਸ਼ੌਕ ਦਾ ਪਿਆਲਾ ਸਦਾ ਛਲਕਦਾ ਰਹਿੰਦਾ ਹੈ।

**ਸਾਹਿਬੀ ਜ਼ੇਬਦ ਖ਼ੁਦਾਇ ਪਾਕ ਰਾ**
**ਆਂ ਕਿ ਜ਼ੀਨਤ ਦਾਦ ਮੁਸ਼ਤਿ ਖ਼ਾਕ ਰਾ ॥੩੪੯॥**

ਉਸ ਸੱਚੇ ਪਰਵਰਦਗਾਰ ਨੂੰ ਹੀ ਮਾਲਕੀ ਸ਼ੋਭਦੀ ਹੈ,
ਉਸ ਸੱਚੇ ਪਾਤਸ਼ਾਹ ਨੇ ਹੀ ਇਸ ਮਿੱਟੀ ਦੀ ਮੁੱਠ ਨੂੰ ਰੌਣਕ ਬਖ਼ਸ਼ੀ ਹੈ।

**ਸ਼ੌਕ ਅਜ਼ ਯਾਦਿ ਹੱਕਸ਼ ਮੁਮਤਾਜ਼ ਕਰਦ**
**ਸਰ ਫਰਾਜ਼ੋ ਸਾਹਿਬਿ ਹਰ ਰਾਜ਼ ਕਰਦ ॥੩੫੦॥**

ਰੱਬ ਦੀ ਯਾਦ ਦੇ ਚਾਉ ਨੇ ਉਸ ਨੂੰ ਵਡਿਆਈ ਬਖ਼ਸ਼ੀ,
ਰੱਬ ਦੇ ਸ਼ੌਕ ਨੇ ਉਸ ਨੂੰ ਮਾਣ ਸਤਿਕਾਰ ਬਖ਼ਸ਼ਿਆ ਅਤੇ ਉਸ ਨੂੰ ਸਾਰੇ ਭੇਤਾਂ ਤੋਂ ਜਾਣੂ ਕੀਤਾ।

**ਮੁਸ਼ਤਿ ਖ਼ਾਕ ਅਜ਼ ਯਾਦਿ ਹੱਕ ਰੌਣਕ ਗ੍ਰਿਫ਼ਤ**
**ਬਸਕਿ ਦਰ ਦਿਲ ਸ਼ੌਕਿ ਯਾਦਿ ਹੱਕ ਗ੍ਰਿਫ਼ਤ ॥੩੫੧॥**

ਮਿੱਟੀ ਦੀ ਮੁੱਠੀ ਰੱਬ ਦੀ ਯਾਦ ਨਾਲ ਚਮਕ ਉਠੀ,
ਉਸ ਦੇ ਦਿਲ ਵਿਚ ਰੱਬ ਦੀ ਯਾਦ ਦਾ ਚਾਉ ਠਾਠਾਂ ਮਾਰਨ ਲੱਗ ਪਿਆ।

**ਐ ਜ਼ਹੇ ਕਾਦਰ ਕਿ ਅਜ਼ ਯੱਕ ਕਤਰਾ ਆਬ**
**ਖ਼ਾਕ ਰਾਂ ਰੋਸ਼ਨ ਕੁਨਦ ਚੂੰ ਆਫ਼ਤਾਬ ॥੩੫੨॥**

ਕੁਰਬਾਨ ਜਾਈਏ ਉਸ ਸਰਬ ਸਮਰੱਥ ਕਾਦਰ ਤੋਂ, ਜਿਸ ਨੇ
ਪਾਣੀ ਦੇ ਇਕ ਕਤਰੇ ਤੋਂ ਇਸ ਮਿੱਟੀ ਨੂੰ ਸੂਰਜ ਵਾਂਗ ਚਮਕਾ ਦਿੱਤਾ।

**ਐ ਜ਼ਹੇ ਖ਼ਾਕੇ ਕਿ ਨੂਰ-ਅਫਰੋਜ਼ ਸ਼ੁਦ,**
**ਈਂ ਸਆਦਤ ਹਾ ਨਸੀਬ ਅੰਦੋਜ਼ ਸ਼ੁਦ ॥੩੫੩॥**

ਕੁਰਬਾਨ ਜਾਈਏ, ਉਸ ਮਿੱਟੀ ਤੋਂ, ਜਿਹੜੀ ਪ੍ਰਕਾਸ਼ਮਾਨ ਹੋ ਗਈ,
ਅਤੇ ਜਿਸ ਨੂੰ ਅਜਿਹੀਆਂ ਬਰਕਤਾਂ ਪ੍ਰਾਪਤ ਹੋਈਆਂ।

**ਐ ਜ਼ਹੇ ਕੁਦਰਤ ਕਿ ਹੱਕ ਬਾਰ ਆਵੁਰਦ**
**ਮੁਸ਼ਤਿ ਖ਼ਾਕੀ ਰਾ ਬਗੁਫ਼ਤਾਰ ਆਵੁਰਦ ॥੩੫੪॥**

ਵਾਹ ਵਾਹ ਉਸ ਦੀ ਕੁਦਰਤ ਤੋਂ ਜਿਹੜੀ ਸੱਚ ਦਾ ਫ਼ਲ ਲਿਆਉਂਦੀ ਹੈ,
ਅਤੇ ਜਿਸ ਨੇ ਮੁੱਠੀ ਭਰ ਮਿੱਟੀ ਨੂੰ ਬੋਲਣ ਦੀ ਦਾਤ ਬਖ਼ਸ਼ੀ।

**ਹਾਸਲਿ ਈਂ ਜ਼ਿੰਦਗੀ ਯਾਦਿ ਖ਼ੁਦਾ-ਸਤ**
**ਐ ਜ਼ਹੇ ਕਸ਼ਮੇ ਕਿ ਬਰ ਹੱਕ ਮੁਬਤਲਾ-ਸਤ ॥੩੫੫॥**

ਰੱਬ ਦੀ ਯਾਦ ਹੀ ਇਸ ਜ਼ਿੰਦਗੀ ਦੀ ਪ੍ਰਾਪਤੀ ਹੈ,
ਕੁਰਬਾਨ ਜਾਈਏ ਉਸ ਅੱਖ ਤੋਂ ਜਿਹੜੀ ਸੱਚ ਤੇ ਮੋਹਤ ਹੁੰਦੀ ਹੈ।

ਐ ਜ਼ਹੇ ਦਿਲ ਕਿ ਅੰਦਰਸ਼ ਸ਼ੋਕਸ਼ ਬਵਦ
ਦਰ ਹਕੀਕਤ ਸਾਹਿਬਿ ਜ਼ੌਕਸ਼ ਬਵਦ ॥੩੫੬॥

ਕਿੱਡਾ ਸੁਭਾਗਾ ਹੈ ਉਹ ਦਿਲ, ਜਿਸ ਦੇ ਅੰਦਰ ਰੱਬ ਦਾ ਚਾਉ ਹੈ।
ਵਾਸਤਵ ਵਿਚ ਉਹ ਰੱਬ ਦੇ ਪ੍ਰੇਮ ਦਾ ਧਾਰਨੀ ਹੋ ਜਾਂਦਾ ਹੈ।

ਆਂ ਜ਼ਹੇ ਸਰ ਕੂ ਬਰਾਹਿਸ਼ ਦਰ ਸਜੂਦ
ਹਮ ਚੂ ਚੌਗਾਂ ਗੁਏ ਸ਼ੌਕਸ਼ ਦਰ ਰਬੂਦ ॥੩੫੭॥

ਸੁਭਾਗਾ ਹੈ ਉਹ ਸਿਰ, ਜਿਸ ਨੇ ਉਸ ਸੱਚ ਦੇ ਰਾਹ ਤੇ ਪ੍ਰਣਾਮ ਕੀਤੇ,
ਅਤੇ ਜੋ ਖੂੰਡੀ ਵਾਂਗ ਚਾਉ ਦੀ ਗੇਂਦ ਨੂੰ ਲੈ ਭੱਜਿਆ।

ਐ ਜ਼ਹੇ ਦਸਤੇ ਕਿ ਵਸਫ਼ਸ਼ ਊ ਨਵਿਸ਼ਤ
ਐ ਜ਼ਹੇ ਪਾਏ ਕੂ ਦਰ ਕੂਇਸ਼ ਗੁਜ਼ਸ਼ਤ ॥੩੫੮॥

ਸੁਭਾਗੇ ਹਨ ਉਹ ਹੱਥ ਜਿਨ੍ਹਾਂ ਨੇ ਉਸ ਦੀ ਸਿਫ਼ਤ ਸ਼ਲਾਘਾ ਲਿਖੀ,
ਸੁਭਾਗੇ ਹਨ ਉਹ ਪੈਰ, ਜਿਹੜੇ ਉਸ ਦੀ ਗਲੀ ਵਿਚੋਂ ਲੰਘੇ।

ਆਂ ਜ਼ਬਾਨੇ ਬਿਹ ਕਿ ਜ਼ਿਕਰਿ ਊ ਕੁਨਦ
ਖ਼ਾਤਰੇ ਆਂ ਬਿਹ ਕਿ ਫ਼ਿਕਰਿ ਊ ਕੁਨਦ ॥੩੫੯॥

ਭਲੀ ਹੈ ਉਹ ਜੀਭ ਜੋ ਉਸ ਦਾ ਨਾਮ ਜਪਦੀ ਹੈ,
ਭਲਾ ਹੈ ਉਹ ਹਿਰਦਾ, ਜੋ ਉਸ ਦਾ ਧਿਆਨ ਧਰਦਾ ਹੈ।

ਦਰ ਹਮਾ ਉਜ਼ਵੇ ਕਿ ਊ ਅੰਦਰ ਤਨਸਤ
ਸ਼ੌਕਿ ਊ ਅੰਦਰ ਸਰਿ ਮਰਦੋ ਜ਼ਨ ਅਸਤ ॥੩੬੦॥

ਸਾਡੇ ਸਰੀਰ ਦੇ ਅੰਗ ਅੰਗ ਵਿਚ ਉਹ ਵੱਸਦਾ ਹੈ,
ਉਸ ਦੇ ਸ਼ੌਕ ਦੀ ਧੁਨ ਹਰ ਨਰ ਨਾਰੀ ਦੇ ਸਿਰ ਵਿਚ ਸਮਾਈ ਹੋਈ ਹੈ।

ਆਰਜ਼ੂਏ ਜੁਮਲਾ ਸ਼ੂਇ ਊ ਬਵਦ
ਸ਼ੌਕਿ ਊ ਆਗ਼ੁਸ਼ਤਾ ਦਰ ਹਰ ਮੂ ਬਵਦ ॥੩੬੧॥

ਸਾਰੀਆਂ ਖ਼ਾਹਸ਼ਾਂ ਅਤੇ ਇੱਛਾਵਾਂ ਉਸ ਸੱਚੇ ਵੱਲ ਲਾਈਆਂ ਹੋਈਆਂ ਹਨ,
ਉਸ ਦਾ ਚਾਉ ਰੋਮ ਰੋਮ ਵਿਚ ਸਮਾਇਆ ਹੋਇਆ ਹੈ।

ਗਰ ਤੂ ਖ਼ਾਹੀ ਸਾਹਿਬਿ ਇਰਫ਼ਾਂ ਸ਼ਵੀ
ਜਾਂ ਬ-ਜਾਨਾਂ ਦਿਹ ਕਿ ਤਾ ਜਾਨਾਂ ਸ਼ਵੀ ॥੩੬੨॥

ਜੇ ਤੂੰ ਚਾਹੁੰਦਾ ਹੈਂ, ਕਿ ਰੱਬੀ ਗਿਆਨ ਦਾ ਮਾਲਕ ਹੋ ਜਾਏਂ,
ਤਾਂ ਤੂੰ ਆਪਣੀ ਜਾਨ ਉਸ ਪ੍ਰੀਤਮ ਤੋਂ ਵਾਰ ਦੇ, ਤਾਂ ਜੋ ਤੂੰ ਉਸ ਪ੍ਰੀਤਮ ਦਾ ਰੂਪ ਹੋ ਜਾਵੇਂ।

ਹਰਚਿ ਦਾਰੀ ਕੁਨ ਹਮਾ ਕੁਰਬਾਨਿ ਊ
ਰੇਜ਼ਾ-ਚੀਨੀ ਕੁਨ ਦਮੇ ਅਜ਼ ਖਾਨਿ ਊ ॥੩੬੩॥

ਜੋ ਕੁਝ ਤੇਰੇ ਕੋਲ ਹੈ, ਉਸ ਸੱਚੇ ਪ੍ਰੀਤਮ ਤੋਂ ਵਾਰ ਦੇ,
ਉਸ ਦੇ ਦਸਤਰਖ਼ਾਨ ਤੋਂ ਪਲ ਭਰ ਲਈ ਟੁਕੜੇ ਚੁਣ।

ਸ਼ੌਕਿ ਇਰਫ਼ਾਨਸ਼ ਅਗਰ ਕਾਮਿਲ ਬਵਦ
ਗੌਹਰਿ ਮਕਸੂਦਿ ਤੂ ਹਾਸਿਲ ਸ਼ਵਦ ॥੩੬੪॥

ਉਸ ਦੇ ਸੱਚੇ ਗਿਆਨ ਦੀ ਜੇ ਪੂਰੀ ਪੂਰੀ ਚਾਹ ਹੋ ਜਾਵੇ,
ਤਾਂ ਤੇਰਾ ਮਨੋਰਥ ਅਵੱਸ਼ ਪ੍ਰਾਪਤ ਹੋ ਜਾਵੇ।

ਤੂ ਹਮ ਅਜ਼ ਈਂ ਉਮਰ ਯਾਬੀ ਬਹਿਰਾਇ
ਮਿਹਰਿ ਇਰਫਾਨਸ਼ ਚੁ ਬਖ਼ਸ਼ਦ ਜ਼ੱਰਾਇ ॥੩੬੫॥

ਜਦ ਰੱਬੀ ਗਿਆਨ ਦਾ ਸੂਰਜ ਆਪਣੇ ਨੂਰ ਦਾ ਇਕ ਜ਼ਰਾ ਵੀ ਬਖ਼ਸ਼ ਦੇਵੇ,
ਤਾਂ ਤੈਨੂੰ ਉਮਰ ਦਾ ਫਲ ਪ੍ਰਾਪਤ ਹੋ ਜਾਵੇਗਾ।

ਨਾਮਿ ਤੂ ਅੰਦਰ ਜਹਾਂ ਗਰਦਦ ਬੁਲੰਦ
ਸ਼ੌਕਿ ਇਰਫ਼ਾਨਤ ਕੁਨਦ ਬਸ ਅਰਜਮੰਦ ॥੩੬੬॥

ਤੇਰਾ ਨਾਮ ਜਹਾਨ ਵਿਚ ਉੱਚਾ ਤੇ ਰੋਸ਼ਨ ਹੋ ਜਾਵੇਗਾ,
ਰੱਬੀ ਗਿਆਨ ਦਾ ਸ਼ੌਕ ਤੈਨੂੰ ਹਰ-ਮਨ-ਪਿਆਰਾ ਬਣਾ ਦੇਵੇਗਾ।

ਸ਼ੌਕਿ ਇਰਫ਼ਾਨਿਸ਼ ਕਸੇ ਰਾ ਦਸਤਦਾਦ
ਕਜ਼ ਕੁਲੀਦਸ਼ ਕੁਫ਼ਲਿ ਦਿਲਹਾ ਰਾ ਕੁਸ਼ਾਦ ॥੩੬੭॥

ਜਿਸ ਕਿਸੇ ਨੂੰ ਰੱਬੀ ਗਿਆਨ ਦਾ ਚਾਓ ਪੈਦਾ ਹੋ ਗਿਆ,
ਤਾਂ ਉਸ ਦੀ ਕੁੰਜੀ ਨਾਲ ਦਿਲਾਂ ਦੇ ਜੰਦਰੇ ਖੁਲ੍ਹ ਗਏ।

ਕੁਫ਼ਲ ਰਾ ਬਿਕੁਸ਼ਾ ਵਾ ਮਾਲਿ ਬੇਕਰਾਂ
ਦਰ ਕਫ਼ਿ ਖ਼ੁਦ ਆਰ ਅਜ਼ ਗੰਜਿ ਨਿਹਾਂ ॥੩੬੮॥

ਤੂੰ ਵੀ ਆਪਣੇ ਦਿਲ ਦੇ ਜੰਦਰੇ ਨੂੰ ਖੋਲ੍ਹ ਅਤੇ,
ਇਸ ਛੁਪੇ ਹੋਏ ਖ਼ਜ਼ਾਨੇ ਵਿਚੋਂ ਅਨੰਤ ਧੰਨ ਪ੍ਰਾਪਤ ਕਰ।

ਕੰਦਰਾਂ ਲਾਲੋ ਗੁਹਰ ਬਿਸੀਆਰ ਹਸਤ
ਅਜ਼ ਮਤਾਇ ਲੁਲੂਏ ਸ਼ਹਿਵਾਰ ਹਸਤ ॥੩੬੯॥

ਉਸ ਵਿਚ ਅਨੇਕਾਂ ਲਾਲ ਅਤੇ ਜਵਾਹਰ ਹਨ,
ਤੇਰੇ ਮਾਲ ਵਿਚ ਅਨੇਕਾਂ ਸ਼ਾਹੀ ਮੋਤੀ ਹਨ।

ਹਰ ਚਿਹ ਮੀਖ਼ਾਹੀ ਜ਼ਿ ਗੰਜਿ ਬੇਸ਼ੁਮਾਰ
ਆਇਦਤ ਦਰ ਦਸਤ ਐ ਆਲੀ ਤਬਾਰ ॥੩੭੦॥

ਜੋ ਕੁਝ ਵੀ ਤੂੰ ਫਿਰ ਚਾਹੇਂਗਾ, ਹੇ ਵੱਡੇ ਮਰਤਬੇ ਵਾਲੇ,
ਤੈਨੂੰ ਇਸ ਬਿਅੰਤ ਖ਼ਜ਼ਾਨੇ ਵਿਚੋਂ ਪ੍ਰਾਪਤ ਹੋ ਜਾਵੇਗਾ।

ਪਸ ਬਖ਼ਾਨੀ ਸਾਹਿਬਾਨਿ ਸ਼ੌਕ ਰਾ
ਤਾ ਜ਼ਿ ਹਾਸਿਲ ਕੁਨੀ ਈਂ ਜ਼ੌਕ ਰਾ ॥੩੭੧॥

ਤਾਂ ਤੇ ਤੂੰ ਰੱਬ ਦੇ ਚਾਹਵਾਨਾਂ ਨੂੰ ਬੁਲਾ,
ਤਾਂ ਜੋ ਤੂੰ ਉਨ੍ਹਾਂ ਪਾਸੋਂ ਅਜਿਹਾ ਸ਼ੌਕ ਪ੍ਰਾਪਤ ਕਰ ਸਕੇਂ।

ਜ਼ੌਕੋ ਸ਼ੌਕਿ ਹੱਕ ਗਰ ਬਾਸ਼ਦ ਤੁਰਾ
ਫ਼ੈਜ਼ਿ ਈਂ ਸੁਹਬਤ ਅਸਰ ਬਖ਼ਸ਼ਦ ਤੁਰਾ ॥੩੭੨॥

ਜੇਕਰ ਤੈਨੂੰ ਰੱਬ ਦਾ ਸ਼ੌਕ ਤੇ ਚਾਉ ਪ੍ਰਾਪਤ ਹੋ ਗਿਆ,
ਤਾਂ ਇਨ੍ਹਾਂ ਦੀ ਸੰਗਤ ਦੀ ਬਖ਼ਸ਼ਿਸ਼ ਤੈਨੂੰ ਜ਼ਰੂਰ ਅਸਰ ਕਰੇਗੀ।

ਗਰ ਚਿਹ ਦਰ ਦਿਲਹਾ ਨ-ਬਾਸ਼ਦ ਜੁਜ਼ ਖ਼ੁਦਾ
ਆਰਿਫ਼ਾਂ ਰਾ ਮੰਜ਼ਲੇ ਬਾਸ਼ਦ ਊਲਾ ॥੩੭੩॥
ਭਾਵੇਂ ਸਾਰੇ ਦਿਲਾਂ ਵਿਚ ਰੱਬ ਤੋਂ ਸਿਵਾ ਹੋਰ ਕੁਝ ਨਹੀਂ,
ਪਰ ਸੱਚੇ ਗਿਆਨਵਾਨਾਂ ਦੀ ਆਪਣੀ ਵਿਸ਼ੇਸ਼ ਉੱਚੀ ਪਦਵੀ ਹੈ।
ਗ਼ੈਰ ਆਰਿਫ਼ ਵਾਕਿਫ਼ਿ ਈਂ ਹਾਲ ਨੀਸਤ
ਆਰਿਫ਼ਾਂ ਰਾ ਗ਼ੈਰ ਜ਼ਿਕਰਸ਼ ਕਾਲ ਨੀਸਤ ॥੩੭੪॥
ਰੱਬ ਦੇ ਹਾਲ ਦਾ ਗਿਆਨਵਾਨਾਂ ਤੋਂ ਬਿਨਾਂ ਹੋਰ ਕੋਈ ਵਾਕਫ਼ ਨਹੀਂ,
ਆਰਫ਼ ਸਿਵਾ ਉਸ ਰੱਬ ਦੇ ਜਾਪ ਦੇ ਹੋਰ ਕੋਈ ਬੋਲ ਨਹੀਂ ਬੋਲਦੇ।
ਬਾਦਸ਼ਾਹਾਂ ਸਲਤਨਤ ਬਿ-ਗੁਜ਼ਾਸ਼ਤਦ
ਚੂ ਗਦਾਯਾਂ ਕੂ ਬਕੂ ਬਿਸ਼ਤਾਫ਼ਤੰਦ ॥੩੭੫॥
ਬਾਦਸ਼ਾਹਾਂ ਨੇ ਆਪਣਾ ਰਾਜ ਭਾਗ ਤਿਆਗ ਦਿੱਤਾ,
ਅਤੇ ਉਹ ਭਿਖਾਰੀਆਂ ਵਾਂਗ ਗਲੀ ਗਲੀ ਘੁੰਮਦੇ ਫਿਰਦੇ ਰਹੇ।
ਅਜ਼ ਬਰਾਇ ਆਂ ਕਿ ਯਾਦਿ ਊ ਕੁਨੰਦ
ਅਜ਼ ਮਕਾਫ਼ਾਤਿ ਦੋ ਆਲਮ ਵਾ ਰਹੰਦ ॥੩੭੬॥
ਕਿ ਉਸ ਰੱਬ ਦੀ ਸੱਚੀ ਯਾਦ ਕਰਦੇ ਰਹਿਣ,
ਅਤੇ ਦੋਹਾਂ ਜਹਾਨਾਂ ਦੇ ਜਨਮ ਮਰਨ ਤੋਂ ਮੁਕਤ ਹੋ ਜਾਣ।
ਵਾਕਫ਼ਿ ਈਂ ਰਾਹ ਅਗਰ ਦਸਤ ਆਮਦੇ
ਮਕਸਦਸ਼ ਦਰ ਸਲਤਨਤ ਦਸਤ ਆਮਦੇ ॥੩੭੭॥
ਜੇਕਰ ਇਸ ਮਾਰਗ ਦਾ ਜਾਣੂ ਮਿਲ ਜਾਵੇ,
ਤਾਂ ਰਾਜ ਕਾਜ ਦੇ ਮਨੋਰਥ ਪੂਰੇ ਹੋ ਜਾਣ।
ਜੁਮਲਾ ਲਸ਼ਕਰ ਤਾਲਿਬਾਨਿ ਹੱਕ ਸ਼ੁਦੇ
ਦਰ ਹਕੀਕਤ ਆਰਫ਼ਿ ਮੁਤਲਿਕ ਸ਼ੁਦੇ ॥੩੭੮॥
ਜੇ ਸਾਰੇ ਲਸ਼ਕਰ ਰੱਬ ਦੇ ਤਾਲਬ ਹੋ ਜਾਣ,
ਤਾਂ ਸਚਮੁੱਚ ਉਹ ਸੱਚੇ ਗਿਆਨਵਾਨ ਹੋ ਜਾਣ।
ਸਾਲਿਕਿ ਈਂ ਰਾਹ ਅਗਰ ਦਰਯਾਫ਼ਤੇ
ਦਿਲ ਅਜ਼ੀਂ ਸ਼ਾਹੀ ਕੁਜਾ ਬਰਤਾਫ਼ਤੇ ॥੩੭੯॥
ਜੇਕਰ ਇਸ ਮਾਰਗ ਦਾ ਪਾਂਧੀ ਮਿਲ ਜਾਏ,
ਤਾਂ ਉਹ ਇਸ ਬਾਦਸ਼ਾਹੀ ਤੋਂ ਕਿਉਂ ਮੂੰਹ ਮੋੜੇ?
ਤੁਖ਼ਮਿ ਹੱਕ ਦਰ ਮਜ਼ਰਾਇ ਦਿਲ ਕਾਸ਼ਤੇ
ਤਾ ਗ਼ੁਬਾਰਿ ਦਿਲ ਜ਼ਿ ਦਿਲ ਬਰਦਾਸ਼ਤੇ ॥੩੮੦॥
ਸੱਚ ਦਾ ਬੀਜ ਜੇ ਦਿਲ ਦੀ ਖੇਤੀ ਵਿਚ ਬੀਜ ਲੈਣ,
ਤਾਂ ਦਿਲਾਂ ਤੋਂ ਭਰਮ ਦਾ ਪਰਦਾ ਉੱਠ ਜਾਵੇ।
ਬਰ ਸਰਿ ਤਖ਼ਤਿ ਨਗੀਨ ਕਾਇਮ ਬੁਦੇ
ਜ਼ਿਕਰਿ ਮੌਲਾ ਗਰ ਬਦਿਲ ਕਾਇਮ ਸ਼ੁਦੇ ॥੩੮੧॥

ਜੇਕਰ ਰੱਬ ਦਾ ਸਿਮਰਨ ਉਨ੍ਹਾਂ ਦੇ ਦਿਲਾਂ ਵਿਚ ਟਿਕ ਜਾਵੇ,
ਉਹ ਜੜਾਊ ਤਖ਼ਤ ਤੇ ਪੱਕੀ ਤਰ੍ਹਾਂ ਬ੍ਰਾਜਮਾਨ ਹੋ ਜਾਣ।

**ਬੂਇ ਹੱਕ ਮੀਆਇਦ ਅਜ਼ ਹਰ ਮੂਇ ਸ਼ਾਂ**
**ਜ਼ਿੰਦਾ ਮੀ ਸ਼ੁਦ ਹਰ ਕਸੇ ਅਜ਼ ਬੂਇ ਸ਼ਾਂ ॥੩੮੨॥**

ਉਨ੍ਹਾਂ ਦੇ ਰੋਮ ਰੋਮ ਵਿਚੋਂ ਸੱਚ ਦੀ ਸੁਗੰਧੀ ਆਉਂਦੀ ਹੈ।
ਹਰ ਕੋਈ ਉਨ੍ਹਾਂ ਦੀ ਸੰਗਤ ਦੀ ਸੁਗੰਧੀ ਨਾਲ ਸੁਰਜੀਤ ਹੋ ਜਾਂਦਾ ਹੈ।

**ਨਾਮਿ ਹੱਕ ਬੀਰੂੰ ਨ ਬੂਦ ਅਜ਼ ਜਿਸਮਿ ਸ਼ਾਂ**
**ਮੁਰਸ਼ਦਿ ਕਾਮਿਲ ਅਗਰ ਦਾਦੇ ਨਿਸ਼ਾਂ ॥੩੮੩॥**

ਜੇਕਰ ਪੂਰਨ ਸਤਿਗੁਰੂ ਨੇ ਉਨ੍ਹਾਂ ਨੂੰ ਥਹੁ ਪਤਾ ਦਿੱਤਾ ਹੁੰਦਾ, ਤਾਂ ਰੱਬ ਦਾ ਨਾਮ ਉਨ੍ਹਾਂ ਦੇ ਸਰੀਰਾਂ ਤੋਂ ਬਾਹਰ ਨਾ ਹੁੰਦਾ (ਭਾਵ, ਉਨ੍ਹਾਂ ਨੂੰ ਰੱਬ ਦੀ ਪ੍ਰਾਪਤੀ ਆਪਣੇ ਹਿਰਦੇ ਰੂਪੀ ਘਰ ਵਿਚ ਹੀ ਹੋ ਜਾਂਦੀ)।

**ਆਬਿ ਹੈਵਾਂ ਅੰਦਰੂਨਿ ਖ਼ਾਨਾ ਹਸਤ**
**ਲੇਕ ਬੇ-ਹਾਦੀ ਜਹਾਂ ਬੇਗਾਨਾਂ ਹਸਤ ॥੩੮੪॥**

ਜ਼ਿੰਦਗੀ ਦਾ ਅੰਮ੍ਰਿਤ ਹਿਰਦੇ ਰੂਪੀ ਘਰ ਵਿਚ ਹੀ ਹੈ,
ਪਰ ਬਿਨਾਂ ਸਤਿਗੁਰੂ ਦੇ, ਦੁਨੀਆਂ ਨੂੰ ਪਤਾ ਨਹੀਂ ਲੱਗਦਾ।

**ਚੂੰ ਜ਼ ਸ਼ਹਿਰਗ ਹਸਤ ਸ਼ਾਹ ਨਜ਼ਦੀਕ ਤਰ**
**ਚੂ ਬਸਹਿਰਾ ਮੀਰਵੀ ਐ ਬੇ-ਖ਼ਬਰ ॥੩੮੫॥**

ਜਦ ਕਿ ਉਹ ਸੱਚਾ ਪਾਤਸ਼ਾਹ (ਤੇਰੀ) ਸ਼ਾਹਰਗ ਤੋਂ ਵੀ ਨੇੜੇ ਹੈ,
ਤਾਂ ਹੇ ਅਣਜਾਣ! ਤੂੰ ਜੰਗਲ ਬੇਲੇ ਕਿਉਂ ਭੌਂਦਾ ਫਿਰਦਾ ਹੈਂ?

**ਵਾਕਿਫ਼ਿ ਈਂ ਰਾਹ ਚੂ ਗਰਦਦ ਰਾਹਨੁਮਾ**
**ਖ਼ਲਵਤੇ ਦਰ ਅੰਜੁਮਨ ਬਾਸ਼ਦ ਤੁਰਾ ॥੩੮੬॥**

ਜਦ ਇਸ ਮਾਰਗ ਤੋਂ ਜਾਣੂ ਤੇਰਾ ਰਾਹ ਵਿਖਾਵਾ ਬਣ ਜਾਵੇ,
ਤਾਂ ਤੈਨੂੰ ਸੰਗਤ ਵਿਚ ਹੀ ਏਕਾਂਤ ਪ੍ਰਾਪਤ ਹੋ ਜਾਵੇਗਾ।

**ਹਰ ਚਿ ਸ਼ਾਂ ਅੰਦਰ ਖ਼ਿਲਾਫ਼ਤ ਦਾਸ਼ਤੰਦ**
**ਜੁਮਲਾ ਰਾ ਯੱਕ ਬਾਰੇਗੀ ਬਿਗੁਜ਼ਾਸ਼ਤੰਦ ॥੩੮੭॥**

ਜੋ ਕੁਝ ਵੀ ਉਨ੍ਹਾਂ ਪਾਸ ਹੁੰਦਾ ਹੈ
ਉਹ ਸਭ ਕੁਝ ਇਕੋ ਵਾਰ ਤਿਆਗ ਦਿੰਦੇ ਹਨ।

**ਅਜ਼ ਬਰਾਇ ਆਂ ਕਿ ਹੱਕ ਹਾਸਿਲ ਕੁਨੰਦ**
**ਪੈਰਵੀਇ ਆਰਿਫ਼ਿ ਕਾਮਿਲ ਕੁਨੰਦ ॥੩੮੮॥**

ਉਹ ਪੂਰਨ ਗਿਆਨਵਾਨ ਦੇ ਪਿੱਛੇ ਟੁਰਦੇ ਹਨ,
ਤਾਂ ਕਿ ਉਹ ਸੱਚੇ ਰੱਬ ਨੂੰ ਪ੍ਰਾਪਤ ਕਰ ਲੈਣ।

**ਆਰਿਫ਼ਿ ਕਾਮਿਲ ਤੁਰਾ ਕਾਮਿਲ ਕੁਨਦ**
**ਹਰ ਚਿਹ ਮੀਖ਼ਾਹੀ ਤੁਰਾ ਹਾਸਿਲ ਕੁਨਦ ॥੩੮੯॥**

ਪੂਰਨ ਸੰਤ ਤੈਨੂੰ ਵੀ ਪੂਰਨ ਸੰਤ ਬਣਾ ਦਿੰਦਾ ਹੈ,
ਅਤੇ ਤੇਰੀਆਂ ਸਾਰੀਆਂ ਇੱਛਾਵਾਂ ਨੂੰ ਪੂਰਾ ਕਰ ਦਿੰਦਾ ਹੈ।

ਰਾਸਤੀ ਈਨਸਤ ਰਾਹਿ ਹੱਕ ਬਗੀਰ
ਤਾ ਤੂ ਹਮ ਗਰਦੀ ਚੂ ਖ਼ੁਰਸ਼ੀਦਿ ਮੁਨੀਰ ॥੩੯੦॥

ਸੱਚ ਤਾਂ ਇਹ ਹੈ ਕਿ ਤੂੰ ਰੱਬ ਦਾ ਰਾਹ ਫੜ੍ਹ,
ਤਾਂ ਜੋ ਤੂੰ ਵੀ ਸੂਰਜ ਵਾਂਗ ਚਮਕ ਪਵੇਂ।

ਹਕ ਦਰੂਨਿ ਦਿਲ ਕਿ ਦਿਲਦਾਰੀ ਕੁਨਦ
ਮੁਰਸ਼ਦਿ ਕਾਮਿਲ ਤੁਰਾ ਯਾਰੀ ਕੁਨਦ ॥੩੯੧॥

ਸੱਚਾ ਰੱਬ ਤੇਰੇ ਦਿਲ ਅੰਦਰ ਤੇਰੀ ਦਿਲਦਾਰੀ ਕਰਦਾ ਹੈ,
ਪੂਰਾ ਸਤਿਗੁਰੂ ਤੇਰੀ ਸਹਾਇਤਾ ਕਰਦਾ ਹੈ।

ਵਾਕਫ਼ਿ ਈਂ ਰਾਹ ਅਗਰ ਆਰੀ ਬਦਸਤ
ਅੰਦਰੂੰ ਯਾਬੀ ਮਤਾਇ ਹਰ ਚਿ ਹਸਤ ॥੩੯੨॥

ਜੇਕਰ ਤੈਨੂੰ ਇਸ ਰਾਹ ਦਾ ਜਾਣੂ ਮਿਲ ਜਾਵੇ,
ਤਾਂ ਤੈਨੂੰ ਆਪਣੇ ਅੰਦਰ ਹੀ ਹਰ ਪ੍ਰਕਾਰ ਦਾ ਮਾਲ ਮਤਾਅ ਮਿਲ ਜਾਵੇ।

ਮੁਰਸ਼ਦਿ ਕਾਮਿਲ ਕਸੇ ਰਾ ਦਸਤ ਦਾਦ
ਤਾਜਿ ਇਰਫ਼ਾਂ ਰਾ ਬਫ਼ਰਕਿ ਊ ਨਿਹਾਦ ॥੩੯੩॥

ਜਿਸ ਕਿਸੇ ਨੂੰ ਪੂਰਾ ਸਤਿਗੁਰੂ ਮਿਲ ਗਿਆ,
ਉਸ ਨੇ ਸੱਚੇ ਗਿਆਨ ਦਾ ਤਾਜ ਉਸ ਦੇ ਸਿਰ ਤੇ ਰੱਖ ਦਿੱਤਾ।

ਮਹਿਰਮਿ ਹੱਕ ਮੁਰਸ਼ਦਿ ਕਾਮਿਲ ਕੁਨਦ
ਦੌਲਤਿ ਜਾਵੀਦ ਰਾ ਹਾਸਿਲ ਕੁਨਦ ॥੩੯੪॥

ਸੱਚਾ ਅਤੇ ਪੂਰਾ ਗੁਰੂ ਰੱਬ ਦੇ ਭੇਤਾਂ ਤੋਂ ਜਾਣੂ ਕਰਵਾ ਦਿੰਦਾ ਹੈ,
ਅਤੇ ਜਗਿਆਸੂ ਅਮਰ ਦੌਲਤ ਪ੍ਰਾਪਤ ਕਰ ਲੈਂਦਾ ਹੈ।

ਹਰ ਦੋ ਆਲਮ ਬੰਦਾਇ ਫ਼ਰਮਾਨਿ ਊ
ਈਂ ਜਹਾਨੋ ਆਂ ਜਹਾਂ ਕੁਰਬਾਨਿ ਊ ॥੩੯੫॥

ਦੋਵੇਂ ਜਹਾਨ ਉਸ ਦੇ ਹੁਕਮ ਦੇ ਬੰਦੇ ਹਨ,
ਦੋਵੇਂ ਜਹਾਨ ਉਸ ਤੋਂ ਵਾਰੀ ਜਾਂਦੇ ਹਨ।

ਮਾਅਨੀਇ ਇਹਸਾਨ ਇਰਫ਼ਾਨਿ ਖ਼ੁਦਾ-ਸਤ
ਆਰਿਫ਼ਾਂ ਰਾ ਦੌਲਤਿ ਖ਼ੁਸ਼ ਰੂ ਨੁਮਾ ਸਤ ॥੩੯੬॥

ਅਸਲ ਅਹਿਸਾਨ ਰੱਬ ਦਾ ਸੱਚਾ ਗਿਆਨ ਹੈ,
ਗਿਆਨਵਾਨਾਂ ਨੂੰ ਅਮਰ ਦੌਲਤ ਆਪਣਾ ਮੂੰਹ ਵਿਖਾਉਂਦੀ ਹੈ।

ਤਾ ਖ਼ੁਦਾਇ ਖ਼ੇਸ਼ਤਨ ਬਿਸ਼ਨਾਖ਼ਤਸ਼
ਨਕਦਿ ਉਮਰਿ ਜਾਵਿਦਾਂ ਦਰਯਾਫ਼ਤਸ਼ ॥੩੯੭॥

ਜਦ ਉਸ ਨੇ ਆਪਣਾ ਪ੍ਰਭੂ ਪਛਾਣ ਲਿਆ,
ਤਾਂ ਸਮਝੋ ਉਸ ਨੇ ਅਮਰ ਜੀਵਨ ਦੀ ਪੂੰਜੀ ਪ੍ਰਾਪਤ ਕਰ ਲਈ।

ਊ ਦਰੂਨਿ ਦਿਲ ਤੂ ਬੀਰੂੰ ਮੀ-ਰਵੀ
ਊ ਬਖ਼ਾਨਾ ਤੂ ਬਹੱਜ ਚੂੰ ਮੀ-ਰਵੀ ॥੩੯੮॥

ਉਹ ਤਾਂ ਤੇਰੇ ਦਿਲ ਅੰਦਰ ਵੱਸਦਾ ਹੈ, ਪਰ ਤੂੰ ਬਾਹਰ ਨੱਸਦਾ ਹੈਂ,
ਉਹ ਤਾਂ ਤੇਰੇ ਘਰ ਵਿਚ ਹੈ, ਪਰ ਤੂੰ ਹੱਜ ਲਈ ਦੌੜਦਾ ਫਿਰਦਾ ਹੈਂ।

**ਊ ਸਤ ਅਜ਼ ਹਰ ਮੂਇ ਤੂ ਚੂੰ ਆਸ਼ਕਾਰ**
**ਤੂ ਕੁਜਾ ਬੀਰੂੰ ਰਵੀ ਬਹਿਰਿ ਸ਼ਿਕਾਰ ॥੩੯੯॥**

ਜਦ ਉਹ ਤੇਰੇ ਰੋਮ ਰੋਮ ਤੋਂ ਪ੍ਰਗਟ ਹੁੰਦਾ ਹੈ,
ਤਾਂ ਤੂੰ ਉਸ ਨੂੰ ਲੱਭਣ ਲਈ ਬਾਹਰ ਕਿੱਥੇ ਜਾਂਦਾ ਹੈਂ?

**ਅੰਦਰੂਨਿ ਖ਼ਾਨਾ-ਅਤ ਨੂਰਿ ਅੱਲਾਹ**
**ਤਾਫ਼ਤ ਚੂੰ ਬਰ ਆਸਮਾਂ ਰਖ਼ਸ਼ਿੰਦਾ ਮਾਹ ॥੪੦੦॥**

ਤੇਰੇ ਹਿਰਦੇ ਰੂਪੀ ਘਰ ਅੰਦਰ ਰੱਬ ਦਾ ਨੂਰ ਇਉਂ ਚਮਕਦਾ ਹੈ,
ਜਿਵੇਂ ਨੂਰਾਨੀ ਚੰਦਰਮਾ ਆਕਾਸ਼ ਉੱਪਰ ਚਮਕਦਾ ਹੈ।

**ਅੰਦਰੂਨਿ ਚਸ਼ਮਿ ਤਰ ਬੀਨਾ ਸ਼ੁਦਾ**
**ਬਰ ਜ਼ਬਾਨਤ ਹੁਕਮਿ ਹੱਕ ਗੋਯਾ ਸ਼ੁਦਾ ॥੪੦੧॥**

ਤੇਰੀਆਂ ਅੰਝੂਆਂ ਭਰੀਆਂ ਅੱਖਾਂ ਵਿਚੋਂ ਵੇਖਣ ਵਾਲਾ ਤਾਂ ਉਹ ਹੈ,
ਅਤੇ ਤੇਰੀ ਜੀਭ ਉੱਪਰ ਰੱਬ ਦਾ ਹੁਕਮ ਬੋਲਦਾ ਹੈ।

**ਈਂ ਵਜੂਦਤ ਰੋਸ਼ਨ ਅਜ਼ ਨੂਰਿ ਹੱਕ ਅਸਤ**
**ਰੋਸ਼ਨ ਅਜ਼ ਨੂਰਿ ਖ਼ੁਦਾਇ ਮੁਤਲਿਕ ਅਸਤ ॥੪੦੨॥**

ਤੇਰਾ ਇਹ ਸਰੀਰ ਰੱਬ ਦੇ ਨੂਰ ਨਾਲ ਰੋਸ਼ਨ ਹੈ,
ਸਾਰਾ ਸੰਸਾਰ ਰੱਬ ਦੇ ਨੂਰ ਨਾਲ ਰੋਸ਼ਨ ਹੈ।

**ਲੇਕ ਵਾਕਿਫ਼ ਨੀਸਤੀ ਅਜ਼ ਹਾਲਿ ਖ਼ੇਸ਼**
**ਰੂਜ਼ੋ ਸ਼ਬ ਹੈਰਾਨੀ ਅਜ਼ ਅਫ਼ਆਲਿ ਖ਼ੇਸ਼ ॥੪੦੩॥**

ਪਰ ਤੂੰ ਆਪਣੇ (ਅੰਦਰਲੇ) ਹਾਲ ਤੋਂ ਵਾਕਫ਼ ਨਹੀਂ,
ਦਿਨ ਰਾਤ ਤੂੰ ਆਪਣੇ ਕਰਮਾਂ ਕਰਕੇ ਹੀ ਹੈਰਾਨ ਹੈਂ।

**ਮੁਰਸ਼ਦਿ ਕਾਮਿਲ ਤੁਰਾ ਮਹਿਰਮ ਕੁਨਦ**
**ਦਰਦਿ ਰੇਸ਼ਿ ਹਿਜ਼ਰ ਰਾ ਮਰਹਮ ਕੁਨਦ ॥੪੦੪॥**

ਪੂਰਨ ਸਤਿਗੁਰੂ ਤੈਨੂੰ ਰੱਬ ਦਾ ਜਾਣਕਾਰ ਬਣਾ ਦਿੰਦਾ ਹੈ,
ਉਹ ਵਿਛੋੜੇ ਦੇ ਜ਼ਖ਼ਮ ਦੀ ਪੀੜਾ ਦੀ ਮਲ੍ਹਮ ਪੱਟੀ ਕਰਦਾ ਹੈ।

**ਤਾ ਤੂ ਹਮ ਅਜ਼ ਵਾਸਿਲਾਨਿ ਊ ਸ਼ਵੀ**
**ਸਾਹਿਬਿ ਦਿਲ ਗਰਦੀ ਵਾ ਖ਼ੁਸ਼ਬੂ ਸ਼ਵੀ ॥੪੦੫॥**

ਤਾਂ ਜੋ ਤੂੰ ਵੀ ਰੱਬ ਦੇ ਮੇਲੀਆਂ ਵਿਚੋਂ ਹੋ ਜਾਵੇਂ,
ਤੇ ਤੂੰ ਦਿਲ ਦਾ ਮਾਲਕ ਹੋ ਜਾਵੇਂ, ਨੇਕ ਸੁਭਾਉ ਵਾਲਾ ਹੋ ਜਾਵੇਂ।

**ਅਜ਼ ਬਰਾਇ ਆਂ ਕਿ ਸਰ-ਗਰਦਾਂ ਸ਼ਵੀ**
**ਉਮਰ ਹਾ ਅੰਦਰ ਤਲਬ ਹੈਰਾਂ ਸ਼ਵੀ ॥੪੦੬॥**

ਤੂੰ ਉਮਰਾਂ ਬੱਧੀ ਰੱਬ ਦੀ ਤਲਾਸ਼ ਵਿਚ ਹੈਰਾਨ ਹੁੰਦਾ ਰਿਹਾ,
ਇਸੇ ਲਈ ਤੂੰ ਸਦਾ ਪਰੇਸ਼ਾਨ ਹੁੰਦਾ ਰਿਹਾ।

ਤੂ ਚਿਹ ਬਾਸ਼ੀ ਆਲਮੇ ਹੈਰਾਨਿ ਊ
ਅਰਸ਼ੋ ਕੁਰਸੀ ਜੁਮਲਾ ਸਰ-ਗਰਦਾਨਿ ਊ ॥੪੦੭॥

ਤੇਰੀ ਹੀ ਕੀ ਗੱਲ ਹੈ? ਸਾਰਾ ਸੰਸਾਰ ਹੀ ਉਸ ਲਈ ਹੈਰਾਨ ਹੈ,
ਇਹ ਆਸਮਾਨ ਅਤੇ ਚੌਥਾ ਆਕਾਸ਼, ਸਭ ਪਰੇਸ਼ਾਨ ਹਨ।

ਚਰਖ਼ ਮੀ ਗਰਦਦ ਬਗਿਰਦਿ ਆਂ ਕਿ ਊ
ਦਾਰਦ ਅਜ਼ ਸ਼ੌਕਿ ਖ਼ੁਦਾ ਫ਼ਰਖੰਦਾ ਖ਼ੂ ॥੪੦੮॥

ਇਹ ਆਸਮਾਨ ਉਸ ਦੇ ਉਦਾਲੇ ਇਸ ਲਈ ਘੁੰਮਦਾ ਹੈ,
ਕਿਉਂ ਜੋ ਉਹ ਰੱਬ ਦੇ ਚਾਉ ਨਾਲ ਨੇਕ ਸੁਭਾਵ ਹੈ।

ਜੁਮਲਾ ਹੈਰਾਨੰਦ ਸਰ-ਗਰਦਾਨਿ ਊ
ਚੂੰ ਗਦਾ ਜੋਇਦ ਊ ਰਾ ਕੂ ਬ-ਕੂ ॥੪੦੯॥

ਸਾਰੇ ਸੰਸਾਰ ਦੇ ਲੋਕ ਉਸ ਲਈ ਹੈਰਾਨ ਪਰੇਸ਼ਾਨ ਹਨ,
ਜਿਵੇਂ ਫ਼ਕੀਰ ਉਸ ਨੂੰ ਗਲੀ ਗਲੀ ਲੱਭਦੇ ਫਿਰਦੇ ਹਨ।

ਬਾਦਸ਼ਾਹਿ ਹਰ ਦੋ ਆਲਮ ਦਰ ਦਿਲ ਅਸਤ
ਲੈਕਨ ਈਂ ਆਗਿਸ਼ਤਾਇ ਆਬੋ ਗਿੱਲ ਅਸਤ ॥੪੧੦॥

ਦੋਹਾਂ ਜਹਾਨਾਂ ਦਾ ਬਾਦਸ਼ਾਹ ਦਿਲ ਵਿਚ ਵੱਸਦਾ ਹੈ,
ਪਰ ਇਹ (ਸਰੀਰ) ਮਿੱਟੀ ਤੇ ਪਾਣੀ ਨਾਲ ਲਿਬੜਿਆ ਹੋਇਆ ਹੈ।

ਦਰ ਦਿਲਿ ਤੂ ਨਕਸ਼ਿ ਹੱਕ ਚੂੰ ਨਕਸ਼ ਬਸਤ
ਜੁਮਲਾ ਨਫ਼ਸਿ ਸ਼ੌਕ ਸ਼ੁਦ ਐ ਹੱਕ-ਪ੍ਰਸਤ ॥੪੧੧॥

ਜਦ ਤੇਰੇ ਦਿਲ ਵਿਚ ਰੱਬ ਦੇ ਸੱਚੇ ਸਰੂਪ ਨੇ ਆਪਣਾ ਆਕਾਰ ਬੱਧਾ,
ਤਾਂ ਹੇ ਸੱਚੇ ਰੱਬ ਦੇ ਭਗਤ, ਤੇਰੀ ਸਾਰੀ ਜ਼ਾਤ ਉਸੇ ਦੇ ਚਾਉ ਦਾ ਰੂਪ ਬਣ ਗਈ।

ਨਕਸ਼ਿ ਹੱਕ ਯਾਅਨੀ ਨਿਸ਼ਾਨਿ ਨਾਮਿ ਹੱਕ
ਆਬਿ ਹੈਵਾਂ ਰਾ ਬਨੋਸ਼ ਅਜ਼ ਜਾਮਿ ਹੱਕ ॥੪੧੨॥

ਸੱਚੇ ਦਾ ਸਰੂਪ ਹੀ ਸੱਚੇ ਦੇ ਨਾਮ ਦਾ ਨਿਸ਼ਾਨ ਹੈ,
ਸੱਚ ਦੇ ਪਿਆਲੇ ਚੋਂ ਸੱਚ ਦਾ ਅੰਮ੍ਰਿਤ ਪੀ।

ਆਂ ਕਿ ਊ ਰਾ ਜੁਸਤਮ ਅਜ਼ ਹਰ ਖ਼ਾਨਾਇ
ਯਾਫ਼ਤਮ ਨਾਗਾਹ ਦਰ ਕਾਸ਼ਾਨਾਇ ॥੪੧੩॥

ਉਹ ਜਿਸ ਨੂੰ ਮੈਂ ਘਰ ਘਰ ਢੂੰਡਦਾ ਰਿਹਾ,
ਮੈਂ ਅਚਾਨਕ ਉਸ ਨੂੰ ਆਪਣੇ ਘਰ ਹੀ ਦੇਖ ਲਿਆ।

ਈਂ ਤੁਫ਼ੈਲਿ ਮੁਰਸ਼ਦਿ ਕਾਮਿਲ ਬਵਦ
ਹਰ ਚਿਹ ਮੀ ਖ਼ਾਹੀ ਅਜ਼ੋ ਹਾਸਿਲ ਸ਼ਵਦ ॥੪੧੪॥

ਇਹ ਕਿਰਪਾ ਸੱਚੇ ਤੇ ਪੂਰੇ ਸਤਿਗੁਰੂ ਦੀ ਹੈ,
ਜੋ ਕੁਝ ਮੈਨੂੰ ਚਾਹੀਦਾ ਹੈ, ਉਸ ਤੋਂ ਪ੍ਰਾਪਤ ਹੋ ਜਾਂਦਾ ਹੈ।

ਈਂ ਮੁਰਾਦਿ ਦਿਲ ਕਸੇ ਬੇ ਆਂ ਨ ਯਾਫ਼ਤ
ਹਰ ਗਦਾਇ ਦੌਲਤਿ ਸੁਲਤਾਂ ਨ ਯਾਫ਼ਤ ॥੪੧੫॥

ਦਿਲ ਦੀ ਇਹ ਮੁਰਾਦ ਬਿਨਾਂ ਉਸ ਤੋਂ ਕਿਸੇ ਦੀ ਪੂਰੀ ਨਹੀਂ ਹੋਈ,
ਹਰ ਭਿਖਾਰੀ ਨੂੰ ਸ਼ਾਹੀ ਦੌਲਤ ਪ੍ਰਾਪਤ ਨਹੀਂ ਹੁੰਦੀ।

**ਨਾਮ ਬੇ ਮੁਰਸ਼ਦ ਮਿਆ ਵਰ ਬਰ ਜ਼ੁਬਾਂ**
**ਮੁਰਸ਼ਦਿ ਕਾਮਿਲ ਦਿਹਦ ਅਜ਼ ਹੱਕ ਨਿਸ਼ਾਂ ॥੪੧੬॥**

ਗੁਰੂ ਤੋਂ ਬਿਨਾਂ ਹੋਰ ਕਿਸੇ ਦਾ ਜਾਪ ਨਾ ਕਰ,
ਪੂਰਾ ਸਤਿਗੁਰੂ ਹੀ ਸੱਚੇ ਰੱਬ ਦਾ ਪਤਾ ਦੇ ਸਕਦਾ ਹੈ।

**ਮੁਰਸ਼ਦਿ ਹਰ ਚੀਜ਼ ਮੀ ਬਾਸ਼ਦ ਬਸੇ**
**ਮੁਰਸ਼ਦਿ ਕਾਮਿਲ ਕੁਜਾ ਯਾਬਦ ਕਸੇ ॥੪੧੭॥**

ਹਰ ਵਸਤੂ ਦੇ ਮੁਰਸ਼ਦ ਭਾਵੇਂ ਅਨੇਕਾਂ ਹਨ,
ਪਰੰਤੂ ਪੂਰਾ ਸਤਿਗੁਰੂ ਕਦੋਂ ਕਿਸੇ ਨੂੰ ਮਿਲਦਾ ਹੈ?

**ਆਂ ਖ਼ੁਦਾਇ ਪਾਕ ਦਿਲ ਰਾ ਕਾਮ ਦਾਦ**
**ਈਂ ਦਿਲਿ ਬਿਸ਼ਕਸਤਾ ਰਾ ਆਰਾਮ ਦਾਦ ॥੪੧੮॥**

ਉਸ ਪਵਿੱਤਰ ਪਰਮਾਤਮਾ ਨੇ ਦਿਲ ਦੀ ਕਾਮਨਾ ਪੂਰੀ ਕਰ ਦਿੱਤੀ,
ਉਸ ਨੇ ਟੁੱਟੇ ਹੋਏ ਦਿਲ ਨੂੰ ਆਰਾਮ ਬਖ਼ਸ਼ਿਆ।

**ਹਾਸਿਲਿ ਹੱਕ ਮੁਰਸ਼ਦਿ ਕਾਮਿਲ ਬਵਦ**
**ਜ਼ਾਂ ਕਿ ਊ ਆਰਾਮਿ ਜਾਨੋ ਦਿਲ ਬਵਦ ॥੪੧੯॥**

ਪੂਰਾ ਸਤਿਗੁਰੂ ਹੀ ਰੱਬ ਦੀ ਅਸਲ ਪ੍ਰਾਪਤੀ ਹੈ,
ਕਿਉਂ ਜੋ ਉਹ ਹੀ ਦਿਲ ਅਤੇ ਜਾਨ ਨੂੰ ਸੁੱਖ ਬਖ਼ਸ਼ਣ ਵਾਲਾ ਹੈ।

**ਅੱਵਲਨ ਐ ਦਿਲ ਫ਼ਨਾਇ ਖੇਸ਼ ਸ਼ੋ**
**ਤਾ ਬਯਾਬੀ ਰਾਹਿ ਹੱਕ ਦਰ ਕੂਇ ਓ ॥੪੨੦॥**

ਪਹਿਲਾਂ ਤਾਂ, ਹੇ ਦਿਲ, ਤੂੰ ਆਪਣੇ ਆਪੇ ਨੂੰ ਮਿਟਾ ਦੇ,
ਤਾਂ ਜੋ ਉਸ ਦੀ ਗਲੀ ਵਿਚ ਤੈਨੂੰ ਸੱਚਾ ਰਾਹ ਮਿਲ ਜਾਏ।

**ਵਾਕਿਫ਼ ਅਰ ਅਜ਼ ਮੁਰਸ਼ਦਿ ਕਾਮਿਲ ਸ਼ਵੀ**
**ਬੇ ਤਕੱਲਫ਼ ਸਾਹਿਬਿ ਈਂ ਦਿਲ ਸ਼ਵੀ ॥੪੨੧॥**

ਜੇਕਰ ਤੂੰ ਪੂਰਨ ਸਤਿਗੁਰੂ ਤੋਂ ਜਾਣੂ ਹੋ ਜਾਏਂ,
ਤਾਂ ਸਹਿਜੇ ਹੀ ਤੂੰ ਇਸ ਦਿਲ ਦਾ ਮਾਲਕ ਬਣ ਜਾਏਂ।

**ਹਰ ਕਿ ਊ ਖ਼ੁਦ ਫ਼ਨਾਇ ਊ ਨ ਕਰਦ**
**ਹੱਕ ਮਰ ਊ ਰਾ ਸਾਹਿਬਿ ਇਰਫ਼ਾਂ ਨ ਕਰਦ ॥੪੨੨॥**

ਜਿਸ ਕਿਸੇ ਨੇ ਆਪਣੇ ਆਪੇ ਨੂੰ ਨਹੀਂ ਮਿਟਾਇਆ,
ਰੱਬ ਨੇ ਉਸ ਨੂੰ ਆਪਣੇ ਭੇਤਾਂ ਤੋਂ ਜਾਣੂ ਨਹੀਂ ਕੀਤਾ।

**ਹਰ ਚਿਹ ਹਸਤ ਆਂ ਅੰਦਰੂਨਿ ਖ਼ਾਨਾ ਅਸਤ**
**ਸੈਰ ਕੁਨ ਦਰ ਕਿਸ਼ਤਿ ਦਿਲ ਈਂ ਦਾਨਾ ਹਸਤ ॥੪੨੩॥**

ਜੋ ਕੁਝ ਵੀ ਹੈ, ਉਹ ਘਰ ਵਿਚ ਹੀ ਹੈ,
ਤੂੰ ਦਿਲ ਦੀ ਖੇਤੀ ਦੀ ਸੈਰ ਕਰ, ਗਿਆਨ ਦਾ ਦਾਣਾ ਇਸੇ ਵਿਚ ਹੈ।

ਮੁਰਸ਼ਦਿ ਕਾਮਿਲ ਚੂ ਬਾਸ਼ਦ ਰਾਹਨੁਮਾ
ਬਾ ਖ਼ੁਦਾਇ ਖ਼ੇਸ਼ ਗਰਦੀ ਆਸ਼ਨਾ ॥੪੨੪॥

ਜਦ ਪੂਰਨ ਸਤਿਗੁਰੂ ਤੇਰਾ ਰਾਹ ਵਿਖਾਊ ਹੋਵੇ,
ਤਾਂ ਤੂੰ ਆਪਣੇ ਰੱਬ ਤੋਂ [ਪੂਰੀ ਤਰ੍ਹਾਂ] ਵਾਕਫ਼ ਹੋ ਜਾਵੇਂਗਾ।

ਗਰ ਦਿਲਿ ਤੁ ਜਾਨਬਿ ਹਕ ਆਰਦਤ
ਅਜ਼ ਬੁਨਿ ਹਰ ਮੂਏ ਹੱਕ ਮੀ ਬਾਰਦਤ ॥੪੨੫॥

ਜੇਕਰ ਤੇਰਾ ਦਿਲ ਤੈਨੂੰ ਰੱਬ ਵੱਲ ਪਰੇਰ ਲਵੇ,
ਤਾਂ ਤੇਰੇ ਰੋਮ ਰੋਮ ਵਿਚੋਂ ਰੱਬ [ਦੇ ਨਾਮ] ਦੀ ਬਰਖਾ ਹੋਣ ਲੱਗ ਪਵੇ।

ਹਮ ਦਰੀਂ ਦੁਨੀਆਂ ਬ-ਯਾਬੀ ਕਾਮ ਰਾ
ਖ਼ਾਕ ਬਰ ਸਰ ਕੁਨ ਗ਼ਮਿ ਅੱਯਾਮ ਰਾ ॥੪੨੬॥

ਤਾਂ ਫਿਰ ਇਸੇ ਦੁਨੀਆਂ ਵਿਚ ਤੇਰੀ ਮੁਰਾਦ ਪੂਰੀ ਹੋ ਜਾਵੇ,
ਤੂੰ ਜ਼ਮਾਨੇ ਦੇ ਗ਼ਮਾਂ ਅਤੇ ਅੰਦੇਸ਼ਿਆਂ ਉੱਤੇ ਮਿੱਟੀ ਪਾ।

ਬੀਰੂੰ ਅਜ਼ ਜਿਸਮਿ ਤੂ ਨ-ਬਵਦ ਹੀਚ ਚੀਜ਼
ਯਕ ਦਮੇ ਹਮ ਖੇਸ਼ਤਨ ਰਾ ਕੁਨ ਤਮੀਜ਼ ॥੪੨੭॥

ਤੇਰੇ ਸਰੀਰ ਤੋਂ ਬਾਹਰ ਕੋਈ ਵਸਤੂ ਨਹੀਂ,
ਤੂੰ ਛਿਨ ਪਲ ਲਈ ਆਪਣੇ ਆਪ ਨੂੰ ਪਛਾਣ [ਤਾਂ ਸਹੀ]।

ਤਾ ਬ-ਯਾਬੀ ਈਂ ਸਆਦਤ ਰਾ ਮਦਾਮ
ਗਰ ਬਿਦਾਨੀ ਹੱਕ ਕੁਦਾਮੋ ਮਨ ਕੁਦਾਮ ॥੪੨੮॥

ਜੇਕਰ ਤੂੰ ਇਹ ਜਾਣ ਲਵੇਂ, ਕਿ ਤੂੰ ਕੌਣ ਹੈਂ ਤੇ ਰੱਬ ਕੌਣ ਹੈ,
ਤਾਂ ਤੈਨੂੰ ਰੱਬ ਦੀ ਸੱਚੀ ਦਾਤ ਸਦਾ ਲਈ ਪ੍ਰਾਪਤ ਹੋ ਜਾਵੇ।

ਮਨ ਚਿਹ ਜ਼ੱਰਾ ਮੁਸ਼ਤੇ ਅਜ਼ ਖ਼ਾਕਿ ਗ਼ਰੀਬ
ਈਂ ਹਮਾ ਦੌਲਤ ਜ਼ ਮੁਰਸ਼ਦ ਸ਼ੁਦ ਨਸੀਬ ॥੪੨੯॥

ਮੈਂ ਕੌਣ ਹੁੰਦਾ ਹਾਂ? ਕੇਵਲ ਓਪਰੀ ਮਿੱਟੀ ਦੀ ਇਕ ਮੁੱਠ ਦਾ ਇਕ ਕਿਣਕਾ,
ਇਹ ਸਭ ਦਾਤ ਮੈਨੂੰ ਆਪਣੇ ਮੁਰਸ਼ਦ ਤੋਂ ਨਸੀਬ ਹੋਈ ਹੈ।

ਐ ਜ਼ਹੇ ਮੁਰਸ਼ਦ ਕਿ ਨਾਮਿ ਪਾਕ ਰਾ
ਅਜ਼ ਕਰਮ ਬਖ਼ਸ਼ੀਦ ਮੁਸ਼ਤਿ ਖ਼ਾਕ ਰਾ ॥੪੩੦॥

ਧੰਨ ਹੈ ਪੂਰਨ ਸਤਿਗੁਰੂ, ਜਿਸ ਨੇ ਅਪਾਰ ਕ੍ਰਿਪਾ ਨਾਲ,
ਇਸ ਮੁੱਠੀ ਭਰ ਮਿੱਟੀ ਨੂੰ ਉਹ ਪਵਿੱਤਰ ਨਾਮ ਬਖ਼ਸ਼ਿਆ।

ਐ ਜ਼ਹੇ ਮੁਰਸ਼ਦ ਚੂ ਮਾ ਤੀਰਾ ਦਿਲਾਂ
ਕਰਦ ਰੌਸ਼ਨ ਦਰ ਜ਼ਮੀਨੌਂ ਆਸਮਾਂ ॥੪੩੧॥

ਵਾਹ ਵਾਹ ਉਸ ਪੂਰਨ ਸਤਿਗੁਰੂ ਦੇ, ਜਿਸ ਨੇ,
ਸਾਡੇ ਵਰਗੇ ਅੰਨ੍ਹੇ ਦਿਲਾਂ ਨੂੰ ਧਰਤ ਆਕਾਸ਼ ਤੇ ਰੌਸ਼ਨ ਕਰ ਦਿੱਤਾ।

ਐ ਜ਼ਹੇ ਮੁਰਸ਼ਦ ਕਿ ਦਿਲ ਰਾ ਸ਼ੌਕ ਦਾਦ
ਐ ਜ਼ਹੇ ਮੁਰਸ਼ਦ ਕਿ ਬੰਦਿ ਦਿਲ ਕੁਸ਼ਾਦ ॥੪੩੨॥

ਧੰਨ ਹੈ ਸਤਿਗੁਰੂ, ਜਿਸ ਨੇ ਦਿਲ ਨੂੰ ਚਾਉ ਬਖ਼ਸ਼ਿਆ,
ਧੰਨ ਹੈ ਸਤਿਗੁਰੂ, ਜਿਸ ਨੇ ਦਿਲ ਦੇ ਬੰਧਨ ਤੋੜ ਦਿੱਤੇ।

**ਐ ਜ਼ਹੇ ਮੁਰਸ਼ਦ ਕਿ ਬਾ ਹੱਕ ਆਸ਼ਨਾ**
**ਕਰਦ ਫ਼ਾਰਿਗ ਅਜ਼ ਗ਼ਮਿ ਰੰਜੋ ਬਲਾ ॥੪੩੩॥**

ਧੰਨ ਹੈ ਸਤਿਗੁਰੂ, ਜਿਸ ਨੇ ਰੱਬ ਤੋਂ ਜਾਣੂ ਕਰਵਾ ਦਿੱਤਾ,
ਰੰਜ ਅਤੇ ਗ਼ਮਾਂ ਤੋਂ ਮੁਕਤ ਕਰ ਦਿੱਤਾ।

**ਐ ਜਹੇ ਮੁਰਸ਼ਦ ਕਿ ਉਮਰਿ ਜਾਵਿਦਾਂ**
**ਬਖ਼ਸ਼ਦ ਅਜ਼ ਨਾਮਿ ਖ਼ੁਦਾਇ ਬੇ-ਨਿਸ਼ਾਂ ॥੪੩੪॥**

ਧੰਨ ਹੈ ਸਤਿਗੁਰੂ ਜਿਹੜਾ ਲਾਪਤਾ ਰੱਬ ਦੇ ਨਾਮ ਦੇ ਸਦਕੇ ਅਮਰ ਜੀਵਨ ਬਖ਼ਸ਼ਦਾ ਹੈ।

**ਐ ਜ਼ਹੇ ਮੁਰਸ਼ਦ ਕਿ ਊ ਅਜ਼ ਕਤਰਾ ਆਬ**
**ਕਰਦ ਰੋਸ਼ਨ ਹਮਚੂ ਮਾਹੋ ਆਫ਼ਤਾਬ ॥੪੩੫॥**

ਧੰਨ ਹੈ ਉਹ ਪੂਰਨ ਸਤਿਗੁਰੂ, ਜਿਸ ਨੇ ਇਕ ਪਾਣੀ ਦੇ
ਕਤਰੇ ਨੂੰ ਚੰਨ ਸੂਰਜ ਵਾਂਗ ਰੋਸ਼ਨ ਕਰ ਦਿੱਤਾ।

**ਐ ਜ਼ਹੇ ਮੁਰਸ਼ਦ ਜ਼ਹੇ ਇਹਸਾਨਿ ਊ**
**ਸਦ ਹਜ਼ਾਰਾਂ ਹਮਚੂ ਮਨ ਕੁਰਬਾਨਿ ਉ ॥੪੩੬॥**

ਧੰਨ ਹੈ ਉਹ ਸਤਿਗੁਰੂ ਅਤੇ ਧੰਨ ਹਨ ਉਸ ਦੀਆਂ ਬਖ਼ਸ਼ਿਸ਼ਾਂ,
ਜਿਸ ਤੋਂ ਮੇਰੇ ਜਿਹੇ ਲੱਖਾਂ ਕੁਰਬਾਨ ਜਾਂਦੇ ਹਨ।

**ਦਰ ਜ਼ਮੀਨੋ ਆਸਮਾਂ ਨਾਮਸ਼ ਬਵਦ**
**ਹਰ ਮੁਰੀਦੇ ਸਾਹਿਬਿ ਕਾਮਸ਼ ਬਵਦ ॥੪੩੭॥**

ਉਸ ਦਾ ਨਾਮ ਧਰਤ ਅਤੇ ਆਕਾਸ਼ ਵਿਚ ਸਮਾਇਆ ਹੋਇਆ ਹੈ।
ਉਸ ਤੋਂ ਹਰ ਸ਼ਰਧਾਲੂ ਦੀ ਕਾਮਨਾ ਪੂਰੀ ਹੁੰਦੀ ਹੈ।

**ਹਰ ਕਿ ਖ਼ੁਸ਼ ਬਾਸ਼ਦ ਜ਼ਿ ਗੁਫ਼ਤੋ ਗੂ ਇ ਊ**
**ਹੱਕ ਹਮੇਸ਼ਾ ਬਾਸ਼ਦ ਊ ਰਾ ਰੂ-ਬਰੂ ॥੪੩੮॥**

ਜਿਹੜਾ ਵੀ ਉਸ ਦੇ ਬਚਨ ਸੁਣ ਕੇ ਪ੍ਰਸੰਨ-ਚਿਤ ਹੋਇਆ,
ਉਹ ਸਮਝੋ ਸਦਾ ਲਈ ਰੱਬ ਦੇ ਸਨਮੁਖ ਹੋ ਗਿਆ।

**ਹੱਕ ਹਮੇਸ਼ਾਂ ਬਾਸ਼ਦ ਊ ਰਾ ਦਰ ਹਜ਼ੂਰ**
**ਜ਼ਿਕਰਿ ਊ ਬਾਸ਼ਦ ਮਰ ਊ ਰਾ ਦਰ ਸਦੂਰ ॥੪੩੯॥**

ਰੱਬ ਸਦਾ ਉਸ ਦੇ ਹਜ਼ੂਰ ਰਹਿੰਦਾ ਹੈ,
ਰੱਬ ਦਾ ਸਿਮਰਨ ਸਦਾ ਉਸ ਦੇ ਹਿਰਦੇ ਵਿਚ ਰਹਿੰਦਾ ਹੈ।

**ਗਰ ਹਜ਼ੂਰੀ ਬਾ ਖ਼ੁਦਾ ਬਾਇਦ ਬ-ਤੋ**
**ਦਰ ਹਜ਼ੂਰਿ ਮੁਰਸ਼ਦਿ ਕਾਮਿਲ ਬਿਰੋ ॥੪੪੦॥**

ਜੇਕਰ ਤੈਨੂੰ ਰੱਬ ਦੇ ਸਨਮੁੱਖ ਹੋਣ ਦੀ ਚਾਹ ਹੈ,
ਤਾਂ ਤੂੰ ਪੂਰਨ ਸਤਿਗੁਰੂ ਦੇ ਸਨਮੁੱਖ ਹੋ ਜਾ।

**ਸੂਰਤਿ ਹੱਕ ਮੁਰਸ਼ਦਿ ਕਾਮਿਲ ਬਵਦ**
**ਦੀਦਨਸ਼ ਆਰਾਮਿ ਜਾਨੋ ਦਿਲ ਬਵਦ ॥੪੪੧॥**

ਪੂਰਨ ਸਤਿਗੁਰੂ ਰੱਬ ਦਾ ਹੀ ਰੂਪ ਹੁੰਦਾ ਹੈ,
ਪੂਰਨ ਸਤਿਗੁਰੂ ਦੇ ਦਰਸ਼ਨ ਜਾਨ ਅਤੇ ਦਿਲ ਨੂੰ ਠੰਡ ਪਾਉਂਦੇ ਹਨ।

**ਸੂਰਤਿ ਹੱਕ ਮਾਅਨੀ ਅਜ਼ ਮੁਰਸ਼ਦ ਬਵਦ**
**ਹਰ ਕਿ ਬਰ-ਗਰਦਦ ਅਜ਼ਾਂ ਮੁਰਤਦ ਬਵਦ ॥੪੪੨॥**

ਪੂਰਨ ਸਤਿਗੁਰੂ ਅਸਲ ਵਿਚ ਰੱਬ ਦਾ ਰੂਪ ਹੈ,
ਜਿਸ ਨੇ ਉਸ ਤੋਂ ਮੂੰਹ ਮੋੜਿਆ, ਉਹ ਰੱਦ ਹੋ ਗਿਆ।

**ਮੁਰਸ਼ਦਿ ਕਾਮਿਲ ਬਗ਼ੈਰ ਅਜ਼ ਹੱਕ ਨ-ਗੁਫ਼ਤ**
**ਦੁੱਰਿ ਈਂ ਮਾਅਨੀ ਬਗ਼ੈਰ ਅਜ਼ ਆਂ ਨ ਸ਼ੁਫ਼ਤ ॥੪੪੩॥**

ਪੂਰਨ ਸਤਿਗੁਰੂ ਸੱਚ ਤੋਂ ਛੁੱਟ ਹੋਰ ਕੁਝ ਨਹੀਂ ਕਹਿੰਦਾ,
ਉਸ ਤੋਂ ਬਿਨਾਂ ਇਸ ਅਧਿਆਤਮਕ ਭਾਵ ਦੇ ਮੋਤੀ ਨੂੰ ਕਿਸੇ ਨਾ ਵਿੰਨ੍ਹਿਆਂ।

**ਤਾ ਕੁਜਾ ਸ਼ੁਕਰੇ ਜ਼ ਇਹਸਾਨਸ਼ ਕੁਨਮ**
**ਹਰ ਚਿਹ ਆਇਦ ਬਰ ਜ਼ੁਬਾਂ ਈਂ ਮੁਗ਼ਤਨਮ ॥੪੪੪॥**

ਮੈਂ ਉਸ ਦੇ ਅਹਿਸਾਨਾਂ ਦਾ ਸ਼ੁਕਰ ਕਿਥੋਂ ਕੁ ਤੱਕ ਕਰਾਂ?
ਜੋ ਕੁਝ ਮੇਰੀ ਜੀਭ ਤੇ ਆਉਂਦਾ ਹੈ, ਉਹੀ ਗ਼ਨੀਮਤ ਹੈ।

**ਅਜ਼ ਗ਼ਿਲਾਜ਼ਤਿ ਦਿਲ ਖ਼ੁਦਾ ਚੂੰ ਪਾਕ ਕਰਦ**
**ਮੁਰਸ਼ਦਿ ਕਾਮਿਲ ਬ-ਈਂ ਇਦਰਾਕ ਕਰਦ ॥੪੪੫॥**

ਜਦ ਰੱਬ ਨੇ ਦਿਲ ਨੂੰ ਗੰਦਗੀ ਤੋਂ ਸਾਫ਼ ਕਰ ਦਿੱਤਾ,
ਤਾਂ ਪੂਰਨ ਸਤਿਗੁਰੂ ਨੇ ਇਸ ਨੂੰ ਬੁੱਧੀ ਬਖ਼ਸ਼ੀ।

**ਵਰਨਾ ਈਂ ਰਾਹਿ ਖ਼ੁਦਾ ਕੈ ਦਾਨਦੇ**
**ਅਜ਼ ਕਿਤਾਬਿ ਹੱਕ ਸਬਕ ਕੈ ਖ਼ਾਨਦੇ ॥੪੪੬॥**

ਨਹੀਂ ਤਾਂ ਰੱਬ ਦਾ ਸੱਚਾ ਰਾਹ ਕਿਵੇਂ ਲੱਭਦਾ,
ਅਤੇ ਸੱਚ ਦੀ ਪੁਸਤਕ 'ਚੋਂ ਸਬਕ ਕਦੋਂ ਮਿਲਦਾ?

**ਈਂ ਹਮਾ ਚੂੰ ਅਜ਼ ਤੁਫ਼ੈਲਿ ਮੁਰਸ਼ਦ ਅਸਤ**
**ਹਰ ਕਿਹ ਮੁਰਸ਼ਦ ਰਾ ਨਾ-ਦਾਨਦ ਮੁਰਤਦ ਅਸਤ ॥੪੪੭॥**

ਇਹ ਸਭ ਕੁਝ ਜਦ ਗੁਰੂ ਦੀ ਕ੍ਰਿਪਾ ਕਰ ਕੇ ਹੈ,
ਤਾਂ ਜੋ ਗੁਰੂ ਨੂੰ ਨਹੀਂ ਜਾਣਦਾ, ਉਹ ਮਨਮੁਖ ਹੈ।

**ਮੁਰਸ਼ਦਿ ਕਾਮਿਲ ਇਲਾਜਿ ਦਿਲ ਕੁਨਦ**
**ਕਾਮਿ ਦਿਲ ਅੰਦਰ ਦਿਲਤ ਹਾਸਿਲ ਕੁਨਦ ॥੪੪੮॥**

ਪੂਰਨ ਸਤਿਗੁਰੂ ਦਿਲ ਦੇ ਰੋਗ ਦੂਰ ਕਰਦਾ ਹੈ।
ਤੇਰੇ ਦਿਲ ਦੀ ਕਾਮਨਾ ਦਿਲ ਵਿਚ ਹੀ ਪੂਰੀ ਕਰ ਦਿੰਦਾ ਹੈ।

**ਨਬਜ਼ਿ ਦਿਲ ਚੂੰ ਮੁਰਸ਼ਦਿ ਕਾਮਿਲ ਸ਼ਨਾਖ਼ਤ**
**ਜ਼ਿੰਦਗੀਇ ਉਮਰ ਰਾ ਹਾਸਿਲ ਸ਼ਨਾਖ਼ਤ ॥੪੪੯॥**

ਜਦ ਪੂਰਨ ਸਤਿਗੁਰੂ ਨੇ ਦਿਲ ਦੀ ਨਾੜੀ ਬੁੱਝ ਲਈ,
ਤਾਂ ਜ਼ਿੰਦਗੀ ਨੇ ਉਮਰ ਦੀ ਪ੍ਰਾਪਤੀ ਸਮਝ ਲਈ।

**ਜ਼ਿੰਦਗੀਇ ਉਮਰ ਹਾਸਿਲ ਮੀਸ਼ਵਦ**
**ਅਜ਼ ਤੁਫ਼ੈਲਸ਼ ਸਾਹਿਬਿ ਦਿਲ ਮੀ ਸ਼ਵਦ ॥੪੫੦॥**

ਪੂਰਨ ਸਤਿਗੁਰੂ ਸਦਕਾ ਉਮਰ ਨੂੰ ਸਦੀਵੀ ਜੀਵਨ ਮਿਲਦਾ ਹੈ,
ਉਸ ਦੀ ਕਿਰਪਾ ਨਾਲ ਦਿਲ ਦੀ ਮਾਲਕੀ ਪ੍ਰਾਪਤ ਹੁੰਦੀ ਹੈ।

**ਅਜ਼ ਬਰਾਇ ਆਂ ਕਿ ਈਂ ਪੈਦਾ ਸ਼ੁਦਾ**
**ਦਰ ਫ਼ਿਰਾਕਸ਼ ਵਾਲਾ ਓ ਸ਼ੈਦਾ ਸ਼ੁਦਾ ॥੪੫੧॥**

ਇਹ ਜੀਵ ਉਸੇ ਦੀ ਪ੍ਰਾਪਤੀ ਲਈ ਜਨਮਿਆ ਹੈ,
ਅਤੇ ਉਸੇ ਦੇ ਵਿਛੋੜੇ ਵਿਚ ਦੀਵਾਨਾ ਹੋਇਆ ਫਿਰਦਾ ਹੈ।

**ਈਂ ਮਤਾਅ ਅੰਦਰ ਦੁਕਾਨਿ ਹੱਕ ਬਵਦ**
**ਮੁਰਸ਼ਦਿ ਕਾਮਿਲ ਨਿਸ਼ਾਨਿ ਹੱਕ ਬਵਦ ॥੪੫੨॥**

ਇਹ ਸੱਚਾ ਸੌਦਾ ਸੱਚ ਦੀ ਦੁਕਾਨ ਤੇ ਹੀ ਹੁੰਦਾ ਹੈ,
ਪੂਰਨ ਸਤਿਗੁਰੂ ਰੱਬ ਦਾ ਹੀ ਚਿੰਨ੍ਹ ਹੁੰਦਾ ਹੈ।

**ਮੁਰਸ਼ਦਿ ਕਾਮਿਲ ਦਿਹਦ ਪਾਕੀ ਤੁਰਾ**
**ਮੀ ਕਸ਼ਦ ਅਜ਼ ਚਾਹਿ ਗ਼ਮਨਾਕੀ ਤੁਰਾ ॥੪੫੩॥**

ਪੂਰਨ ਸਤਿਗੁਰੂ ਤੈਨੂੰ ਪਵਿੱਤਰਤਾ ਬਖ਼ਸ਼ਦਾ ਹੈ,
ਅਤੇ ਤੈਨੂੰ ਸਗੋ ਦੇ ਖੂਹ 'ਚੋਂ ਕੱਢ ਲੈਂਦਾ ਹੈ।

**ਮੁਰਸ਼ਦਿ ਕਾਮਿਲ ਇਲਾਜਿ ਦਿਲ ਕੁਨਦ**
**ਈਂ ਮੁਰਾਦਿ ਦਿਲ ਬਦਿਲ ਹਾਸਿਲ ਕੁਨਦ ॥੪੫੪॥**

ਪੂਰਨ ਸਤਿਗੁਰੂ ਦਿਲ ਦੇ ਰੋਗ ਦੂਰ ਕਰਦਾ ਹੈ,
ਜਿਸ ਨਾਲ ਦਿਲ ਦੀ ਕਾਮਨਾ ਦਿਲ ਵਿਚ ਹੀ ਪ੍ਰਾਪਤ ਹੋ ਜਾਂਦੀ ਹੈ।

**ਸੁਹਬਤਿ ਆਰਿਫ਼ ਅਜਬ ਦੌਲਤ ਬਵਦ**
**ਈਂ ਹਮਾ ਮੌਕੂਫ਼ ਬਰ ਸੁਹਬਤ ਬਵਦ ॥੪੫੫॥**

ਸੰਤ ਦੀ ਸੰਗਤ ਅਜਬ ਦੌਲਤ ਹੈ,
ਇਹ ਸਭ ਸੰਗਤ ਦੇ ਆਸਰੇ ਹੀ ਹੈ।

**ਐ ਅਜ਼ੀਜ਼ਿ ਮਨ ਸ਼ਿਨੌ ਅਜ਼ ਮਨ ਸਖ਼ੁਨ**
**ਤਾ ਬਯਾਬੀ ਰਾਹ ਅੰਦਰ ਜਾਨੋ ਤਨ ॥੪੫੬॥**

ਹੇ ਮੇਰੇ ਅਜ਼ੀਜ਼, ਮੇਰੀ ਗੱਲ ਸੁਣ,
ਤਾਂ ਜੋ ਤੈਨੂੰ ਜਾਨ ਅਤੇ ਸਰੀਰ ਦਾ ਭੇਤ ਪਤਾ ਲੱਗ ਜਾਵੇ।

**ਤਾਲਿਬ ਮਰਦਾਨਿ ਹੱਕ ਰਾ ਦੂਸਤਦਾਰ**
**ਗ਼ੈਰ ਜ਼ਿਕਰਸ਼ ਬਰ ਜ਼ੁਬਾਂ ਹਰਫ਼ੇ ਮਯਾਰ ॥੪੫੭॥**

ਤੂੰ ਰੱਬ ਦੇ ਭਗਤਾਂ ਦੇ ਢੂੰਡਾਊਆਂ ਦਾ ਸੱਜਨ ਬਣ ਜਾ,
ਰੱਬ ਦੇ ਜਾਪ ਤੋਂ ਬਿਨਾਂ ਹੋਰ ਕੋਈ ਸ਼ਬਦ ਜੀਭ ਤੇ ਨਾ ਲਿਆ।

ਖ਼ਾਕ ਸ਼ੋ ਮਰਦਾਨਿ ਹੱਕ ਰਾ ਖ਼ਾਕ ਬਾਸ
ਨੇ ਪਏ ਦੁਨੀਆਇ ਦੂੰ ਗ਼ਮਨਾਕ ਬਾਸ਼ ॥੪੫੮॥

ਤੂੰ ਮਿੱਟੀ ਹੋ ਜਾ। ਰੱਬ ਦੇ ਭਗਤਾਂ (ਦੇ ਰਾਹ) ਦੀ ਧੂੜ ਹੋ ਰਹੁ,
ਤੂੰ ਇਸ ਹੋਛੀ ਦੁਨੀਆਂ ਲਈ ਚਿੰਤਾਤੁਰ ਨਾ ਹੋ।

ਗਰ ਤੂ ਖ਼ਾਨੀ ਨੁਸਖ਼ਾ ਅਜ਼ ਸ਼ਾਨਿ ਇਸ਼ਕ
ਮੀਸ਼ਵੀ ਸਰ ਦਫ਼ਤਰਿ ਦੀਵਾਨਿ ਇਸ਼ਕ ॥੪੫੯॥

ਜੇਕਰ ਤੂੰ ਪ੍ਰੇਮ ਦੀ ਸ਼ਾਨ ਵਾਲੀ ਪੁਸਤਕ ਪੜ੍ਹ ਲਵੇਂ,
ਤਾਂ ਤੂੰ ਪ੍ਰੇਮ ਦੀ ਪੁਸਤਕ ਦਾ ਸਰਨਾਵਾਂ ਬਣ ਜਾਏਂ।

ਇਸ਼ਕਿ ਮੌਲਾ ਮਰ ਤੁਰਾ ਮੌਲਾ ਕੁਨਦ
ਦਰ ਦੋ ਆਲਮ ਮਿਹਤਰੋ ਔਲਾ ਕੁਨਦ ॥੪੬੦॥

ਰੱਬ ਦਾ ਪ੍ਰੇਮ ਤੈਨੂੰ ਰੱਬ ਦਾ ਹੀ ਰੂਪ ਬਣਾ ਦਿੰਦਾ ਹੈ,
ਅਤੇ ਦੋਹਾਂ ਜਹਾਨਾਂ ਵਿਚ ਉੱਚਾ ਅਤੇ ਸਿਰਕੱਢ ਬਣਾ ਦਿੰਦਾ ਹੈ।

ਯਾ ਇਲਾਹੀ ਈਂ ਦਿਲਮ ਰਾ ਸ਼ੌਕ ਦਿਹ
ਲਜ਼ਤੇ ਅਜ਼ ਸ਼ੌਕਿ ਖ਼ਾਸੋ ਜ਼ੌਕ ਦਿਹ ॥੪੬੧॥

ਹੇ ਰੱਬ ਜੀ! ਮੇਰੇ ਇਸ ਦਿਲ ਨੂੰ ਪ੍ਰੇਮ ਦਾ ਰਾਹ ਦੱਸ,
ਅਤੇ ਆਪਣੇ ਵਿਸ਼ੇਸ਼ ਪ੍ਰੇਮ ਦੇ ਚਾਉ ਦਾ ਰਸ ਬਖ਼ਸ਼।

ਤਾ ਬ-ਯਾਦਤ ਬਿਗੁਜ਼ਰਦ ਰੂਜ਼ੋ ਸ਼ਬਮ
ਦਿਹ ਰਹਾਈ ਬੰਦਾ ਰਾ ਅਜ਼ ਬੰਦਿ ਗ਼ਮ ॥੪੬੨॥

ਤਾਂ ਜੋ ਤੇਰੀ ਯਾਦ ਵਿਚ ਮੇਰਾ ਦਿਨ ਰਾਤ ਗੁਜ਼ਰੇ,
ਤੂੰ ਮੈਨੂੰ ਫ਼ਿਕਰਾਂ ਅਤੇ ਗ਼ਮਾਂ ਦੀ ਕੈਦ ਤੋਂ ਮੁਕਤੀ ਬਖ਼ਸ਼।

ਦੌਲਤੇ ਆਂ ਦਿਹ ਕਿ ਬਾਸ਼ਦ ਪਾਇਦਾਰ
ਸੁਹਬਤੇ ਆਂ ਦੇਹ ਕਿ ਬਾਸ਼ਦ ਗਮਗੁਸਾਰ ॥੪੬੩॥

ਤੂੰ ਅਜਿਹੀ ਦੌਲਤ ਬਖ਼ਸ਼ ਜੋ ਸਦੀਵੀ ਹੋਵੇ,
ਤੂੰ ਅਜਿਹੀ ਸੰਗਤ ਬਖ਼ਸ਼ ਜੋ ਗ਼ਮਾਂ ਨੂੰ ਦੂਰ ਕਰਨ ਵਾਲੀ ਹੋਵੇ।

ਨੀਅਤੇ ਆਂ ਦਿਹ ਕਿ ਬਾਸ਼ਦ ਹੱਕ ਗੁਜ਼ਾਰ
ਹਿੰਮਤੇ ਆਂ ਦਿਹ ਕਿ ਬਾਸ਼ਦ ਜਾਂ ਨਿਸਾਰ ॥੪੬੪॥

ਤੂੰ ਅਜਿਹੀ ਨੀਅਤ ਬਖ਼ਸ਼ ਜੋ ਸੱਚ ਦੀ ਪੁਜਾਰੀ ਹੋਵੇ,
ਅਤੇ ਅਜਿਹੀ ਹਿੰਮਤ ਬਖ਼ਸ਼, ਜੋ ਰੱਬ ਦੇ ਰਾਹ ਤੇ ਜਾਨ ਵਾਰਨ ਵਾਲੀ ਹੋਵੇ।

ਹਰ ਚਿਹ ਦਾਰਦ ਦਰ ਰਹਿਤ ਕੁਰਬਾਂ ਕੁਨਦ
ਜਾਨੋ ਦਿਲ ਕੁਰਬਾਂ ਰਹਿ ਸੁਬਹਾਂ ਕੁਨਦ ॥੪੬੫॥

ਜੋ ਕੁਝ ਭੀ ਕੋਲ ਹੈ, ਤੇਰੇ ਰਾਹ ਉੱਤੇ ਕੁਰਬਾਨ ਕਰ ਦੇਵੇ,
ਜਾਨ ਅਤੇ ਦਿਲ ਰੱਬ ਦੇ ਰਾਹ ਉੱਤੇ ਕੁਰਬਾਨ ਕਰ ਦੇਵੇ।

ਦੀਦਾ ਅਮ ਰਾ ਲੱਜ਼ਤਿ ਦੀਦਾਰ ਬਖ਼ਸ਼
ਸੀਨਾ-ਅਮ ਰਾ ਮਖ਼ਜ਼ਨਿ ਅਸਰਾਰ ਬਖ਼ਸ਼ ॥੪੬੬॥

ਮੇਰੇ ਨੇਤ੍ਰਾਂ ਨੂੰ ਦਰਸ਼ਨ ਦਾ ਸੁਆਦ ਬਖ਼ਸ਼,
ਮੇਰੇ ਦਿਲ ਨੂੰ ਭੇਤਾਂ ਦਾ ਖ਼ਜ਼ਾਨਾ ਬਖ਼ਸ਼।

**ਈਂ ਦਿਲਿ ਬਿਰਯਾਨਿ ਮਾ ਰਾ ਸ਼ੌਕ ਦਿਹ**
**ਦਰ ਗੁਲਏਮ ਬੰਦਗੀ ਰਾ ਤੌਕ ਦਿਹ ॥੪੬੭॥**

ਸਾਡੇ ਇਸ ਲੁੱਠੇ ਹੋਏ ਦਿਲ ਨੂੰ ਚਾਉ ਬਖ਼ਸ਼,
ਸਾਡੇ ਗਲੇ ਨੂੰ ਬੰਦਗੀ ਦਾ ਪਟਾ ਬਖ਼ਸ਼।

**ਹਿਜਰਿ ਮਾ ਰਾ ਆਰਜ਼ੂਇ ਵਸਲ ਬਖ਼ਸ਼**
**ਈਂ ਖ਼ਿਜ਼ਾਨਿ ਜਿਸਮਿ ਮਾ ਰਾ ਫ਼ਜ਼ਲ ਬਖ਼ਸ਼ ॥੪੬੮॥**

ਸਾਡੇ ਵਿਛੋੜੇ ਨੂੰ ਮਿਲਾਪ ਦੀ ਰਾਹ ਬਖ਼ਸ਼,
ਸਾਡੇ ਸਰੀਰ ਦੀ ਪਤੱਝੜ ਪਰ ਕਿਰਪਾ ਕਰ।

**ਹਰ ਸਰਿ ਮੂਏਮ ਜ਼ੁਬਾਂ ਕੁਨ ਅਜ਼ ਕਰਮ**
**ਤਾ ਬਗੋਏਮ ਵਸਫ਼ਿ ਹੱਕ ਰਾ ਦਮ ਬਦਮ ॥੪੬੯॥**

ਸਾਡੇ ਹਰ ਇਕ ਵਾਲ ਨੂੰ ਜੀਭ ਕਰ ਦੇਣ ਦੀ ਕਿਰਪਾ ਕਰ,
ਤਾਂ ਜੋ ਅਸੀਂ ਸਵਾਸ ਸਵਾਸ ਰੱਬ ਦੀ ਸਿਫ਼ਤ ਸਲਾਹ ਕਰੀਏ।

**ਵਸਫ਼ਿ ਹੱਕ ਬੀਰੂੰ ਬਵਦ ਅਜ਼ ਗੁਫ਼ਤਗੂ**
**ਈਂ ਹਦੀਸਿ ਸ਼ਾਹ ਬਾਸ਼ਦ ਕੂ ਬ ਕੂ ॥੪੭੦॥**

ਰੱਬ ਦੀ ਸਿਫ਼ਤ ਕਹਿਣ ਸੁਣਨ ਤੋਂ ਪਰੇ ਹੈ,
ਸੱਚੇ ਪਾਤਸ਼ਾਹ ਦੀ ਇਹ ਕਥਾ ਗਲੀ ਗਲੀ [ਸੁਣੀਂਦੀ] ਹੈ।

**ਮਾਅਨੀਇ ਈਂ ਕੂ ਬ-ਕੂ ਦਾਨੀ ਕਿ ਚੀਸਤ**
**ਹਮਦ ਗੋ ਦੀਗਰ ਮਗੋ ਈਨਸਤ ਜ਼ੀਸਤ ॥੪੭੧॥**

ਕੀ ਤੈਨੂੰ ਪਤਾ ਹੈ ਕਿ ਇਸ ਗਲੀ ਦਾ ਕੀ ਭਾਵ ਹੈ?
ਉਸ ਦੀ ਸਿਫ਼ਤ ਸਲਾਹ ਕਹੁ, ਹੋਰ ਕੁਝ ਨਾ ਕਹੁ। ਏਹੀ ਜੀਵਨ ਹੈ।

**ਜ਼ੀਸਤਨ ਦਰ ਬੰਦਗੀ ਊਲਾ ਬਵਦ**
**ਗਰ ਜ਼ਿਹ ਸਰ ਤਾ ਪਾ ਹਮਾ ਮੂਲਾ ਬਵਦ ॥੪੭੨॥**

ਉਸ ਦੀ ਬੰਦਗੀ ਵਿਚ ਜਿਉਣਾ ਸਭ ਤੋਂ ਉੱਤਮ ਹੈ,
ਭਾਵੇਂ ਕੋਈ ਸਿਰ ਤੋਂ ਪੈਰਾਂ ਤੱਕ ਵੀ ਮਾਲਕ ਕਿਉਂ ਨਾ ਹੋਵੇ।

**ਗਰ ਦਿਹਦ ਤੌਫ਼ੀਕ ਫ਼ਜ਼ਲਿ ਜ਼ੁਲਜਲਾਲ**
**ਬੰਦਾ ਰਾ ਅਜ਼ ਬੰਦਗੀ ਬਾਸ਼ਦ ਕਮਾਲ ॥੪੭੩॥**

ਜੇਕਰ ਉਹ ਸਤਿ ਸਰੂਪ ਵਾਹਿਗੁਰੂ ਹਿੰਮਤ ਬਖ਼ਸ਼ੇ,
ਤਾਂ ਬੰਦੇ ਨੂੰ ਉਸ ਦੀ ਬੰਦਗੀ ਸਦਕੇ ਕਮਾਲ ਪ੍ਰਾਪਤ ਹੋ ਜਾਏ।

**ਬੰਦਗੀ ਬਾਸ਼ਦ ਕਮਾਲਿ ਬੰਦਗੀ**
**ਬੰਦਗੀ ਬਾਸ਼ਦ ਨਿਸ਼ਾਨਿ ਜ਼ਿੰਦਗੀ ॥੪੭੪॥**

ਬੰਦਗੀ ਹੀ ਬੰਦਾ ਹੋਣ ਦਾ ਕਮਾਲ ਹੈ,
ਬੰਦਗੀ ਹੀ ਜ਼ਿੰਦਗੀ ਦਾ ਨਿਸ਼ਾਨ ਹੈ।

**ਜ਼ਿੰਦਗੀਇ ਬੰਦਾ ਰਾ ਈਂ ਬੰਦਗੀਸਤ**
**ਬੰਦਗੀਇ ਹੱਕ ਕਿ ਐਨ ਜ਼ਿੰਦਗੀਸਤ ॥੪੭੫॥**

ਬੰਦੇ ਦੀ ਜ਼ਿੰਦਗੀ ਇਹ ਬੰਦਗੀ ਹੀ ਹੈ,
ਇਹ ਰੱਬ ਦੀ ਬੰਦਗੀ ਹੀ ਅਸਲ ਜ਼ਿੰਦਗੀ ਹੈ।

**ਗਰ ਨਿਸ਼ਾਨਿ ਜ਼ਿੰਦਗੀ ਮੀਬਾਇਦਤ**
**ਬੰਦਗੀਇ ਹੱਕ ਤੁਰਾ ਮੀ-ਸ਼ਾਇਦਤ ॥੪੭੬॥**

ਜੇਕਰ ਤੈਨੂੰ ਜ਼ਿੰਦਗੀ ਦੇ ਨਿਸ਼ਾਨ ਦੀ ਲੋੜ ਹੈ,
ਤਾਂ ਤੇਰੇ ਲਈ ਰੱਬ ਦੀ ਬੰਦਗੀ ਕਰਨਾ ਹੀ ਉਚਿਤ ਹੈ।

**ਤਾ ਤਵਾਨੀ ਬੰਦਾ ਸ਼ੋ ਸਾਹਿਬ ਮਬਾਸ਼**
**ਬੰਦਾ ਰਾ ਜੁਜ਼ ਬੰਦਗੀ ਨਬਵਦ ਤਲਾਸ਼ ॥੪੭੭॥**

ਜਿਥੋਂ ਤੱਕ ਹੋ ਸਕੇ ਤੂੰ ਸੇਵਕ ਬਣ, ਸਾਹਿਬ ਨਾ ਹੋਹੁ,
ਬੰਦੇ ਨੂੰ ਬੰਦਗੀ ਬਿਨਾਂ ਕਿਸੇ ਹੋਰ ਵਸਤੂ ਦੀ ਤਲਾਸ਼ ਨਹੀਂ ਹੁੰਦੀ।

**ਈਂ ਵਜੂਦਿ ਖ਼ਾਕ ਪਾਕ ਅਜ਼ ਬੰਦਗੀਸਤ**
**ਗੁਫ਼ਤਗੂਹਾਇ ਦਿਗਰ ਸ਼ਰਮਿੰਦਗੀਸਤ ॥੪੭੮॥**

ਮਿੱਟੀ ਦਾ ਇਹ ਸਰੀਰ ਰੱਬ ਦੀ ਬੰਦਗੀ ਕਰਕੇ ਹੀ ਪਵਿੱਤਰ ਹੈ,
ਬੰਦਗੀ ਬਿਨਾਂ ਹੋਰ ਸਭ ਸ਼ਰਮਿੰਦਗੀ [ਦਾ ਕਾਰਣ] ਹੀ ਹਨ।

**ਬੰਦਗੀ ਕੁਨ ਤਾਂ ਕਿ ਊ ਬਾਸ਼ਦ ਕਬੂਲ**
**ਬਿਗੁਜ਼ਰ ਅਜ਼ ਖ਼ੁਦ-ਬੀਨੀ ਓ ਤਰਜ਼ਿ ਜ਼ਹੂਲ ॥੪੭੯॥**

ਤੂੰ ਬੰਦਗੀ ਕਰ, ਤਾਂ ਜੋ (ਉਸ ਦੀ ਦਰਗਾਹੇ) ਕਬੂਲ ਹੋਵੇਂ,
ਅਤੇ ਹਉਮੈਂ ਅਤੇ ਮਨਮੁੱਖਾਂ ਦੇ ਚਾਲੇ ਛੱਡ।

**ਦਰ ਦਿਲਿ ਸਾਹਿਬ-ਦਿਲਾਂ ਆਇਦ ਪਸੰਦ**
**ਰੁਤਬਾ-ਅਤ ਗਰਦਦ ਅਜ਼ਾਂ ਹਰਦਮ ਬੁਲੰਦ ॥੪੮੦॥**

[ਇਹ ਬੰਦਗੀ] ਦਿਲਾਂ ਦੇ ਮਾਲਕਾਂ ਨੂੰ ਚੰਗੀ ਲੱਗਦੀ ਹੈ,
ਇਸੇ ਬੰਦਗੀ ਕਾਰਣ ਤੇਰਾ ਮਰਤਬਾ ਉੱਚਾ ਹੁੰਦਾ ਹੈ।

**ਮੁਰਸ਼ਦਿ ਕਾਮਿਲ ਕਿ ਊ ਅਰਸ਼ਾਦ ਕਰਦ**
**ਈਂ ਦਿਲਤ ਅਜ਼ ਯਾਦਿ ਹੱਕ ਆਬਾਦ ਕਰਦ ॥੪੮੧॥**

ਪੂਰਨ ਸਤਿਗੁਰੂ ਨੇ ਇਹ ਫਰਮਾਇਆ ਹੈ,
ਉਸ ਨੇ ਤੇਰੇ ਇਸ ਦਿਲ ਨੂੰ ਰੱਬ ਦੀ ਯਾਦ ਨਾਲ ਆਬਾਦ ਕਰ ਦਿੱਤਾ ਹੈ।

**ਈਂ ਹਮਾ ਅਰਸ਼ਾਦ ਦਰ ਦਿਲ ਨਕਸ਼-ਬੰਦ**
**ਤਾ ਸ਼ਵੀ ਦਰ ਹਰ ਦੋ ਆਲਮ ਸਰ ਬੁਲੰਦ ॥੪੮੨॥**

ਤੂੰ ਪੂਰਨ ਸਤਿਗੁਰੂ ਦੇ ਇਸ ਹੁਕਮ ਨੂੰ ਦਿਲ ਵਿਚ ਉੱਕਰ ਲੈ,
ਤਾਂ ਜੋ ਤੇਰਾ ਸਿਰ ਦੋਹਾਂ ਜਹਾਨਾਂ ਵਿਚ ਉੱਚਾ ਹੋਵੇ।

**ਈਂ ਵਜੂਦਿ ਮਿਸ ਤੁਰਾ ਸਾਜ਼ਦ ਤਿਲਾ**
**ਈਂ ਤਿਲਾ ਮਾਅਲੂਮ ਅਜ਼ ਯਾਦਿ ਖ਼ੁਦਾ ॥੪੮੩॥**

ਇਹ (ਹੁਕਮ) ਤੇਰੇ ਤਾਂਬੇ ਦੇ ਸਰੀਰ ਨੂੰ ਕੁੰਦਨ ਬਣਾ ਦੇਂਦਾ ਹੈ,
ਇਹ ਕੁੰਦਨ ਰੱਬ ਦੀ ਯਾਦ ਤੋਂ ਪ੍ਰਾਪਤ ਹੁੰਦਾ ਹੈ।

**ਆਂ ਤਿਲਾ ਫ਼ਾਨੀ ਵਾ ਸਦ ਮੌਜਿ ਬਲਾ**
**ਈਂ ਤਿਲਾ ਬਾਕੀ ਚੂ ਜ਼ਾਤਿ ਕਿਬਰੀਆ ॥੪੮੪॥**

ਇਹ (ਮਾਯਾ ਰੂਪੀ) ਸੋਨਾ ਨਾਸ਼ਵਾਨ ਹੈ ਅਤੇ ਸੈਂਕੜੇ ਆਫ਼ਤਾਂ ਦਾ ਭੰਵਰ ਹੈ,
ਸਤਿਸਰੂਪ ਵਾਹਿਗੁਰੂ ਦੀ ਜ਼ਾਤ ਵਾਂਗ ਇਹ (ਬੰਦਗੀ ਰੂਪੀ) ਸੋਨਾ ਸਥਿਰ ਹੈ।

**ਦੌਲਤ ਅੰਦਰ ਖ਼ਾਕਿ ਪਾਇ ਮੁਕਬਲਾਂ**
**ਦੌਲਤੇ ਕਾਂ ਰਾ ਨਮੀ ਆਯਦ ਜ਼ਿਆਂ ॥੪੮੫॥**

ਸੱਚੀ ਦੌਲਤ ਪਰਵਾਨ ਹੋਏ ਗੁਰਮੁਖਾਂ ਦੀ ਚਰਨਧੂੜ ਵਿਚ ਹੈ,
ਇਹ ਅਜਿਹੀ ਸੱਚੀ ਦੌਲਤ ਹੈ, ਜਿਸ ਨੂੰ ਕੋਈ ਹਾਨੀ ਨਹੀਂ।

**ਆਕਬਤ ਦੀਦੀ ਖ਼ਿਜ਼ਾਂ ਆਵੁਰਦ ਬਾਰ**
**ਵਰਨਾ ਦਰ ਦੁਨੀਆਂ ਹਮਾ ਫ਼ਸਲਿ ਬਹਾਰ ॥੪੮੬॥**

ਤੂੰ ਵੇਖਿਆ ਕਿ ਹਰ ਬਹਾਰ ਪਤੱਝੜ ਨੂੰ ਲਿਆਉਂਦੀ ਹੈ (ਅੰਤ ਨੂੰ ਹਰ ਫਲ ਝੜ ਜਾਂਦਾ ਹੈ),
ਉਂਜ ਭਾਵੇਂ ਇਸ ਸੰਸਾਰ ਵਿਚ ਨਿੱਤ ਬਹਾਰ ਆਉਂਦੀ ਹੈ।

**ਈਂ ਬਹਾਰਿ ਤਾਜ਼ਾ ਬਾਸ਼ਦ ਤਾ ਅਬਦ**
**ਯਾ ਇਲਾਹੀ ਦੂਰ ਦਾਰ ਅਜ਼ ਚਸ਼ਮਿ ਬਦ ॥੪੮੭॥**

ਪਰ ਇਹ (ਬੰਦਗੀ ਰੂਪੀ) ਬਹਾਰ ਪਰਲੋ ਤਕ ਹਰੀ ਭਰੀ ਰਹਿੰਦੀ ਹੈ,
ਹੇ ਅਕਾਲ ਪੁਰਖ! (ਇਸ ਬਹਾਰ ਨੂੰ) ਭੈੜੀ ਨਜ਼ਰ ਨਾ ਲੱਗੇ।

**ਹਰ ਕਿ ਖ਼ਾਕਿ ਪਾਇ ਸ਼ਾਂ ਰਾ ਸੁਰਮਾ ਯਾਫ਼ਤ**
**ਬਰ ਰੁਖ਼ਸ਼ ਤਹਿਕੀਕ ਨੂਰਿ ਮਿਹਰ ਤਾਫ਼ਤ ॥੪੮੮॥**

ਜਿਸ ਕਿਸੇ ਨੂੰ ਰੱਬ ਦੇ ਭਗਤਾਂ ਦੀ ਚਰਨ ਧੂੜ ਦਾ ਸੁਰਮਾ ਮਿਲ ਗਿਆ,
ਯਕੀਨ ਜਾਣ, ਕਿ ਉਸ ਦੇ ਮੁੱਖੜੇ ਤੇ ਰੱਬੀ ਸੂਰਜ ਦਾ ਨੂਰ ਚਮਕਣ ਲੱਗ ਪਿਆ।

**ਆਰਿਫ਼ਿ ਅੱਲਾਹ ਦਰ ਦੁਨੀਆਂ ਬਵਦ**
**ਦਰ ਹਕੀਕਤ ਤਾਲਿਬਿ ਮੌਲਾ ਬਵਦ ॥੪੮੯॥**

ਰੱਬੀ ਗਿਆਨਵਾਨ ਭਾਵੇਂ ਇਸ ਸੰਸਾਰ ਵਿਚ ਹੀ ਵਿਚਰਦਾ ਹੈ,
ਪਰ ਅਸਲ ਵਿਚ (ਅੰਤਾ-ਕਰਨ ਤੋਂ) ਉਹ ਰੱਬ ਦਾ ਹੀ ਢੂੰਢਾਊ ਹੁੰਦਾ ਹੈ।

**ਜ਼ਿਕਰਿ ਮੌਲਾ ਦਮ ਬ-ਦਮ ਦਰ ਜਾਨਿ ਊ**
**ਆਇਤਿ ਨਾਮਿ ਖ਼ੁਦਾ ਦਰ ਸ਼ਾਨਿ ਊ ॥੪੯੦॥**

ਉਹ ਸਵਾਸ ਸਵਾਸ ਰੱਬ ਦਾ ਸਿਮਰਨ ਕਰਦਾ ਹੈ,
ਉਸ ਦੀ ਸ਼ਾਨ ਵਿਚ ਉਸੇ ਦੇ ਨਾਮ ਦੀ ਤੁਕ ਹਰ ਦਮ ਪੜ੍ਹਦਾ ਹੈ।

**ਹਰ ਨਫ਼ਸ ਦਾਰੰਦ ਦਿਲ ਰਾ ਸੂਇ ਹੱਕ**
**ਸ਼ੁਦ ਮੁਅੱਤਰ ਮਗ਼ਜ਼ਿ ਸ਼ਾਂ ਅਜ਼ ਬੂਇ ਹੱਕ ॥੪੯੧॥**

ਉਹ ਸਵਾਸ ਸਵਾਸ ਆਪਣੇ ਦਿਲ ਨੂੰ ਰੱਬ ਦੇ ਧਿਆਨ ਵਿਚ ਲਾਈ ਰਖਦੇ ਹਨ,
ਉਹ ਰੱਬ ਦੀ ਯਾਦ ਰੂਪੀ ਸੁਗੰਧੀ ਨਾਲ ਆਪਣੀ ਬੁੱਧੀ ਨੂੰ ਸੁਗੰਧਤ ਕਰਦੇ ਹਨ।

ਹਰ ਦਮੇ ਕੂ ਬਾ ਖ਼ੁਦਾ ਵਾਸਿਲ ਬਵਦ
ਹਾਸਿਲਿ ਈਂ ਉਮਰ ਰਾ ਹਾਸਿਲ ਬਵਦ ॥੪੯੨॥

ਉਹ ਹਰ ਦਮ ਰੱਬ ਨਾਲ ਜੁੜਿਆ ਰਹਿੰਦਾ ਹੈ,
ਉਸ ਨੂੰ ਇਸ ਜੀਵਨ ਦਾ ਸੱਚਾ ਫਲ ਪ੍ਰਾਪਤ ਹੋ ਜਾਂਦਾ ਹੈ।

ਹਾਸਿਲਿ ਈਂ ਉਮਰ ਪੇਸ਼ਿ ਮੁਰਸ਼ਿਦ ਅਸਤ
ਨਾਮਿ ਹੱਕ ਚੂੰ ਬਰ ਜ਼ੁਬਾਨਸ਼ ਵਾਰਿਦ ਅਸਤ ॥੪੯੩॥

ਇਸ ਜੀਵਨ ਦਾ ਫਲ ਗੁਰੂ ਕੋਲ ਹੈ,
ਰੱਬ ਦਾ ਜਾਪ ਉਸ ਦੀ ਰਸਨਾ ਉੱਤੇ ਰਹਿੰਦਾ ਹੈ।

ਮੁਰਸ਼ਦਿ ਕਾਮਿਲ ਬਵਦ ਦੀਦਾਰਿ ਹੱਕ
ਕਜ਼ ਜ਼ੁਬਾਨਸ਼ ਬਿਸ਼ਨਵੀ ਅਸਰਾਰਿ ਹੱਕ ॥੪੯੪॥

ਸਤਿਗੁਰੂ ਰੱਬ ਦਾ (ਸਾਖਿਆਤ) ਦੀਦਾਰ ਹੁੰਦਾ ਹੈ,
ਇਸ ਲਈ ਤੂੰ ਉਸ ਦੀ ਰਸਨਾ ਤੋਂ ਰੱਬ ਦੇ ਭੇਤ ਸੁਣ।

ਸੂਰਤਿ ਹੱਕ ਮੁਰਸ਼ਦਿ ਕਾਮਿਲ ਬਵਦ
ਨਕਸ਼ਿ ਊ ਦਾਇਮ ਦਰੂਨਿ ਦਿਲ ਬਵਦ ॥੪੯੫॥

ਪੂਰਨ ਸਤਿਗੁਰੂ ਰੱਬ ਦਾ ਹੀ ਸਰੂਪ ਹੁੰਦਾ ਹੈ,
ਉਸ ਦੀ ਮੂਰਤ ਸਦਾ ਦਿਲ ਵਿਚ ਵੱਸਦੀ ਹੈ।

ਨਕਸ਼ਿ ਊ ਚੂੰ ਦਰ ਦਿਲਿ ਕਸ ਜਾ ਕੁਨਦ
ਹਰਫ਼ਿ ਹੱਕ ਅੰਦਰ ਦਿਲਸ਼ ਮਾਵਾ ਕੁਨਦ ॥੪੯੬॥

ਉਸ ਦੀ ਮੂਰਤ ਜਦ ਕਿਸੇ ਦੇ ਦਿਲ ਵਿਚ ਵੱਸ ਜਾਂਦੀ ਹੈ,
ਤਾਂ ਰੱਬ ਦਾ ਇਕੋ ਅੱਖਰ ਉਸ ਦੇ ਦਿਲ ਵਿਚ ਘਰ ਕਰ ਲੈਂਦਾ ਹੈ।

ਖ਼ਾਸਤਮ ਤਰਤੀਬਿ ਈਂ ਦੁੱਰ ਦਾਨਾ ਰਾ
ਕਿ ਆਸ਼ਨਾ ਸਾਜ਼ਦ ਦਿਲਿ ਬੇਗਾਨਾ ਰਾ ॥੪੯੭॥

ਮੈਂ ਇਨ੍ਹਾਂ ਮੋਤੀਆਂ ਦੇ ਦਾਨਿਆਂ ਨੂੰ ਇਸ ਲਈ ਪਰੋਇਆ ਹੈ,
ਕਿ ਇਹ ਤਰਤੀਬ ਅਗਿਆਤ ਦਿਲਾਂ ਨੂੰ (ਰੱਬ ਦੇ ਭੇਤਾਂ ਤੋਂ) ਵਾਕਫ਼ ਕਰ ਦੇਵੇ।

ਆਬਿ ਹੈਵਾਂ ਪੁਰ ਸ਼ੁਦਾ ਚੂ ਜਾਮਿ ਊ
ਜ਼ਿੰਦਗੀ ਨਾਮਾ ਸ਼ੁਦਾ ਜ਼ਾਂ ਨਾਮਿ ਊ ॥੪੯੮॥

(ਇਹ ਗ੍ਰੰਥ) ਪਿਆਲੇ ਵਾਂਗ ਜ਼ਿੰਦਗੀ ਦੇ ਅੰਮ੍ਰਿਤ ਨਾਲ ਭਰਿਆ ਹੋਇਆ ਹੈ,
ਇਸ ਲਈ ਇਸ ਦਾ ਨਾਮ 'ਜ਼ਿੰਦਗੀ ਨਾਮਾ' ਹੋ ਗਿਆ ਹੈ।

ਕਜ਼ ਤਕੱਲੁਮ ਬੂਇ ਇਰਫ਼ਾਂ ਆਇਦਸ਼
ਵਜ਼ ਦਿਲਿ ਆਲਮ ਗਿਰਾਹ ਬਿਕੁਸ਼ਾਇਦਸ਼ ॥੪੯੯॥

ਇਸ ਦੇ ਕਲਾਮ ਵਿਚੋਂ ਰੱਬੀ ਗਿਆਨ ਦੀ ਸੁਗੰਧੀ ਆਉਂਦੀ ਹੈ,
ਇਸ ਨਾਲ ਇਕ ਸੰਸਾਰ ਦੇ ਦਿਲ ਦੀ ਗੰਢ ਖੁਲ੍ਹ ਜਾਂਦੀ ਹੈ।

ਹਰ ਕਿ ਖ਼ਾਨਦ ਅਜ਼ ਰਹਿ ਲੁਤਫ਼ੋ ਕਰਮ
ਗਰਦਦਸ਼ ਦਰ ਰਾਹਿ ਇਰਫ਼ਾਂ ਮੁਹਤਰਿਮ ॥੫੦੦॥

ਜਿਹੜਾ ਵੀ ਇਸ ਨੂੰ ਰੱਬ ਦੀ ਮਿਹਰ ਅਤੇ ਕ੍ਰਿਪਾ ਸਹਿਤ ਪੜ੍ਹਦਾ ਹੈ,
ਉਹ ਗਿਆਨਵਾਨਾਂ ਵਿਚ ਸਤਿਕਾਰ ਪਾਉਂਦਾ ਹੈ।

**ਹਸਤ ਜ਼ਿਕਰਿ ਆਰਿਫ਼ਾਨਿ ਪਾਕ ਰਾ**
**ਆਂ ਕਿ ਊ ਰੌਸ਼ਨ ਕੁਨਦ ਇਦਰਾਕ ਰਾ ॥੫੦੧॥**

ਇਸ (ਗ੍ਰੰਥ) ਵਿਚ ਪਵਿੱਤ੍ਰ ਰੱਬੀ ਗਿਆਨਵਾਨਾਂ ਦਾ ਵਰਨਣ ਹੈ,
ਇਹ ਵਰਨਣ ਬੁੱਧੀ ਅਤੇ ਸੂਝ ਨੂੰ ਰੌਸ਼ਨ ਕਰਦਾ ਹੈ।

**ਨੀਸਤ ਦਰ ਵੈ ਮੁੰਦਰਜ ਐ ਬਾ-ਖ਼ਬਰ**
**ਗ਼ੈਰ ਹਰਫ਼ਿ ਬੰਦਗੀ ਹਰਫ਼ਿ ਦਿਗਰ ॥੫੦੨॥**

ਹੇ ਜਾਣਕਾਰ! ਇਸ ਵਿਚ ਬਿਨਾਂ ਰੱਬ ਦੀ ਬੰਦਗੀ ਦੇ,
ਹੋਰ ਕੋਈ ਦੂਜਾ ਅੱਖਰ ਦਰਜ ਨਹੀਂ।

**ਯਾਦਿ ਹੱਕ ਸਰਮਾਯਾ-ਇ ਰੌਸ਼ਨ ਦਿਲੀਸਤ**
**ਗ਼ੈਰ ਯਾਦਿ ਹੱਕ ਹਮਾ ਬੇ-ਹਾਸਲੀਸਤ ॥੫੦੩॥**

ਰੱਬ ਦੀ ਯਾਦ ਚਾਨਣੇ ਦਿਲਾਂ ਦੀ ਪੂੰਜੀ ਹੈ,
ਰੱਬ ਦੀ ਯਾਦ ਤੋਂ ਛੁੱਟ ਬਾਕੀ ਸਭ ਕੁਝ ਵਿਅਰਥ ਹੈ।

**ਹਰਫ਼ਿ ਦੀਗਰ ਨੀਸਤ ਗ਼ੈਰ ਅਜ਼ ਯਾਦਿ ਹੱਕ**
**ਯਾਦਿ ਹੱਕ ਹਾਂ ਯਾਦਿ ਹੱਕ ਹਾਂ ਯਾਦਿ ਹੱਕ ॥੫੦੪॥**

ਰੱਬ ਦੀ ਯਾਦ ਤੋਂ ਛੁੱਟ ਹੋਰ ਕੋਈ ਦੂਜਾ ਹਰਫ਼ ਨਾ ਪੜ੍ਹ,
ਰੱਬ ਦੀ ਯਾਦ, ਹਾਂ ਰੱਬ ਦੀ ਯਾਦ, ਬੱਸ ਰੱਬ ਦੀ ਯਾਦ।

**ਯਾ ਇਲਾਹੀ ਹਰ ਦਿਲਿ ਪਜ਼ਮੁਰਦਾ ਰਾ**
**ਸਬਜ਼ ਕੁਨ ਹਰ ਖ਼ਾਤਿਰਿ ਅਫ਼ਸੁਰਦਾ ਰਾ ॥੫੦੫॥**

ਹੇ ਅਕਾਲ ਪੁਰਖ! ਹਰ ਮੁਰਝਾਏ ਹੋਏ ਦਿਲ ਨੂੰ ਹਰਿਆ ਕਰ,
ਹਰ ਕੁਮਲਾਏ ਹਿਰਦੇ ਨੂੰ ਹਰਿਆ ਕਰ।

**ਯਾ ਇਲਾਹੀ ਯਾਵਰੀ ਕੁਨ ਬੰਦਾ ਰਾ**
**ਸੁਰਖ਼ਰੂ ਕੁਨ ਹਰ ਦਿਲਿ ਸ਼ਰਮਿੰਦਾ ਰਾ ॥੫੦੬॥**

ਹੇ ਅਕਾਲ ਪੁਰਖ! ਇਸ ਬੰਦੇ (ਸੇਵਕ) ਦਾ ਸਹਾਈ ਹੋ,
ਹਰ ਸ਼ਰਮਿੰਦੇ ਦਿਲ ਨੂੰ ਸੁਰਖਰੂ ਕਰ।

**ਦਰ ਦਿਲਿ ਗੋਯਾ ਹਵਾਇ ਸ਼ੌਕ ਬਖ਼ਸ਼**
**ਬਰ ਜ਼ੁਬਾਨਸ਼ ਜ਼ੱਰਾ-ਇ ਅਜ਼ ਜ਼ੌਕ ਬਖ਼ਸ਼ ॥੫੦੭॥**

ਹੇ ਅਕਾਲ ਪੁਰਖ! ਗੋਯਾ ਦੇ ਦਿਲ ਵਿਚ ਪਰੇਮ ਦੀ ਚਾਹ ਬਖ਼ਸ਼,
ਗੋਯਾ ਦੀ ਜੀਭ ਪੁਰ ਆਪਣੇ ਚਾਉ ਦਾ ਇਕ ਕਿਣਕਾ ਬਖ਼ਸ਼।

**ਤਾ ਨਾ ਬਾਸ਼ਦ ਵਿਰਦਿ ਆਂ ਜੁਜ਼ ਯਾਦਿ ਹੱਕ**
**ਤਾਂ ਨ ਖ਼ਾਨਦ ਗ਼ੈਰ ਹੱਕ ਦੀਗਰ ਸਬਕ ॥੫੦੮॥**

ਤਾਂ ਜੋ ਰੱਬ ਦੀ ਯਾਦ ਤੋਂ ਛੁੱਟ ਹੋਰ ਦੂਜਾ ਕੋਈ ਸਿਮਰਨ ਨਾ ਕਰੇ,
ਤਾਂ ਜੋ ਰੱਬ ਦੇ ਪ੍ਰੇਮ ਤੋਂ ਬਿਨਾਂ ਹੋਰ ਦੂਜਾ ਕੋਈ ਸਬਕ ਨਾ ਪੜ੍ਹੇ।

ਤਾ ਨ ਗੀਰਦ ਗ਼ੈਰ ਨਾਮਿ ਜ਼ਿਕਰਿ ਹੱਕ
ਤਾ ਨ ਗੋਇਦ ਹਰਫ਼ਿ ਗ਼ੈਰ ਅਜ਼ ਫ਼ਿਕਰਿ ਹੱਕ ॥੫੦੯॥

ਤਾਂ ਜੋ ਬਿਨਾਂ ਰੱਬ ਦੇ ਸਿਮਰਨ ਦੇ ਹੋਰ ਦੂਜਾ ਕੋਈ ਨਾਮ ਨਾ ਲਵੇ,
ਤਾਂ ਜੋ ਬਿਨਾਂ ਰੱਬ ਦੇ ਧਿਆਨ ਦੇ ਹੋਰ ਦੂਜਾ ਕੋਈ ਸ਼ਬਦ ਨਾ ਕਹੇ।

ਦੀਦਾ ਅਜ਼ ਦੀਦਾਰਿ-ਹੱਕ ਪੁਰ-ਨੂਰ ਕੁਨ
ਗ਼ੈਰ ਹੱਕ ਅਜ਼ ਖ਼ਾਤਰਿ ਦਿਲਿ ਦੂਰ ਕੁਨ ॥੫੧੦॥

[ਹੇ ਅਕਾਲ ਪੁਰਖ! ਮੇਰੀਆਂ] ਅੱਖਾਂ ਨੂੰ ਰੱਬ ਦੇ ਦੀਦਾਰ ਨਾਲ ਨੂਰੋ ਨੂਰ ਕਰ ਦੇ,
[ਮੇਰੇ] ਦਿਲ ਵਿਚੋਂ ਰੱਬ ਤੋਂ ਬਿਨਾਂ ਸਭ ਕੁਝ ਦੂਰ ਕਰ ਦੇ।

ਵਾਹਿਗੁਰੂ ਜੀਓ ਹਾਜ਼ਰ ਨਾਜ਼ਰ ਹੈ

ਗੁਰੂ ਗੋਬਿੰਦ ਗੋਪਾਲ ਗੁਰ ਪੂਰਨ ਨਾਰਾਇਣਹਿ।
ਗੁਰ ਦਿਆਲ ਸਮਰੱਥ ਗੁਰ ਗੁਰ ਨਾਨਕ ਪਤਿਤ ਉਦਾਰਣਹਿ ॥

**ਦਿਲੋ ਜਾਨਮ ਬ-ਹਰ ਸਬਾਹੋ ਮਸਾ**
**ਸਰੋ ਫ਼ਰਕਮ ਜ਼ਿ ਰੂਇ ਸਿਦਕੋ ਸਫ਼ਾ ॥੧॥**
**ਬਾਦ ਬਰ ਮੁਰਸ਼ਦ ਤਰੀਕਿ ਨਿਸਾਰ**
**ਅਜ਼ ਸਰਿ ਇਜਜ਼ ਸਦ ਹਜ਼ਾਰਾਂ ਬਾਰ ॥੨॥**

ਮੇਰਾ ਦਿਲ ਅਤੇ ਜਾਨ ਹਰ ਸਵੇਰ ਅਤੇ ਸ਼ਾਮ,
ਮੇਰਾ ਸਿਰ ਤੇ ਮੱਥਾ ਸਿਦਕ ਸਫ਼ਾਈ ਨਾਲ
ਆਪਣੇ ਗੁਰੂ ਤੋਂ ਕੁਰਬਾਨ ਜਾਵੇ,
ਨਿਮਰਤਾ ਸਹਿਤ ਲੱਖਾਂ ਵਾਰ ਕੁਰਬਾਨ ਹੋਵੇ।

**ਕਿ ਜ਼ਿ ਇਨਸਾਂ ਮਲਿਕ ਨਮੂਦਸਤ ਊ**
**ਇਜ਼ਤਿ ਖ਼ਾਕੀਆਂ ਫ਼ਜ਼ੂਦਸਤ ਊ ॥੩॥**

ਕਿਉਂ ਜੋ ਉਸੇ ਨੇ ਮਨੁੱਖਾਂ ਵਿਚੋਂ ਦੇਵਤੇ ਪ੍ਰਗਟ ਕੀਤੇ,
ਉਸ ਨੇ ਮਿੱਟੀ ਦੇ ਜੀਵਾਂ ਦੇ ਮਾਨ ਸਤਿਕਾਰ ਵਧਾ ਦਿੱਤੇ।

**ਖ਼ਾਸਗਾਂ ਜੁਮਲਾ ਖ਼ਾਕਿ ਪਾਇ ਊ**
**ਹਮਾ ਮਲਕੂਤੀਆਂ ਫ਼ਿਦਾਇ ਊ ॥੪॥**

ਉਸ ਦੇ ਸਤਿਕਾਰੇ ਹੋਏ ਸਾਰੇ ਹੀ ਉਸ ਦੇ ਚਰਨਾਂ ਦੀ ਧੂੜ ਹਨ,
ਸਾਰੇ ਦੇਵੀ-ਦੇਵਤੇ ਉਸ ਤੋਂ ਕੁਰਬਾਨ ਹਨ।

**ਗਰ ਫ਼ਿਰੋਜ਼ਦ ਹਜ਼ਾਰ ਮਿਹਰੋ ਮਾਹ**
**ਆਲਮੇ ਦਾਂ ਜੁਜ਼ ਊ ਤਮਾਮ ਸਿਆਹ ॥੫॥**

ਭਾਵੇਂ ਹਜ਼ਾਰਾਂ ਸੂਰਜ ਚੰਨ ਪਏ ਚਮਕਣ,
ਪਰ ਉਸ ਗੁਰੂ ਤੋਂ ਬਿਨਾਂ ਸਾਰਾ ਜਹਾਨ ਘੋਰ ਅੰਨੇਰਾ ਹੈ।

**ਮੁਰਸ਼ਦਿ ਪਾਕ ਨੂਰਿ ਹੱਕ ਆਮਦ**
**ਜ਼ਾਂ ਸਬੱਬ ਦਰ ਦਿਲਮ ਸਬਕ ਆਮਦ ॥੬॥**

ਪਾਕ ਪਵਿੱਤ੍ਰ ਮੁਰਸ਼ਦ ਰੱਬ ਦਾ ਹੀ ਨੂਰ ਹੈ,
ਇਸੇ ਕਾਰਣ ਉਹ ਮੇਰੇ ਦਿਲ ਵਿਚ ਵੱਸਿਆ।

ਆਂ ਕਸਾਨੇ ਕਿ ਜ਼ੋ ਨ ਯਾਦ ਆਰੰਦ
ਸਮਰਾ-ਏ ਜਾਨੋ ਦਿਲ ਬਬਾਦ ਆਰੰਦ ॥੭॥

ਉਹ ਮਨੁੱਖ ਜਿਹੜੇ ਉਸ ਨੂੰ ਯਾਦ ਨਹੀਂ ਕਰਦੇ,
ਸਮਝੋ ਕਿ ਉਨ੍ਹਾਂ ਆਪਣੀ ਜਾਨ ਅਤੇ ਦਿਲ ਦਾ ਫਲ ਅੰਞਾਈਂ ਗਵਾ ਲਿਆ।

ਮਜ਼ਰਾ-ਇ ਪੁਰ ਸਮਰ ਬ-ਅਰਜ਼ਾਨੀ
ਚੂੰ ਮ-ਬੀਨਦ ਜ਼ਿ ਦੂਰ ਸੇਰਾਨੀ ॥੮॥

ਇਸ ਸਸਤੇ ਫਲਾਂ ਨਾਲ ਭਰੇ ਖੇਤ ਨੂੰ
ਜਦ ਉਹ ਦੂਰੋਂ ਰੱਜ ਕੇ ਵੇਖਦਾ ਹੈ,

ਇੰਬਸਾਤ ਆਇਦਸ਼ ਅਜ਼ਾਂ ਦੀਦਨ
ਬਰ ਸ਼ਤਾਬਦ ਜ਼ਿ ਬਹਿਰਿ ਬਰਚ਼ੀਦਨ ॥੯॥

ਤਾਂ ਉਸ ਨੂੰ ਵੇਖਣ ਵਿਚ ਆਨੰਦ ਪ੍ਰਾਪਤ ਹੁੰਦਾ ਹੈ।
ਅਤੇ ਉਹ ਉਨ੍ਹਾਂ ਫਲਾਂ ਨੂੰ ਤੋੜਨ ਲਈ ਨੱਸਦਾ ਹੈ।

ਲੇਕ ਹਾਸਿਲ ਨਿਆਰਦ ਅਜ਼ ਵੈ ਬਾਰ
ਬਾਜ਼ ਗਰਦਦ ਗੁਰਜਨਾ ਖ਼ੁਆਰੋ ਨਜ਼ਾਰ ॥੧੦॥

ਪਰ ਉਸ ਖੇਤ 'ਚੋਂ ਉਸ ਨੂੰ ਕੋਈ ਫ਼ਲ ਪ੍ਰਾਪਤ ਨਹੀਂ ਹੁੰਦਾ,
ਅਤੇ ਉਹ ਫੇਰ ਭੁੱਖਾ ਤਿਹਾਇਆ ਅਤੇ ਕਮਜ਼ੋਰ ਮੁੜ ਜਾਂਦਾ ਹੈ।

ਗ਼ੈਰ ਸਤਿਗੁਰ ਹਮਾ ਬ-ਦਾਂ ਮਾਨਦ
ਕਾਂ ਚੁਨਾਂ ਜ਼ਰਇ ਬਾਰ-ਵਰ ਦਾਨਦ ॥੧੧॥

ਸਤਿਗੁਰ ਤੋਂ ਬਿਨਾਂ ਸਭ ਕੁਝ ਇਸੇ ਤਰ੍ਹਾਂ ਸਮਝ,
ਜਿਵੇਂ ਕਿ ਝਾੜਾਂ ਅਤੇ ਕੰਡਿਆਂ ਨਾਲ ਭਰਿਆ ਹੋਇਆ ਖੇਤ ਹੋਵੇ।

## ਪਹਿਲੀ ਪਾਤਸ਼ਾਹੀ

ਪਹਿਲੀ ਪਾਤਸ਼ਾਹੀ ਉਸ ਸੱਚੇ ਅਤੇ ਸਮਰੱਥ ਦੇ ਨੂਰ ਨੂੰ ਚਮਕਾਉਣ ਵਾਲੀ, ਅਤੇ ਰੱਬ ਪਰ ਭਰੋਸੇ ਦੇ ਗਿਆਨ ਨੂੰ ਰੋਸ਼ਨ ਕਰਨ ਵਾਲੀ ਹੈ। ਉਸ ਸਦੀਵੀ ਜਾਣਕਾਰੀ ਦਾ ਝੰਡਾ ਉੱਚਾ ਕਰਨ ਵਾਲੀ ਅਤੇ ਗਿਆਨ ਦੇ ਅੰਨ੍ਹੇਰੇ ਨੂੰ ਦੂਰ ਕਰਨ ਵਾਲੀ, ਪਾਤਾਲ ਤੋਂ ਲੈ ਕੇ ਅਨੰਤ ਤੱਕ ਉਸ ਰੱਬ ਦੇ ਫ਼ਰਮਾਨ ਦਾ ਪਾਲਨਾ ਆਪਣੇ ਮੋਢੇ ਤੇ ਰਖੀ ਬੈਠੀ ਹੈ। ਲਾਹੂਤ ਤੋਂ ਲੈ ਕੇ ਇਸ ਜਹਾਨ ਤੱਕ ਸਭ ਉਸ ਦੇ ਦਰ ਦੀ ਖ਼ਾਕ ਹਨ; ਉਸ ਦਾ ਜਸ ਗਾਇਣ ਕਰਨ ਵਾਲਾ ਆਪ ਵੱਡੇ ਮਰਤਬੇ ਵਾਲਾ ਰੱਬ ਹੈ ਅਤੇ ਉਸ ਦਾ ਤਾਲਬ ਆਪ ਰੱਬ ਦੀ ਅਬਿਨਾਸ਼ੀ ਜ਼ਾਤ ਹੈ, ਹਰ ਚੋਥੇ ਅਤੇ ਛੇਵੇਂ ਫਰਿਸ਼ਤੇ ਦਾ ਕਲਾਮ ਵੀ ਉਸ ਦੀ ਸਿਫ਼ਤ-ਸਲਾਹ ਕਰਨੋ ਅਸਮਰੱਥ ਹੈ ਅਤੇ ਉਸ ਦਾ ਨੂਰ ਨਾਲ ਭਰਿਆ ਝੰਡਾ ਦੋਹਾਂ ਜਹਾਨਾਂ ਤੇ ਝੂਲਦਾ ਹੈ। ਉਸ ਦੇ ਹੁਕਮ ਦੀ ਮਸਾਲ ਰੱਬ ਦੀਆਂ ਨੂਰਾਨੀ ਕਿਰਨਾਂ ਹਨ ਅਤੇ ਉਸ ਦੇ ਸਾਹਮਣੇ ਲੱਖਾਂ ਚੰਨ ਸੂਰਜ ਅੰਨ੍ਹੇਰੇ ਦੇ ਸਮੁੰਦਰ ਵਿਚ ਡੁੱਬ ਜਾਂਦੇ ਹਨ। ਉਸ ਦੇ ਬਚਨ ਅਤੇ ਆਗਿਆ ਦੁਨੀਆਂ ਦੇ ਲੋਕਾਂ ਲਈ ਸਰਵੋਤਮ ਹਨ ਅਤੇ ਉਸ ਦੀ ਸਿਫ਼ਾਰਸ਼ ਦੋਹਾਂ ਜਹਾਨਾਂ ਲਈ ਪਹਿਲਾ ਦਰਜਾ ਰਖਦੀ ਹੈ। ਉਸ ਦੇ ਸੱਚੇ ਖ਼ਿਤਾਬ ਦੋਹਾਂ ਜਹਾਨਾਂ ਦੇ ਮੁਰਸ਼ਦ ਹਨ ਅਤੇ ਉਸ ਦੀ ਸੱਚੀ ਜ਼ਾਤ ਗੁਨਾਹਗਾਰਾਂ ਲਈ ਰਹਿਮਤ ਹੈ। ਰੱਬ ਦੀ ਦਰਗਾਹ ਦੇ ਦੇਵਤੇ ਉਸ ਮੁਰਸ਼ਦ ਦੇ ਚਰਨਾਂ ਦੀ ਧੂੜ ਨੂੰ ਚੁੰਮਦੇ ਹਨ ਅਤੇ ਉਚੇਰੇ ਦਰਬਾਰ ਦੇ ਪਵਿੱਤ੍ਰ ਫ਼ਰਿਸ਼ਤੇ ਉਸ ਮੁਰਸ਼ਦ ਦੇ ਗੋਲੇ

ਅਤੇ ਗੁਲਾਮ ਹਨ; ਉਸ ਦੇ ਪਵਿੱਤ੍ਰ ਨਾਮ ਦੇ ਦੋਵੇਂ 'ਨੂੰਨ' ਨਿਆਮਤਾਂ ਬਖ਼ਸ਼ਣ ਵਾਲੇ ਅਤੇ ਸਹਾਈ ਹੋਣ ਵਾਲੇ ਹਨ। ਵਿਚਕਾਰਲਾ 'ਅਲਿਫ਼' ਅਕਾਲ ਪੁਰਖ ਦਾ ਲਖਾਇਕ ਹੈ, ਅਖ਼ੀਰਲਾ 'ਕਾਫ਼' ਅੰਤਮ ਮਹਾਂਪੁਰਖ ਦਾ ਸੂਚਕ ਹੈ। ਉਸ ਦੀ ਫ਼ਕੀਰੀ ਕਾਮਲ ਫ਼ਕਰ ਦਾ ਸਿਰ ਉੱਚਾ ਕਰਨ ਵਾਲੀ ਹੈ ਅਤੇ ਉਸ ਦੀ ਸਖ਼ਾਵਤ ਦੋਹਾਂ ਜਹਾਨਾਂ ਵਿਚ ਭਰਪੂਰ ਹੈ ॥੧੨॥

**ਵਾਹਿਗੁਰੂ ਜੀਓ ਸਤ**

**ਵਾਹਿਗੁਰੂ ਜੀਓ ਹਾਜ਼ਰ ਨਾਜ਼ਰ ਹੈ**

**ਨਾਮਿ ਊ ਸ਼ਾਹਿ ਨਾਨਕ ਹੱਕ ਕੇਸ਼**
**ਕਿ ਨਿਆਇਦ ਚੁਨੂੰ ਦਿਗਰ ਦਰਵੇਸ਼ ॥੧੩॥**

ਉਸ ਦਾ ਨਾਮ ਨਾਨਕ ਪਾਤਸ਼ਾਹ ਹੈ ਤੇ ਉਹ ਸੱਚੇ ਧਰਮ ਵਾਲਾ ਹੈ।
ਉਸ ਜਿਹਾ ਹੋਰ ਕੋਈ ਦਰਵੇਸ਼ ਸੰਸਾਰ ਵਿਚ ਨਹੀਂ ਆਇਆ।

**ਫ਼ੁਕਰੇ ਊ ਫ਼ਕਰ ਰਾ ਸਰ-ਫ਼ਰਾਜ਼ੀ**
**ਪੇਸ਼ਿ ਊ ਕਾਰਿ ਜੁਮਲਾ ਜਾਨਬਾਜ਼ੀ ॥੧੪॥**

ਉਸ ਦੀ ਫ਼ਕੀਰੀ, ਦਰਵੇਸ਼ੀ ਦਾ ਸਿਰ ਉੱਚਾ ਕਰਦੀ ਹੈ,
ਉਸ ਦੇ ਸਾਹਮਣੇ ਸਭ ਦਾ ਕੰਮ ਜਾਨ ਵਾਰਨਾ ਹੈ।

**ਤਾਲਿਬੇ ਖ਼ਾਕਿ ਊ ਚਿਹ ਖ਼ਾਸੋ ਚਿਹ ਆਮ**
**ਚਿਹ ਮਲਾਇਕ ਚਿਹ ਹਾਜ਼ਿਰਾਨਿ ਤਮਾਮ ॥੧੫॥**

ਕੀ ਖ਼ਾਸ ਅਤੇ ਕੀ ਆਮ, ਕੀ ਫ਼ਰਿਸ਼ਤੇ ਤੇ ਕੀ ਰੱਬੀ ਦਰਗਾਹ ਦੇ ਦਰਸ਼ਕ,
ਸਾਰੇ ਹੀ ਉਸ ਦੀ ਧੂੜ ਦੇ ਜਾਚਕ ਹਨ।

**ਹੱਕ ਚੂ ਖ਼ੁੱਦ ਵਾਸਿਫ਼ਸ਼ ਚਿਗੋਇਮ ਮਨ**
**ਦਰ ਰਹਿ ਵਸਫ਼ਿ ਊ ਚਿ ਪੇਇਮ ਮਨ ॥੧੬॥**

ਜਦ ਰੱਬ ਆਪ ਉਸ ਦੀ ਉਸਤਤਿ ਕਰਦਾ ਹੈ, ਤਾਂ ਮੈਂ ਕੀ ਸਿਫ਼ਤ ਕਰਾਂ?
ਉਸ ਦੀ ਸਿਫ਼ਤ ਦੇ ਰਾਹ ਤੇ ਮੈਂ ਕਿਵੇਂ ਚਲਾਂ?

**ਸਦ ਹਜ਼ਾਰਾਂ ਮੁਰੀਦਸ਼ ਅਜ਼ ਮਲਕੂਤ**
**ਸਦ ਹਜ਼ਾਰਾਂ ਮੁਰੀਦਸ਼ ਅਜ਼ ਨਾਸੂਤ ॥੧੭॥**

ਰੂਹਾਂ ਦੀ ਦੁਨੀਆਂ ਦੇ ਲੱਖਾਂ ਹੀ (ਫ਼ਰਿਸ਼ਤੇ) ਉਸ ਦੇ ਮੁਰੀਦ ਹਨ,
ਇਸ ਜਹਾਨ ਦੇ ਲੱਖਾਂ ਲੋਕ ਉਸ ਦੇ ਮੁਰੀਦ ਹਨ।

**ਹਮਾ ਜਬਰੂਤੀਆਂ ਫ਼ਿਦਾਇ ਊ**
**ਹਮਾ ਲਾਹੂਤੀਆਂ ਬਪਾਇ ਊ ॥੧੮॥**

ਅਧਿਆਤਮਕ ਸੰਸਾਰ ਦੇ ਸਾਰੇ ਦੇਵਤੇ ਉਸ ਤੋਂ ਕੁਰਬਾਨ ਜਾਂਦੇ ਹਨ,
ਰੂਹਾਨੀ ਸੰਸਾਰ ਦੇ ਸਾਰੇ ਫ਼ਰਿਸ਼ਤੇ ਉਸ ਦੇ ਚਰਨਾਂ ਤੇ ਢਹਿੰਦੇ ਹਨ।

**ਹਮਾ ਨਾਸੂਤੀਆਂ ਮਲਾਇਕਿ ਊ**
**ਜਲਵਾ-ਅਸ਼ ਦਾਂ ਤਹਿਤੋ ਫ਼ੌਕਿ ਨਿਕੂ ॥੧੯॥**

ਇਸ ਜਹਾਨ ਦੇ ਸਾਰੇ ਲੋਕ ਉਸ ਦੇ ਬਣਾਏ ਦੇਵਤੇ ਹਨ,
ਉਸ ਦਾ ਦੀਦਾਰ ਹੇਠਾਂ ਉੱਪਰ ਸਭ ਥਾਈਂ ਪ੍ਰਕਾਸ਼ਮਾਨ ਹੈ।

ਜਾ-ਨਸ਼ੀਨਾਨਿ ਊ ਅਜ਼ ਊ ਲਾਇਕ
ਜ਼ਿਕਰਿ ਤੰਸੀਫ਼ਿ ਜ਼ਾਤ ਰਾ ਲਾਇਕ ॥੨੦॥

ਉਸ ਦੀ ਸੰਗਤ ਵਿਚ ਬੈਠਣ ਵਾਲੇ ਸਭ ਗਿਆਨਵਾਨ ਹਨ,
ਉਹ ਰੱਬ ਦੀ ਜ਼ਾਤ ਦੀ ਸਿਫ਼ਤ ਸ਼ਲਾਘਾ ਕਰਨ ਵਾਲੇ ਹਨ।

ਅਬਦ ਆਬਾਦ ਕਦਰੋ ਜਾਹੋ ਨਿਸ਼ਾਂ
ਬਰ ਅਫ਼ਰਾਜ਼ਦ ਜ਼ਿ ਯਕ ਦਿਗਰ ਸੁਬਹਾਂ ॥੨੧॥

ਉਨ੍ਹਾਂ ਦਾ ਮਾਨ ਸਤਿਕਾਰ, ਸਥਾਨ ਅਤੇ ਮਰਤਬਾ ਅਤੇ ਨਾਮ ਨਿਸ਼ਾਨ ਰਹਿੰਦੀ ਦੁਨੀਆਂ ਤਕ ਸਥਿਰ ਹੈ, ਉਹ ਪਾਕ ਪਰਵਰਦਗਾਰ ਉਨ੍ਹਾਂ ਨੂੰ ਦੂਜਿਆਂ ਨਾਲੋਂ ਉਚੇਰਾ ਦਰਜਾ ਬਖ਼ਸ਼ਦਾ ਹੈ।

ਮੁਰਸ਼ਦੁਲ-ਆਲਮੀਂ ਸ਼ੁਦਸ਼ ਚੂ ਖ਼ਿਤਾਬ
ਅਜ਼ ਅਨਾਯਾਤਿ ਹਜ਼ਰਤਿ ਵਹਾਬ ॥੨੨॥

ਜਦ ਦੋਹਾਂ ਜਹਾਨਾਂ ਦੇ ਮੁਰਸ਼ਦ ਨੇ ਆਪਣੀਆਂ ਅਨੇਕਾਂ
ਬਖ਼ਸ਼ਿਸ਼ਾਂ ਦੁਆਰਾ ਉਸ ਨੂੰ ਸੰਬੋਧਨ ਕੀਤਾ।

ਗੁਫ਼ਤ ਮਨ ਬੰਦਾ ਓ ਗੁਲਾਮਿ ਤੂ ਅਮ
ਖ਼ਾਕਿ ਅਕਦਾਮਿ ਖ਼ਾਸੋ ਆਮਿ ਤੂ ਅਮ ॥੨੩॥

ਤਾਂ ਉਸ ਨੇ ਕਿਹਾ ਕਿ ਮੈਂ ਤੇਰਾ ਬੰਦਾ ਹਾਂ, ਤੇਰਾ ਗ਼ੁਲਾਮ ਹਾਂ,
ਅਤੇ ਤੇਰੇ ਆਮ ਅਤੇ ਖ਼ਾਸ ਸਭ ਬੰਦਿਆਂ ਦੇ ਚਰਨਾਂ ਦੀ ਧੂੜ ਹਾਂ।

ਬਾਜ਼ ਚੂੰ ਹਮਚੁਨੀਂ ਖ਼ਿਤਾਬ ਆਮਦ
ਮਤਵਾਤਰ ਚੁਨੀਂ ਜਵਾਬ ਆਮਦ ॥੨੪॥

ਫਿਰ ਜਦ ਉਸ ਨੂੰ ਇਸੇ ਤਰ੍ਹਾਂ ਸੰਬੋਧਨ ਕੀਤਾ ਗਿਆ,
ਤਾਂ ਬਾਰ ਬਾਰ ਇਹੀ ਉੱਤਰ ਆਇਆ।

ਕਿ ਮਨਮ ਦਰ ਤੂ ਗ਼ੈਰ ਤੂ ਕਸ ਨੀਸਤ
ਹਰ ਚਿਹ ਖ਼ਾਹਮ ਕੁਨਮ ਹਮਾ ਅਦਲੀਸਤ ॥੨੫॥

ਕਿ ਮੈਂ ਤੇਰੇ ਵਿਚ (ਵੱਸਦਾ ਹਾਂ) ਅਤੇ ਮੇਰੇ ਬਿਨਾਂ ਹੋਰ ਕੋਈ ਦੂਜਾ ਨਹੀਂ (ਦਿਸਦਾ),
ਜੋ ਕੁਝ ਮੈਂ ਚਾਹੁੰਦਾ ਹਾਂ, ਉਹ ਕਰਦਾ ਹਾਂ ਅਤੇ ਉਹੀ ਇਨਸਾਫ਼ ਦੀ ਗੱਲ ਹੈ।

ਰਾਹਿ ਜ਼ਿਕਰਮ ਬ ਆਲਮੇ ਬਿਨੁਮਾ
ਬ-ਹਮਾ ਸ਼ੋ ਜ਼ਿ ਵਸਫ਼ਿ ਮਨ ਗੋਯਾ ॥੨੬॥

ਮੇਰੇ ਸਿਮਰਨ ਦਾ ਰਾਹ ਇਸ ਜਹਾਨ ਨੂੰ ਵਿਖਾ,
ਅਤੇ ਮੇਰੀ ਕੀਤੀ ਸਿਫ਼ਤ ਨਾਲ ਸਭ ਨੂੰ ਪਵਿੱਤਰ ਕਰ ਦੇ।

ਦਰ ਹਮਾ ਜਾ ਪਨਾਹੋ ਯਾਰਿ ਤੂ ਅਮ
ਯਾਵਰੀ ਬਖ਼ਸ਼ੋ ਖ਼ਾਸਤਗਾਰਿ ਤੂ ਅਮ ॥੨੭॥

ਸਭ ਥਾਂ ਮੈਂ ਤੇਰਾ ਦੋਸਤ ਅਤੇ ਤੇਰੀ ਪਨਾਹ ਹਾਂ,
ਮੈਂ ਤੇਰੀ ਸਹਾਇਤਾ ਕਰਨ ਵਾਲਾ ਹਾਂ, ਮੈਂ ਤੈਨੂੰ ਚਾਹੁਣ ਵਾਲਾ ਹਾਂ।

ਹਰ ਕਿ ਨਾਮਿ ਤੂ ਬਰਤਰੀਂ ਦਾਨਦ
ਅਜ਼ ਦਿਲੋ ਜਾਂ ਬ-ਵਸਫ਼ਿ ਮਨ ਖ਼ਾਨਦ ॥੨੮॥

ਜਿਹੜਾ ਵੀ ਤੇਰੇ ਨਾਮ ਨੂੰ ਉੱਚਾ ਸਮਝੇਗਾ,
ਉਹ ਦਿਲ ਜਾਨ ਨਾਲ ਮੇਰੀ ਸਿਫ਼ਤ ਸ਼ਲਾਘਾ ਕਰੇਗਾ।

**ਮਨ ਉ ਰਾ ਜ਼ਾਤਿ ਖ਼ੁਦ ਨੁਮਾਇਮ ਬਾਜ਼**
**ਐਹਦਿ ਮਨ ਸਖ਼ਤਗੀਰ ਬਰ ਕੁਨ ਸਾਜ਼ ॥੨੯॥**

ਮੈਨੂੰ ਫਿਰ ਆਪਣੀ ਅਪਰਮ ਆਪਾਰ ਜ਼ਾਤ ਵਿਖਾ,
ਮੇਰੇ ਔਖੇ ਸਮੇਂ ਨੂੰ ਸੌਖਾ ਬਣਾ ਦੇ।

**ਗਿਰਦਿ ਆਲਮ ਬਰਆ ਵਾ ਹਾਦੀ ਸ਼ੋ**
**ਕਿ ਜਹਾਂ ਗ਼ੈਰਿ ਮਨ ਨਿਯਰਜ਼ਦ ਜੌ ॥੩੦॥**

ਤੂੰ ਸੰਸਾਰ ਵਿਚ ਆ ਅਤੇ ਰਾਹ ਵਿਖਾਉਣ ਵਾਲਾ ਬਣ;
ਕਿਉਂ ਜੋ ਮੇਰੇ ਬਿਨਾਂ ਇਸ ਜਹਾਨ ਦੀ ਜੌਂ ਭਰ ਵੀ ਕੀਮਤ ਨਹੀਂ।

**ਦਰ ਹਕੀਕਤ ਮਨਮ ਚੁ ਰਾਹ-ਨੁਮਾ**
**ਤੂ ਜ਼ਹਾਂ ਰਾ ਬਪਾਇ ਖ਼ੁਦ ਪੈਮਾ ॥੩੧॥**

ਅਸਲ ਵਿਚ ਜਦ ਮੈਂ ਰਾਹ ਵਿਖਾਉਣ ਵਾਲਾ ਹਾਂ,
ਤਾਂ ਤੂੰ ਇਸ ਜਹਾਨ ਦਾ ਪੰਧ ਆਪਣੇ ਪੈਰਾਂ ਨਾਲ ਮੁਕਾ।

**ਹਰ ਕਿ ਰਾ ਖ਼ਾਹਮ ਵ ਸ਼ਵਮ ਹਾਦੀ**
**ਅਜ਼ ਤੂ ਦਰ ਦਿਲ ਦਰ-ਆਰਮਸ਼ ਸਾਦੀ ॥੩੨॥**

ਜਿਸ ਕਿਸੇ ਨੂੰ ਮੈਂ ਚਾਹੁੰਦਾ ਹਾਂ ਅਤੇ ਉਸ ਨੂੰ ਰਾਹ ਵਿਖਾਉਂਦਾ ਹਾਂ,
ਤੇਰੇ ਕਾਰਣ ਉਸ ਦੇ ਦਿਲ ਵਿਚ ਖ਼ੁਸ਼ੀ ਲਿਆਉਂਦਾ ਹਾਂ।

**ਵਾਂ ਕਿ ਗੁਮਰਾਹ ਸਾਜ਼ਮਸ਼ ਜ਼ਿ ਗ਼ਜ਼ਬ**
**ਨ-ਰਸਦ ਅਜ਼ ਹਦਾਇਤਿ ਤੂ ਬ-ਰੱਬ ॥੩੩॥**

ਤੇ ਜਿਸ ਨੂੰ ਮੈਂ ਕਰੋਪ ਨਾਲ ਕੁਰਾਹੇ ਪਾ ਦਿਆਂ,
ਉਹ ਤੇਰੀ ਸਿੱਖਿਆ ਨਾਲ ਭੀ ਰੱਬ ਤਕ ਨਹੀਂ ਪੁੱਜ ਸਕਦਾ।

**ਸ਼ੁਦਾ ਗੁਮਰਾਹ ਆਲਮੇ ਬੇਮਨ**
**ਸਾਹਿਰਾਂ ਗਸ਼ਤਾ ਅੰਦ ਜਾਦੂਇ ਮਨ ॥੩੪॥**

ਇਕ ਸੰਸਾਰ ਮੇਰੇ ਬਿਨਾਂ ਕੁਰਾਹੇ ਪਿਆ ਹੋਇਆ ਹੈ,
ਮੇਰੇ ਜਾਦੂ, ਜਾਦੂਗਰ ਬਣ ਗਏ ਹਨ।

**ਮੁਰਦਗਾਂ ਰਾ ਕੁਨੰਦ ਜ਼ਿੰਦਾ ਹਮੀ**
**ਜ਼ਿੰਦਗਾਂ ਰਾ ਬਜਾਂ ਕੁਸ਼ੰਦਾ ਹਮੀ ॥੩੫॥**

ਉਹ ਮੁਰਦਿਆਂ ਨੂੰ ਸੁਰਜੀਤ ਕਰ ਦਿੰਦੇ ਹਨ,
ਅਤੇ ਜੀਵੰਦਿਆਂ ਨੂੰ ਜਾਨੋਂ ਮਾਰ ਦਿੰਦੇ ਹਨ।

**ਆਤਿਸ਼ੇ ਰਾ ਕੁਨੰਦ ਆਬ ਵਸ਼**
**ਬਰ ਸਰੇ ਆਬ ਬਰ ਜ਼ਨੰਦ ਆਤਿਸ਼ ॥੩੬॥**

ਉਹ ਅੱਗ ਨੂੰ ਪਾਣੀ ਵਾਂਗ ਬਣਾ ਦਿੰਦੇ ਹਨ,
ਅਤੇ ਪਾਣੀ ਨੂੰ ਅੱਗ ਨਾਲ ਬੁਝਾਉਂਦੇ ਹਨ।

ਹਰ ਚਿਹ ਖ਼੍ਹਾਹੰਦ ਮੀ-ਕੁਨੰਦ ਹਮਾਂ
ਜੁਮਲਾ ਜਾਦੂ ਫ਼ਨ ਅੰਦ ਬਰ ਸਾਮਾਂ ॥੩੭॥

ਜੋ ਕੁਝ ਉਹ ਚਾਹੁੰਦੇ ਹਨ, ਉਹੀ ਕਰਦੇ ਹਨ,
ਉਹ ਸਭ ਕੁਝ ਸਾਮਾਨ ਉੱਤੇ ਜਾਦੂ ਕਰਨ ਵਾਲੇ ਹਨ।

ਰਾਹਿ ਸ਼ਾਂ ਰਾ ਨੁਮਾ ਬ-ਸੂਇ ਮਨ
ਕਿ ਪਜ਼ੀਰੰਦ ਗੁਫ਼ਤਗੂਇ ਮਨ ॥੩੮॥

ਉਨ੍ਹਾਂ ਦੇ ਰਾਹ ਨੂੰ ਮੇਰੀ ਵੱਲ ਮੋੜ,
ਤਾਂ ਜੋ ਉਹ ਮੇਰੇ ਬਚਨ ਗ੍ਰਹਿਣ ਕਰ ਸਕਣ।

ਗ਼ੈਰ ਜ਼ਿਕਰਮ ਬ-ਜਾਦੂਏ ਨ-ਰਵੰਦ
ਜੁਜ਼ ਦਰਿ ਮਨ ਬਜਾਨਬੇ ਨ ਰਵੰਦ ॥੩੯॥

ਬਿਨਾਂ ਮੇਰੇ ਸਿਮਰਨ ਦੇ ਉਹ ਕਿਸੇ ਜਾਦੂ ਵੱਲ ਨਹੀਂ ਜਾਂਦੇ,
ਬਿਨਾਂ ਮੇਰੇ ਦਰਵਾਜ਼ੇ ਦੇ ਉਹ ਕਿਸੇ ਹੋਰ ਪਾਸੇ ਨਹੀਂ ਜਾਂਦੇ।

ਕਿ ਜ਼ਿ ਦੋਜ਼ਖ਼ ਸ਼ਵੰਦ ਰੁਸਤਾ ਹਮੇ
ਵਰਨਾ ਉਫ਼ਤੰਦ ਦਸਤ-ਬਸਤਾ ਹਮੇ ॥੪੦॥

ਕਿਉਂ ਜੋ ਉਹ ਨਰਕਾਂ ਤੋਂ ਛੁੱਟ ਗਏ ਹਨ,
ਨਹੀਂ ਤਾਂ ਉਹ ਹੱਥੀ ਬੱਧੀ ਡਿੱਗ ਪੈਂਦੇ ਹਨ।

ਕਾਫ਼ ਤਾ ਕਾਫ਼ ਆਲਮੇ ਜੁਮਲਾ
ਦਾਅਵਤ ਆਮੋਜ਼ੋ ਜ਼ਾਲਮੇ ਜੁਮਲਾ ॥੪੧॥

ਇਹ ਸਾਰਾ ਜਹਾਨ, ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ,
ਸੱਦਾ ਦੇ ਰਿਹਾ ਹੈ ਸਾਰਾ ਸੰਸਾਰ ਜ਼ੁਲਮ ਕਰ ਰਿਹਾ ਹੈ।

ਰੰਜੋ ਫ਼ਰਹਤ ਜ਼ਿ ਮਨ ਨ ਮੀ-ਦਾਨੰਦ
ਹਮਾ ਅਜ਼ ਗ਼ੈਰਿ ਮਨ ਪਰੇਸ਼ਾਨੰਦ ॥੪੨॥

ਮੇਰੇ ਕਾਰਣ ਉਹ ਗ਼ਮੀ ਅਤੇ ਖ਼ੁਸ਼ੀ ਨਹੀਂ ਜਾਣਦੇ,
ਮੇਰੇ ਬਿਨਾਂ ਉਹ ਸਾਰੇ ਹੈਰਾਨ ਪਰੇਸ਼ਾਨ ਹਨ।

ਐਜੁਮਨ ਮੀ-ਕੁਨੰਦ ਵ ਅਜ਼ ਅੰਜਮ
ਬਰ ਸ਼ੁਮਾਰੰਦ ਰੂਜ਼ਿ ਸ਼ਾਦੀ ਓ ਗ਼ਮ ॥੪੩॥

ਉਹ ਇਕੱਤ੍ਰ ਹੁੰਦੇ ਹਨ ਅਤੇ ਤਾਰਿਆਂ ਤੋਂ,
ਹਰਖ ਸੋਗ ਦੇ ਦਿਨ ਗਿਣਦੇ ਹਨ।

ਬਰ ਨਿਗਾਰੰਦ ਨਹਿਸੋ ਸਾਅਦ ਹਮੇ
ਬਾਜ਼ ਗੋਇੰਦ ਕਬਲੋ ਬਾਅਦ ਹਮੇ ॥੪੪॥

ਉਹ ਫਿਰ ਮੰਦੇ ਚੰਗੇ ਭਾਗਾਂ ਨੂੰ ਪੱਤਰੀ ਵਿਚ ਲਿਖਦੇ ਹਨ,
ਉਹ ਫਿਰ ਕਦੀ ਪਹਿਲਾਂ ਤੇ ਕਦੀ ਪਿਛੋਂ ਅਜਿਹਾ ਕਹਿੰਦੇ ਹਨ।

ਨੀਮਤ ਸ਼ਾਂ ਰਾ ਬ-ਜ਼ਿਕਰ ਇਸਤਿਕਲਾਲ
ਕਾਲ ਦਾਨੰਦ ਜੁਮਲਗਾਂ ਬੇ-ਹਾਲ ॥੪੫॥

ਉਹ ਰੱਬ ਦੇ ਸਿਮਰਨ ਵਿਚ ਸਥਿਰ ਅਤੇ ਪਰਪੱਕ ਨਹੀਂ,
ਉਨ੍ਹਾਂ ਸਭ ਦੀ ਗੱਲ ਬਾਤ ਬੇਹਾਲਾਂ ਵਾਲੀ ਹੁੰਦੀ ਹੈ।

**ਰੂ ਨੁਮਾ ਜੁਮਲਾ ਰਾ ਸੂਇ ਫ਼ਿਕਰਮ**
**ਕਿ ਨਦਾਰੰਦ ਦੋਸਤ ਜੁਜ਼ ਜ਼ਿਕਰਮ ॥੪੬॥**

ਉਨ੍ਹਾਂ ਸਭਨਾਂ ਦਾ ਮੂੰਹ ਮੇਰੇ ਧਿਆਨ ਵੱਲ ਭਵਾ ਦੇ,
ਤਾਂ ਜੋ ਮੇਰੇ ਸਿਮਰਨ ਤੋਂ ਬਿਨਾਂ ਹੋਰ ਕਿਸੇ ਨੂੰ ਮਿਤ੍ਰ ਨਾ ਸਮਝਣ।

**ਤਾ ਹਮਾ ਕਾਰਿ ਸ਼ਾਂ ਨਿਕੋ ਸਾਜ਼ਮ**
**ਖ਼ਾਤਰਿ ਸ਼ਾਂ ਜ਼ਿ ਨੂਰ ਬਿਤਰਾਜ਼ਮ ॥੪੭॥**

ਤਾਂ ਕਿ ਮੈਂ ਉਨ੍ਹਾਂ ਦੇ ਕੰਮ (ਜੀਵਨ ਵਿਹਾਰ) ਠੀਕ ਕਰ ਦਿਆਂ,
ਅਤੇ ਉਨ੍ਹਾਂ ਦੀ ਮਨੋ ਬਿਰਤੀ (ਧਰਮ ਦੀ) ਲੋ ਨ਼ਾਲ ਸੰਵਾਰ ਦਿਆਂ।

**ਮਨ ਤੁਰਾ ਆਫ਼ਰੀਦਮ ਅਜ਼ ਪਏ ਆਂ**
**ਕਿ ਸ਼ਵੀ ਰਹਿਨੁਮਾ ਬ-ਜੁਮਲਾ ਜਹਾਂ ॥੪੮॥**

ਮੈਂ ਤੈਨੂੰ ਇਸ ਲਈ ਪੈਦਾ ਕੀਤਾ ਹੈ,
ਤਾਂ ਜੋ ਤੂੰ ਸਾਰੇ ਜਹਾਨ ਨੂੰ ਰਾਹ ਵਿਖਾਉਣ ਵਾਲਾ ਬਣ ਜਾਵੇਂ।

**ਹੁੱਬਿ ਗ਼ੈਰ ਅਜ਼ ਜ਼ਮੀਰਿ ਸ਼ਾਂ ਬਜ਼ਦਾਇ**
**ਹਮਗਨਾਂ ਰਾ ਤੂ ਰਾਹਿ ਰਾਸਤ ਨੁਮਾਇ ॥੪੯॥**

ਉਨ੍ਹਾਂ ਦੇ ਹਿਰਦਿਆਂ ਵਿਚੋਂ ਦੂਈ ਦਾ ਮੋਹ ਕੱਢਦੇ,
ਉਨ੍ਹਾਂ ਸਾਰਿਆਂ ਨੂੰ ਸੱਚਾ ਮਾਰਗ ਵਿਖਾ ਦੇ।

**ਸ਼ਾਹ ਗੁਫ਼ਤਾ ਚਿ ਲਾਇਕ ਆਨਮ**
**ਕਿ ਦਿਲਿ ਜੁਮਲਾ ਬਾਜ਼ ਗਰਦਾਨਮ ॥੫੦॥**

ਪਾਤਸ਼ਾਹ (ਨਾਨਕ) ਨੇ ਕਿਹਾ, ਮੈਂ ਇਸ ਦੇ ਕੀ ਲਾਇਕ ਹਾਂ,
ਕਿ ਸਭਨਾਂ ਦੇ ਦਿਲਾਂ ਨੂੰ ਸਿੱਧੇ ਪਾਸੇ ਮੋੜ ਦਿਆਂ।

**ਮਨ ਕੁਜਾ ਵ ਚੁਨੀਂ ਕਮਾਲ ਕੁਜਾ**
**ਮਨ ਕਿਹ ਵ ਫ਼ੱਰੇ ਜ਼ੁਲਜਲਾਲ ਕੁਜਾ ॥੫੧॥**

ਮੈਂ ਕਿੱਥੇ ਤੇ ਅਜਿਹਾ ਕਮਾਲ ਕਿੱਥੇ?
ਮੈਂ ਨਿਗੁਨਾ ਕਿੱਥੇ ਅਤੇ ਤੇਰੇ (ਰੱਬ ਦੇ) ਸਰੂਪ ਦੀ ਸ਼ਾਨ ਸ਼ੋਕਤ ਕਿੱਥੇ?

**ਲੇਕ ਹੁਕਮਤ ਕਸ਼ਮ ਬਜਾਨੇ ਬਦਿਲ**
**ਨਸ਼ਵਮ ਯੱਕ ਜ਼ਮਾਂ ਅਜ਼ੋ ਗ਼ਾਫ਼ਿਲ ॥੫੨॥**

ਪਰੰਤੂ ਤੇਰਾ ਹੁਕਮ ਮੇਰੇ ਸਿਰ ਮੱਥੇ ਤੇ ਹੈ,
ਮੈਂ ਇਕ ਛਿਨ ਪਲ ਲਈ ਵੀ ਉਸ ਤੋਂ ਗ਼ਾਫ਼ਲ ਨਹੀਂ ਰਹਾਂਗਾ।

**ਹਾਦੀ ਓ ਰਹਿਨੁਮਾਈ ਜੁਮਲਾ ਤੂਈ**
**ਰਹਿਬਰੋ ਦਿਲ-ਗਿਰਾਮੀਇ ਜੁਮਲਾ ਤੂਈ ॥੫੩॥**

ਤੂੰ ਹੀ ਸਭ ਦਾ ਰਾਹ ਵਿਖਾਊ ਅਤੇ ਹਾਦੀ ਹੈਂ,
ਤੂੰ ਹੀ ਰਾਹ ਵਿਖਾਉਣ ਵਾਲਾ ਹੈਂ ਅਤੇ ਸਭ ਦੇ ਦਿਲਾਂ ਨੂੰ (ਆਪਣੇ ਵੱਲ) ਮੋੜਣ ਵਾਲਾ ਹੈਂ।

## ਦੂਜੀ ਪਾਤਸ਼ਾਹੀ

ਦੂਜੀ ਪਾਤਸ਼ਾਹੀ ਉਸ ਦਾ ਪਹਿਲਾ ਬੰਦਨਾ ਕਰਨ ਵਾਲਾ ਸੇਵਕ ਅਤੇ ਅਖੀਰ ਵਿਚ ਬੰਦਨਾਯੋਗ ਮੁਰਸ਼ਦ (ਗੁਰੂ) ਬਣਿਆ ਅਤੇ ਉਸ ਸੱਚ ਤੇ ਯਕੀਨ ਦੀ ਮਸ਼ਾਲ ਦੀ ਰੌਸ਼ਨੀ ਉਸ ਦੀ ਜ਼ਾਤ ਸਦਕਾ, ਦਿਨ ਨਾਲੋਂ ਵੀ ਵਧੇਰੀ ਸੀ। ਉਹ ਅਸਲ ਵਿਚ ਇਕੋ ਪਰ ਜ਼ਾਹਰਾ ਦੋ ਜਾਨ ਅਤੇ ਆਤਮਾ ਨੂੰ ਚਮਕਾਉਣ ਵਾਲੀਆਂ ਮਸ਼ਾਲਾਂ ਹਨ ਅਤੇ ਅਸਲ ਵਿਚ ਇਕੋ ਤੇ ਜ਼ਾਹਰਾ ਦੋ ਚਿੰਗਾੜੀਆਂ ਹਨ, ਜਿਹੜੀਆਂ ਸੱਚ ਤੋਂ ਬਿਨਾਂ ਸਭ ਕੁਝ ਸਾੜ ਦਿੰਦੀਆਂ ਹਨ, ਉਹ ਉਸ ਇਕ ਨਿਰੰਕਾਰ ਦੀ ਦਰਗਾਹ ਦੇ ਖ਼ਾਸ ਮਨੁੱਖਾਂ ਦਾ ਮਾਲ ਮਤਾਅ ਅਰਥਾਤ ਆਗੂ ਹੈ ਅਤੇ ਉਹ ਸੱਚਖੰਡ ਦੇ ਪਰਵਾਨ ਬੰਦਿਆਂ ਦੀ ਥਾਉਂ ਹੈ, ਉਸ ਉੱਚੇ ਰੱਬ ਦਾ ਸਲਾਹਿਆ ਅਤੇ ਜਲਾਲ ਵਾਲੇ ਰੱਬ ਦੀ ਦਰਗਾਹ ਦਾ ਚੁਣਿਆ ਹੋਇਆ ਹੈ। ਉਸ (ਅੰਗਦ) ਦੇ ਪਵਿੱਤ੍ਰ ਨਾਮ ਦਾ 'ਅਲਿਫ਼' ਹਰ ਫ਼ਕੀਰ ਅਮੀਰ ਅਤੇ ਵੱਡੇ ਛੋਟੇ ਦੀ ਬਖ਼ਸ਼ਿਸ਼ ਅਤੇ ਵਡਿਆਈ ਨੂੰ ਆਪਣੇ ਘੇਰੇ ਵਿਚ ਲੈਣ ਵਾਲਾ ਹੈ। ਉਸ ਦੇ ਨਾਮ ਦੇ ਸੱਚਾਈ ਨਾਲ ਭਰੇ 'ਨੂਨ' ਦੀ ਸੁਗੰਧੀ ਹਰ ਛੋਟੇ ਵੱਡੇ ਅਤੇ ਹਰ ਕਮੀਂ ਕਮੀਨ ਨੂੰ ਨਵਾਜਣ ਵਾਲਾ ਹੈ; ਉਸ ਦੇ (ਨਾਮ ਦੇ ਅਗਲੇ ਅੱਖਰ) 'ਗਾਫ਼' ਉਸ ਸਦੀਵੀ ਦੀਵਾਨ ਅਤੇ ਉਸ ਮਾਲਕ ਦੇ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲੇ ਜਹਾਨ ਦੇ ਮਾਰਗ ਦਾ ਪਾਂਧੀ ਹੈ ਅਤੇ ਉਸ ਦੇ ਨਾਮ ਦਾ ਅੰਤਮ ਅੱਖਰ 'ਦਾਲ' ਹਰ ਦੁੱਖ ਅਤੇ ਦਰਦ ਦੀ ਦਵਾ ਹੈ ਅਤੇ ਵੱਧਣ ਘੱਟਣ ਤੋਂ ਪਰ੍ਹਾਂ ਪਰੇਰੇ ਹੈ ॥੫੪॥

**ਵਾਹਿਗੁਰੂ ਜੀਓ ਸਤ**
**ਵਾਹਿਗੁਰੂ ਜੀਓ ਹਾਜ਼ਰ ਨਾਜ਼ਰ ਹੈ**

**ਗੁਰੂ ਅੰਗਦ ਆਂ ਮੁਰਸ਼ਦੁਲ-ਆਲਮੀਂ**
**ਜ਼ਿ ਫਜ਼ਲਿ ਅਹਦ ਰਹਿਮਤੁਲ ਮਜ਼ਨਬੀਨ ॥੫੫॥**

ਗੁਰੂ ਅੰਗਦ ਹੈ ਉਹ ਜੋ ਦੋਹਾਂ ਜਹਾਨਾਂ ਦਾ ਮੁਰਸ਼ਦ ਹੈ,
੧ ਓਂਕਾਰ ਦੀ ਬਖ਼ਸ਼ਿਸ਼ ਨਾਲ ਉਹ ਗੁਨਾਹਗਾਰਾਂ ਲਈ ਰਹਿਮਤ ਹੈ।

**ਦੋ ਆਲਮ ਚਿਹ ਬਾਸ਼ਦ ਹਜ਼ਾਰਾਂ ਜਹਾਂ**
**ਤੁਫ਼ੈਲਿ ਕਰਮਹਾਇ ਓ ਕਾਮਾਰਾਂ ॥੫੬॥**

ਦੋ ਜਹਾਨ ਤਾਂ ਕੀ, ਉਸ ਦੀਆਂ ਬਖ਼ਸ਼ਿਸ਼ਾਂ ਨਾਲ,
ਲੱਖਾਂ ਜਹਾਨ ਹੀ ਸਫ਼ਲ ਹੁੰਦੇ ਹਨ।

**ਵਜੂਦਸ਼ ਹਮਾ ਫ਼ਜ਼ਲੋ ਫੈਜ਼ਿ ਕਰੀਮ**
**ਜ਼ਿ ਹਕ ਆਮਦੋ ਹਮ ਬਹੱਕ ਮੁਸਤਕੀਮ ॥੫੭॥**

ਉਸ ਦਾ ਸਰੀਰ ਬਖ਼ਸ਼ਿੰਦ ਰੱਬ ਦੀ ਮਿਹਰ ਦਾ ਭੰਡਾਰ ਹੈ,
ਉਹ ਰੱਬ ਤੋਂ ਹੀ ਆਇਆ ਅਤੇ ਰੱਬ ਵਿਚ ਸਮਾ ਜਾਂਦਾ ਹੈ।

**ਹਮਾ ਆਸ਼ਕਾਰੇ ਨਿਹਾਂ ਜ਼ਾਹਿਰਸ਼**
**ਬਤੂਨੋ ਇਯਾਂ ਜੁਮਲਗੀ ਬਾਹਿਰਸ਼ ॥੫੮॥**

ਉਹ ਸਦਾ ਜ਼ਾਹਰਾ ਵੀ ਤੇ ਗੁਪਤ ਵੀ ਪ੍ਰਗਟ ਹੈ,
ਉਹ ਸਦਾ ਅੰਦਰ ਬਾਹਰ ਸਭ ਥਾਂ ਮੌਜੂਦ ਹੈ।

ਚੂ ਵੱਸਾਫ਼ਿ ਊ ਜ਼ਾਤਿ ਹੱਕ ਆਮਦਾ
ਵਜੂਦਸ਼ ਜ਼ਿ ਕੁਦਸੀ ਵਰਕ ਆਮਦਾ ॥੫੯॥
ਉਸ ਦੀ ਸਿਫ਼ਤ ਕਰਨ ਵਾਲਾ ਸੱਚੇ ਰੱਬ ਦੀ ਸਿਫ਼ਤ ਕਰਨ ਵਾਲਾ ਹੈ,
ਉਸ ਦੀ ਜ਼ਾਤ ਦੇਵਤਿਆਂ ਦੀ ਪੁਸਤਕ ਦਾ ਇਕ ਵਰਕਾ ਹੈ।

ਜ਼ਿ ਵਸਫ਼ਸ਼ ਜ਼ਬਾਨਿ ਦੋ ਆਲਮ ਕਸੀਰ
ਬਵਦ ਤੰਗ ਪੇਸ਼ਸ਼ ਫ਼ਜ਼ਾਇ ਜ਼ਮੀਰ ॥੬੦॥
ਉਸ ਦੀ ਸਿਫ਼ਤ ਸਨਾ ਦੋਹਾਂ ਜਹਾਨਾਂ ਦੀ ਜ਼ਬਾਨ ਵੀ ਨਹੀਂ ਕਰ ਸਕਦੀ,
ਉਸ ਦੇ ਸਾਹਮਣੇ ਆਤਮਾ ਦਾ ਵਿਹੜਾ ਵੀ ਤੰਗ ਹੈ।

ਹਮਾਂ ਬਿਹ ਕਿ ਖ਼ਾਹੇਮ ਅਜ਼ ਫ਼ਜ਼ਲਿ ਊ
ਜ਼ਿ ਅਲਤਾਫ਼ੋ ਅਕਰਾਮ ਹੱਕ ਅਦਲਿ ਊ ॥੬੧॥
ਇਸ ਲਈ ਚੰਗਾ ਇਹੀ ਹੈ ਕਿ ਅਸੀਂ ਉਸ ਦੀ ਵਡਿਆਈ ਤੋਂ ਉਸ ਦੀ ਬਖ਼ਸ਼ਿਸ਼
ਅਤੇ ਉਸ ਦੀ ਮਿਹਰ ਅਤੇ ਸਖ਼ਾਵਤ ਤੋਂ ਰੱਬ ਦਾ ਹੁਕਮ ਪ੍ਰਾਪਤ ਕਰੀਏ।

ਸਰਿ ਮਾ ਬਪਾਇਸ਼ ਬਵਦ ਬਰ ਦਵਾਮ
ਨਿਸ਼ਾਰਸ਼ ਦਿਲੋ ਜਾਨਿ ਮਾ ਮੁਸਤਦਾਮ ॥੬੨॥
ਸਾਡਾ ਸਿਰ ਸਦਾ ਉਸ ਦੇ ਚਰਨਾਂ ਤੇ ਰਹੇ,
ਸਾਡਾ ਦਿਲ ਅਤੇ ਜਾਨ ਉਸ ਤੋਂ ਸਦਾ ਕੁਰਬਾਨ ਹੁੰਦਾ ਰਹੇ।

## ਤੀਜੀ ਪਾਤਸ਼ਾਹੀ

ਤੀਜੀ ਪਾਤਸ਼ਾਹੀ ਸੱਚ ਦੇ ਪਾਲਣਹਾਰੇ, ਦੇਸ਼ਾਂ ਦੇ ਸੁਲਤਾਨ, ਸਖ਼ਾਵਤ ਅਤੇ ਬਖ਼ਸ਼ਿਸ਼ ਦੇ ਪ੍ਰਸਾਰ ਦੇ ਸੰਸਾਰ ਸਾਗਰ ਦੀ ਹੈ, ਮੌਤ ਦਾ ਡਾਢਾ ਫ਼ਰਿਸ਼ਤਾ ਵੀ ਜਿਸ ਦੇ ਅਧੀਨ ਹੈ ਅਤੇ ਹਿਸਾਬ ਕਿਤਾਬ ਰੱਖਣ ਵਾਲੇ ਦੇਵਤਿਆਂ ਦਾ ਸੁਲਤਾਨ ਜਿਸ ਦੇ ਲੇਖੇ ਵਿਚ ਹੈ। ਇਨ੍ਹਾਂ ਦੋਹਾਂ ਦੀ ਚਮਕ ਦਾ ਪਹਿਰਾਵਾ ਸੱਚ ਦੀ ਮਸ਼ਾਲ ਅਤੇ ਬੰਦ-ਪਤੀਆਂ ਵਾਲੀ ਹਰ ਕਲੀ ਦੀ ਖ਼ੁਸ਼ੀ ਅਤੇ ਖੇੜਾ ਹੈ, ਉਸ ਦੇ ਪਵਿੱਤਰ ਨਾਮ ਦਾ 'ਅਲਿਫ਼' ਹਰ ਭਟਕ ਰਹੇ ਬੰਦੇ ਲਈ ਸੁੱਖ ਆਰਾਮ ਬਖ਼ਸ਼ਣ ਵਾਲਾ ਹੈ ਅਤੇ ਮੁਬਾਰਕ 'ਮੀਮ' ਹਰ ਆਤਰ ਅਤੇ ਲਾਚਾਰ ਦੇ ਕੰਨਾਂ ਨੂੰ ਕਾਵਿ-ਰਸ ਬਖ਼ਸ਼ਦਾ ਹੈ, ਉਸ ਦੇ ਨਾਮ ਦੀ ਚੰਗੇ ਭਾਗਾਂ ਵਾਲੀ 'ਰੇ' ਅਮਰ ਮੁਖੜੇ ਦੀ ਸ਼ੋਭਾ ਅਤੇ ਰੌਣਕ ਹੈ ਅਤੇ ਨੇਕ-ਬਖ਼ਤੀ ਭਰਪੂਰ 'ਦਾਲ' ਹਰ ਨਿਰਾਸੇ ਦੀ ਸਹਾਈ ਹੁੰਦੀ ਹੈ। ਉਸ ਦੇ ਨਾਮ ਦਾ ਦੂਜਾ 'ਅਲਿਫ਼' ਹਰ ਪਾਪੀ ਅਤੇ ਦੋਸ਼ੀ ਨੂੰ ਸ਼ਰਨ ਅਤੇ ਪਨਾਹ ਦੇਣ ਵਾਲਾ ਹੈ ਅਤੇ ਅੰਤਲਾ 'ਸੀਨ' ਉਸ ਕਰਤਾਰ ਦਾ ਪਰਛਾਵਾਂ ਹੈ ॥੬੩॥

ਵਾਹਿਗੁਰੂ ਜੀਓ ਸਤ
ਵਾਹਿਗੁਰੂ ਜੀਓ ਹਾਜ਼ਰ ਨਾਜ਼ਰ ਹੈ

ਗੁਰੂ ਅਮਰਦਾਸ ਆਂ ਗਰਾਮੀ ਨਜ਼ਾਦ
ਜ਼ਿ ਅਫ਼ਜ਼ਾਲਿ ਹੱਕ ਹਸਤੀਅਸ਼ ਰਾ ਮੁਆਦ ॥੬੪॥
ਗੁਰੂ ਅਮਰਦਾਸ ਉਸ ਮਹਾਨ ਘਰਾਣੇ ਵਿਚੋਂ ਹੈ,
ਜਿਸ ਦੀ ਹਸਤੀ ਨੂੰ ਰੱਬ ਦੇ ਫ਼ਜ਼ਲ ਅਤੇ ਕਰਮ ਤੋਂ ਸਮਿਗ੍ਰੀ ਮਿਲੀ ਹੈ।

ਜ਼ਿ ਵਸਫ਼ੋ ਸਨਾਇ ਹਮਾ ਬਰਤਰੀਂ
ਬ-ਸਦਰਿ ਹਕੀਕਤ ਮੁਰੱਬਅ ਨਸ਼ੀਂ ॥੬੫॥

ਸਿਫ਼ਤ ਸ਼ਲਾਘਾ ਕਰਕੇ ਉਹ ਸਭ ਤੋਂ ਉਚੇਰਾ ਹੈ,
ਉਹ ਰੱਬ ਸੱਚ ਦੇ ਆਸਨ ਤੇ ਚੌਂਕੜੀ ਮਾਰੀ ਬੈਠਾ ਹੈ।

ਜਹਾਂ ਰੌਸ਼ਨ ਅਜ਼ ਨੂਰਿ ਅਰਸ਼ਾਦਿ ਊ
ਜ਼ਮੀਨੋ ਜ਼ਮਾਂ ਗੁਲਸ਼ਨ ਅਜ਼ ਦਾਦਿ ਊ ॥੬੬॥

ਉਸ ਦੇ ਬਚਨਾਂ ਦੇ ਨੂਰ ਨਾਲ ਇਹ ਸੰਸਾਰ ਜਗਮਗਾ ਰਿਹਾ ਹੈ
ਅਤੇ ਉਸ ਦੇ ਇਨਸਾਫ਼ ਨਾਲ ਇਹ ਧਰਤੀ ਅਤੇ ਦੁਨੀਆਂ ਬਾਗ਼ ਬਣਿਆ ਹੋਇਆ ਹੈ।

ਦੋ ਆਲਮ ਗੁਲਾਮਸ਼ ਚਿਹ ਹਜ਼ਦਹਿ ਹਜ਼ਾਰ
ਫ਼ਜ਼ਾਲੋ ਕਰਾਮਸ਼ ਫਜ਼ੂੰ ਅਜ਼ ਸ਼ੁਮਾਰ ॥੬੭॥

ਅੱਸੀ ਹਜ਼ਾਰ ਲੋਕਾਈ ਤਾਂ ਕੀ, ਦੋਵੇਂ ਜਹਾਨ ਹੀ ਉਸ ਦੇ ਗ਼ੁਲਾਮ ਹਨ,
ਉਸ ਦੀ ਵਡਿਆਈ ਅਤੇ ਮਿਹਰ ਗਿਣਤੀ ਤੋਂ ਬਾਹਰ ਹੈ।

## ਚੋਥੀ ਪਾਤਸ਼ਾਹੀ

ਚੋਥੀ ਪਾਤਸ਼ਾਹੀ ਦਾ ਦਰਜਾ ਮੁਤਾਬਕ ਫਰਿਸ਼ਤਿਆਂ ਦੀਆਂ ਚਵ੍ਹਾਂ ਸ਼੍ਰੇਣੀਆਂ ਦੇ ਰੁਤਬੇ ਤੋਂ ਵਡੇਰਾ ਹੈ। ਰੱਬੀ ਦਰਗਾਹ ਦੇ ਪਰਵਾਨ ਪਿਆਰੇ ਉਸ ਦੀ ਸੇਵਾ ਵਿਚ ਸਦਾ ਤਿਆਰ ਬਰ ਤਿਆਰ ਰਹਿੰਦੇ ਹਨ। ਹਰ ਮੰਦ-ਭਾਗੀ ਅਤੇ ਕਮੀਨਾ ਪੁਰਸ਼, ਜਿਸ ਨੇ ਵੀ ਉਸ ਦੇ ਦੁਆਰੇ ਸ਼ਰਨ ਮੰਗੀ, ਸਮਝੋ ਉਹ ਚੋਥੀ ਪਾਤਸ਼ਾਹੀ ਦੀ ਵਡਿਆਈ ਦੀਆਂ ਬਰਕਤਾਂ ਸਦਕਾ ਮਾਨ ਸਤਿਕਾਰ ਦੀ ਗੱਦੀ ਤੇ ਬਹਿ ਗਿਆ। ਜਿਸ ਪਾਪੀ ਅਤੇ ਨੀਚ ਨੇ ਉਸ (ਗੁਰੂ) ਦਾ ਪਵਿੱਤਰ ਨਾਮ ਸਿਮਰਿਆ, ਉਸ ਨੇ ਮਾਣੋ ਪਾਪਾਂ ਤੇ ਦੋਸ਼ਾਂ ਦਾ ਮਿੱਟੀ ਘੱਟਾ ਆਪਣੇ ਸਰੀਰ ਦੇ ਪੱਲੇ ਤੋਂ ਪਰ੍ਹਾਂ ਝਾੜ ਮਾਰਿਆ। ਹੱਦ ਦਰਜੇ ਦੀ ਬਖ਼ਸ਼ਿਸ਼ ਵਾਲੀ 'ਰੇ' ਹਰ ਸਰੀਰ ਲਈ ਆਤਮਾ ਹੈ। ਉਸ ਦੇ ਨਾਮ ਦਾ ਪਹਿਲਾ ਅਲਫ਼ਿ ਹਰ ਨਾਮ ਨਾਲੋਂ ਉਚੇਰਾ ਹੈ ਅਤੇ ਵਡੇਰਾ ਹੈ। ਉਸ ਦੇ ਨਾਮ ਦੀ 'ਮੀਮ' ਜਿਹੜੀ ਸਿਰ ਤੋਂ ਪੈਰਾਂ ਤਕ ਮਿਹਰ ਤੇ ਕਰਮ ਦਾ ਨਮੂਨਾ ਹੈ, ਉਸ ਸਰਬ ਸ਼ਕਤੀਮਾਨ ਰੱਬ ਦੀ ਪਿਆਰੀ ਹੈ, ਅਤੇ ਉਸ ਦੇ ਨਾਮ ਦੀ 'ਦਾਲ' ਸਮੇਤ 'ਅਲਿਫ਼' ਦੇ ਹਮੇਸ਼ਾ ਰੱਬ ਨਾਲ ਜੁੜੀ ਰਹਿੰਦੀ ਹੈ, ਅਤੇ ਉਸ ਦੇ ਨਾਮ ਦਾ ਅਖ਼ੀਰਲਾ 'ਸੀਨ' ਹਰ ਉੜੇ ਥੁੜੇ ਨੂੰ ਮਾਨ ਬਖ਼ਸ਼ਣ ਵਾਲਾ ਹੈ ਅਤੇ ਦੋਹਾਂ ਜਹਾਨਾਂ ਦੀ ਮਦਦ ਕਰਨ ਲਈ ਕਾਫ਼ੀ ਹੈ ॥੬੮॥

ਵਾਹਿਗੁਰੂ ਜੀਓ ਸਤ
ਵਾਹਿਗੁਰੂ ਜੀਓ ਹਾਜ਼ਰ ਨਾਜ਼ਰ ਹੈ

ਗੁਰੂ ਰਾਮਦਾਸ ਆਂ ਮਤਾਅ ਉਲ-ਵਰਾ
ਜਹਾਂਬਾਨਿ ਇਕਲੀਮ ਸਿਦਕੋ ਸਫ਼ਾ ॥੬੯॥

ਗੁਰੂ ਰਾਮਦਾਸ, ਜਿਹੜਾ ਸਾਰੀ ਲੋਕਾਈ ਦੀ ਪੂੰਜੀ ਹੈ,
ਅਤੇ ਸਿਦਕ ਸਫ਼ਾਈ ਦੇ ਰਾਜ ਦਾ ਰਖ਼ਵਾਲਾ ਹੈ।

ਹਮ ਅਜ਼ ਸਲਤਨਤ ਹਮ ਅਜ਼ ਫ਼ੁਕਰਸ਼ ਨਿਸ਼ਾਂ
ਗਿਰਾਂ ਮਾਯਾ ਤਰ ਅਫ਼ਸਰਿ ਅਫ਼ਸਰਾਂ ॥੭੦॥

ਉਸ ਵਿਚ ਰਾਜ ਅਤੇ ਜੋਗ ਦੋਨਾਂ ਦੇ ਚਿੰਨ੍ਹ ਹਨ,
ਉਹ ਤਾਜ ਵਾਲਿਆਂ (ਬਾਦਸ਼ਾਹਾਂ) ਦਾ ਭੀ ਤਾਜਦਾਰ (ਬਾਦਸ਼ਾਹ) ਹੈ।

**ਜ਼ਿ ਤੌਸਫ਼ਿ ਊ ਸਲਸ ਕਾਸਿਰ ਜ਼ਬਾਂ**
**ਅਜ਼ੋ ਰੁਬਅ ਹਮ ਸੁੱਦਸ ਗੌਹਰ ਫ਼ਿਸ਼ਾਂ ॥੭੧॥**

ਉਸ ਦੀ ਉਸਤਤ ਕਰਨ ਤੋਂ ਤਿੰਨਾਂ ਲੋਕਾਂ ਦੀ ਜੀਭਾ ਅਸਮਰਥ ਹੈ,
ਉਸ ਦੇ ਬਚਨਾਂ ਤੋਂ ਚੌਹਾਂ ਵੇਦਾਂ ਅਤੇ ਛੇ ਸ਼ਾਸਤਰਾਂ ਦੇ ਮੋਤੀ ਕਿਰਦੇ ਨੇ।

**ਚਿ ਹੱਕ ਬਰਗੁਜ਼ੀਦਸ਼ ਜ਼ਿ ਖ਼ਾਸਾਨ ਖ਼ੇਸ਼**
**ਸਰ ਅਫ਼ਰਾਖ਼ਤਸ਼ ਹਮ ਜ਼ਿ ਪਾਕਾਨੇ ਖ਼ੇਸ਼ ॥੭੨॥**

ਰੱਬ ਨੇ ਉਸ ਨੂੰ ਆਪਣੇ ਖ਼ਾਸ ਨਿਕਟ-ਵਰਤੀਆਂ ਵਿਚੋਂ ਚੁਣਿਆ ਹੈ,
ਅਤੇ ਉਸ ਨੂੰ ਆਪਣੀਆਂ ਨਿੱਜੀ ਪਵਿੱਤਰ ਰੂਹਾਂ ਤੋਂ ਵੀ ਉੱਚਿਆ ਕੀਤਾ ਹੈ।

**ਹਮਾ ਸਾਜਿਦਸ਼ ਦਾ ਬਸਿਦਕਿ ਜ਼ਮੀਰ**
**ਚਿਹ ਆਅਲਾ ਚਿਹ ਅਦਨਾ ਚਿਹ ਸ਼ਹ ਚਿਹ ਫ਼ਕੀਰ ॥੭੩॥**

ਕੀ ਵੱਡੇ ਅਤੇ ਕੀ ਛੋਟੇ, ਕੀ ਬਾਦਸ਼ਾਹ ਅਤੇ ਕੀ ਫ਼ਕੀਰ,
ਸਾਰੇ ਹੀ ਸੱਚੇ ਦਿਲ ਨਾਲ ਉਸ ਨੂੰ ਮੱਥਾ ਟੇਕਣ ਵਾਲੇ ਹਨ।

## ਪੰਜਵੀਂ ਪਾਤਸ਼ਾਹੀ

ਉਸ ਦੀ ਪੰਜਵੀਂ ਗੱਦੀ ਰੱਬੀ ਨੂਰ ਦੀਆਂ ਚੋਹਾਂ ਮਸ਼ਾਲਾਂ ਦੀ ਲੋ ਨੂੰ ਚਮਕਾਉਣ ਵਾਲੀ ਹੈ। ਆਪਣੀ ਉੱਚਤਾ ਕਰਕੇ ਉਹ (ਪੰਜਵੀਂ ਗੱਦੀ ਦਾ ਮਾਲਕ) ਉੱਚੇ ਅਸਥਾਨ ਅਤੇ ਰੁਤਬੇ ਵਾਲੇ, ਉਚੇਰੀ ਰੱਬੀ ਸ਼ਾਨ ਸ਼ੌਕਤ ਵਾਲੇ, ਸੱਚ ਦੇ ਪਾਲਣਹਾਰੇ ਅਤੇ ਵੱਡੀ ਵਡਿਆਈ ਦਾ ਪ੍ਰਸਾਰ ਕਰਨ ਵਾਲੇ ਪੰਜਾਂ ਪਵਿੱਤ੍ਰ ਸ਼੍ਰੇਣੀਆਂ ਨਾਲੋਂ ਕਿਧਰੇ ਵਡੇਰਾ ਹੈ। ਉਹ ਉਚੇਰੀ ਦਰਗਾਹ ਦਾ ਲਾਡਲਾ ਅਤੇ ਬੇਨਜ਼ੀਰ ਦਰਬਾਰ ਦਾ ਪਿਆਰਾ ਹੈ, ਉਹ ਰੱਬ ਵਿਚ ਹੈ ਰੱਬ ਉਸ ਦੀ ਜ਼ਾਤ ਵਿਚ ਹੈ। ਉਸ ਦੀਆਂ ਸਿਫ਼ਤਾਂ ਦਾ ਵਰਨਣ ਸਾਡੀ ਜੀਭਾ ਦੇ ਬਿਆਨ ਤੋਂ ਬਾਹਰ ਹੈ। ਖ਼ਾਸ ਵਿਅਕਤੀ ਉਸ ਦੇ ਰਾਹ ਦੀ ਧੂੜ ਹਨ ਅਤੇ ਰੱਬੀ ਫ਼ਰਿਸ਼ਤੇ ਉਸ ਦੀ ਪਨਾਹ ਦੀ ਛਤਰ ਛਾਇਆ ਹੇਠ ਹਨ।

ਸੰਸਾਰ ਨੂੰ ਇਕ ਲੜੀ ਵਿਚ ਪਰੋਈ ਰੱਖਣ ਵਾਲੀ ਰੱਬ ਦੀ ਏਕਤਾ ਦਰਸਾਉਣ ਵਾਲੇ ਅਰਜੁਨ ਨਾਮ ਦਾ 'ਅਲਿਫ਼' ਹਰ ਨਿਰਾਸੇ ਤੇ ਧ੍ਰਿਕਾਰੇ ਨੂੰ ਸਹਾਇਤਾ ਦੇਣ ਵਾਲਾ ਹੈ ਅਤੇ ਉਸ ਦੇ ਨਾਮ ਦੀ ਖ਼ੁਸ਼ੀ ਵਧਾਉਣ ਵਾਲੀ 'ਰੇ' ਹਰ ਥੱਕੇ-ਟੁੱਟੇ ਅਤੇ ਨਿਮਾਣੇ ਦੀ ਮਿਤ੍ਰ ਹੈ। ਉਸ ਦੀ ਰੱਬੀ ਸੁਗੰਧੀ ਵਾਲੀ 'ਜੀਮ' ਪੱਕੇ ਸਿਦਕਵਾਨਾਂ ਦੀ ਰੂਹ ਨੂੰ ਤਾਜ਼ਗੀ ਬਖ਼ਸ਼ਣ ਵਾਲੀ ਹੈ, ਅਤੇ ਬਖ਼ਸ਼ਿਸ਼ ਦੀ ਸਾਥੀ 'ਨੂੰਨ' ਸ਼ਰਧਾਵਾਨਾਂ ਨੂੰ ਨਿਵਾਜਣ ਵਾਲਾ ਹੈ ॥੭੪॥

**ਵਾਹਿਗੁਰੂ ਜੀਓ ਸਤ**
**ਵਾਹਿਗੁਰੂ ਜੀਓ ਹਾਜ਼ਰ ਨਾਜ਼ਰ ਹੈ।**

**ਗੁਰੂ ਅਰਜਨ ਜੁਮਲਾ ਜੂਦੋ ਫ਼ਜ਼ਾਲ**
**ਹਕੀਕਤ ਪਜ਼ੋਹਿੰਦਾਇ ਹੱਕ ਜਮਾਲ ॥੭੫॥**

ਗੁਰੂ ਅਰਜਨ ਬਖ਼ਸ਼ਿਸ਼ ਅਤੇ ਵਡਿਆਈ ਦਾ ਰੂਪ ਹੈ,
ਰੱਬੀ ਸ਼ਾਨ ਦੀ ਅਸਲੀਅਤ ਦਾ ਢੂੰਡਣਹਾਰਾ ਹੈ।

ਵਜੂਦਸ਼ ਹਮਾ ਰਹਿਮਤਿ ਈਜ਼ਦੀ
ਸਆਦਤ ਫਜ਼ਾਇੰਦਇ ਸਰਮਦੀ ॥੭੬॥

ਉਸ ਦਾ ਵਜੂਦ ਸਾਰਾ ਰੱਬ ਦੀ ਰਹਿਮਤ ਦਾ ਝਲਕਾਰਾ ਹੈ,
ਅਤੇ ਸਦੀਵੀ ਨੇਕ ਗੁਣਾਂ ਨੂੰ ਵਧਾਉਣ ਵਾਲਾ ਹੈ।

ਮੁਰੀਦਸ਼ ਦੋ ਆਲਮ ਚਿਹ ਬਲ ਸਦ ਹਜ਼ਾਰ
ਹਮਾ ਕਰਮਹਾਇ ਊ ਜ਼ੁਰਾਅ ਖ੍ਵਾਰ ॥੭੭॥

ਦੋ ਜਹਾਨ ਕੀ, ਲੱਖਾਂ ਹੀ ਉਸ ਦੇ ਮੁਰੀਦ ਹਨ,
ਸਾਰੇ ਹੀ ਉਸ ਦੀ ਮਿਹਰ ਦੇ ਅੰਮ੍ਰਿਤ ਰੂਪੀ ਘੁੱਟ ਪੀਣ ਵਾਲੇ ਹਨ।

ਅਜ਼ੋ ਨਜ਼ਮ ਕਾਲਿ ਹੱਕ ਅੰਦੇਸ਼ਾ ਰਾ
ਬਦੋ ਨਸਕ ਇਲਇ ਯਕੀਂ-ਪੇਸ਼ਾ ਰਾ ॥੭੮॥

ਰੱਬੀ ਵਿਚਾਰ ਵਾਲੀ ਬਾਣੀ ਉਸੇ ਤੋਂ ਉਤਰਦੀ ਹੈ,
ਸਿਦਕ ਭਰੋਸੇ ਵਾਲੇ ਗਿਆਨ ਭਰਪੂਰ ਲੇਖ ਭੀ ਉਸੇ ਦੇ ਹੀ ਹਨ।

ਜਲਾਇ ਮਕਾਲਿ ਹੱਕ ਆਮਦ ਅਜ਼ੋ
ਫ਼ਰੋਗ਼ਿ ਜਮਾਲਿ ਹੱਕ ਆਮਦ ਅਜ਼ੋ ॥੭੯॥

ਰੱਬੀ ਗਿਆਨ ਗੋਸ਼ਟ ਨੂੰ ਉਸੇ ਤੋਂ ਚਮਕ ਦਮਕ ਪ੍ਰਾਪਤ ਹੈ,
ਰੱਬੀ ਹੁਸਨ ਨੂੰ ਉਸੇ ਤੋਂ ਨਿਖਾਰ ਅਤੇ ਖੇੜਾ ਆਉਂਦਾ ਹੈ।

## ਛੇਵੀਂ ਪਾਤਸ਼ਾਹੀ

ਉਸ ਦੀ ਛੇਵੀਂ ਪਾਤਸ਼ਾਹੀ ਪਵਿੱਤ੍ਰ ਲਿਸ਼ਕਾਂ ਦੇ ਪਰਸਾਰਨ ਵਾਲੀ ਤੇ ਪਵਿੱਤ੍ਰ ਰੌਸ਼ਨੀਆਂ ਦੇ ਰੂਪ ਨੂੰ ਦਰਸਾਉਣ ਵਾਲੀ ਹੈ। ਉਸ ਦੀ ਰਹਿਮਤ ਦੀ ਤੇਜ਼ ਰੌਸ਼ਨੀ ਸੰਸਾਰ ਵਾਸੀਆਂ ਨੂੰ ਚਾਨਣਾ ਦੇਣ ਵਾਲੀ ਅਤੇ ਉਸ ਦੀ ਵਡਿਆਈ ਦਾ ਚਾਨਣ ਅੰਨ੍ਹੇਰੇ ਵਿਚ ਰਹਿਣ ਵਾਲਿਆਂ ਦਾ ਅੰਨ੍ਹੇਰਾ ਦੂਰ ਕਰ ਦੇਣ ਵਾਲਾ ਹੈ। ਉਸ ਦੀ ਤਲਵਾਰ ਦੁਸ਼ਮਨਾਂ ਨੂੰ ਮਾਰ ਗਿਰਾਉਣ ਵਾਲੀ ਹੈ ਅਤੇ ਉਸ ਦਾ ਤੀਰ ਪੱਥਰਾਂ ਨੂੰ ਵੀ ਤੋੜ ਦੇਣ ਵਾਲਾ ਹੈ; ਉਸ ਦੀ ਪਵਿੱਤ੍ਰ ਕਰਾਮਾਤ ਚਿੱਟੇ ਦਿਨ ਵਾਂਗ ਪ੍ਰਗਟ ਅਤੇ ਜ਼ਾਹਰਾ ਹੈ ਤੇ ਉਸ ਦੀ ਉੱਕੀ ਦਰਗਾਹ ਹਰ ਪਵਿੱਤ੍ਰ ਆਸਮਾਨ ਨਾਲੋਂ ਵਧੇਰੇ ਰੌਸ਼ਨ ਹੈ। ਉਹ ਸੰਸਾਰ ਨੂੰ ਸਜਾਉਣ ਵਾਲੀਆਂ ਪੰਜਾਂ ਹੀ ਮਸ਼ਾਲਾਂ ਦੀ ਸੂਹਜ ਅਤੇ ਗਿਆਨ ਸਿੱਖਿਆ ਦੇ ਬਚਨ-ਬਿਲਾਸ ਵਾਲੀ ਹਰ ਸਭਾ ਦੀ ਰੌਣਕ ਹੈ। ਉਸ ਦੇ ਨਾਮ ਦੀ ਪਹਿਲੀ 'ਹੇ' ਹਰਿ ਦੇ ਨਾਮ ਦੀ ਸਿੱਖਿਆ ਦਾਤਾ ਹੈ ਅਤੇ ਦੋਹਾਂ ਜਹਾਨਾਂ ਲਈ ਰਾਹ-ਵਿਖਾਊ ਹੈ, ਅਤੇ ਉਸ ਦੇ ਨਾਮ ਦੀ ਰਹਿਮਤਾਂ ਲਿਆਉਣ ਵਾਲੀ 'ਰੇ' ਹਰ ਅੱਖ ਦਾ ਤਾਰਾ ਹੈ। ਉਸ ਦੇ ਨਾਮ ਦਾ ਫ਼ਾਰਸੀ 'ਕਾਫ਼' (ਗਾਫ਼) ਰੱਬੀ ਭਾ ਵਾਲਾ ਮੋਤੀ ਹੈ, ਅਤੇ ਪਹਿਲੀ 'ਵਾਓ' ਜਾਨ ਨੂੰ ਤਾਜ਼ਗੀ ਦੇਣ ਵਾਲਾ ਗੁਲਾਬ ਹੈ, ਉਸ ਦੇ ਨਾਮ ਦੀ ਸਦੀਵੀ ਜਾਨ ਬਖ਼ਸ਼ਣ ਵਾਲੀ 'ਬੇ' ਅਮਰ-ਸੱਚ ਦਾ ਚਾਨਣ ਹੈ; ਅਤੇ ਨੇਕ ਵਿਸ਼ੇ ਭਰਪੂਰ 'ਨੂੰਨ' ਅਮਰ ਬਾਣੀ ਦੀ ਨਿਆਮਤ ਹੈ; ਉਸ ਦੇ ਨਾਮ ਦੀ ਅੰਤਮ 'ਦਾਲ' ਲੁਕੇ ਛੁਪੇ ਅਤੇ ਜ਼ਾਹਰਾ ਭੇਤਾਂ ਨੂੰ ਜਾਣਨਹਾਰੀ ਹੈ ਅਤੇ ਉਸ ਦੇ ਦਿਲ ਨੂੰ ਗ਼ੈਬ ਅਤੇ ਪ੍ਰਗਟ ਸਭ ਭੇਤ ਪ੍ਰਤੱਖ ਮਾਲੂਮ ਹਨ ॥੮੦॥

ਵਾਹਿਗੁਰੂ ਜੀਓ ਸਤ
ਵਾਹਿਗੁਰੂ ਜੀਓ ਹਾਜ਼ਰ ਨਾਜ਼ਰ ਹੈ

ਗੁਰੂ ਹਰਿ ਗੋਬਿੰਦ ਆਂ ਸਰਾਪਾ ਕਰਮ
ਕਿ ਮਕਬੂਲ ਸ਼ੁਦ ਜ਼ੂ ਸ਼ਕੀ ਓ ਦਜ਼ਮ ॥੮੧॥

ਗੁਰੂ ਹਰਿਗੋਬਿੰਦ, ਬਖ਼ਸ਼ਿਸ਼ ਦਾ ਰੂਪ ਸੀ,
ਜਿਸ ਸਦਕਾ ਮੰਦ ਭਾਗੀ ਅਤੇ ਮੁਰਝਾਏ ਹੋਏ ਲੋਕ ਵੀ (ਦਰਗਾਹੇ) ਪਰਵਾਨ ਹੋ ਗਏ।

ਫ਼ਜ਼ਾਲੋ ਕਰਾਮਸ਼ ਫ਼ਜ਼ੂੰ ਅਜ਼ ਹਿਸਾ
ਸ਼ਿਕੋਹਿਸ਼ ਹਮਾ ਫ਼ਰ੍ਹਾਇ ਕਿਬਰੀਆ ॥੮੨॥

ਉਸ ਦੀ ਬਖ਼ਸ਼ਿਸ਼ ਅਤੇ ਮਿਹਰ ਪੱਥਰ ਗੀਟਿਆਂ ਨਾਲੋਂ ਵੀ ਵਧੇਰੀ (ਬੇਹਿਸਾਬ) ਹੈ,
ਉਸ ਦੀ ਸ਼ਾਨ ਸ਼ੌਕਤ ਰੱਬ ਦੀ ਸ਼ਾਨ ਸ਼ੌਕਤ ਹੈ।

ਵਜੂਦਸ਼ ਸਰਾਪਾ ਕਰਮਹਾਇ ਹੱਕ
ਜ਼ਿ ਖ਼੍ਾਸਾਂ ਰਬਾਇੰਦਾ ਗੂਇ ਸਬਕ ॥੮੩॥

ਉਸ ਦਾ ਵਜੂਦ ਰੱਬ ਦੀਆਂ ਰਹਿਮਤਾਂ ਦਾ ਰੂਪ ਹੈ,
ਉਹ ਰੱਬ ਦੇ ਦੂਜੇ ਵਿਸ਼ੇਸ਼ ਨਿਕਟ-ਵਰਤੀਆਂ ਤੋਂ ਬਹੁਤ ਅਗੇਰੇ ਹੈ।

ਹਮ ਅਜ਼ ਫ਼ੁਕਰੋ ਹਮ ਸਲਤਨਤ ਨਾਮਵਰ
ਬ-ਫ਼ਰਮਾਨਿ ਊ ਜੁਮਲਾ ਜ਼ੇਰੋ ਜ਼ਬਰ ॥੮੪॥

ਉਹ ਦਰਵੇਸ਼ੀ ਅਤੇ ਬਾਦਸ਼ਾਹੀ ਦੋਹਾਂ ਕਰਕੇ ਪ੍ਰਸਿੱਧ ਹੈ,
ਸਾਰੇ ਛੋਟੇ ਵੱਡੇ ਉਸ ਦੇ ਹੁਕਮ ਵਿਚ ਹਨ।

ਦੋ ਆਲਮ ਮੁਨੱਵਰ ਜ਼ਿ ਅਨਵਾਰਿ ਊ
ਹਮਾ ਤਿਸ਼ਨਾਇ ਫ਼ੈਜ਼ਿ ਦੀਦਾਰਿ ਊ ॥੮੫॥

ਉਸ ਦੇ ਨੂਰ ਨਾਲ ਦੋਵੇਂ ਜਹਾਨ ਰੋਸ਼ਨ ਹਨ,
ਉਸ ਦੇ ਦਰਸ਼ਨਾਂ ਦੀ ਮਿਹਰ ਦੇ ਸਾਰੇ ਪਿਆਸੇ ਹਨ।

## ਸੱਤਵੀਂ ਪਾਤਸ਼ਾਹੀ

ਉਸ ਦੀ ਸੱਤਵੀਂ ਪਾਤਸ਼ਾਹੀ ਸੱਤ ਵਲਾਇਤਾਂ ਅਤੇ ਨੌ ਅਸਮਾਨਾਂ ਤੋਂ ਵਡੇਰੀ ਹੈ, ਅਤੇ ਸੱਤਾਂ ਪਾਸਿਆਂ ਅਤੇ ਨੌਵਾਂ ਹੱਦਾਂ ਦੇ ਸੈਂਕੜੇ ਹਜ਼ਾਰਾਂ ਧਰਤੀ ਦੇ ਲੋਕ ਲੱਕ ਬੱਧੀ ਉਸ ਦੁਆਰੇ ਤੇ ਖਲੋਤੇ ਰਹਿੰਦੇ ਹਨ ਅਤੇ ਪਾਕ ਫ਼ਰਿਸ਼ਤੇ ਉਸ ਦੇ ਆਗਿਆਕਾਰ ਚਾਕਰ ਹਨ। ਉਹ ਮੌਤ ਦੇ ਫੰਦੇ ਨੂੰ ਤੋੜਨ ਵਾਲਾ ਹੈ, ਅਤੇ ਭਿਆਨਕ ਜਮਰਾਜ ਦੀ ਛਾਤੀ ਉਸ ਦੀ ਵਡਿਆਈ ਸੁਣ ਕੇ ਪਾਟ ਜਾਂਦੀ ਹੈ। ਉਹ ਅਬਿਨਾਸ਼ੀ ਪਾਤਸ਼ਾਹੀ ਦੇ ਤਖ਼ਤ ਉੱਪਰ ਬਰਾਜਮਾਨ ਹੈ, ਅਤੇ ਬਖ਼ਸ਼ਿਸ਼ਾਂ ਕਰਨ ਵਾਲੇ ਧਨੀ (ਨਿਰੰਕਾਰ) ਦੀ ਦਰਗਾਹ ਦਾ ਪਿਆਰਾ ਹੈ। ਵਡਿਆਈਆਂ ਅਤੇ ਨਿਆਮਤਾਂ ਬਖਸ਼ਣ ਵਾਲਾ ਖ਼ੁਦ ਉਸ ਦਾ ਤਾਲਬ ਹੈ, ਅਤੇ ਉਸ ਦੀ ਸ਼ਕਤੀ ਅਤੇ ਕੁਦਰਤ ਉੱਪਰ ਉਸ ਦੀ ਤਾਕਤ ਗ਼ਾਲਬ ਹੈ। ਉਸ ਦੇ ਮੁਬਾਰਕ ਨਾਮ ਦਾ 'ਕਾਫ਼' ਰੱਬ ਦੇ ਨਿਕਟ-ਵਰਤੀਆਂ ਲਈ ਸਖਾਵਤ ਦਾ ਸੂਚਕ ਹੈ ਅਤੇ ਉਸ ਦੀ ਸੱਚ ਵੱਲ ਝੁਕਣ ਵਾਲੀ 'ਰੇ' ਫ਼ਰਿਸ਼ਤਿਆਂ ਲਈ ਅਮਰ ਰਸ ਹੈ। ਉਸ ਦੀ 'ਅਲਿਫ਼' ਸਮੇਤ 'ਤੇ' ਦੇ ਆਸਮਾਨ ਦੇ ਰੁਸਤਮ ਅਤੇ ਬਹਮਨ ਵਰਗੇ ਪਹਿਲਵਾਨਾਂ ਦਾ ਪੰਜਾ ਮਰੋੜ ਦਿੰਦੀ

ਹੈ; ਅਤੇ ਉਸ ਦੀ 'ਹੇ' ਸਮੇਤ ਉਸ ਦੀ 'ਰੇ' ਦੇ ਆਸਮਾਨ ਦੇ ਦਬ-ਦਬੇ ਵਾਲੇ ਸ਼ਸਤ੍ਰਧਾਰੀਆਂ ਨੂੰ ਹਰਾ ਦੇਣ ਵਾਲੀ ਹੈ। ਉਸ ਦੀ 'ਰੇ' ਸਮੇਤ ਅਲਿਫ਼ ਦੇ ਚੋਣਵੇਂ ਬੱਬਰ ਸ਼ੇਰ ਨੂੰ ਪਾਲਤੂ ਬਣਾ ਦਿੰਦੀ ਹੈ, ਅਤੇ ਉਸ ਦੀ ਆਤਮ 'ਯ' ਹਰ ਆਮ ਖ਼ਾਸ ਦੀ ਸਹਾਈ ਹੈ ॥੮੬॥

ਵਾਹਿਗੁਰੂ ਜੀਓ ਸਤ
ਵਾਹਿਗੁਰੂ ਜੀਓ ਹਾਜ਼ਰ ਨਾਜ਼ਰ ਹੈ

ਹਕ ਪਰਵਰ ਹਕ ਕੇਸ਼ ਗੁਰੂ ਕਰਤਾ ਹਰਿ ਰਾਇ
ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿ ਰਾਇ ॥੮੭॥

ਗੁਰੂ ਕਰਤਾ ਹਰਿ ਰਾਇ ਸੱਚ ਦੇ ਪਾਲਣਹਾਰਾ ਵੀ ਹੈ ਅਤੇ ਸੱਚ ਦੀ ਧਾਰਨੀ ਵੀ ਹੈ,
ਗੁਰੂ ਕਰਤਾ ਹਰਿ ਰਾਇ ਸੁਲਤਾਨ ਵੀ ਹੈ ਅਤੇ ਦਰਵੇਸ਼ ਵੀ ਹੈ।

ਫ਼ਯਾਜ਼ੁਲ ਦਾਰੈਨ ਗੁਰੂ ਕਰਤਾ ਹਰਿ ਰਾਇ
ਸਰਵਰਿ ਕੌਨਨ ਗੁਰੂ ਕਰਤਾ ਹਰਿ ਰਾਇ ॥੮੮॥

ਗੁਰੂ ਕਰਤਾ ਹਰਿ ਰਾਇ ਦੋਹਾਂ ਜਹਾਨਾਂ ਦਾ ਬਖ਼ਸ਼ਿਸ਼ ਕਰਨ ਵਾਲਾ ਹੈ,
ਗੁਰੂ ਕਰਤਾ ਹਰਿ ਰਾਇ ਲੋਕ ਪਰਲੋਕ ਦੋਹਾਂ ਜਹਾਨਾਂ ਦਾ ਸਰਦਾਰ ਹੈ।

ਹਕ ਵਾਸਫ਼ਿ ਅਕਰਾਮ ਗੁਰੂ ਕਰਤਾ ਹਰਿ ਰਾਇ
ਖ਼ਾਸਾਂ ਹਮਾ ਬਰ ਕਾਮ ਗੁਰੂ ਕਰਤਾ ਹਰਿ ਰਾਇ ॥੮੯॥

ਰੱਬ ਗੁਰੂ ਕਰਤਾ ਹਰਿ ਰਾਇ ਦੀਆਂ ਬਖ਼ਸ਼ਿਸ਼ਾਂ ਦੀ ਸਿਫ਼ਤ ਕਰਨ ਵਾਲਾ ਹੈ,
ਸਾਰੇ ਖ਼ਾਸ ਲੋਕ ਗੁਰੂ ਕਰਤਾ ਹਰਿ ਰਾਇ ਕਰਕੇ ਸਫ਼ਲ ਹੁੰਦੇ ਹਨ।

ਸ਼ਹਨਸ਼ਾਹਿ ਹੱਕ ਨਸਕ ਗੁਰੂ ਕਰਤਾ ਹਰਿ ਰਾਇ
ਫ਼ਰਮਾ-ਦਿਹੇ ਨਹੁ ਤਬਕ ਗੁਰੂ ਕਰਤਾ ਹਰਿ ਰਾਇ ॥੯੦॥

ਗੁਰੂ ਕਰਤਾ ਹਰਿ ਰਾਇ ਦੀ ਬਾਣੀ ਸੱਚ ਦੀ ਪਾਤਸ਼ਾਹ ਹੈ,
ਗੁਰੂ ਕਰਤਾ ਹਰਿ ਰਾਇ ਨੌਂ ਤਬਕਾਂ (ਆਸਮਾਨਾਂ) ਨੂੰ ਹੁਕਮ ਦੇਣ ਵਾਲਾ ਹੈ।

ਗਰਦਨ-ਜ਼ਨਿ ਸਰਕਸ਼ਾਂ ਗੁਰੂ ਕਰਤਾ ਹਰਿ ਰਾਇ
ਯਾਰਿ ਮੁਤਜ਼ਰੱਆਂ ਗੁਰੂ ਕਰਤਾ ਹਰਿ ਰਾਇ ॥੯੧॥

ਗੁਰੂ ਕਰਤਾ ਹਰਿ ਰਾਇ ਬਾਗ਼ੀਆਂ ਤੇ ਸਿਰਫਿਰਿਆਂ ਦਾ ਸਿਰ ਕਲਮ ਕਰਨ ਵਾਲਾ ਹੈ,
ਗੁਰੂ ਕਰਤਾ ਹਰਿ ਰਾਇ ਕਮਜ਼ੋਰਾਂ ਅਤੇ ਨਿਆਸਰਿਆਂ ਦਾ ਯਾਰ ਅਤੇ ਆਸਰਾ ਹੈ।

## ਅਠਵੀਂ ਪਾਤਸ਼ਾਹੀ

ਉਸ ਦੀ ਅਠਵੀਂ ਪਾਤਸ਼ਾਹੀ ਉਸ ਦੇ ਪਰਵਾਨ ਅਤੇ ਪਾਕ ਪਵਿੱਤਰ ਪ੍ਰੇਮੀਆਂ ਦਾ ਤਾਜ ਅਤੇ ਉਸ ਨਾਲ ਮਿਲ ਚੁੱਕੇ ਪਿਆਰਿਆਂ ਦੀ ਸਰਕਾਰ ਹੈ। ਉਸ ਦੀ ਪਵਿੱਤਰ ਕਰਾਮਾਤ ਜਗਤ ਪ੍ਰਸਿੱਧ ਹੈ ਅਤੇ ਉਸ ਦੇ ਪਵਿੱਤਰ ਵਜੂਦ ਦਾ ਨੂਰ ਸੱਚ ਨੂੰ ਰੌਸ਼ਨ ਕਰਦਾ ਹੈ। ਖ਼ਾਸ ਅਤੇ ਨਿਕਟਵਰਤੀ ਉਸ ਤੋਂ ਕੁਰਬਾਨ ਜਾਂਦੇ ਹਨ, ਅਤੇ ਪਾਕ ਪਵਿੱਤ੍ਰ ਉਸ ਦੇ ਦੁਆਰੇ ਤੇ ਸੀਸ ਨਿਵਾਉਂਦੇ ਹਨ। ਉਸ ਦੇ ਅਨੇਕਾਂ ਪਰਮਾਣਿਕ ਤੇ ਪੱਕੇ ਗੁਣਾਂ ਦੀ ਸਿਫ਼ਤ ਕਰਨ ਵਾਲੇ ਤਿੰਨਾਂ ਲੋਕਾਂ ਅਤੇ ਛੇ ਤਰਫ਼ਾਂ ਦੇ ਚੋਣਵੇਂ ਬੰਦੇ ਹਨ ਅਤੇ ਉਸ ਦੀਆਂ ਵਡਿਆਈਆਂ ਦੇ ਲੰਗਰ ਤੋਂ ਬਚੇ ਖੁਚੇ ਟੁਕੜੇ ਚੁਣਨ ਵਾਲੇ ਕਿਸੇ ਗਿਣਤੀ ਜਾਂ ਸ਼ੁਮਾਰ ਵਿਚ ਨਹੀਂ ਆਉਂਦੇ। ਉਸ ਦੇ ਨੇਕ ਅੰਤ ਵਾਲੀ ਤੇ ਸੱਚ ਦੇ ਥੇਵੇ ਨਾਲ ਜੁੜੀ

ਹੋਈ 'ਹੇ' ਦੁਨੀਆਂ ਦੇ ਕਾਬਜ਼ ਦੇਉ ਨੂੰ ਹਰਾ ਕੇ ਡੇਗ ਦੇਣ ਵਾਲੀ ਹੈ ਤੇ ਸਚਾਈ ਦਰਸਾਉਣ ਵਾਲੀ 'ਰੇ' ਸਦੀਵੀ ਤਖ਼ਤ ਉੱਪਰ ਪ੍ਰਧਾਨਗੀ ਪਦ ਤੇ ਬਰਾਜਮਾਨ ਹੋਣ ਵਾਲੀ ਹੈ। ਉਸ ਦੇ ਨਾਮ ਦਾ ਅਰਬੀ ਕਾਫ਼ ਸਖਾਵਤ ਤੇ ਮਿਹਰ ਦੇ ਦਰਵਾਜ਼ੇ ਖੋਲ੍ਹਣ ਵਾਲਾ ਹੈ ਅਤੇ ਸ਼ਾਨ ਸ਼ੌਕਤ ਨਾਲ ਭਰੀ 'ਸ਼ੀਨ' ਸ਼ੇਰਾਂ ਵਰਗੇ ਦੇਵਾਂ ਨੂੰ ਮਾਰ ਗਿਰਾਉਣ ਵਾਲੀ ਹੈ। ਅੰਤਮ 'ਨੂੰਨ' ਹਰ ਦਿਲ ਅਤੇ ਜਾਨ ਦੀ ਤਾਜ਼ਗੀ ਅਤੇ ਸੁਗੰਧੀ ਵਧਾਉਣ ਵਾਲਾ ਅਤੇ ਰੱਬ ਦੀਆਂ ਨਿਆਮਤਾਂ ਦਾ ਨਿਕਟ-ਵਰਤੀ ਮਿਤ੍ਰ ਹੈ ॥੯੨॥

ਵਾਹਿਗੁਰੂ ਜੀਓ ਸਤ

ਵਾਹਿਗੁਰੂ ਜੀਓ ਹਾਜ਼ਰ ਨਾਜ਼ਰ ਹੈ

**ਗੁਰੂ ਹਰਿ ਕਿਸ਼ਨ ਆਂ ਹਮਾ ਫਜ਼ਲੋ ਜੂਦ**
**ਹੱਕਸ਼ ਅਜ਼ ਹਮਾ ਖ਼ਾਸਗਾਂ ਬ-ਸਤੂਦ ॥੯੩॥**

ਗੁਰੂ ਹਰਿ ਕ੍ਰਿਸ਼ਨ ਮਿਹਰ ਅਤੇ ਬਖ਼ਸ਼ਿਸ਼ ਦਾ ਰੂਪ ਹੈ,
ਰੱਬ ਦਾ ਆਪਣੇ ਸਾਰੇ ਖ਼ਾਸ ਨਿਕਟ ਵਰਤੀਆਂ ਵਿਚੋਂ ਸਭ ਤੋਂ ਵੱਧ ਸਲਾਹਿਆ ਹੋਇਆ ਹੈ।

**ਮਿਆਨਿ ਹੱਕੋ ਊ ਫ਼ਸਾਲੁ-ਲ ਵਰਕ**
**ਵਜੂਦਸ਼ ਹਮਾ ਫ਼ਜ਼ਲੋ ਅਫਜ਼ਾਲਿ ਹੱਕ ॥੯੪॥**

ਰੱਬ ਦੇ ਅਤੇ ਉਸ ਦੇ ਵਿਚਕਾਰ ਕੇਵਲ ਇਕ ਪੱਤੇ ਦਾ ਹੀ ਪਰਦਾ ਹੈ,
ਉਸ ਦੀ ਹੋਂਦ ਸਾਰੀ ਦੀ ਸਾਰੀ ਰੱਬ ਦੀਆਂ ਮਿਹਰਾਂ ਬਖ਼ਸ਼ਸ਼ਾਂ ਹਨ।

**ਹਮਾ ਸਾਇਲੇ ਲੁਤਫ਼ਿ ਹੱਕ ਪਰਵਰਸ਼**
**ਜ਼ਮੀਨੋ ਜਮਾਂ ਜੁਮਲਾ ਫ਼ਰਮਾਂ ਬਰਸ਼ ॥੯੫॥**

ਸਾਰੇ ਹੀ ਉਸ ਦੀਆਂ ਪਾਲਣਹਾਰ ਰੱਬੀ ਮਿਹਰਾਂ ਦੇ ਸਵਾਲੀ ਹਨ,
ਧਰਤੀ ਅਤੇ ਜ਼ਮਾਨਾ ਸਭ ਉਸ ਦੇ ਹੁਕਮਾਂ ਨੂੰ ਪਾਲਣ ਵਾਲੇ ਹਨ।

**ਤੁਫ਼ੈਲਸ਼ ਦੋ ਆਲਮ ਖ਼ੁਦ ਕਾਮਯਾਬ**
**ਅਜ਼ੋ ਗਸ਼ਤਾ ਹਰ ਜ਼ੱਰਾ ਖੁਰਸ਼ੀਦ ਤਾਬ ॥੯੬॥**

ਉਸੇ ਦੀ ਮਿਹਰ ਕਰ ਕੇ ਦੋਵੇਂ ਜਹਾਨ ਸਫ਼ਲ ਹੁੰਦੇ ਹਨ,
ਉਸ ਦੀ ਮਿਹਰ ਕਰਕੇ ਹਰ ਕਿਣਕੇ ਵਿਚ ਸੂਰਜ ਦੀ ਚਮਕ ਆ ਜਾਂਦੀ ਹੈ।

**ਹਮਾ ਖ਼ਾਸਗਾਂ ਰਾ ਕਫ਼ਿ ਇਸਮਤਸ਼**
**ਸਰਾ ਤਾ ਸਮਾ ਜੁਮਲਾ ਫ਼ਰਮਾਂ-ਬਰਸ਼ ॥੯੭॥**

ਸਾਰਿਆਂ ਖ਼ਾਸ ਪਿਆਰਿਆਂ ਲਈ ਉਸ ਦੀ ਰੱਖਿਆ ਵੱਡੀ ਨਿਆਮਤ ਹੈ,
ਪਾਤਾਲ ਤੋਂ ਲੈ ਕੇ ਆਸਮਾਨ ਤੱਕ ਸਾਰੇ ਹੀ ਉਸ ਦੇ ਆਗਿਆਕਾਰ ਹਨ।

## ਨੌਵੀਂ ਪਾਤਸ਼ਾਹੀ

ਉਸ ਦੀ ਨੌਵੀਂ ਪਾਤਸ਼ਾਹੀ ਨਵੇਂ ਨਿਧਾਨ ਵਾਲੀ ਅਤੇ ਸੱਚ ਦੇ ਪਾਲਣਹਾਰ ਸਰਦਾਰਾਂ ਦੀ ਸਰਦਾਰ ਹੈ ਅਤੇ ਲੋਕ ਪਰਲੋਕ ਦੀ ਸੁਲਤਾਨ ਅਤੇ ਮਾਨ ਸਤਿਕਾਰ ਅਤੇ ਗੌਰਵ ਦੇ ਤਖ਼ਤ ਦਾ ਸ਼ਿੰਗਾਰ ਹੈ। ਬਾਵਜੂਦ ਰੱਬੀ ਸ਼ਕਤੀ ਦੇ ਮਾਲਕ ਹੋਣ ਦੇ, ਉਹ ਰੱਬ ਦੀ ਆਗਿਆ ਅਤੇ ਮਰਜ਼ੀ ਅੱਗੇ ਸੀਸ ਝੁਕਾਉਣ ਵਾਲੀ ਅਤੇ ਰੱਬੀ ਜਲਾਲ ਅਤੇ ਵਡਿਆਈ ਦਾ ਗੁਪਤ ਸਾਜ਼ ਹੈ, ਪਵਿਤ੍ਰਤਾ

ਵਾਲੇ ਹੁਕਮ ਦੇ ਬੰਦਿਆਂ ਦੀ ਅਜ਼ਮਾਇਸ਼ ਕਰਨ ਵਾਲੀ ਅਤੇ ਨਿਰਪੱਖ ਵਿਧੀ-ਬੱਧ ਸ਼ਰਧਾਲੂਆਂ ਨੂੰ ਸੁਰਜੀਤ ਕਰਨ ਵਾਲੀ ਹੈ, ਵੱਡੇ ਰੱਬੀ ਮਾਰਗ ਦੇ ਪਾਂਧੀ ਅਤੇ ਅਗਲੇ ਲੋਕ ਦੇ ਵਾਸੀ ਉਸ ਦੀ ਜ਼ਾਤ ਨਾਲ ਕਾਇਮ ਹਨ, ਜਿਹੜੀ ਕਿ ਸੱਚ ਤੇ ਨਿਰਭਰ ਹੈ ਅਤੇ ਉਸ ਉੱਚੀ ਸ਼ਕਤੀ ਦੀ ਸਾਥੀ ਹੈ। ਉਹ ਵਿਸ਼ੇਸ਼ ਕਰਕੇ ਚੁਣੇ ਹੋਏ ਪ੍ਰੇਮੀਆਂ ਦਾ ਮੁਕਟ ਅਤੇ ਸੱਚ ਦੀਆਂ ਖ਼ੂਬੀਆਂ ਰੱਖਣ ਵਾਲੇ ਰੱਬ ਦੇ ਭਗਤਾਂ ਦਾ ਤਾਜ ਹੈ। ਉਸ ਦੇ ਨਾਮ ਦੀ ਬਰਕਤਾਂ ਨਾਲ ਸੰਬੰਧਤ 'ਤੇ' ਹੁਕਮ ਅਤੇ ਰਜ਼ਾ ਵਿਚ ਰਹਿਣ ਦੀ ਜ਼ੀਨਤ ਹੈ। ਉਸ ਦੀ ਫ਼ਾਰਸੀ ਦੀ 'ਯੇ' ਵੱਡੇ ਪੂਰਨ ਵਿਸ਼ਵਾਸ ਦੀ ਸੂਚਕ ਹੈ ਅਤੇ ਉਸ ਦੀ ਮੁਬਾਰਕ ਫ਼ਾਰਸੀ 'ਕਾਫ' (ਗ) ਉਸ ਦੀ ਮਿਹਰ ਭਰੀ ਜ਼ਾਤ ਨੂੰ ਸਿਰ ਤੋਂ ਪੈਰਾਂ ਤਕ ਹਲੀਮੀ ਦਾ ਰੂਪ ਦਰਸਾਉਂਦਾ ਹੈ। ਉਸ ਦੇ ਨਾਮ ਦੀ 'ਬੇ' ਸਮੇਤ 'ਹੇ' ਦੇ ਵਿੱਦਿਆ ਅਤੇ ਸਿੱਖਿਆ ਦੀ ਮਹਿਫ਼ਲ ਦਾ ਸ਼ਿੰਗਾਰ ਹੈ। ਸੱਚ ਦਾ ਸੰਪਾਦਤ ਕੀਤਾ 'ਅਲਿਫ' ਸਿਦਕ ਅਤੇ ਸੱਚ ਦੀ ਸਜਾਵਟ ਹੈ ਅਤੇ ਉਸ ਦੇ ਅਨੰਤ-ਰੂਪ ਦੀ 'ਦਾਲ' ਦੋਹਾਂ ਜਹਾਨਾਂ ਦੀ ਨਿਆਇਕਾਰ ਹਾਕਮ ਹੈ। ਅੰਤਮ 'ਰੇ' ਰੱਬੀ ਮਾਰਗ ਦੇ ਭੇਤਾਂ ਨੂੰ ਸਮਝਣ ਵਾਲੀ ਅਤੇ ਉਚੇਰੀ ਸਚਾਈ ਦੀ ਸਹੀ ਨੀਂਹ ਹੈ ॥੯੮॥

**ਵਾਹਿਗੁਰੂ ਜੀਓ ਸਤ**
**ਵਾਹਿਗੁਰੂ ਜੀਓ ਹਾਜ਼ਰ ਨਾਜ਼ਰ ਹੈ**

**ਗੁਰੂ ਤੇਗ਼ ਬਹਾਦਰ ਆਂ ਸਰਾਪਾ ਅਫ਼ਜ਼ਾਲ**
**ਜ਼ੀਨਤ-ਆਰਾਇ ਮਹਿਫ਼ਲਿ ਜਾਹੋ ਜਲਾਲ ॥੯੯॥**

ਗੁਰੂ ਤੇਗ ਬਹਾਦਰ ਸਿਰ ਤੋਂ ਪੈਰਾਂ ਤਕ ਉਚਾਈਆਂ ਅਤੇ ਵਡਿਆਈਆਂ ਦਾ ਭੰਡਾਰ ਹੈ,
ਅਤੇ ਰੱਬ ਦੀ ਸ਼ਾਨੋ ਸ਼ੌਕਤ ਦੀ ਮਹਿਫ਼ਲ ਦੀ ਰੌਣਕ ਵਧਾਉਣ ਵਾਲਾ ਹੈ।

**ਅਨਵਾਰਿ ਹੱਕ ਅਜ਼ ਵਜੂਦਿ ਪਾਕਿਸ਼ ਰੌਸ਼ਨ**
**ਹਰ ਦੋ ਆਲਮ ਜ਼ਿ ਫ਼ੈਜ਼ਿ ਫ਼ਜ਼ਲਸ਼ ਰੌਸ਼ਨ ॥੧੦੦॥**

ਸੱਚ ਦੀਆਂ ਕਿਰਨਾਂ ਉਸ ਦੇ ਪਵਿੱਤਰ ਵਜੂਦ ਸਦਕਾ ਰੌਸ਼ਨ ਹਨ,
ਦੋਵੇਂ ਜਹਾਨ ਉਸ ਦੀ ਮਿਹਰ ਬਖ਼ਸ਼ਸ਼ ਨਾਲ ਰੌਸ਼ਨ ਹਨ।

**ਹੱਕ ਅਜ਼ ਹਮਾ ਬਰ-ਗੁਜ਼ੀਦਗਾਂ ਬਰਗੁਜ਼ੀਦਸ਼**
**ਤਸਲੀਮੇ ਰਿਜ਼ਾ ਰਾ ਨਿਕੋ ਸੰਜੀਦਸ਼ ॥੧੦੧॥**

ਰੱਬ ਨੇ ਸਾਰੇ ਚੋਣਵੇਂ ਪਤਵੰਤਿਆਂ ਵਿਚੋਂ ਉਸ ਨੂੰ ਚੁਣਿਆ,
ਉਸ ਨੇ ਉਸ ਦਾ ਭਾਣਾ ਮੰਨਣ ਨੂੰ ਸਭ ਤੋਂ ਚੰਗਾ ਅਨੁਭਵ ਕੀਤਾ।

**ਬਰ ਹਰ ਮੁਕਬਲ ਕਬੂਲਿ ਖ਼ੁਦ ਅਰਜ਼ੂਦਸ਼**
**ਮਸਜੂਦੁਲ ਆਲਮੀਂ ਜ਼ਿ ਫ਼ਜ਼ਲਿ ਖ਼ੁਦ ਫ਼ਰਮੂਦਸ਼ ॥੧੦੨॥**

ਉਸ ਦਾ ਰੁਤਬਾ ਸਾਰਿਆਂ ਪਰਵਾਨ ਵੱਡਿਆਂ ਵਿਚ ਅਪਾਰ ਵੱਡਾ ਕੀਤਾ,
ਅਤੇ ਉਸ ਨੂੰ ਆਪਣੀ ਕਿਰਪਾ ਨਾਲ ਦੋਹਾਂ ਜਹਾਨਾਂ ਦਾ ਪੂਜਨੀਕ ਬਣਾਇਆ।

**ਦਸਤਿ ਹਮਾ-ਗਾਂ ਬਜ਼ੈਲਿ ਅਫ਼ਜ਼ਾਲਿ ਊ**
**ਬਰ ਸਰਿ ਅਨਵਾਰਿ ਇਲਮਿ ਹੱਕ ਕਾਲਿ ਊ ॥੧੦੩॥**

ਸਭਨਾਂ ਦਾ ਹੱਥ ਉਸ ਦੀਆਂ ਬਖ਼ਸ਼ਿਸ਼ਾਂ ਦੇ ਪੱਲੇ ਤੇ ਹੈ,
ਉਸ ਦਾ ਸੱਚਾ ਬੋਲ ਗਿਆਨ ਦੇ ਨੂਰ ਤੋਂ ਉਚੇਰਾ ਹੈ।

## ਦਸਵੀਂ ਪਾਤਸ਼ਾਹੀ

ਉਸ ਦੀ ਦਸਵੀਂ ਪਾਤਸ਼ਾਹੀ ਜ਼ਮਾਨੇ ਤੇ ਗ਼ਲਬਾ ਪਾਉਣ ਵਾਲੇ ਦੇਵਾਂ ਦੀ ਵੀਣੀ ਮਰੋੜਨ ਵਾਲੀ ਅਤੇ ਅਬਿਨਾਸ਼ੀ ਤਖ਼ਤ ਤੇ ਬਰਾਜ਼ਮਾਨ ਹੋ ਕੇ ਉਸ ਨੂੰ ਜ਼ੀਨਤ ਬਖ਼ਸ਼ਣ ਵਾਲੀ ਹੈ। ਇਹ ਸੱਚ ਨੂੰ ਰੋਸ਼ਨ ਕਰਨ ਵਾਲੀਆਂ ਨੌ-ਮਸ਼ਾਲਾਂ ਦਾ ਨਜ਼ਾਰਾ ਦਰਸਾਉਣ ਵਾਲੀ ਅਤੇ ਝੂਠ ਅਤੇ ਅਸਤਿ ਦੀ ਰਾਤ ਦੇ ਅਨ੍ਹੇਰੇ ਨੂੰ ਨਾਸ਼ ਕਰਨ ਵਾਲੀ ਹੈ। ਇਸ ਦਾ ਮਾਲਕ ਪਹਿਲਾ ਅਤੇ ਅੰਤਮ ਬਾਦਸ਼ਾਹ ਹੈ ਅਤੇ ਅੰਦਰ ਬਾਹਰ ਨੂੰ ਵੇਖਣ ਦੀ ਦਿੱਬ ਦ੍ਰਿਸ਼ਟੀ ਰੱਖਦਾ ਹੈ। ਇਹ ਪਵਿੱਤਰ ਕਰਾਮਾਤ ਦੇ ਸਾਜ਼ ਨੂੰ ਨਸਰ ਕਰਨ ਵਾਲਾ ਅਤੇ ਬੇਪਰਵਾਹ (ਵਾਹਿਗੁਰੂ) ਦੀ ਸੇਵਾ ਅਤੇ ਬੰਦਗੀ ਨੂੰ ਰੋਸ਼ਨ ਕਰਨ ਵਾਲਾ ਹੈ। ਉਸ ਦੀਆਂ ਵਿਜੱਈ ਫ਼ੌਜਾਂ ਦੇ ਸ਼ੇਰ ਹਰ ਥਾਂ ਛਾ ਜਾਣ ਵਾਲੇ ਹਨ ਅਤੇ ਦੁਨੀਆਂ ਨੂੰ ਮੁਕਤ ਕਰਨ ਵਾਲਾ ਝੰਡਾ ਫ਼ਤਿਹ ਦੀ ਕੋਰ ਨਾਲ ਸਜਿਆ ਹੋਇਆ ਹੈ। ਅੰਤਮ ਸੱਚ ਵਾਲੇ ਨਾਮ ਦਾ ਫ਼ਾਰਸੀ 'ਕਾਫ਼' (ਗਾਫ਼) ਜ਼ਮਾਨੇ ਨੂੰ ਸਰ ਕਰਨ ਵਾਲਾ ਹੈ ਅਤੇ ਪਹਿਲੀ 'ਵਾਓ' ਜ਼ਮੀਨ ਅਤੇ ਜ਼ਮਾਨੇ ਦੀ ਸਥਿਤੀ ਜੋੜਨ ਵਾਲੀ ਹੈ। ਅਮਰ ਜ਼ਿੰਦਗੀ ਵਾਲੀ 'ਬੇ' ਸ਼ਰਨਾਰਥੀਆਂ ਨੂੰ ਬਖ਼ਸ਼ਣ ਵਾਲੀ ਹੈ ਅਤੇ ਉਸ ਦੇ ਨਾਮ ਦੀ ਮੁਬਾਰਕ 'ਨੂੰਨ' ਦੀ ਸੁਗੰਧੀ ਭਗਤਾਂ ਨੂੰ ਨਿਵਾਜਣਹਾਰੀ ਹੈ। ਉਸ ਦੀ ਵਡਿਆਈ ਅਤੇ ਸ਼ਾਨ ਸ਼ੌਕਤ ਦਾ ਰੂਪ 'ਦਾਲ' ਮੌਤ ਦੇ ਜਾਲ ਨੂੰ ਤੋੜ ਦੇਣ ਵਾਲਾ ਹੈ ਅਤੇ ਉਸ ਦੇ ਵੱਡੇ ਦਬਦਬੇ ਵਾਲੀ 'ਸੀਨ' ਜੀਵਨ ਦੀ ਪੂੰਜੀ ਹੈ। ਉਸ ਦੇ ਨਾਮ ਦਾ 'ਨੂੰਨ' ਸਦਾ ਉਸ ਸਰਬ ਸ਼ਕਤੀਮਾਨ ਦਾ ਸੰਗੀ ਸਾਥੀ ਹੈ ਅਤੇ ਦੂਜਾ ਫ਼ਾਰਸੀ ਦਾ ਕਾਫ਼ (ਗਾਫ਼) ਨਾ-ਫ਼ਰਮਾਨੀ ਦੇ ਜੰਗਲ ਵਿਚ ਭਟਕਣ ਵਾਲੇ ਮਨਮੁਖਾਂ ਦੀ ਜਾਨ ਨੂੰ ਗਾਲ ਦੇਣ ਵਾਲਾ ਹੈ ਅਤੇ ਅੰਤਮ 'ਹੇ' ਦੋਹਾਂ ਜਹਾਨਾਂ ਦੀ ਸੱਚੀ ਰਾਹ ਵਿਖਾਊ ਹੈ ਅਤੇ ਉਸ ਦੀ ਸਿੱਖਿਆ ਅਤੇ ਆਗਿਆ ਦਾ ਨਗਾਰਾ ਨੌ ਤਬਕਾਂ ਵਿਚ ਵੱਜਦਾ ਹੈ। ਤਿੰਨਾਂ ਲੋਕਾਂ ਅਤੇ ਛੇ ਦਿਸ਼ਾਂ ਦੇ ਲੱਖਾਂ ਬੰਦੇ ਉਸ ਦੀ ਚਾਕਰੀ ਕਰਨ ਵਾਲੇ ਹਨ ਅਤੇ ਚੌਹਾਂ ਪਾਣੀਆਂ ਅਤੇ ਨੌ ਖੰਡਾਂ ਦੇ ਸੈਂਕੜੇ ਹਜ਼ਾਰਾਂ ਲੋਕ ਦਸਾਂ ਦਿਸ਼ਾਂ ਦੇ ਲੱਖਾਂ ਵਾਸੀ ਉਸ ਦੀ ਦਰਗਾਹ ਦੀ ਉਸਤਤ ਕਰਨ ਵਾਲੇ ਹਨ ਅਤੇ ਲੱਖਾਂ ਈਸ਼ਰ, ਬ੍ਰਹਮਾ, ਅਰਸ਼, ਕੁਰਸ਼, ਉਸ ਦੀ ਸ਼ਰਨ ਵਿਚ ਆਉਣਾ ਲੋਚਦੇ ਹਨ ਅਤੇ ਲੱਖਾਂ ਧਰਤ, ਆਕਾਸ਼ ਉਸ ਦੇ ਗੁਲਾਮ ਹਨ। ਸੈਂਕੜੇ ਹਜ਼ਾਰਾਂ ਚੰਨ ਸੂਰਜ ਉਸ ਦਾ ਸਿਰੋਪਾ ਪਹਿਨਣਹਾਰੇ ਹਨ, ਅਤੇ ਲੱਖਾਂ ਆਸਮਾਨ ਅਤੇ ਤਬਕ ਉਸ ਦੇ ਨਾਮ ਦੇ ਗੋਲੇ ਅਤੇ ਬਿਰਹੋਂ ਕੁੱਠੇ ਹਨ। ਇਸੇ ਤਰ੍ਹਾਂ ਲੱਖਾਂ ਰਾਮ, ਰਾਜੇ, ਕਾਹਨ ਅਤੇ ਕ੍ਰਿਸ਼ਨ ਉਸ ਦੇ ਚਰਨਾਂ ਦੀ ਧੂੜ ਨੂੰ ਮੱਥੇ ਤੇ ਲਾਉਂਦੇ ਹਨ ਅਤੇ ਹਜ਼ਾਰਾਂ ਪਰਵਾਨ ਹੋਏ ਸੇਵਕ ਉਸ ਦੀ ਸਿਫ਼ਤ ਸ਼ਲਾਘਾ ਹਜ਼ਾਰਾਂ ਜੀਭਾਂ ਨਾਲ ਕਰਦੇ ਹਨ। ਲੱਖਾਂ ਈਸ਼ਰ ਬ੍ਰਹਮਾ ਉਸ ਦੇ ਸ਼ਰਧਾਲੂ ਹਨ, ਲੱਖਾਂ ਮੁਬਾਰਕ ਮਾਵਾਂ (ਧਰਤ ਆਕਾਸ਼ ਸਿਰਜਣ ਵਾਲੀਆਂ ਸ਼ਕਤੀਆਂ) ਉਸ ਦੀ ਸੇਵਾ ਵਿਚ ਹਨ ਅਤੇ ਲੱਖਾਂ ਤਾਕਤਾਂ ਉਸ ਦੀ ਆਗਿਆ ਪਾਲਣ ਵਾਲੀਆਂ ਹਨ ॥੧੦੪॥

**ਵਾਹਿਗੁਰੂ ਜੀਓ ਸਤ**

**ਵਾਹਿਗੁਰੂ ਹਾਜ਼ਰ ਨਾਜ਼ਰ ਹੈ**

**ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ**
**ਈਜ਼ਦਿ ਮਨਜ਼ੂਰ ਗੁਰੂ ਗੋਬਿੰਦ ਸਿੰਘ ॥੧੦੫॥**

(ਗਰੀਬਾਂ ਦਾ ਰਾਖਾ) ਗੁਰੂ ਗੋਬਿੰਦ ਸਿੰਘ—ਰੱਬ ਦੀ ਰੱਖਿਆ ਵਿਚ ਗੁਰੂ ਗੋਬਿੰਦ ਸਿੰਘ—ਰੱਬ ਵਲੋਂ ਪਰਵਾਨ ਗੁਰੂ ਗੋਬਿੰਦ ਸਿੰਘ

ਹੱਕ ਰਾ ਗੰਜੂਰ ਗੁਰ ਗੋਬਿੰਦ ਸਿੰਘ
ਜੁਮਲਾ ਫ਼ੈਜ਼ਿ ਨੂਰ ਗੁਰ ਗੋਬਿੰਦ ਸਿੰਘ ॥੧੦੬॥

ਗੁਰੂ ਗੋਬਿੰਦ ਸਿੰਘ ਸੱਚ ਦਾ ਖ਼ਜ਼ਾਨਾ ਹੈ,
ਗੁਰੂ ਗੋਬਿੰਦ ਸਿੰਘ ਸਮੂਹ ਨੂਰ ਦੀ ਮਿਹਰ ਹੈ।

ਹੱਕ ਹੱਕ ਆਗਾਹ ਗੁਰ ਗੋਬਿੰਦ ਸਿੰਘ
ਸ਼ਾਹਿ ਸ਼ਹਨਸ਼ਾਹ ਗੁਰ ਗੋਬਿੰਦ ਸਿੰਘ ॥੧੦੭॥

ਗੁਰੂ ਗੋਬਿੰਦ ਸਿੰਘ ਸੱਚ ਦੇ ਜਾਨਣ ਹਾਰਿਆਂ ਲਈ ਸੱਚ ਹੈ,
ਗੁਰੂ ਗੋਬਿੰਦ ਸਿੰਘ ਬਾਦਸ਼ਾਹਾਂ ਦਾ ਬਾਦਸ਼ਾਹ ਹੈ।

ਬਰ ਦੋ ਆਲਮ ਸ਼ਾਹ ਗੁਰ ਗੋਬਿੰਦ ਸਿੰਘ
ਖ਼ਸਮ ਰਾ ਜਾਂ-ਕਾਹ ਗੁਰ ਗੋਬਿੰਦ ਸਿੰਘ ॥੧੦੮॥

ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦਾ ਬਾਦਸ਼ਾਹ ਹੈ,
ਗੁਰੂ ਗੋਬਿੰਦ ਸਿੰਘ ਦੁਸ਼ਮਨ ਦੀ ਜਾਨ ਨੂੰ ਕਬਜ਼ ਕਰਨ ਲੈਣ ਵਾਲਾ ਹੈ।

ਫ਼ਾਇਜ਼ੁਲ ਅਨਵਾਰ ਗੁਰ ਗੋਬਿੰਦ ਸਿੰਘ
ਕਾਸ਼ਫ਼ੁਲ ਅਸਰਾਰ ਗੁਰ ਗੋਬਿੰਦ ਸਿੰਘ ॥੧੦੯॥

ਗੁਰੂ ਗੋਬਿੰਦ ਸਿੰਘ ਰੱਬੀ ਨੂਰ ਦੀ ਬਖ਼ਸ਼ਿਸ਼ ਕਰਨ ਵਾਲਾ ਹੈ।
ਗੁਰੂ ਗੋਬਿੰਦ ਸਿੰਘ ਰੱਬੀ ਰਮਜ਼ਾਂ ਨੂੰ ਖੋਲ੍ਹਣ ਵਾਲਾ ਹੈ।

ਆਲਿਮੁਲ ਅਸਤਾਰ ਗੁਰ ਗੋਬਿੰਦ ਸਿੰਘ
ਅਬਰਿ ਰਹਿਮਤ ਬਾਰ ਗੁਰ ਗੋਬਿੰਦ ਸਿੰਘ ॥੧੧੦॥

ਗੁਰੂ ਗੋਬਿੰਦ ਸਿੰਘ ਪਰਦੇ ਵਿਚ ਲੁਕੀਆਂ ਗੱਲਾਂ ਦਾ ਗਿਆਨਵਾਨ ਹੈ,
ਗੁਰੂ ਗੋਬਿੰਦ ਸਿੰਘ ਬਖ਼ਸ਼ਿਸ਼ਾਂ ਵਰਸਾਉਣ ਵਾਲਾ ਬੱਦਲ ਹੈ।

ਮੁਕਬੁਲੋ ਮਕਬੂਲ ਗੁਰ ਗੋਬਿੰਦ ਸਿੰਘ
ਵਾਸਲੋ ਮੌਸੁਲ ਗੁਰ ਗੋਬਿੰਦ ਸਿੰਘ ॥੧੧੧॥

ਗੁਰੂ ਗੋਬਿੰਦ ਸਿੰਘ ਪਰਵਾਨ ਅਤੇ ਹਰ-ਮਨ-ਪਿਆਰਾ ਹੈ,
ਗੁਰੂ ਗੋਬਿੰਦ ਸਿੰਘ ਰੱਬ ਨਾਲ ਜੁੜਿਆ ਹੋਇਆ ਅਤੇ ਜੋੜਨ ਵਾਲਾ ਹੈ।

ਜਾਂ-ਫ਼ਰੋਜ਼ਿ ਦਹਿਰ ਗੁਰ ਗੋਬਿੰਦ ਸਿੰਘ
ਫੈਜ਼ਿ ਹੱਕ ਰਾ ਬਹਿਰ ਗੁਰ ਗੋਬਿੰਦ ਸਿੰਘ ॥੧੧੨॥

ਗੁਰੂ ਗੋਬਿੰਦ ਸਿੰਘ ਜ਼ਮਾਨੇ ਨੂੰ ਜਾਨ ਬਖ਼ਸ਼ਣ ਵਾਲਾ ਹੈ,
ਗੁਰੂ ਗੋਬਿੰਦ ਸਿੰਘ ਰੱਬ ਦੀ ਮਿਹਰ ਦਾ ਸਮੁੰਦਰ ਹੈ।

ਹੱਕ ਰਾ ਮਹਿਬੂਬ ਗੁਰ ਗੋਬਿੰਦ ਸਿੰਘ
ਤਾਲਿਬੋ ਮਤਲੂਬ ਗੁਰ ਗੋਬਿੰਦ ਸਿੰਘ ॥੧੧੩॥

ਗੁਰੂ ਗੋਬਿੰਦ ਸਿੰਘ ਰੱਬ ਦਾ ਪਿਆਰਾ ਹੈ,
ਗੁਰੂ ਗੋਬਿੰਦ ਸਿੰਘ ਸਿੰਘ ਰੱਬ ਦਾ ਤਾਲਬ ਹੈ ਤੇ ਲੋਕਾਂ ਦਾ ਚਹੇਤਾ ਹੈ।

ਤੇਗ਼ ਰਾ ਫ਼ੱਤਾਹ ਗੁਰ ਗੋਬਿੰਦ ਸਿੰਘ
ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ ॥੧੧੪॥

ਗੁਰੂ ਗੋਬਿੰਦ ਸਿੰਘ ਤਲਵਾਰ ਦਾ ਧਨੀ ਹੈ,
ਗੁਰੂ ਗੋਬਿੰਦ ਸਿੰਘ ਜਾਨ ਅਤੇ ਦਿਲ ਲਈ ਅੰਮ੍ਰਿਤ ਹੈ।

**ਸਾਹਿਬਿ ਅਕਲੀਲ ਗੁਰ ਗੋਬਿੰਦ ਸਿੰਘ**
**ਜ਼ਿਬਿ ਹੱਕ ਤਜ਼ਲੀਲ ਗੁਰ ਗੋਬਿੰਦ ਸਿੰਘ ॥੧੧੫॥**

ਗੁਰੂ ਗੋਬਿੰਦ ਸਿੰਘ ਤਾਜਾਂ ਦਾ ਮਾਲਕ ਹੈ।
ਗੁਰੂ ਗੋਬਿੰਦ ਸਿੰਘ ਰੱਬ ਦੇ ਸਾਏ ਦਾ ਪਰਛਾਵਾਂ ਹੈ।

**ਖ਼ਾਜ਼ਨਿ ਹਰ ਗੰਜ ਗੁਰ ਗੋਬਿੰਦ ਸਿੰਘ**
**ਬਰਹਮਿ ਹਰ ਰੰਜ ਗੁਰ ਗੋਬਿੰਦ ਸਿੰਘ ॥੧੧੬॥**

ਗੁਰੂ ਗੋਬਿੰਦ ਸਿੰਘ ਹਰ ਖ਼ਜ਼ਾਨੇ ਦਾ ਖ਼ਜ਼ਾਨਚੀ ਹੈ,
ਗੁਰੂ ਗੋਬਿੰਦ ਸਿੰਘ ਹਰ ਦੁੱਖ ਦਰਦ ਨੂੰ ਦੂਰ ਕਰਨ ਵਾਲਾ ਹੈ।

**ਦਾਵਰਿ ਆਫ਼ਾਕ ਗੁਰ ਗੋਬਿੰਦ ਸਿੰਘ**
**ਦਰ ਦੋ ਆਲਮ ਤਾਕ ਗੁਰ ਗੋਬਿੰਦ ਸਿੰਘ ॥੧੧੭॥**

ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦਾ ਹਾਕਮ ਹੈ,
ਦੋਹਾਂ ਜਹਾਨਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਬਰਾਬਰ ਦਾ ਹੋਰ ਕੋਈ ਨਹੀਂ ਹੈ।

**ਹੱਕ ਖ਼ੁਦ ਵੱਸਾਫ਼ਿ ਗੁਰ ਗੋਬਿੰਦ ਸਿੰਘ**
**ਬਰ ਤਰੀਂ ਔਸਾਫ਼ਿ ਗੁਰ ਗੋਬਿੰਦ ਸਿੰਘ ॥੧੧੮॥**

ਰੱਬ ਆਪ ਗੁਰੂ ਗੋਬਿੰਦ ਸਿੰਘ ਦਾ ਢਾਡੀ ਹੈ,
ਗੁਰੂ ਗੋਬਿੰਦ ਸਿੰਘ ਸਰਵੋਤਮ ਗੁਣਾਂ ਦਾ ਧਾਰਨੀ ਹੈ।

**ਖ਼ਾਸਗਾਂ ਦਰ ਪਾਇ ਗੁਰ ਗੋਬਿੰਦ ਸਿੰਘ**
**ਕੁੱਦਸੀਆਂ ਬਾ ਰਾਇ ਗੁਰ ਗੋਬਿੰਦ ਸਿੰਘ ॥੧੧੯॥**

ਰੱਬ ਦੇ ਖ਼ਾਸ ਬੰਦੇ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿਚ ਹਨ,
ਰੱਬ ਦੇ ਪਾਕ ਨਿਕਟਵਰਤੀ ਗੁਰੂ ਗੋਬਿੰਦ ਸਿੰਘ ਦੀ ਆਗਿਆ ਵਿਚ ਹਨ।

**ਮੁਕਬਲਾਂ ਮੱਦਾਹਿ ਗੁਰ ਗੋਬਿਦ ਸਿੰਘ**
**ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ ॥੧੨੦॥**

ਰੱਬ ਦੇ ਪਰਵਾਨ ਬੰਦੇ ਗੁਰੂ ਗੋਬਿੰਦ ਸਿੰਘ ਦੇ ਸ਼ਲਾਘਾਕਾਰ ਹਨ,
ਜ ਅਤੇ ਦਿਲ ਲਈ ਗੁਰੂ ਗੋਬਿੰਦ ਸਿੰਘ ਰਾਹਤ (ਅਮਾਨ) ਬਖ਼ਸ਼ਣ ਵਾਲੇ ਹਨ।

**ਲਾ-ਮਕਾਂ ਪਾ-ਬੋਸਿ ਗੁਰ ਗੋਬਿੰਦ ਸਿੰਘ**
**ਬਰ ਦੋ ਆਲਮ ਕੋਸਿ ਗੁਰ ਗੋਬਿੰਦ ਸਿੰਘ ॥੧੨੧॥**

ਲਾਮਕਾਨ-ਅਨੰਤ ਗੁਰੂ ਗੋਬਿੰਦ ਸਿੰਘ ਦੇ ਚਰਨ ਚੁੰਮਦਾ ਹੈ,
ਦੋਹਾਂ ਜਹਾਨਾਂ ਤੇ ਗੁਰੂ ਗੋਬਿੰਦ ਸਿੰਘ ਦਾ ਨਗਾਰਾ ਵਜਦਾ ਹੈ।

**ਸੁਲਸ ਹਮ ਮਹਿਕੂਮਿ ਗੁਰ ਗੋਬਿੰਦ ਸਿੰਘ**
**ਰੁੱਬਅ ਹਮ ਮਖ਼ਤੂਮਿ ਗੁਰ ਗੋਬਿੰਦ ਸਿੰਘ ॥੧੨੨॥**

ਤਿੰਨੇ ਲੋਕ ਗੁਰੂ ਗੋਬਿੰਦ ਸਿੰਘ ਦੀ ਆਗਿਆ ਵਿਚ ਹਨ,
ਚਾਰੇ ਖਾਣੀਆਂ ਗੁਰੂ ਗੋਬਿੰਦ ਸਿੰਘ ਦੀਆਂ ਮੁਹਰਬੰਦ ਹਨ।

ਸੁਦਸ ਹਲਕਾ ਬਗੋਸ਼ਿ ਗੁਰ ਗੋਬਿੰਦ ਸਿੰਘ
ਦੁਸ਼ਮਨ-ਅਫ਼ਗਾਨ ਜੋਸ਼ਿ ਗੁਰ ਗੋਬਿੰਦ ਸਿੰਘ ॥੧੨੩॥

ਸਾਰਾ ਜਹਾਨ ਗੁਰੂ ਗੋਬਿੰਦ ਸਿੰਘ ਦਾ ਗੁਲਾਮ ਹੈ,
ਗੁਰੂ ਗੋਬਿੰਦ ਸਿੰਘ ਦਾ ਜੋਸ਼ ਦੁਸ਼ਮਨਾਂ ਨੂੰ ਮਾਰ ਮੁਕਾਉਣ ਵਾਲਾ ਹੈ।

ਖ਼ਾਲਿਸੋ ਬੇ-ਕੀਨਾ ਗੁਰ ਗੋਬਿੰਦ ਸਿੰਘ
ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ ॥੧੨੪॥

ਗੁਰੂ ਗੋਬਿੰਦ ਸਿੰਘ ਦਿਲ ਦਾ ਸਾਫ਼ ਅਤੇ ਵੈਰ ਭਾਵ ਤੋਂ ਖ਼ਾਲੀ ਹੈ,
ਗੁਰੂ ਗੋਬਿੰਦ ਸਿੰਘ ਆਪ ਸੱਚ ਹੈ ਅਤੇ ਸੱਚ ਦਾ ਸ਼ੀਸ਼ਾ ਹੈ।

ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ
ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ ॥੧੨੫॥

ਗੁਰੂ ਗੋਬਿੰਦ ਸਿੰਘ ਸੱਚ ਦਾ ਸੱਚਾ ਅਨੁਭਵੀ ਹੈ,
ਦਰਵੇਸ਼ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਹੈ।

ਮਕਰਮੁਲ-ਫੱਜ਼ਾਲ ਗੁਰ ਗੋਬਿੰਦ ਸਿੰਘ
ਮੁਨਇਮੁ ਲ-ਮੁਤਆਲ ਗੁਰ ਗੋਬਿੰਦ ਸਿੰਘ ॥੧੨੬॥

ਗੁਰੂ ਗੋਬਿੰਦ ਸਿੰਘ ਬਖ਼ਸ਼ਿਸ਼ਾਂ ਕਰਨ ਵਾਲਾ ਹੈ।
ਗੁਰੂ ਗੋਬਿੰਦ ਸਿੰਘ ਦੌਲਤਾਂ ਤੇ ਨਿਆਮਤਾਂ ਦੇਣ ਵਾਲਾ ਹੈ।

ਕਾਰਮੁੱਲ-ਕੱਰਾਮ ਗੁਰ ਗੋਬਿੰਦ ਸਿੰਘ
ਰਾਹਮੁਲ-ਰੱਹਾਮ ਗੁਰ ਗੋਬਿੰਦ ਸਿੰਘ ॥੧੨੭॥

ਗੁਰੂ ਗੋਬਿੰਦ ਸਿੰਘ ਸਖੀਆਂ ਦਾ ਵੀ ਸਖੀ ਹੈ,
ਗੁਰੂ ਗੋਬਿੰਦ ਸਿੰਘ ਰਹਿਮ ਕਰਨ ਵਾਲਿਆਂ ਲਈ ਵੀ ਰਹਿਮ ਹੈ।

ਨਾਇਮੁਲ-ਮੁਨਆਮ ਗੁਰ ਗੋਬਿੰਦ ਸਿੰਘ
ਫ਼ਾਹਮੁਲ-ਫ਼ੱਹਾਮ ਗੁਰ ਗੋਬਿੰਦ ਸਿੰਘ ॥੧੨੮॥

ਗੁਰੂ ਗੋਬਿੰਦ ਸਿੰਘ ਨਿਆਮਤਾਂ ਦੇਣ ਵਾਲਿਆਂ ਨੂੰ ਵੀ ਨਿਆਮਤਾਂ ਬਖ਼ਸ਼ਦਾ ਹੈ।
ਗੁਰੂ ਗੋਬਿੰਦ ਸਿੰਘ ਅਨੁਭਵੀਆਂ ਦਾ ਵੀ ਅਨੁਭਵੀ ਹੈ।

ਦਾਇਮੋ ਪਾਇੰਦਾ ਗੁਰ ਗੋਬਿੰਦ ਸਿੰਘ
ਫ਼ਰੱਖ਼ੋ ਫ਼ਰਖ਼ੰਦਾ ਗੁਰ ਗੋਬਿੰਦ ਸਿੰਘ ॥੧੨੯॥

ਗੁਰੂ ਗੋਬਿੰਦ ਸਿੰਘ ਸਦੀਵੀ ਤੇ ਸਥਿਰ ਰਹਿਣ ਵਾਲਾ ਹੈ,
ਗੁਰੂ ਗੋਬਿੰਦ ਸਿੰਘ ਨੇਕ ਅਤੇ ਵੱਡੇ ਭਾਗਾਂ ਵਾਲਾ ਹੈ।

ਫ਼ੈਜ਼ਿ ਸੁਬਹਾਨ ਜ਼ਾਤਿ ਗੁਰ ਗੋਬਿੰਦ ਸਿੰਘ
ਨੂਰਿ ਹੱਕ ਲਮਆਤ ਗੁਰ ਗੋਬਿੰਦ ਸਿੰਘ ॥੧੩੦॥

ਗੁਰੂ ਗੋਬਿੰਦ ਸਿੰਘ ਸਰਬ ਸ਼ਕਤੀਮਾਨ ਵਾਹਿਗੁਰੂ ਦੀ ਮਿਹਰ ਹੈ,
ਗੁਰੂ ਗੋਬਿੰਦ ਸਿੰਘ ਰੱਬ ਦੇ ਨੂਰ ਦੀ ਕਿਰਨਾਂ ਭਰੀ ਰੌਸ਼ਨੀ ਹੈ।

ਸਾਮਿਆਨਿ ਨਾਮਿ ਗੁਰ ਗੋਬਿੰਦ ਸਿੰਘ
ਹੱਕ-ਬੀਂ ਜ਼ਿ ਇਨਆਮਿ ਗੁਰ ਗੋਬਿੰਦ ਸਿੰਘ ॥੧੩੧॥

ਗੁਰੂ ਗੋਬਿੰਦ ਸਿੰਘ ਦਾ ਨਾਮ ਸੁਣਨ ਵਾਲੇ,
ਗੁਰੂ ਗੋਬਿੰਦ ਸਿੰਘ ਦੀ ਬਖ਼ਸ਼ਿਸ਼ ਨਾਲ ਰੱਬ ਨੂੰ ਵੇਖਣ ਵਾਲੇ ਹੋ ਜਾਂਦੇ ਹਨ।

ਵਾਸਫ਼ਾਨਿ ਜ਼ਾਤਿ ਗੁਰ ਗੋਬਿੰਦ ਸਿੰਘ
ਵਾਸਿਲ ਅਜ਼ ਬਰਕਾਤਿ ਗੁਰ ਗੋਬਿੰਦ ਸਿੰਘ ॥੧੩੨॥

ਗੁਰੂ ਗੋਬਿੰਦ ਸਿੰਘ ਦੀ ਜ਼ਾਤ ਦੀ ਸਿਫ਼ਤ ਸ਼ਲਾਘਾ ਕਰਨ ਵਾਲੇ,
ਗੁਰੂ ਗੋਬਿੰਦ ਸਿੰਘ ਦੀਆਂ ਬਰਕਤਾਂ ਅਤੇ ਬਖ਼ਸ਼ਿਸ਼ਾਂ ਨੂੰ ਪ੍ਰਾਪਤ ਕਰ ਲੈਂਦੇ ਹਨ।

ਰਾਕਿਮਾਨਿ ਵਸਫ਼ਿ ਗੁਰ ਗੋਬਿੰਦ ਸਿੰਘ
ਨਾਮਵਰ ਅਜ਼ ਲੁਤਫ਼ਿ ਗੁਰ ਗੋਬਿੰਦ ਸਿੰਘ ॥੧੩੩॥

ਗੁਰੂ ਗੋਬਿੰਦ ਸਿੰਘ ਦੇ ਗੁਣਾਂ ਦੇ ਲਿਖਣਹਾਰੇ,
ਗੁਰੂ ਗੋਬਿੰਦ ਸਿੰਘ ਦੀ ਕਿਰਪਾ ਅਤੇ ਮਿਹਰ ਨਾਲ ਨਾਮਵਰੀ ਪਾਉਂਦੇ ਹਨ।

ਨਾਜ਼ਿਰਾਨਿ ਰੂਇ ਗੁਰ ਗੋਬਿੰਦ ਸਿੰਘ
ਮਸਤਿ ਹੱਕ ਦਰ ਕੂਇ ਗੁਰ ਗੋਬਿੰਦ ਸਿੰਘ ॥੧੩੪॥

ਗੁਰੂ ਗੋਬਿੰਦ ਸਿੰਘ ਦੇ ਮੁਖੜੇ ਦੇ ਦਰਸ਼ਨ ਕਰਨ ਵਾਲੇ,
ਗੁਰੂ ਗੋਬਿੰਦ ਸਿੰਘ ਦੀ ਗਲੀ ਵਿਚ ਉਸ ਦੀ ਪ੍ਰੀਤੀ ਵਿਚ ਮਸਤ ਹੋ ਜਾਂਦੇ ਹਨ

ਖ਼ਾਕ-ਬੋਸਿ ਪਾਇ ਗੁਰ ਗੋਬਿੰਦ ਸਿੰਘ
ਮੁਕਬਲ ਅਜ਼ ਆਲਾਇ ਗੁਰ ਗੋਬਿੰਦ ਸਿੰਘ ॥੧੩੫॥

ਗੁਰੂ ਗੋਬਿੰਦ ਦੇ ਚਰਨਾਂ ਦੀ ਧੂੜ ਨੂੰ ਚੁੰਮਣ ਵਾਲੇ,
ਗੁਰੂ ਗੋਬਿੰਦ ਸਿੰਘ ਦੀਆ ਨਿਆਮਤਾਂ ਕਾਰਨ ਪਰਵਾਨ ਹੋ ਜਾਂਦੇ ਹਨ।

ਕਾਦਿਰਿ ਹਰ ਕਾਰ ਗੁਰ ਗੋਬਿੰਦ ਸਿੰਘ
ਬੇਕਸਾਂ-ਰਾ ਯਾਰ ਗੁਰ ਗੋਬਿੰਦ ਸਿੰਘ ॥੧੩੬॥

ਗੁਰੂ ਗੋਬਿੰਦ ਸਿੰਘ ਹਰ ਕਾਰਜ ਦੇ ਸਮਰੱਥ ਹਨ,
ਗੁਰੂ ਗੋਬਿੰਦ ਸਿੰਘ ਨਿਆਸਰਿਆਂ ਦੇ ਆਸਰਾ ਹਨ।

ਸਾਜਿਦੋ ਮਸਜੂਦ ਗੁਰ ਗੋਬਿੰਦ ਸਿੰਘ
ਜੁਮਲਾ ਫ਼ੈਜ਼ੋ ਜੂਦ ਗੁਰ ਗੋਬਿੰਦ ਸਿੰਘ ॥੧੩੭॥

ਗੁਰੂ ਗੋਬਿੰਦ ਸਿੰਘ ਪੁਜਾਰੀ ਅਤੇ ਪੂਜਨੀਕ ਹਨ,
ਗੁਰੂ ਗੋਬਿੰਦ ਸਿੰਘ ਮਿਹਰ ਅਤੇ ਬਖ਼ਸ਼ਿਸ਼ ਦਾ ਸਰੂਪ ਹਨ।

ਸਰਵਰਾਂ ਰਾ ਤਾਜ ਗੁਰ ਗੋਬਿੰਦ ਸਿੰਘ
ਬਰ ਤਰੀਂ ਮਿਅਰਾਜ ਗੁਰ ਗੋਬਿੰਦ ਸਿੰਘ ॥੧੩੮॥

ਗੁਰੂ ਗੋਬਿੰਦ ਸਿੰਘ ਸਰਦਾਰਾਂ ਦੇ ਤਾਜ ਹਨ,
ਰੱਬ ਦੀ ਪ੍ਰਾਪਤੀ ਲਈ ਗੁਰੂ ਗੋਬਿੰਦ ਸਿੰਘ ਸਭ ਤੋਂ ਚੰਗਾ ਵਸੀਲਾ (ਪੌੜੀ) ਹਨ।

ਅਸ਼ਰ ਕੁੱਦਸੀ ਰਾਮਿ ਗੁਰ ਗੋਬਿੰਦ ਸਿੰਘ
ਵਾਸਿਫ਼ਿ ਇਕਰਾਮ ਗੁਰ ਗੋਬਿੰਦ ਸਿੰਘ ॥੧੩੯॥

ਸਾਰੇ ਪਵਿੱਤ੍ਰ ਫ਼ਰਿਸ਼ਤੇ ਗੁਰੂ ਗੋਬਿੰਦ ਸਿੰਘ ਦੇ ਤਾਬਿਆਂ ਹਨ,
ਅਤੇ ਗੁਰੂ ਗੋਬਿੰਦ ਸਿੰਘ ਦੀਆਂ ਬਖ਼ਸ਼ਸ਼ਾਂ ਦੀ ਸਿਫ਼ਤ ਕਰਨ ਵਾਲੇ ਹਨ।

ਉੱਮਿ ਕੁੱਦਸ ਬਕਾਰਿ ਗੁਰ ਗੋਬਿੰਦ ਸਿੰਘ
ਗਾਸ਼ੀਆ ਬਰਦਾਰਿ ਗੁਰ ਗੋਬਿੰਦ ਸਿੰਘ ॥੧੪੦॥

ਜਗਤ ਦੀ ਪਵਿੱਤਰ ਜਨਮਦਾਤਾ ਗੁਰੂ ਗੋਬਿੰਦ ਸਿੰਘ ਦੀ ਸੇਵਾ ਵਿਚ ਰਹਿੰਦੀ ਹੈ।
ਅਤੇ ਗੁਰੂ ਗੋਬਿੰਦ ਸਿੰਘ ਦੀ ਟਹਿਲਣ, ਸੇਵਾਦਾਰ ਹੈ।

ਕਦਰ ਕੁਦਰਤ ਪੇਸ਼ਿ ਗੁਰ ਗੋਬਿੰਦ ਸਿੰਘ
ਇਨਕਿਯਾਦ ਅੰਦੇਸ਼ਿ ਗੁਰ ਗੋਬਿੰਦ ਸਿੰਘ ॥੧੪੧॥

ਗੁਰੂ ਗੋਬਿੰਦ ਸਿੰਘ ਦੇ ਸਾਹਮਣੇ ਕੁਦਰਤ ਦੀ ਕੀ ਕਦਰ ਹੈ?
ਉਹ ਵੀ ਗੁਰੂ ਗੋਬਿੰਦ ਸਿੰਘ ਦੀ ਬੰਦਗੀ ਵਿਚ ਬੱਧੀ ਰਹਿਣਾ ਚਾਹੁੰਦੀ ਹੈ।

ਤਿੱਸਅ ਉਲਵੀ ਖ਼ਾਕਿ ਗੁਰ ਗੋਬਿੰਦ ਸਿੰਘ
ਚਾਕਰਿ ਚਾਲਾਕਿ ਗੁਰ ਗੋਬਿੰਦ ਸਿੰਘ ॥੧੪੨॥

ਸਤੇ ਆਸਮਾਨ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਦੀ ਧੂੜ ਹਨ,
ਅਤੇ ਗੁਰੂ ਗੋਬਿੰਦ ਸਿੰਘ ਦੇ ਚੁਸਤ ਚਲਾਕ ਚਾਕਰ ਹਨ।

ਤਖ਼ਤਿ ਬਾਲਾ ਜ਼ੇਰਿ ਗੁਰ ਗੋਬਿੰਦ ਸਿੰਘ
ਲਾਮਕਾਨੇ ਸੈਰ ਗੁਰ ਗੋਬਿੰਦ ਸਿੰਘ ॥੧੪੩॥

ਆਕਾਸ਼ ਦਾ ਉਚੇਰਾ ਤਖ਼ਤ ਗੁਰੂ ਗੋਬਿੰਦ ਸਿੰਘ ਦੇ ਹੇਠ ਹੈ,
ਗੁਰੂ ਗੋਬਿੰਦ ਸਿੰਘ ਅਨੰਤ ਵਿਚ ਵਿਚਰਦੇ ਹਨ।

ਬਰ ਤਰ ਅਜ਼ ਹਰ ਕਦਰ ਗੁਰ ਗੋਬਿੰਦ ਸਿੰਘ
ਜਾਵਿਦਾਨੀ ਸਦਰ ਗੁਰ ਗੋਬਿੰਦ ਸਿੰਘ ॥੧੪੪॥

ਗੁਰੂ ਗੋਬਿੰਦ ਸਿੰਘ ਦੀ ਕਦਰ ਕੀਮਤ ਸਭ ਤੋਂ ਉਚੇਰੀ ਹੈ,
ਗੁਰੂ ਗੋਬਿੰਦ ਸਿੰਘ ਅਬਿਨਾਸ਼ੀ ਸਿੰਘਾਸਨ ਦੇ ਮਾਲਕ ਹਨ।

ਆਲਮੇ ਰੋਸ਼ਨ ਜ਼ਿ ਗੁਰ ਗੋਬਿੰਦ ਸਿੰਘ
ਜਾਨੋ ਦਿਲ ਗੁਲਸ਼ਨ ਜ਼ਿ ਗੁਰ ਗੋਬਿੰਦ ਸਿੰਘ ॥੧੪੫॥

ਗੁਰੂ ਗੋਬਿੰਦ ਸਿੰਘ ਸਦਕਾ ਇਹ ਸੰਸਾਰ ਰੋਸ਼ਨ ਹੈ,
ਗੁਰੂ ਗੋਬਿੰਦ ਸਿੰਘ ਸਦਕਾ ਜਾਨ ਅਤੇ ਦਿਲ ਗੁਲਜ਼ਾਰ ਹੈ।

ਰੂਜ਼ ਅਫਜ਼ੂੰ ਜਾਹਿ ਗੁਰ ਗੋਬਿੰਦ ਸਿੰਘ
ਜ਼ੇਬਿ ਤਖ਼ਤੋ ਗਾਹਿ ਗੁਰ ਗੋਬਿੰਦ ਸਿੰਘ ॥੧੪੬॥

ਗੁਰੂ ਗੋਬਿੰਦ ਸਿੰਘ ਦਾ ਮਰਤਬਾ ਦਿਨ ਦਿਨ ਵਧਦਾ ਹੈ,
ਗੁਰੂ ਗੋਬਿੰਦ ਸਿੰਘ ਤਖ਼ਤ ਅਤੇ ਅਸਥਾਨ ਦੀ ਸ਼ੋਭਾ ਹਨ।

ਮੁਰਸ਼ਦ-ਦਾਰੈਨ ਗੁਰ ਗੋਬਿੰਦ ਸਿੰਘ
ਬੀਨਸ਼ਿ ਹਰ ਐਨ ਗੁਰ ਗੋਬਿੰਦ ਸਿੰਘ ॥੧੪੭॥

ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦੇ ਸਤਿਗੁਰੂ ਹਨ,
ਗੁਰੂ ਗੋਬਿੰਦ ਸਿੰਘ ਹਰ ਅੱਖ ਦੀ ਰੌਸ਼ਨੀ ਹਨ।

ਜੁਮਲਾ ਦਰ ਫ਼ਰਮਾਨਿ ਗੁਰ ਗੋਬਿੰਦ ਸਿੰਘ
ਬਰ ਤਰ ਆਮਦ ਸ਼ਾਨਿ ਗੁਰ ਗੋਬਿੰਦ ਸਿੰਘ ॥੧੪੮॥

ਸਾਰਾ ਸੰਸਾਰ ਗੁਰੂ ਗੋਬਿੰਦ ਸਿੰਘ ਦੇ ਹੁਕਮ ਵਿਚ ਹੈ,
ਗੁਰੂ ਗੋਬਿੰਦ ਸਿੰਘ ਦੀ ਸਭ ਤੋਂ ਵੱਡੀ ਸ਼ਾਨ ਹੈ।

**ਹਰ ਦੋ ਆਲਮ ਖ਼ੈਲਿ ਗੁਰ ਗੋਬਿੰਦ ਸਿੰਘ**
**ਜੁਮਲਾ ਅੰਦਰ ਜ਼ੈਲਿ ਗੁਰ ਗੋਬਿੰਦ ਸਿੰਘ ॥੧੪੯॥**

ਦੋਵੇਂ ਦੁਨੀਆਂ ਗੁਰੂ ਗੋਬਿੰਦ ਸਿੰਘ ਦਾ ਕਬੀਲਾ ਹਨ,
ਸਾਰੇ ਲੋਕ ਗੁਰੂ ਗੋਬਿੰਦ ਸਿੰਘ ਦਾ ਪੱਲਾ ਫੜਨਹਾਰੇ ਹਨ।

**ਵਾਹਿਬੋ ਵੱਹਾਬ ਗੁਰੂ ਗੋਬਿੰਦ ਸਿੰਘ**
**ਫ਼ਾਤਿਹਿ ਹਰ ਬਾਬ ਗੁਰ ਗੋਬਿੰਦ ਸਿੰਘ ॥੧੫੦॥**

ਗੁਰੂ ਗੋਬਿੰਦ ਸਿੰਘ ਬਖ਼ਸ਼ਿਸ਼ਾਂ ਕਰਨ ਵਾਲੇ ਸਖੀ ਹਨ,
ਗੁਰੂ ਗੋਬਿੰਦ ਸਿੰਘ ਹਰ ਦਰ ਦੇ ਖੋਲਣ ਹਾਰੇ (ਹਰ ਥਾਂ ਦੇ ਵਿਜਈ) ਹਨ।

**ਸ਼ਾਮਿਲਿ-ਲ-ਅਸ਼ਫ਼ਾਕ ਗੁਰ ਗੋਬਿੰਦ ਸਿੰਘ**
**ਕਾਮਿਲਿ-ਲ-ਅਖ਼ਲਾਕ ਗੁਰ ਗੋਬਿੰਦ ਸਿੰਘ ॥੧੫੧॥**

ਗੁਰੂ ਗੋਬਿੰਦ ਸਿੰਘ ਮਿਹਰਾਂ ਨਾਲ ਭਰਪੂਰ ਹਨ,
ਗੁਰੂ ਗੋਬਿੰਦ ਸਿੰਘ ਸਦਾਚਾਰ ਵਿਚ ਪਰੀਪੂਰਣ ਹਨ।

**ਰੂਹ ਦਰ ਹਰ ਜਿਸਮ ਗੁਰ ਗੋਬਿੰਦ ਸਿੰਘ**
**ਨੂਰ ਦਰ ਹਰ ਚਸ਼ਮ ਗੁਰ ਗੋਬਿੰਦ ਸਿੰਘ ॥੧੫੨॥**

ਗੁਰੂ ਗੋਬਿੰਦ ਸਿੰਘ ਹਰ ਸਰੀਰ ਵਿਚ ਦੀ ਰੂਹ ਹਨ,
ਗੁਰੂ ਗੋਬਿੰਦ ਸਿੰਘ ਹਰ ਅੱਖ ਵਿਚਲਾ ਨੂਰ ਹਨ।

**ਜੁਮਲਾ ਰੋਜ਼ੀ ਖ਼ਾਰਿ ਗੁਰ ਗੋਬਿੰਦ ਸਿੰਘ**
**ਬੈਜ਼ਿ ਹੱਕ ਇਮਤਾਰ ਗੁਰ ਗੋਬਿੰਦ ਸਿੰਘ ॥੧੫੩॥**

ਸਾਰੇ ਹੀ ਗੁਰੂ ਗੋਬਿੰਦ ਸਿੰਘ ਦੇ [ਦਰ ਤੋਂ] ਰੋਜ਼ੀ ਪ੍ਰਾਪਤ ਕਰਨ ਵਾਲੇ ਹਨ,
ਗੁਰੂ ਗੋਬਿੰਦ ਸਿੰਘ ਰੱਬ ਦੀ ਮਿਹਰ ਦੇ ਬੱਦਲ ਵਰਸਾਉਣ ਵਾਲੇ ਹਨ।

**ਬਿਸਤੋ ਹਫ਼ਤ ਗਦਾਇ ਗੁਰ ਗੋਬਿੰਦ ਸਿੰਘ**
**ਹਫ਼ਤ ਹਮ ਸ਼ੈਦਾਇ ਗੁਰ ਗੋਬਿੰਦ ਸਿੰਘ ॥੧੫੪॥**

ਸਤਾਈ [ਵਲਾਇਤਾਂ] ਗੁਰੂ ਗੋਬਿੰਦ ਸਿੰਘ ਦੇ ਭਿਖਾਰੀ ਹਨ,
ਸੱਤੇ ਸੰਸਾਰ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹਨ।

**ਖ਼ਾਕਰੂਬਿ ਸਰਾਇ ਗੁਰ ਗੋਬਿੰਦ ਸਿੰਘ**
**ਖ਼ੱਮਸ ਵਸਫ਼ ਪੈਰਾਇ ਗੁਰ ਗੋਬਿੰਦ ਸਿੰਘ ॥੧੫੫॥**

ਪੰਜੇ ਇੰਦਰੇ ਗੁਰੂ ਗੋਬਿੰਦ ਸਿੰਘ ਦੇ ਗੁਣਾਂ ਨੂੰ ਸ਼ੋਭਾ ਦੇਣ ਵਾਲੇ ਹਨ,
ਅਤੇ ਗੁਰੂ ਗੋਬਿੰਦ ਸਿੰਘ ਦੇ ਮਹਿਲਾਂ ਦੇ ਝਾੜੂ-ਬਰਦਾਰ ਹਨ।

**ਬਰ ਦੋ ਆਲਮ ਦਸਤਿ ਗੁਰ ਗੋਬਿੰਦ ਸਿੰਘ**
**ਜੁਮਲਾ ਉਲਵੀ ਪਸਤਿ ਗੁਰ ਗੋਬਿੰਦ ਸਿੰਘ ॥੧੫੬॥**

ਦੋਹਾਂ ਜਹਾਨਾਂ ਉੱਤੇ ਗੁਰੂ ਗੋਬਿੰਦ ਸਿੰਘ [ਦੀ ਮਿਹਰ] ਦਾ ਹੱਥ ਹੈ,
ਸਾਰੇ ਫ਼ਰਿਸ਼ਤੇ ਅਤੇ ਦੇਵਤੇ ਗੁਰੂ ਗੋਬਿੰਦ ਸਿੰਘ ਸਾਹਮਣੇ ਤੁੱਛ ਹਨ।

ਲਾਅਲ ਸਗੇ ਗੁਲਾਮਿ ਗੁਰ ਗੋਬਿੰਦ ਸਿੰਘ
ਦਾਗ਼ਦਾਰਿ ਨਾਮਿ ਗੁਰ ਗੋਬਿੰਦ ਸਿੰਘ ॥੧੫੭॥

[ਨੰਦ] ਲਾਲ ਗੁਰੂ ਗੋਬਿੰਦ ਸਿੰਘ [ਦੇ ਦਰ] ਦਾ ਇਕ ਗੁਲਾਮ ਕੂਕਰ ਹੈ,
ਉਹ ਗੁਰੂ ਗੋਬਿੰਦ ਸਿੰਘ ਦੇ ਨਾਮ ਦੇ ਦਾਗ਼ ਵਾਲਾ ਹੈ।

ਕਮਤਰੀਂ ਜ਼ਿ ਸਗਾਨਿ ਗੁਰ ਗੋਬਿੰਦ ਸਿੰਘ
ਰੇਜ਼ਾ-ਚੀਨਿ ਖ਼੍ਵਾਨਿ ਗੁਰ ਗੋਬਿੰਦ ਸਿੰਘ ॥੧੫੮॥

ਉਹ ਗੁਰੂ ਗੋਬਿੰਦ ਸਿੰਘ ਦੇ ਕੁੱਤਿਆਂ ਤੋਂ ਵੀ ਨੀਚ ਹੈ,
ਉਹ ਗੁਰੂ ਗੋਬਿੰਦ ਸਿੰਘ ਦੇ ਦਸਤਰਖਾਨ ਤੋਂ ਭੋਰੇ ਚੁਗਣ ਵਾਲਾ ਹੈ।

ਸਾਇਲ ਅਜ਼ ਇਨਆਮਿ ਗੁਰ ਗੋਬਿੰਦ ਸਿੰਘ
ਖ਼ਾਕਿ ਪਾਕਿ ਅਕਦਾਮਿ ਗੁਰ ਗੋਬਿੰਦ ਸਿੰਘ ॥੧੫੯॥

ਇਹ (ਦਾਸ) ਗੁਰੂ ਗੋਬਿੰਦ ਸਿੰਘ ਦੇ ਚਰਨਾਂ ਦੀ ਪਵਿੱਤਰ ਧੂੜੀ ਦੀ ਬਖ਼ਸ਼ਿਸ਼ ਦਾ ਜਾਚਕ ਹੈ।

ਬਾਦ ਜਾਨਸ਼ ਫ਼ਿਦਾਇ ਗੁਰ ਗੋਬਿੰਦ ਸਿੰਘ
ਫ਼ਰਕਿ ਊ ਬਰ ਪਾਇ ਗੁਰ ਗੋਬਿੰਦ ਸਿੰਘ ॥੧੬੦॥

[ਰੱਬ ਕਰੇ] ਇਸ (ਨੰਦ ਲਾਲ) ਦੀ ਜਾਨ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹੋਵੇ,
[ਰੱਬ ਕਰੇ] ਉਸ ਦਾ ਸੀਸ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਤੇ ਟਿਕਿਆ ਰਹੇ।

# ਜੋਤਿ ਬਿਗਾਸ

**ਗੁਰੂ ਨਾਨਕ ਆਮਦ ਨਰਾਇਨ ਸਰੂਪ**
**ਹਮਾਨਾ ਨਿਰੰਜਨ ਨਿਰੰਕਾਰ ਰੂਪ ॥੧॥**

ਗੁਰੂ ਨਾਨਕ ਨਾਰਾਇਣ ਦਾ ਸਰੂਪ ਹੈ,
ਨਿਰਸੰਦੇਹ ਉਹ ਨਿਰੰਜਨ ਅਤੇ ਨਿਰੰਕਾਰ ਦਾ ਰੂਪ ਹੈ।

**ਹੱਕਸ਼ ਆਫ਼ਰੀਦਾ ਜ਼ਿ ਨੂਰਿ ਕਰਮ**
**ਅਜ਼ੋ ਆਲਮੇ ਰਾ ਫ਼ਯੂਜ਼ਿ ਆਤਮ ॥੨॥**

ਰੱਬ ਨੇ ਉਸ ਨੂੰ ਆਪਣੀ ਬਖ਼ਸ਼ਿਸ਼ ਦੇ ਨੂਰ ਤੋਂ ਉਤਪੰਨ ਕੀਤਾ ਹੈ।
ਸਾਰਾ ਸੰਸਾਰ ਵਡੇਰੀਆਂ ਬਖ਼ਸ਼ਿਸ਼ਾਂ ਉਸ ਤੋਂ ਪ੍ਰਾਪਤ ਕਰਦਾ ਹੈ।

**ਹੱਕਸ਼ ਬਰ-ਗੁਜ਼ੀਦਾ ਜ਼ਿ ਹਰ ਬਰ-ਗੁਜ਼ੀਂ**
**ਨਸ਼ਾਂਦਸ਼ ਜ਼ਿ ਹਰ ਬਰ-ਤਰੀਂ ਬਰ-ਤਰੀਂ ॥੩॥**

ਰੱਬ ਨੇ ਉਸ ਨੂੰ ਹਰ ਚੁਣੇ ਹੋਏ ਤੋਂ ਉਚੇਰਾ ਚੁਣਿਆ ਹੈ,
ਰੱਬ ਨੇ ਉਸ ਨੂੰ ਹਰ ਉਚੇਰੇ ਅਸਥਾਨ ਤੋਂ ਉਚੇਰਾ ਬਿਠਾਇਆ ਹੈ।

**ਹੱਕਸ਼ ਗੁਫ਼ਤ ਖ਼ੁਦ ਮੁਰਸ਼ਦੁਲ-ਆਲਾਮੀਨ**
**ਨਜਾਤੁਲਵਰਾ ਰਹਿਮਤੁਲ ਮੁਜ਼ਨਬੀਨ ॥੪॥**

ਰੱਬ ਨੇ ਆਪ ਉਸ ਨੂੰ ਦੋਹਾਂ ਜਹਾਨਾਂ ਦਾ ਮੁਰਸ਼ਿਦ (ਸਤਿਗੁਰ) ਕਰਾਰ ਦਿੱਤਾ।
ਬੇਸ਼ਕ ਗੁਰੂ ਨਾਨਕ ਪਰਲੋਕ ਦੀ ਮੁਕਤੀ ਅਤੇ ਬਖ਼ਸ਼ਿਸ਼ਾਂ ਦੀ ਰਹਿਮਤ ਹੈ।

**ਸ਼ਹਿਨਸ਼ਾਹਿ ਦਾਰੈਨ ਕਰਦਸ਼ ਖ਼ਿਤਾਬ**
**ਅਜ਼ੋ ਤਾਲਿਬਾਂ ਰਾ ਕਰਾਮਤ ਨਸਾਬ ॥੫॥**

ਰੱਬ ਨੇ ਉਸ ਨੂੰ ਲੋਕ ਪਰਲੋਕ ਦਾ ਸਹਿਨਸ਼ਾਹ ਕਹਿ ਕੇ ਸੰਬੋਧਨ ਕੀਤਾ।
ਉਸ ਤੋਂ (ਗੁਰੂ ਤੋਂ) ਜਾਚਕਾਂ ਨੂੰ ਬਜ਼ੁਰਗੀ ਦਾ ਸੋਮਾ ਮਿਲਦਾ ਹੈ।

**ਹੱਕਸ਼ ਆਰਾਸਤ ਖ਼ੁਦ ਤਖ਼ਤਗਾਹਸ਼ ਬੁਲੰਦ**
**ਜ਼ਿ ਹਰ ਫ਼ੱਰੁਖ਼ੇ ਸਾਖ਼ਤਸ਼ ਅਰਜਮੰਦ ॥੬॥**

ਰੱਬ ਨੇ ਆਪ ਉਸ (ਗੁਰੂ) ਦੇ ਉੱਚੇ ਸਿੰਘਾਸਨ ਨੂੰ ਸਜਾਇਆ,
ਰੱਬ ਨੇ ਉਸ ਨੂੰ ਹਰ ਨੇਕੀ ਨਾਲ ਵਡਿਆਇਆ।

**ਹਮਾ ਖ਼ਾਸਗਾਂ ਰਾ ਬਪਾਇਸ਼ ਫ਼ਗੰਦ**
**ਮੁਜ਼ੱਫ਼ਰ ਲਵਾ ਆਮਦਾ ਦੇਵ ਬੰਦ ॥੭॥**

ਰੱਬ ਨੇ ਸਾਰੇ ਖ਼ਾਸ ਅਤੇ ਪਰਵਾਨਤ ਨਿਕਟਵਰਤੀਆਂ ਨੂੰ ਉਸ ਦੇ ਚਰਨਾਂ ਨਾਲ ਲਾਇਆ। ਉਸ ਦਾ ਫ਼ਤਿਹ ਦੇ ਚਿੰਨ੍ਹ ਵਾਲਾ ਝੰਡਾ ਅਸਮਾਨ ਨਾਲ ਗੱਲਾਂ ਕਰਦਾ ਹੈ।

**ਸਰੀਰਿ ਸ਼ਹਿਨਸ਼ਾਹੀਇ ਦਾਇਮਾਂ**
**ਕੁਲਾਹਿ ਸਰ ਅਫ਼ਰਾਜ਼ੀਇ ਜਾਵਿਦਾਂ ॥੮॥**

ਉਸ ਦੀ ਪਾਤਸ਼ਾਹੀ ਦਾ ਤਖ਼ਤ ਸਦਾ ਸਥਿਰ ਰਹਿਣ ਵਾਲਾ ਹੈ,
ਉਸ ਦੀ ਉਚੇਰੀ ਸ਼ਾਨ ਦਾ ਤਾਜ ਸਦਾ ਕਾਇਮ ਰਹਿਣ ਵਾਲਾ ਹੈ।

**ਹੱਕਸ਼ ਦਾਦ ਅਜ਼ ਗ਼ਾਇਤਿ ਮੁਕਰਮਤ**
**ਅਜ਼ੋ ਜ਼ੇਬ ਹਰ ਸ਼ਹਿਰੋ ਹਰ ਮੁਮਲਕਤ ॥੯॥**

ਰੱਬ ਨੇ ਉਸ ਨੂੰ ਵੱਡੀ ਵਡਿਆਈ ਅਤੇ ਸਖ਼ਾਵਤ ਬਖ਼ਸ਼ੀ ਹੈ,
ਉਸ ਦੇ ਕਾਰਣ ਹਰ ਨਗਰ ਅਤੇ ਦੇਸ਼ ਸ਼ੋਭਨੀਕ ਹੈ।

**ਜ਼ਿ ਪੈਸ਼ੀਨੀਆਂ ਪੇਸ਼ਤਰ ਆਮਦਾ**
**ਬ-ਕਦਰ ਅਜ਼ ਹਮਾ ਬੇਸ਼ਤਰ ਆਮਦਾ ॥੧੦॥**

ਉਹ (ਗੁਰੂ ਨਾਨਕ) ਆਪਣੇ ਪਹਿਲੇ ਹੋ ਗੁਜ਼ਰੇ ਅਵਤਾਰਾਂ ਤੋਂ ਵੀ ਪਹਿਲਾਂ ਦਾ ਹੈ।
ਗੁਰੂ ਨਾਨਕ ਕਦਰ ਕੀਮਤ ਤੋਂ ਸਭ ਨਾਲੋਂ ਵਡਮੁੱਲਾ ਹੈ।

**ਹਜ਼ਾਰਾਂ ਬ੍ਰਹਮਾ ਸਨਾਖ਼ਾਨਿ ਊ**
**ਜ਼ਿ ਹਰ ਬਰ-ਤਰੀਂ ਬਰ-ਤਰੀਂ ਸ਼ਾਨਿ ਊ ॥੧੧॥**

ਹਜ਼ਾਰਾਂ ਬ੍ਰਹਮਾ ਗੁਰੂ ਨਾਨਕ ਦੀ ਉਸਤਤਿ ਕਰਦੇ ਹਨ,
ਸਾਰੇ ਵਡਿੱਕਿਆਂ ਦੀ ਸ਼ਾਨ ਨਾਲੋਂ ਗੁਰੂ ਨਾਨਕ ਦੀ ਸ਼ਾਨ ਵਡੇਰੀ ਹੈ।

**ਹਜ਼ਾਰ ਈਸ਼ਰ ਇੰਦਰ ਦਰ ਪਾਇ ਊ**
**ਜ਼ਿ ਹਰ ਬਰ-ਤਰੀਂ ਬਰ-ਤਰੀਂ ਜਾਇ ਊ ॥੧੨॥**

ਹਜ਼ਾਰਾਂ ਈਸ਼ਰ ਅਤੇ ਇੰਦਰ ਗੁਰੂ ਨਾਨਕ ਦੇ ਚਰਨਾਂ ਵਿਚ ਹਨ,
ਸਾਰੇ ਵਡਿੱਕਿਆਂ ਨਾਲੋਂ ਗੁਰੂ ਨਾਨਕ ਦਾ ਅਸਥਾਨ ਉਚੇਰਾ ਹੈ।

**ਹਜ਼ਾਰਾ ਚੂੰ ਧਰੂ ਹਜ਼ਾਰਾਂ ਚੂੰ ਬਿਸ਼ਨ**
**ਬਸੇ ਰਾਮ ਰਾਜਾ ਬਸੇ ਕਾਨ੍ਹ ਕਿਸ਼ਨ ॥੧੩॥**

ਹਜ਼ਾਰਾਂ ਧਰੂ ਵਰਗੇ ਅਤੇ ਹਜ਼ਾਰਾਂ ਬਿਸ਼ਨ ਵਰਗੇ, ਅਤੇ ਇਸੇ ਤਰ੍ਹਾਂ
ਅਨੇਕਾਂ ਰਾਮ ਰਾਜੇ ਅਤੇ ਅਨੇਕਾਂ ਕਾਹਨ ਕ੍ਰਿਸ਼ਨ,

**ਹਜ਼ਾਰਾਂ ਚੂੰ ਦੇਵੀ ਚੰ ਗੋਰਖ ਹਜ਼ਾਰ**
**ਕਿ ਪੇਸ਼ਿ ਕਦਮਹਾਇ ਊ ਜਾਂ-ਸਿਪਾਰ ॥੧੪॥**

ਹਜ਼ਾਰਾਂ ਦੇਵੀ ਦੇਵਤਿਆਂ ਅਤੇ ਹਜ਼ਾਰਾਂ ਗੋਰਖਾਂ ਵਰਗੇ,
ਗੁਰੂ ਨਾਨਕ ਦੇ ਚਰਨਾਂ ਤੋਂ ਆਪਣੀ ਜਾਨ ਵਾਰਦੇ ਹਨ।

**ਹਜ਼ਾਰਾਂ ਸਪਹਿਰੋ ਹਜ਼ਾਰਾਂ ਸੁਮਾ**
**ਹਜ਼ਾਰਾਂ ਜ਼ਮੀਨੋ ਹਜ਼ਾਰਾਂ ਸੁਰਾ ॥੧੫॥**
**ਹਜ਼ਾਰਾਂ ਚੂੰ ਕੁਰਸੀ ਹਜ਼ਾਰਾਂ ਚੂੰ ਅਰਸ਼**
**ਬਪਾਇਸ਼ ਦਿਲੋ ਜਾਂ ਖ਼ੁਦ ਕਰਦਾ ਫ਼ਰਸ਼ ॥੧੬॥**

ਹਜ਼ਾਰਾਂ ਆਸਮਾਨ ਅਤੇ ਹਜ਼ਾਰਾਂ ਆਕਾਸ਼, ਹਜ਼ਾਰਾਂ ਧਰਤ ਅਤੇ ਹਜ਼ਾਰਾਂ ਪਾਤਾਲ, ਅਤੇ ਹਜ਼ਾਰਾਂ ਗਗਨਾਂ ਦੀ ਕੁਰਸੀ ਅਤੇ ਹਜ਼ਾਰਾਂ ਤਖ਼ਤ, ਗੁਰੂ ਨਾਨਕ ਦੇ ਚਰਨਾਂ ਵਿਚ ਆਪਣੇ ਦਿਲ-ਜਾਨ ਨੂੰ [ਅੱਖਾਂ ਵਾਂਗ] ਵਿਛਾਉਂਦੇ ਹਨ।

ਹਜ਼ਾਰਾਂ ਚੂੰ ਨਾਸੂਤੋ ਮਲਕੂਤ ਹਮ
ਹਜ਼ਾਰਾਂ ਚੂੰ ਜਬਰੂਤੋ ਲਾਹੂਤ ਹਮ ॥੧੭॥

ਹਜ਼ਾਰਾਂ ਮਕੀਨੋ ਹਜ਼ਾਰਾਂ ਮਕਾਂ
ਹਜ਼ਾਰਾਂ ਜ਼ਮੀਨੋ ਹਜ਼ਾਰਾਂ ਜ਼ਮਾਂ ॥੧੮॥

ਹੱਕ ਅਫ਼ਗੰਦਾ ਦਰ ਪਾਇ ਊ ਬੰਦਾ ਵਾਰ
ਜ਼ਹੇ ਫਜ਼ਲੋ ਬਖ਼ਸ਼ਾਇਸ਼ਿ ਕਿਰਦਗਾਰ ॥੧੯॥

ਹਜ਼ਾਰਾਂ ਇਨ੍ਹਾਂ ਲੋਕਾਂ ਅਤੇ ਹਜ਼ਾਰਾਂ ਦੇਵ ਲੋਕਾਂ ਨੂੰ,
ਹਜ਼ਾਰਾਂ ਰੱਬ ਦੇ ਰੂਪ ਦੇ ਦੇਸ਼ਾਂ ਅਤੇ ਹਜ਼ਾਰਾਂ ਸੱਚਖੰਡਾਂ,
ਅਥਵਾ ਹਜ਼ਾਰਾਂ ਵਾਸੀਆਂ ਅਤੇ ਹਜ਼ਾਰਾਂ ਵਾਸਿਆਂ ਨੂੰ,
ਅਤੇ ਹਜ਼ਾਰਾਂ ਜ਼ਮੀਨਾਂ ਅਤੇ ਹਜ਼ਾਰਾਂ ਜ਼ਮਾਨਿਆਂ ਨੂੰ,
ਰੱਬ ਨੇ ਗੁਰੂ ਨਾਨਕ ਦੇ ਚਰਨਾਂ ਵਿਚ ਸੇਵਕਾਂ ਵਾਂਗ ਸੁੱਟ ਦਿੱਤਾ ਹੈ,
ਵਾਰੇ ਵਾਰੇ ਜਾਈਏ ਰੱਬ ਦੀ ਅਜਿਹੀ ਮਿਹਰ ਅਤੇ ਬਖ਼ਸ਼ਿਸ਼ ਤੋਂ।

ਮੁਨੱਵਰ ਅਜ਼ੋ ਹਰ ਦੋ ਆਲਮ ਬਹੱਕ
ਹੱਕਸ਼ ਦਾਦ ਬਰ ਜ਼ੁਮਲਾ ਮੁਕਬਲ ਸਬਕ ॥੨੦॥

ਦੋਵੇਂ ਜਹਾਨ ਗੁਰੂ ਨਾਨਕ ਸਦਕਾ ਰੋਸ਼ਨ ਹਨ,
ਰੱਬ ਨੇ ਉਸ ਨੂੰ ਸਾਰੇ ਪਤਵੰਤਿਆਂ ਨਾਲੋਂ ਵਡੇਰਾ ਬਣਾਇਆ ਹੈ।

ਹਜ਼ਾਰਾਂ ਚੁ ਆਦਮ ਹਜ਼ਾਰਾਂ ਹੱਵਾ
ਹਜ਼ਾਰਾ ਮਲਾਇਕ ਬਪਾਇਸ਼ ਫ਼ਿਦਾ ॥੨੧॥

ਹਜ਼ਾਰਾਂ ਆਦਮ ਅਤੇ ਹਜ਼ਾਰਾਂ ਹੱਵਾ ਅਥਵਾ ਹਜ਼ਾਰਾਂ ਦੇਵੀ ਦੇਵਤੇ ਗੁਰੂ ਨਾਨਕ ਦੇ ਚਰਨਾਂ ਤੋਂ ਬਲਿਹਾਰੀ ਜਾਂਦੇ ਹਨ।

ਹਜ਼ਾਰਾਂ ਸ਼ਹਿਨਸ਼ਾਹ ਪੇਸ਼ਸ਼ ਗੁਲਾਮ
ਹਜ਼ਾਰਾਂ ਖ਼ੁਰੇ ਮਾਹਸ਼ ਅੰਦਰ ਸਲਾਮ ॥੨੨॥

ਹਜ਼ਾਰਾਂ ਸ਼ਹਿਨਸ਼ਾਹ ਗੁਰੂ ਨਾਨਕ ਦੇ ਹਜ਼ੂਰੀ ਗ਼ੁਲਾਮ ਹਨ,
ਹਜ਼ਾਰਾਂ ਸੂਰਜ ਚੰਦਰਮਾ ਗੁਰੂ ਨਾਨਕ ਨੂੰ ਨਿਉਂ ਨਿਉਂ ਸਲਾਮਾਂ ਕਰਦੇ ਹਨ।

ਹਮੂ ਨਾਨਕ ਅਸਤੋ ਹਮੂ ਅੰਗਦ ਅਸਤ
ਹਮੂ ਅਮਰਦਾਸ ਅਫ਼ਜ਼ਲੋ ਅਮਜਦ ਅਸਤ ॥੨੩॥

ਨਾਨਕ ਵੀ ਉਹੀ ਹੈ ਅੰਗਦ ਵੀ ਉਹੀ ਹੈ,
ਬਖ਼ਸ਼ਿਸ਼ ਅਤੇ ਵੱਡੀ ਵਡਿਆਈ ਦਾ ਮਾਲਕ ਅਮਰ ਦਾਸ ਵੀ ਉਹੀ ਹੈ।

ਹਮੂ ਰਾਮਦਾਸੋ ਹਮੂ ਅਰਜੁਨ ਅਸਤ
ਹਮੂ ਹਰਗੋਬਿੰਦ ਅਕਰਮੋ ਅਹਿਸਨ ਅਸਤ ॥੨੪॥

ਉਹੀ ਰਾਮ ਦਾਸ ਅਤੇ ਉਹੀ ਅਰਜੁਨ ਹੈ,
ਸਭ ਤੋਂ ਵੱਡਾ ਅਤੇ ਚੰਗੇਰਾ ਹਰਗੋਬਿੰਦ ਵੀ ਉਹੀ ਹੈ।

**ਹਮੂ ਹਸਤ ਹਰਿਰਾਇ ਕਰਤਾ ਗੁਰੂ**
**ਬਦ ਆਸ਼ਕਾਰਾ ਹਮਾ ਪੁਸ਼ਤੋ ਰੂ ॥੨੫॥**

ਉਹੀ ਹਰਿਰਾਇ ਕਰਤਾ ਗੁਰੂ ਹੈ, ਜਿਸ ਨੂੰ
ਹਰ ਸ਼ੈ ਦੀ ਸਿੱਧ ਪੁੱਠ ਸਾਫ਼ ਪ੍ਰਗਟ ਹੋ ਜਾਂਦੀ ਹੈ।

**ਹਮੂ ਹਰਿਕਿਸ਼ਨ ਆਮਦਾ ਸਰ-ਬੁਲੰਦ**
**ਅਜ਼ੋ ਹਾਸਿਲ ਉਮੀਦਿ ਹਰ ਮੁਸਤਮੰਦ ॥੨੬॥**

ਉਹੀ ਸਿਰ-ਕੱਢ ਹਰਿਕਿਸ਼ਨ ਹੈ,
ਜਿਸ ਤੋਂ ਹਰ ਹਾਜਤਮੰਦ ਦੀ ਮੁਰਾਦ ਪੂਰੀ ਹੁੰਦੀ ਹੈ।

**ਹਮੂ ਹਸਤ ਤੇਗਿ ਬਹਾਦਰ ਗੁਰੂ**
**ਕਿ ਗੋਬਿੰਦ ਸਿੰਘ ਆਮਦ ਅਜ਼ ਨੂਰਿ ਊ ॥੨੭॥**

ਉਹੀ ਗੁਰੂ ਤੇਗ ਬਹਾਦਰ ਹੈ,
ਜਿਸ ਦੇ ਨੂਰ ਤੋਂ ਗੋਬਿੰਦ ਸਿੰਘ ਪ੍ਰਗਟ ਹੋਇਆ ਹੈ।

**ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ**
**ਹਮਾ ਸ਼ਬਦਿ ਊ ਜ਼ੋਹਰੋ ਮਾਨਕ ਅਸਤ ॥੨੮॥**

ਉਹੀ ਗੁਰੂ ਗੋਬਿੰਦ ਸਿੰਘ ਹੈ, ਤੇ ਉਹੀ ਨਾਨਕ ਗੁਰੂ ਹੈ,
ਉਸ ਦੇ ਸ਼ਬਦ ਜਵਾਹਰਾਤ ਅਤੇ ਮਾਨਕ ਮੋਤੀ ਹਨ।

**ਚਿ ਜੋਹਰ ਚੁਨਾਂ ਜੋਹਰਿ ਹੱਕ ਜਲਾ**
**ਚਿ ਮਾਨਕ ਚੁਨਾਂ ਮਾਨਕਿ ਹੱਕ ਜ਼ਿਆ ॥੨੯॥**

ਉਸ ਦਾ ਸ਼ਬਦ ਜੋਹਰ ਹੈ, ਜਿਸ ਨੂੰ ਸੱਚ ਦੀ ਪਾਨ ਦਿੱਤੀ ਗਈ ਹੈ,
ਉਸ ਦਾ ਸ਼ਬਦ ਮਾਣਕ ਹੈ, ਜਿਸ ਨੂੰ ਸੱਚ ਦੀ ਚਮਕ ਬਖ਼ਸ਼ੀ ਗਈ ਹੈ।

**ਜ਼ਿ ਹਰ ਕਾਲਿ ਕੁਦੂਸ ਆਮਦਾ ਕੁਦੁਸਤਰ**
**ਜ਼ਿ ਹਰ ਰੁਬਾਅ ਸੁਦੁਸ ਆਮਦਾ ਸੁਬੁਸਤਰ ॥੩੦॥**

ਉਹ ਹਰ ਪਵਿੱਤ੍ਰ ਬਚਨ ਤੋਂ ਵੀ ਵਧੇਰੇ ਪਵਿੱਤਰ ਹੈ,
ਉਹ ਚਾਰ ਖਾਣੀਆਂ ਅਤੇ ਛੇ ਦਰਸ਼ਨਾਂ ਨਾਲੋਂ ਵੀ ਵਧੇਰੇ ਉਚੇਰਾ ਹੈ।

**ਪਜ਼ੀਰਾਇ ਫਰਮਾਨਿ ਊ ਸ਼ਸ਼ ਜਿਹਤ**
**ਮੁਨੱਵਰ ਅਜ਼ੋ ਦਾਇਮਾ ਸਲਤਨਤ ॥੩੧॥**

ਛੇਇ ਪਾਸੇ ਹੀ ਉਸ ਦੀ ਆਗਿਆ ਦੇ ਪਾਲਣ ਕਰਨ ਵਾਲੇ ਹਨ,
ਸਾਰੀ ਪਾਤਸ਼ਾਹੀ ਉਸ ਦੇ ਕਾਰਣ ਸਦਾ ਰੋਸ਼ਨ ਰਹਿੰਦੀ ਹੈ।

**ਬ-ਹਰ ਦੋ ਜਹਾਂ ਕੋਸਿ ਸਾਹੀਇ ਊ**
**ਜ਼ਹੇ ਫ਼ੌਰਿ-ਗੀਹਾਂ ਖ਼ੁਦਾਈਇ ਊ ॥੩੨॥**

ਉਸ ਦੀ ਬਾਦਸ਼ਾਹੀ ਦਾ ਨਗਾਰਾ ਦੋਹਾਂ ਜਹਾਨਾਂ ਵਿਚ ਵੱਜਦਾ ਹੈ,
ਉਸ ਦੀ ਖ਼ੁਦਾਈ ਦੁਨੀਆਂ ਦੀ ਸ਼ਾਨ ਹੈ।

ਬੁਲੰਦ ਅਖ਼ਤਰਸ਼ ਹਰ ਦੋ ਆਲਮ ਫ਼ਰੋਜ਼
ਕਜ਼ੋ ਆਮਦਾ ਦੁਸ਼ਮਨਾਨਸ਼ ਬਸੋਜ਼ ॥੩੩॥

ਉਸ ਦਾ ਉੱਚਾ ਸਿਤਾਰਾ ਦੋਹਾਂ ਦੁਨੀਆਂ ਨੂੰ ਰੋਸ਼ਨ ਕਰਦਾ ਹੈ,
ਉਸ ਦਾ ਉੱਚਾ ਸਿਤਾਰਾ ਦੁਸ਼ਮਨਾਂ ਨੂੰ ਸਾੜ ਦਿੰਦਾ ਹੈ।

ਜ਼ਿ ਮਾਹੀ ਜ਼ਮੀਂ ਤਾ ਸਰਿ ਲਾ-ਮਕਾਂ
ਹਮਾ ਫ਼ਿਦਵੀਇ ਨਾਮਿ ਪਾਕਿਸ਼ ਬਜਾਂ ॥੩੪॥

ਧਰਤੀ ਹੇਠਲੀ ਮੱਛੀ ਤੋਂ ਲੈ ਕੇ ਉਚੇਰੇ ਅਨੰਤ ਦੀ ਸੀਮਾ ਤੱਕ,
ਸਾਰੀ ਲੋਕਾਈ ਉਸ ਦੇ ਪਵਿੱਤਰ ਨਾਮ ਦੀ ਦਿਲ ਜਾਨ ਤੋਂ ਸੇਵਕ ਹੈ।

ਮਲੂਕੋ ਮਲਿਕ ਤਾਅਤ ਅੰਦੇਸ਼ਿ ਊ
ਜ਼ਿ ਹਰ ਕੇਸ਼ ਫ਼ਰਖ਼ੰਦਾ-ਤਰ ਕੇਸ਼ਿ ਊ ॥੩੫॥

ਬਾਦਸ਼ਾਹ ਅਤੇ ਦੇਵਤੇ ਉਸ ਦੀ ਬੰਦਗੀ ਵਿਚ ਸਿਮਰਣ ਕਰਦੇ ਹਨ,
ਉਸ ਦਾ ਧਰਮ ਹਰ ਧਰਮ ਨਾਲੋਂ ਵਧੇਰੇ ਵਡਭਾਗੀ ਅਤੇ ਨੇਕ ਹੈ।

ਚਿ ਕੈਸਰ ਚਿ ਖ਼ਾਕਾਂ ਹਜ਼ਾਰਾਂ ਹਜ਼ਾਰ
ਚਿ ਕਿਸਰਾ ਚਿ ਕਾਊਸ ਬੇਸ਼ ਅਜ਼ ਸ਼ੁਮਾਰ ॥੩੬॥

ਚਿ ਫ਼ੈਰੋ ਚਿ ਫ਼ਗਫ਼ੂਰਿ ਵਾਲਾ-ਗਾਹ
ਬਪਾਇਸ਼ ਹਮਾ ਬੰਦਾ-ਇ ਖ਼ਾਕ ਰਾਹ ॥੩੭॥

ਹਮਾ ਫ਼ਿਦਵੀ ਓ ਬੰਦਾ-ਇ ਪਾਇ ਊ
ਪਜ਼ੀਰਿੰਦਾਇ ਹੁਕਮਿ ਆਲਾਇ ਊ ॥੩੮॥

ਚਿ ਸੁਲਤਾਨਿ ਈਰਾਂ ਚਿ ਖ਼ਾਨਿ ਖ਼ੁਤਨ
ਚਿ ਦਾਰਾਇ ਤੂਰਾਂ ਸ਼ਾਹਿ ਯਮਨ ॥੩੯॥

ਚਿ ਕੁੰਤਾਲਿ ਰੂਸੋ ਚਿ ਸੁਲਤਾਨਿ ਹਿੰਦ
ਚਿ ਹੁੱਕਾਮਿ ਦੱਕਨ ਚਿ ਰਾਇ ਖ਼ੁਜ਼ੰਦ ॥੪੦॥

ਕੀ ਲੱਖਾਂ ਕੈਸਰ ਤੇ ਕੀ ਲੱਖਾਂ ਖਾਕਾਨ (ਮੰਗੋਲ ਦੇ ਬਾਦਸ਼ਾਹ)
ਕੀ ਅਣਗਿਣਤ ਕਿਸਰਾ (ਨੌਸ਼ੀਰਵਾਂ) ਤੇ ਕੀ ਬੇਸ਼ੁਮਾਰ ਕਾਊਸ,
(ਈਰਾਨ ਦੇ ਬਾਦਸ਼ਾਹ), ਤੇ ਕੀ ਫ਼ੈਰੋਂ (ਮਿਸਰ ਦੇ ਬਾਦਸ਼ਾਹ) ਤੇ ਕੀ
ਉੱਚੇ ਮਰਤਬਿਆਂ ਵਾਲੇ ਫ਼ਗਫ਼ੂਰ (ਚੀਨ ਦੇ ਬਾਦਸ਼ਾਹ),
ਇਹ ਸਾਰੇ ਉਸ ਦੇ ਚਰਨਾਂ ਦੀ ਧੂੜ ਹਨ।
ਇਹ ਸਾਰੇ ਉਸ ਦੇ ਚਰਨਾਂ ਦੇ ਸੇਵਕ ਅਤੇ ਗੁਲਾਮ ਹਨ।
ਇਹ ਸਾਰੇ ਉਸ ਦੇ ਦੈਵੀ ਹੁਕਮਾਂ ਦੀ ਪਾਲਣਾ ਕਰਨ ਵਾਲੇ ਹਨ।
ਕੀ ਈਰਾਨ ਦਾ ਸੁਲਤਾਨ ਤੇ ਕੀ ਖ਼ੁਤਨ ਦਾ ਖ਼ਾਨ, ਅਤੇ
ਕੀ ਤੂਰਾਨ ਦਾ ਦਾਰਾ ਅਤੇ ਕੀ ਯਮੁਨ ਦਾ ਬਾਦਸ਼ਾਹ,
ਕੀ ਰੂਸ ਦਾ ਜ਼ਾਰ ਅਤੇ ਕੀ ਹਿੰਦੁਸਤਾਨ ਦਾ ਸੁਲਤਾਨ,
ਕੀ ਦੱਖਣ ਦੇ ਹਾਕਮ ਤੇ ਕੀ ਵਡਭਾਗੇ ਰਾਓ—

ਜ਼ਿ ਮਸ਼ਰਿਕ ਬ-ਮਗ਼ਰਿਬ ਹਮਾ ਸਰਵਰਾਂ
ਪਜ਼ੀਰਾਇ ਫ਼ਰਮਾਨਿ ਕੁਦਸਸ਼ ਬਜਾਂ ॥੪੧॥

ਪੂਰਬ ਤੋਂ ਲੈ ਕੇ ਪੱਛਮ ਤੱਕ ਦੇ ਸਰਦਾਰ ਅਤੇ ਬਾਦਸ਼ਾਹ ਉਸ ਦੇ ਪਵਿੱਤ੍ਰ
ਹੁਕਮਾਂ ਦੀ ਜਾਨ ਨਾਲ ਪਾਲਣਾ ਕਰਦੇ ਹਨ।

ਹਜ਼ਾਰਾਂ ਕਿਊਮਰਸੋ ਜਮਸ਼ੇਦੋ ਜ਼ਾਰ
ਕਮਰ ਬਸਤਾ ਦਰ ਖ਼ਿਦਮਤਸ਼ ਬੰਦਾ ਵਾਰ ॥੪੨॥

ਹਜ਼ਾਰਾਂ ਕਿਊਮਰਸ ਅਤੇ ਜਮਸ਼ੇਦ (ਪੁਰਾਤਨ ਈਰਾਨ ਦੇ ਬਾਦਸ਼ਾਹ), ਅਤੇ ਜ਼ਾਰ (ਰੂਸ ਦੇ ਬਾਦਸ਼ਾਹ)
ਉਸ ਦੀ ਸੇਵਾ ਵਿਚ ਤਿਆਰ ਬਰ ਤਿਆਰ ਗ਼ੁਲਾਮਾਂ ਵਾਂਗ ਖਲੋਤੇ ਹਨ।

ਹਜ਼ਾਰਾਂ ਚੂੰ ਰੁਸਤਮ ਹਜ਼ਾਰਾਂ ਚੂੰ ਸਾਮ
ਹਜ਼ਾਰਾਂ ਚੂੰ ਅਸਫ਼ੰਦ ਯਾਰਸ਼ ਗ਼ੁਲਾਮ ॥੪੩॥

ਹਜ਼ਾਰਾਂ ਰੁਸਤਮ ਵਰਗੇ ਅਤੇ ਹਜ਼ਾਰਾਂ ਸਾਮ (ਰੁਸਤਮ ਦਾ ਬਾਬਾ) ਅਤੇ ਹਜ਼ਾਰਾਂ ਅਸਫ਼ੰਦਯਾਰ
(ਗਸਤਾਸਪ ਦਾ ਪੁੱਤਰ, ਜਿਸ ਨੂੰ ਰੁਸਤਮ ਨੇ ਤੀਰ ਨਾਲ ਅੰਨ੍ਹਿਆਂ ਕਰਕੇ ਮਾਰ ਦਿੱਤਾ ਸੀ) ਵਰਗੇ
ਉਸ ਦੇ ਗੁਲਾਮ ਹਨ।

ਹਜ਼ਾਰਾਂ ਚੂੰ ਜਮਨਾ ਹਜ਼ਾਰਾਂ ਚੂੰ ਗੰਗ
ਬਪਾ ਅੰਦਰਸ਼ ਸਰ ਨਿਹਾਦਾ ਜ਼ਿ ਨੰਗ ॥੪੪॥

ਹਜ਼ਾਰਾਂ ਜਮਨਾ ਅਤੇ ਹਜ਼ਾਰਾਂ ਗੰਗਾ ਵਰਗੇ ਦਰਿਆ
ਸਤਿਕਾਰ ਨਾਲ ਉਸ ਦੇ ਚਰਨਾਂ ਵਿਚ ਸੀਸ ਨਿਵਾਉਂਦੇ ਹਨ।

ਚਿਹ ਇੰਦਰ-ਆਦਿਕਾਨੋ ਚਿਹ ਬ੍ਰਹਮ-ਆਦਿਕਾਂ
ਚਿਹ ਰਾਮ-ਆਦਿਕਾਨੋ ਚਿਹ ਕ੍ਰਿਸ਼ਨ-ਆਦਿਕਾਂ ॥੪੫॥

ਕੀ ਇੰਦਰਾਦਿਕ ਅਤੇ ਕੀ ਬ੍ਰਹਮਾਦਿਕ,
ਕੀ ਰਾਮਾਦਿਕ ਅਤੇ ਕੀ ਕ੍ਰਿਸ਼ਨਾਦਿਕ—

ਜ਼ਬਾਨਿ ਹਮਾ ਕਾਸਿਰ ਅਜ਼ ਵਸਫ਼ਿ ਊ
ਹਮਾ ਖ਼੍ਵਾਸਤਗਾਰਿੰਦਾਇ ਲੁਤਫ਼ਿ ਊ ॥੪੬॥

ਸਾਰੇ ਹੀ ਆਪਣੀ ਜ਼ਬਾਨ ਨਾਲ ਉਸ ਦੀ ਉਸਤਤ ਕਰਨ ਤੋਂ ਅਸਮਰੱਥ ਹਨ,
ਅਤੇ ਸਾਰੇ ਹੀ ਉਸ ਦੀ ਮਿਹਰ ਅਤੇ ਬਖ਼ਸ਼ਿਸ਼ ਦੇ ਜਾਚਕ ਹਨ।

ਬ-ਹਰ ਦੀਪੋ ਹਰ ਸੂਇ ਕੋਸਸ਼ ਬੁਲੰਦ
ਬ-ਹਰ ਮਮਿਲਕਤ ਨਾਮਿ ਊ ਅਰਜਮੰਦ ॥੪੭॥

ਹਰ ਦੀਪ ਵਿਚ ਅਤੇ ਹਰ ਦਸ਼ਾ ਵੱਲ ਉਸ ਦਾ ਡੰਕਾ ਵੱਜ ਰਿਹਾ ਹੈ,
ਹਰ ਦੇਸ਼ ਅਤੇ ਰਾਜ ਵਿਚ ਉਸ ਦਾ ਨਾਮ ਸਤਿਕਾਰਿਆ ਜਾਂਦਾ ਹੈ।

ਬ-ਹਰ ਖੰਡੋ ਬ੍ਰਹਿਮੰਡੋ ਅਜ਼ੋ ਦਾਸਤਾਂ
ਪਜ਼ੀਰਾਇ ਹੁਕਮਸ਼ ਹਮਾਂ ਰਾਸਤਾਂ ॥੪੮॥

ਹਰ ਖੰਡ ਅਤੇ ਬ੍ਰਹਿਮੰਡ ਵਿਚ ਉਸ ਦੀਆਂ ਗੱਲਾਂ ਹੁੰਦੀਆਂ ਹਨ,
ਸਾਰੇ ਸੱਚ ਦੇ ਉਪਾਸਕ ਉਸ ਦੀ ਆਗਿਆ ਦਾ ਪਾਲਣ ਕਰਦੇ ਹਨ।

ਸੁਰਾ ਤਾ ਸਮਾ ਜੁਮਲਾ ਫ਼ਰਮਾਂ-ਬਰਸ਼
ਜ਼ਿ ਮਾਹਿਤਾਬੋ ਮਾਹੀ ਹਮਾ ਚਾਕਰਸ਼ ॥੪੯॥

ਪਾਤਾਲ ਤੋਂ ਲੈ ਕੇ ਸਤਵੇਂ ਆਸਮਾਨ ਤੱਕ ਸਾਰੇ ਉਸ ਦੇ ਹੁਕਮ ਨੂੰ ਮੰਨਣ ਵਾਲੇ ਹਨ,
ਚੰਦਰਮਾ ਤੋਂ ਲੈ ਕੇ ਧਰਤੀ ਦੇ ਹੇਠਲੀ ਮੱਛੀ ਤੱਕ ਸਾਰੇ ਹੀ ਉਸ ਦੇ ਸੇਵਕ ਅਤੇ ਚਾਕਰ ਹਨ।

ਕਰਮਹਾ ਵ ਅਫ਼ਜ਼ਾਲਿ ਊ ਬੇ ਹਸਾ
ਕਰਾਮਾਤੋ ਇਹਜਾਜ਼ਿ ਊ ਕਿਬਰੀਆ ॥੫੦॥

ਉਸ ਦੀਆਂ ਬਖ਼ਸ਼ਿਸ਼ਾਂ ਅਤੇ ਮਿਹਰਾਂ ਬੇਸ਼ੁਮਾਰ ਹਨ,
ਉਸ ਦੀ ਕਰਾਮਾਤ ਅਤੇ ਉਸ ਦੇ ਚੋਜ ਦੈਵੀ ਹਨ।

ਜ਼ੁਬਾਂ-ਹਾ ਬ-ਤੌਸੀਫ਼ਿ ਊ ਗੁੰਗੋ ਲਾਲ
ਸਖ਼ੁਨ ਰਾ ਬ-ਵਸਫ਼ਸ਼ ਚਿ ਹੱਦੋ ਮਜਾਲ ॥੫੧॥

ਉਸ ਦੀ ਸਿਫ਼ਤ ਅਤੇ ਉਸਤਤਿ ਕਰਨ ਤੋਂ ਜੀਭਾਂ ਗੂੰਗੀਆਂ ਹਨ,
ਉਸ ਦੀ ਸਿਫ਼ਤ ਦੀ ਗੱਲ ਕਰਨ ਦੀ ਨਾ ਕੋਈ ਹੱਦ ਹੈ ਅਤੇ ਨਾ ਕਿਸੇ ਨੂੰ ਮਜਾਲ।

ਕਰੀਮੁਲ-ਸਜਾਇਆ ਜਮੀਲੁਲ ਖ਼ਸਾਲ
ਅਮੂਮੁਲ ਅਤਾਇਆ ਸ਼ਮੂਮੁਲ ਨਵਾਲ ॥੫੨॥

ਉਹ ਸੁਭਾਉ ਕਰਕੇ ਸਖ਼ੀ ਹੈ, ਸੁਹੱਪਣ ਉਸ ਦੀ ਖ਼ਸਲਤ ਵਿਚ ਹੈ,
ਉਹ ਸਖਾਵਤਾਂ ਕਰਕੇ ਜਾਣਿਆ ਜਾਂਦਾ ਹੈ, ਉਹ ਸੁਗਾਤਾਂ ਕਰਕੇ ਯਾਦ ਰਹਿੰਦਾ ਹੈ।

ਸ਼ਫ਼ੀਉਲ-ਵਰਾਇਆ ਜ਼ਮਾਨੁਲ-ਵੂਰਾ
ਮਹੀਤੁਲ-ਸਖ਼ਾਇਆ ਜ਼ਕਾ-ਉਲ-ਹੁਦਾ ॥੫੩॥

ਉਹ ਸਾਰੀ ਖ਼ਲਕਤ ਦੇ ਗੁਨਾਹਾਂ ਦੀ ਮੁਆਫ਼ੀ ਚਾਹੁਣ ਵਾਲਾ ਹੈ, ਉਹ ਸਾਰੀ ਲੋਕਾਈ ਦਾ ਜਾਮਨ ਹੈ।
ਉਹ ਸੂਰਮਤਾਈ ਦਾ ਸਮੁੰਦਰ ਹੈ, ਉਹ ਸਿੱਧੇ ਮਾਰਗ ਦਾ ਸੂਰਜ ਹੈ।

ਨਜਾਤੁਲ-ਅਵਾਮੋ ਅਮਾਨੁਲ-ਅਨਾਮ
ਜਲਾ ਯਾਫ਼ਤਾ ਜ਼ੂ ਗ਼ਮਾਮਿ ਜ਼ਲਾਮ ॥੫੪॥

ਉਹ ਆਮ ਜਨਤਾ ਦਾ ਮੁਕਤੀ-ਦਾਤਾ ਹੈ ਅਤੇ ਉਹ ਸਾਰੇ ਲੋਕਾਂ ਦੀ ਅਮਾਨਤ ਹੈ,
ਉਸ ਦੀ ਛੋਹ ਸਦਕਾ ਕਾਲੇ ਬੱਦਲ ਚਮਕ ਉੱਠਦੇ ਹਨ।

ਵਫ਼ੂਰੁਲ ਅਤਾ ਓ ਅਮੀਮੁਲ ਨਅਮ
ਕਸੀਰੁਲ ਫ਼ਯੂਜ਼ੋ ਕਫ਼ੀਉਲ ਕਰਮ ॥੫੫॥

ਉਹ ਬਖ਼ਸ਼ਿਸ਼ਾਂ ਦਾ ਅਤਿਅੰਤ ਹੈ ਅਤੇ ਨਿਆਮਤਾਂ ਦਾ ਵੱਡਾ ਸਮੂਹ ਹੈ,
ਉਹ ਫ਼ੈਜ਼ਾਂ ਦਾ ਬਹੁਤਾਤ ਹੈ ਅਤੇ ਸਖ਼ਾਵਤ ਦੀ ਉੱਥੇ ਬਸ ਹੈ।

ਫ਼ਰਾਜ਼ਿੰਦਾਇ ਰਾਇਤਿ ਅਦਲੋ ਦਾਦ
ਫ਼ਰੋਜ਼ਿੰਦਾਇ ਦੀਦਾਇ ਇਅਤਕਾਦ ॥੫੬॥

ਉਹ ਅਕਲ ਇਨਸਾਫ਼ ਦੇ ਝੰਡੇ ਨੂੰ ਝੁਲਾਉਣ ਵਾਲਾ ਹੈ,
ਉਹ ਵਿਸ਼ਵਾਸ ਦੇ ਨੇਤ੍ਰਾਂ ਨੂੰ ਚਮਕਾਉਣ ਵਾਲਾ ਹੈ।

ਅਜ਼ੀਮੁਲ-ਮਨਾਜ਼ਿਲ ਰਫ਼ੀਅ-ਉਲ-ਮਕਾਂ
ਕਰੀਮੁਲ-ਸ਼ਮਾਇਲ ਮਨੀਅ-ਉਲ-ਨਿਸ਼ਾਂ ॥੫੭॥

ਉਹ ਉੱਚੇ ਮਹਿਲਾਂ ਵਾਲਾ ਹੈ, ਉੱਚੀਆਂ ਹਵੇਲੀਆਂ ਵਾਲਾ ਹੈ,
ਉਹ ਆਦਤਾਂ ਦਾ ਸਖ਼ੀ ਹੈ, ਨੈਣ-ਨਕਸ਼ਾਂ ਦਾ ਸਾਊ ਹੈ।

**ਮੁਕੱਦਸ ਜਨਾਬੋ ਮੁਅੱਲਾ ਖ਼ਿਤਾਬ**
**ਗਦਾਇਸ਼ ਹਜ਼ਾਰਾਂ ਮਹਿ ਓ ਆਫ਼ਤਾਬ ॥੫੮॥**

ਪਵਿੱਤਰ ਹੈ ਉਸ ਦੀ ਦਰਗਾਹ ਅਤੇ ਉਚੇਰਾ ਹੈ ਉਸ ਦਾ ਖ਼ਿਤਾਬ।
ਹਜ਼ਾਰਾਂ ਚੰਨ ਸੂਰਜ ਉਸ ਦੇ ਮੰਗਤੇ ਹਨ।

**ਮਆਲੀ ਮਦਾਰਿਜ ਅਵਾਲੀ ਪਨਾਹ**
**ਅਲੀਮਿ ਰਮੂਜ਼ਿ ਸਫ਼ੇਦੋ ਸਿਆਹ ॥੫੯॥**

ਉਸ ਦੇ ਦਰਜੇ ਉੱਚੇ ਹਨ, ਅਤੇ ਉਹ ਵੱਡੀ ਓਟ ਹੈ,
ਚੰਗੇ ਅਤੇ ਭੈੜੇ ਭੇਦਾਂ ਨੂੰ ਜਾਨਣ ਵਾਲਾ ਹੈ।

**ਤਕੱਦੁਸ ਮਦਾਰਿਜ ਫ਼ਖ਼ੀਮੁਲ ਨਵਾਲ**
**ਤਆਲਾ ਮਰਾਤਬ ਅਮੀਮੁਲ-ਫ਼ਜ਼ਾਲ ॥੬੦॥**

ਵੱਖ ਵੱਖ ਖੰਡਾਂ ਨੂੰ ਪਵਿੱਤਰ ਕਰਨ ਵਾਲਾ ਅਤੇ ਬਖ਼ਸ਼ਿਸ਼ਾਂ ਦਾ ਦਾਤਾ,
ਮਰਤਬਿਆਂ ਨੂੰ ਉੱਚਿਆਂ ਕਰਨ ਵਾਲਾ ਅਤੇ ਫ਼ਜ਼ਲਾਂ ਦਾ ਸਮੂਹ ਹੈ।

**ਮੁਅੱਜ਼ਮ ਸ਼ਰਾਇਫ਼ ਸਤੂਦਾ ਖ਼ਸਾਲ**
**ਮੁਕੱਰਮ ਖ਼ਸਾਇਲ ਮੁਨੱਵਰ ਜਮਾਲ ॥੬੧॥**

ਸ਼ਰਾਫ਼ਤਾਂ ਵਿਚ ਵਡੇਰਾ, ਖ਼ਸਲਤਾਂ ਵਿਚ ਸਭਨਾਂ ਨਾਲੋਂ ਸ਼ਲਾਘਾ ਯੋਗ,
ਨੇਕ ਆਦਤਾਂ ਕਰਕੇ ਸਤਿਕਾਰ ਯੋਗ ਅਤੇ ਰੂਪ ਵਿਚ ਸ਼ੋਭਨੀਕ।

**ਜਮਾਲਿਸ਼ ਹਮਾ ਕੁੱਰਾ-ਇ ਜ਼ੁਲਜਲਾਲ**
**ਸ਼ੁਕੋਹਸ਼ ਹਮਾ ਅਜ਼ਮਤਿ ਲਾ-ਜ਼ਵਾਲ ॥੬੨॥**

ਉਸ ਦਾ ਹੁਸਨ ਜਮਾਲ ਰੱਬ ਦੇ ਜਾਹ ਜਲਾਲ ਦਾ ਘੇਰਾ ਹੈ,
ਉਸ ਦੀ ਸ਼ਾਨ ਸ਼ੌਕਤ ਸਦੀਵੀ ਅਤੇ ਅਬਿਨਾਸ਼ੀ ਵਡਿਆਈ ਹੈ।

**ਜਮੀਲੁਲ ਸਫ਼ਾਤੋ ਜਜ਼ੀਲੁਲ ਸਨਾ**
**ਕਫ਼ੀਲੁਲ ਜਰਾਇਮ ਵਕੀਲੁਲ ਵਰਾ ॥੬੩॥**

ਉਹ ਸਿਫ਼ਤਾਂ ਕਰਕੇ ਸੁੰਦਰ ਹੈ, ਸਿਫ਼ਤਾਂ ਵਿਚ ਸੰਪੂਰਨ ਹੈ,
ਉਹ ਗੁਨਾਹਾਂ ਦਾ ਜ਼ਾਮਾ (ਬਖ਼ਸ਼ਣ ਵਾਲਾ) ਹੈ ਅਤੇ ਜਗਤ ਦਾ ਪੱਖ ਪੂਰਨ ਵਾਲਾ ਹੈ।

**ਕਰੀਮੁਲ ਮਨਿਸ਼ ਮਾਲਕਿ ਫ਼ੈਜ਼ੋ ਜੂਦ**
**ਹਮਾ ਕੁਦਸੀਆਂ ਪੇਸ਼ਿ ਊ ਦਰ ਸਜੂਦ ॥੬੪॥**

ਤਬੀਅਤ ਕਰਕੇ ਉਹ ਸਖੀ ਹੈ, ਉਹ ਬਖ਼ਸ਼ਿਸ਼ ਅਤੇ ਸਖ਼ਾਵਤ ਦਾ ਮਾਲਕ ਹੈ,
ਸਾਰੇ ਫ਼ਰਿਸ਼ਤੇ ਉਸ ਦੇ ਸਾਹਮਣੇ ਸੀਸ ਝੁਕਾਉਂਦੇ ਹਨ।

**ਖ਼ੁਦਾਵੰਦਿ ਅਰਜ਼ੋ ਸਮਾਵਾਤੋ ਅਰਸ਼**
**ਮੁਨੱਵਰ-ਕੁਨਿ ਜ਼ੁਲਮਤ ਆਬਾਦ ਫ਼ਰਸ਼ ॥੬੫॥**

ਉਹ ਧਰਤ, ਆਕਾਸ਼ ਅਤੇ ਅਰਸ਼ਾਂ ਦਾ ਮਾਲਕ ਹੈ,
ਉਹ ਧਰਤ ਦੇ ਅਨ੍ਹੇਰੇ ਵਿਹੜੇ ਨੂੰ ਰੌਸ਼ਨ ਕਰਨ ਵਾਲਾ ਹੈ।

ਜ਼ੂਏ ਮਜਦੋ ਤਖ਼ਸੀਸੋ ਤਫਖੀਰ ਹਾ
ਖ਼ੁਦਾਵੰਦਿ ਤਮਜੀਦੋ ਤੌਕੀਰ ਹਾ ॥੬੬॥

ਉਹ ਅਸਲੋਂ ਸਾਊਪੁਣੇ ਅਤੇ ਬਜ਼ੁਰਗੀ ਦੀ ਰੌਸ਼ਨੀ ਹੈ,
ਉਹ ਵਕਾਰ ਅਤੇ ਵਡਿਆਈ ਦਾ ਮਾਲਕ ਹੈ।

ਵਲੀ-ਉਲ-ਤਫ਼ਾਜ਼ੀਲੋ ਤਕਰੀਮ ਹਾ
ਅਮੀਮੁਲ ਤਕਰੀਮੋ ਤਨਈਮ ਹਾ ॥੬੭॥

ਉਹ ਫ਼ਜ਼ੀਲਤਾਂ ਅਤੇ ਵਡਿਆਈਆਂ ਦਾ ਵਲੀ ਹੈ,
ਉਹ ਬਖ਼ਸ਼ਿਸ਼ਾਂ ਅਤੇ ਨਿਆਮਤਾਂ ਦਾ ਸਮੂਹ ਹੈ।

ਵਫ਼ੂਰੁਲ ਤਜਾਜ਼ੀਲੋ ਇਜਲਾਲ ਹਾ
ਕਸੀਰੁਲ ਤਕਾਮੀਲੋ ਇਕਮਾਲ ਹਾ ॥੬੮॥

ਉਹ ਸਖ਼ਾਵਤਾਂ ਅਤੇ ਦਾਨਾਈਆਂ ਦਾ ਅਤਿਅੰਤ ਹੈ।
ਉਹ ਕਾਮਲਾਂ ਅਤੇ ਨਿਪੁੰਨ ਵਿਅਕਤੀਆਂ ਦਾ ਬਹੁਤਾਤ ਹੈ।

ਅਮੀਮੁਲ ਅਤੀਆਤ ਕਾਮਿਲ ਅਜਾਰ
ਪਜ਼ੀਰਿੰਦਾਇ ਇਜਜ਼ਿ ਹਰ ਖ਼ਾਕਸਾਰ ॥੬੯॥

ਉਹ ਭੇਟਾਂ ਅਤੇ ਸੁਗਾਤਾਂ ਦਾ ਸਮੂਹ ਅਤੇ ਕਾਮਲ ਸਰਾਫ਼ ਹੈ,
ਉਹ ਨਿਮਾਣਿਆਂ ਦੀ ਆਜਜ਼ੀ ਪਰਵਾਨ ਕਰ ਲੈਣ ਵਾਲਾ ਹੈ।

ਮੁਫ਼ਖ਼ੱਰੁਲ ਨਬਾਇਲ ਜਜ਼ੀਲੁਲ ਜਮੀਲ
ਕਸੀਰੁਲ ਫ਼ਜ਼ਾਇਲ ਜਲੀਲੁਲ ਨਬੀਲ ॥੭੦॥

ਉਹ ਬਜ਼ੁਰਗਾਂ ਅਤੇ ਬਾਦਸ਼ਾਹਾਂ ਦਾ ਫ਼ਖਰ ਅਤੇ ਸਾਊਆਂ ਦਾ ਸਰਦਾਰ ਹੈ,
ਉਹ ਫ਼ਜ਼ੀਲਤਾਂ ਦੀ ਬਹੁਤਾਤ ਅਤੇ ਸੁਘੜ ਸੁਜਾਨ ਪੁਰਖਾਂ ਦਾ ਪ੍ਰਤੀਨਿਧ ਹੈ।

ਜ਼ਿ ਨੂਰਸ਼ ਜਹਾਂ ਯਾਫ਼ਤਾ ਜ਼ੇਬੋ ਫ਼ਰ
ਜ਼ਿ ਫ਼ੈਜ਼ਸ਼ ਮਕੀਨੋ ਮਕਾਂ ਬਹਿਰਾਵਰ ॥੭੧॥

ਉਸ ਦੇ ਨੂਰ ਤੋਂ ਦੁਨੀਆਂ ਨੇ ਸੁੰਦਰਤਾ, ਸੁਹੱਪਣ ਅਤੇ ਸ਼ਾਨ ਪ੍ਰਾਪਤ ਕੀਤੀ ਹੈ,
ਉਸ ਦੀ ਬਖ਼ਸ਼ਿਸ਼ ਤੋਂ ਇਸ ਸੰਸਾਰ ਅਤੇ ਸੰਸਾਰ ਵਾਸੀਆਂ ਨੇ ਲਾਭ ਪ੍ਰਾਪਤ ਕੀਤਾ ਹੈ।

ਬ-ਦਸਤਸ਼ ਫ਼ਰੋਜ਼ਾਂ ਦੋ ਗੌਹਰ ਚੂੰ ਮਿਹਰ
ਯਕੇ ਜਾਇ ਫਜ਼ਲੋ ਦਿਗਰ ਜਾਇ ਕਹਿਰ ॥੭੨॥

ਉਸ ਦੇ ਹੱਥ ਵਿਚ ਦੋ ਮੋਤੀ ਸੂਰਜ ਵਤ ਚਮਕਦੇ ਹਨ,
ਇਕ ਮਿਹਰਾਂ ਵਾਲਾ ਹੈ ਅਤੇ ਦੂਜਾ ਕਹਿਰ ਅਤੇ ਗ਼ਜ਼ਬ ਦਾ ਨਿਸ਼ਾਨ ਹੈ।

ਬ ਅੱਵਲ ਜਹਾਂ ਰਾ ਸ਼ੁਦਾ ਹੱਕ ਨੁਮਾ
ਬ ਸਾਨੀ ਹਮਾ ਜ਼ੁਲਮੋ ਜ਼ੁਲਮਤ ਜ਼ਦਾ ॥੭੩॥

ਪਹਿਲੇ ਕਾਰਣ ਇਹ ਜਹਾਨ ਸੱਚ ਦਾ ਪਰਦਰਸ਼ਕ ਹੈ,
ਅਤੇ ਦੂਜਾ ਸਾਰੇ ਅੰਨ੍ਹੇਰੇ ਅਤੇ ਜ਼ੁਲਮ ਨੂੰ ਨਾਸ਼ ਕਰਨ ਹਾਰਾ ਹੈ।

ਹਮਾ ਜ਼ੁਲਮਤੇ ਜ਼ੁਲਮ ਰਾ ਸਾਖ਼ਤ ਦੂਰ
ਜਹਾਂ ਦਰ ਜਹਾਂ ਜ਼ੋ ਰਯਾਹੋ ਸਰੂਰ ॥੭੪॥

ਉਸ ਨੇ ਸਾਰੇ ਅੰਨ੍ਹੇਰੇ ਅਤੇ ਜ਼ੁਲਮ ਨੂੰ ਦੂਰ ਕਰ ਦਿੱਤਾ,
ਉਸ ਸਦਕਾ ਸਾਰੀ ਦੁਨੀਆਂ ਸੁਗੰਧੀ ਅਤੇ ਸਰੂਰ ਨਾਲ ਭਰ ਜਾਂਦੀ ਹੈ।

ਲਕਾਇਸ਼ ਮੁਨੱਵ੍ਰ ਜ਼ਿ ਨੂਰਿ ਅਜ਼ਲ
ਵਜੂਦਸ ਵ-ਅਨਵਾਰਿ ਹੱਕ ਲਮ ਯਜ਼ਲ ॥੭੫॥

ਉਸ ਦਾ ਮੁਖੜਾ ਅਜ਼ਲੀ ਨੂਰ ਨਾਲ ਰੌਸ਼ਨ ਹੈ,
ਉਸ ਦਾ ਵਜੂਦ ਰੱਬ ਦੇ ਨੂਰ ਸਦਕਾ ਅਬਿਨਾਸ਼ੀ ਹੈ।

ਚਿਹ ਆਅਲਾ ਚਿਹ ਅਦਨਾ ਹਮ ਬਰ ਦਰਸ਼
ਸਰ ਅਫ਼ਗੰਦਾ ਵ ਬੰਦਾ ਓ ਚਾਕਰਸ਼ ॥੭੬॥

ਕੀ ਵੱਡੇ ਅਤੇ ਕੀ ਛੋਟੇ, ਸਾਰੇ ਹੀ ਉਸ ਦੇ ਦਰ ਤੇ
ਸਿਰ ਨਿਵਾਇ ਗ਼ੁਲਾਮ ਅਤੇ ਨੌਕਰ ਹਨ।

ਚਿ ਸੁਲਤਾਂ ਚਿ ਦਰਵੇਸ਼ ਅਜ਼ੋ ਬਹਿਰਾਮੰਦ
ਚਿ ਉਲਵੀ ਕਿ ਸਿਫ਼ਲੀ ਅਜ਼ੋ ਸਰਬੁਲੰਦ ॥੭੭॥

ਕੀ ਬਾਦਸ਼ਾਹ ਅਤੇ ਕੀ ਦਰਵੇਸ਼, ਸਾਰੇ ਉਸ ਤੋਂ ਲਾਭ ਪ੍ਰਾਪਤ ਕਰਦੇ ਹਨ।
ਕੀ ਅਰਸ਼ੀ ਅਤੇ ਕੀ ਫ਼ਰਸ਼ੀ ਜੀਵ, ਸਾਰੇ ਉਸ ਦੇ ਸਦਕਾ ਸਤਿਕਾਰ ਪਾਉਂਦੇ ਹਨ।

ਚਿਹ ਪੀਰੋ ਚਿਹ ਬਰਨਾ ਅਜ਼ੋ ਕਾਮਯਾਬ
ਚਿਹ ਦਾਨਾ ਚਿਹ ਨਾਦਾਂ ਅਜ਼ੋ ਪੁਰ ਸਵਾਬ ॥੭੮॥

ਕੀ ਬੁੱਢੇ ਅਤੇ ਕੀ ਨੱਢੇ, ਸਾਰੇ ਉਸ ਤੋਂ ਕਾਮਨਾ ਪੂਰੀ ਕਰਦੇ ਹਨ,
ਕੀ ਸਿਆਣੇ ਅਤੇ ਕੀ ਅਣਜਾਣੇ, ਸਾਰੇ ਉਸ ਦੇ ਸਦਕਾ ਪੁੰਨ ਹਾਸਲ ਕਰਦੇ ਹਨ।

ਬ-ਕਲਜੁਗ ਚੁਨਾਂ ਸਤਿਜੁਗ ਆਵਰਦ ਬਾਜ਼
ਕਿ ਖ਼ੁਰਦੋ ਬਜ਼ੁਰਗ ਆਮਦਾ ਰਾਸਤ-ਬਾਜ਼ ॥੭੯॥

ਕਲਜੁਗ ਵਿਚ ਉਸ ਨੇ ਫਿਰ ਸਤਿਜੁਗ ਕੁੱਝ ਇਸ ਤਰ੍ਹਾਂ ਲੈ ਆਂਦਾ ਹੈ,
ਕਿ ਛੋਟੇ ਵੱਡੇ ਸਾਰੇ ਹੀ ਸੱਚ ਦੇ ਉਪਾਸ਼ਕ ਬਣ ਗਏ ਹਨ।

ਹਮਾ ਕਿਜ਼ਬੋ ਨਾਰਾਸਤੀ ਗਸ਼ਤ ਦੂਰ
ਸ਼ਬਿ ਤੀਰਹ ਰਖ਼ਸ਼ਾਂ ਸ਼ਦਾ ਹਮਚੂ ਨੂਰ ॥੮੦॥

ਸਾਰਾ ਝੂਠ ਅਤੇ ਕੂੜ ਦੂਰ ਹੋ ਗਿਆ ਹੈ,
ਕਾਲੀ ਬੋਲੀ ਰਾਤ ਨੂਰੋ ਨੂਰ ਹੋ ਕੇ ਚਮਕ ਉੱਠੀ ਹੈ।

ਜ਼ਿ ਦੈਤੋ ਜ਼ਿ ਦਾਨਬ ਜਹਾਂ ਕਰਦ ਪਾਕ
ਹਮਾ ਜ਼ੁਲਮੋ ਜ਼ੁਲਮਤ ਜ਼ਦੂਦਾ ਜ਼ਿ ਖ਼ਾਕ ॥੮੧॥

ਉਸ ਨੇ ਜਹਾਨ ਨੂੰ ਦੇਵਾਂ ਅਤੇ ਦੈਂਤਾਂ ਤੋਂ ਪਾਕ ਕਰ ਦਿੱਤਾ,
ਉਸ ਨੇ ਇਸ ਧਰਤੀ ਤੋਂ ਸਾਰਾ ਅਨ੍ਹੇਰਾ ਅਤੇ ਜ਼ੁਲਮ ਧੋ ਦਿੱਤਾ ਹੈ।

ਅਜ਼ੋ ਰੌਸ਼ਨ ਆਮਦ ਸ਼ਬਿ ਆਲਮੇ
ਨਮਾਂਦਾ ਬ-ਗੀਤੀ ਅਜ਼ੋ ਜ਼ਾਲਿਮੇ ॥੮੨॥

ਉਸ ਦੇ ਸਦਕਾ ਸੰਸਾਰ ਦੀ ਰਾਤ ਰੌਸ਼ਨ ਹੋ ਗਈ ਹੈ,
ਉਸ ਦੇ ਕਾਰਨ ਸੰਸਾਰ ਵਿਚ ਕੋਈ ਜ਼ਾਲਮ ਨਹੀਂ ਰਿਹਾ।

ਜ਼ਮਾਨੇ ਬਰ ਆਰਾਸਤ ਅਜ਼ ਰਾਇ ਓ ਹੋਸ਼
ਅਜ਼ੋ ਦੇਗਿ ਹਰ ਦਾਨਿਸ਼ ਆਮਦ ਬਜੋਸ਼ ॥੮੩॥

ਉਸ ਦੀ ਰਾਏ ਅਤੇ ਸਮਝ ਨਾਲ ਇਕ ਦੁਨੀਆਂ ਸਜ ਗਈ ਹੈ,
ਉਸ ਦੇ ਸਦਕਾ ਹੀ ਹਰ ਅਕਲ ਦੀ ਦੇਗ ਉਬਾਲਾ ਖਾਂਦੀ ਹੈ।

ਹਮਾ ਦੀਦਾ ਆਮਦ ਤਨਿ ਕੁਦਸਿ ਊ
ਹਵੈਦਾ ਬ-ਚਸ਼ਮਸ਼ ਹਮਾ ਪੁਸ਼ਤ ਰੂ ॥੮੪॥

ਉਸ ਦਾ ਪਾਕ ਤਨ ਸਾਰਾ ਅੱਖਾਂ ਹੀ ਅੱਖਾਂ ਹੈ,
ਉਸ ਦੀਆਂ ਅੱਖਾਂ ਸਾਹਮਣੇ ਸਾਰਾ ਅੱਗਾ ਪਿੱਛਾ ਪ੍ਰਤੱਖ ਦਿੱਸਦਾ ਹੈ।

ਹਮਾ ਰਾਜ਼ਿ ਆਲਮ ਬਰੋ ਆਸ਼ਕਾਰ
ਹਮਾ ਚੋਬਿ ਖ਼ੁਸ਼ਕ ਅਜ਼ ਦਮਸ਼ ਬਾਰਦਾਰ ॥੮੫॥

ਸਾਰੀ ਦੁਨੀਆਂ ਦਾ ਭੇਤ ਉਸ ਤੇ ਜ਼ਾਹਰ ਹੈ,
ਉਸ ਦੇ ਦਮ ਨਾਲ ਸੁੱਕੀ ਲੱਕੜ ਵੀ ਫਲ ਦੇਣ ਲੱਗ ਪੈਂਦੀ ਹੈ।

ਚਿਹ ਅੰਜਮ ਚਿਹ ਅਫ਼ਲਾਕ ਮਹਿਕੂਮਿ ਊ
ਚਿਹ ਬਾਲਾ ਓ ਚਿਹ ਪਸਤ ਮਨਜ਼ੂਮਿ ਊ ॥੮੬॥

ਕੀ ਤਾਰੇ ਅਤੇ ਅਸਮਾਨ, ਸਾਰੇ ਹੀ ਉਸ ਦੀ ਪਰਜਾ ਹਨ,
ਕੀ ਵੱਡੇ ਅਤੇ ਕੀ ਛੋਟੇ, ਸਾਰੇ ਹੀ ਉਸ ਦੇ ਪ੍ਰਬੰਧ ਵਿਚ ਹਨ।

ਚਿਹ ਖ਼ਾਕੋ ਚਿ ਆਤਿਸ਼ ਚਿਹ ਬਾਦੋ ਚਿ ਆਬ
ਚਿਹ ਖ਼ੁਰਸ਼ੀਦਿ ਰਖ਼ਸ਼ਿੰਦਾ ਓ ਮਾਹਤਾਬ ॥੮੭॥

ਕੀ ਮਿੱਟੀ ਅਤੇ ਕੀ ਅੱਗ, ਕੀ ਹਵਾ ਅਤੇ ਕੀ ਪਾਣੀ,
ਕੀ ਚਮਕਦਾ ਹੋਇਆ ਸੂਰਜ ਅਤੇ ਕੀ ਚਾਨਣੀ ਭਰਿਆ ਚੰਦਰਮਾ।

ਚਿਹ ਅਰਸ਼ੋ ਚਿਹ ਕੁਰਸੀ ਹਮਾ ਬੰਦਾ-ਅਸ਼
ਬਖ਼ਿਦਮਤ-ਗੁਜ਼ਾਰੀ ਸਰ ਅਫ਼ਗੰਦਾ-ਅਸ਼ ॥੮੮॥

ਕੀ ਅਰਸ਼ ਅਤੇ ਕੀ ਕੁਰਸ਼, ਸਾਰੇ ਹੀ ਉਸ ਦੇ ਗ਼ੁਲਾਮ ਹਨ,
ਇਹ ਸਾਰੇ ਹੀ ਉਸ ਦੀ ਚਾਕਰੀ ਲਈ ਸਿਰ ਨਿਵਾਇ ਖੜ੍ਹੇ ਹਨ।

ਸਿਹਗਾਨਾ ਮਵਾਲੀਦੋ ਅਸ਼ਰਾ ਹਵਾਸ
ਬ-ਤਾਅਤ-ਗੁਜ਼ਾਰੀਸ਼ ਦਾਰੰਦ ਪਾਸ ॥੮੯॥

ਤਿੰਨੇ ਅੰਡਜ, ਜੇਰਜ, ਸੇਤਜ ਅਤੇ ਦਸੇ ਹਵਾਸ (ਇੰਦਰੇ)
ਉਸ ਦੀ ਬੰਦਗੀ ਦਾ ਲਿਹਾਜ਼ ਕਰਦੇ ਹਨ।

ਸਤੂਨਿ ਖ਼ਿਰਦ ਯਾਫ਼ਤ ਤਸ਼ਯੀਦ ਅਜ਼ੋ
ਬਿਨਾਇ ਸਖ਼ਾ ਰਾਸਤ ਤੌਕੀਦ ਅਜ਼ੋ ॥੯੦॥

ਅਕਲ ਦੇ ਥੰਮ ਨੇ ਉਸ ਤੋਂ ਪਕਿਆਈ ਹਾਸਲ ਕੀਤੀ,
ਬਖ਼ਸ਼ਿਸ਼ ਦੀ ਨੀਹ ਉਸ ਦੇ ਕਾਰਣ ਪੱਕੀ ਅਤੇ ਮਜ਼ਬੂਤ ਹੋਈ।

ਮੁਸ਼ਈਅੱਦ ਅਜ਼ੋ ਰਾਸਤੀ ਰਾ ਅਸਾਸ
ਜ਼ਿ ਨੂਰਸ਼ ਜਹਾਂ ਯਾਫ਼ਤਾ ਇਕਤਬਾਸ ॥੯੧॥

ਸੱਚਾਈ ਦੀ ਬੁਨਿਆਦ ਉਸ ਦੇ ਸਦਕਾ ਹੀ ਪਕੇਰੀ ਹੈ,
ਇਸ ਜਹਾਨ ਨੇ ਉਸ ਦੇ ਨੂਰ ਤੋਂ ਹੀ ਰੌਸ਼ਨੀ ਪਾਈ ਹੈ।

ਜਮਾਲਿ ਹਕੀਕਤ ਬਰ ਆਰਾਸਤਾ
ਜ਼ਿ ਜ਼ੁਲਮਤ ਜਹਾਂ ਜੁਮਲਾ ਪਰਦਾਖਤਾ ॥੯੨॥

ਹਕੀਕਤ ਦੇ ਸਜੇ ਸਜਾਏ ਹੁਸਨ ਜਮਾਲ ਨੇ
ਜਹਾਨ ਤੋਂ ਅੰਨ੍ਹੇਰੀ ਨੂੰ ਸਾਫ਼ ਅਤੇ ਪਾਕ ਕਰ ਦਿੱਤਾ।

ਰੁਖ਼ਿ ਅਦਲੋ ਇਨਸਾਫ਼ ਅਫ਼ਰੋਖ਼ਤਾ
ਦਿਲਿ ਜਬਰੋ ਬੇਦਾਦ ਰਾ ਸੋਖ਼ਤਾ ॥੯੩॥

ਨਿਆਇ ਅਤੇ ਇਨਸਾਫ਼ ਦਾ ਮੁਖੜਾ ਚਮਕ ਪਿਆ,
ਜ਼ੁਲਮ ਅਤੇ ਵਧੀਕੀ ਦਾ ਦਿਲ ਸੜ ਕੇ ਸੁਆਹ ਹੋ ਗਿਆ।

ਬਿਨਾਇ ਸਿਤਮ ਰਾ ਬਰ-ਅੰਦਾਖ਼ਤਾ
ਸਰਿ ਮਾਅਦਲਤ ਰਾ ਬਰ-ਅਫ਼ਰਾਖ਼ਤਾ ॥੯੪॥

ਜ਼ੁਲਮ ਦੀ ਬੁਨਿਆਦ ਪੁੱਟ ਦਿੱਤੀ ਗਈ,
ਇਨਸਾਫ਼ ਦਾ ਸਿਰ ਉਚੇਰਾ ਹੋਇਆ।

ਰਯਾਹੀਨਿ ਫ਼ਜ਼ਲੋ ਅਤਾ ਰਾ ਸਹਾਬ
ਸਮਾਇ ਕਰਾਮਾਤ ਰਾ ਆਫ਼ਤਾਬ ॥੯੫॥

ਫ਼ਜ਼ਲ ਅਤੇ ਬਖ਼ਸ਼ਿਸ਼ ਦੀਆਂ ਵੇਲਾਂ ਲਈ ਉਹ ਵਰ੍ਹਦਾ ਬੱਦਲ ਹੈ,
ਕਰਾਮਾਤ ਅਤੇ ਸਖੀਪਨ ਦੇ ਆਸਮਾਨ ਦਾ ਉਹ ਸੂਰਜ ਹੈ।

ਬਸਾਤੀਨਿ ਫ਼ੈਜ਼ੋ ਸਖ਼ਾ ਰਾ ਗ਼ਮਾਮ
ਜਹਾਨਿ ਅਤੀਆਤ ਰਾ ਇੰਤਜ਼ਾਮ ॥੯੬॥

ਬਖ਼ਸ਼ਿਸ਼ ਅਤੇ ਸਖ਼ਾਵਤ ਦੇ ਬਾਗ਼ਾਂ ਲਈ ਉਹ ਘਨਘੋਰ ਘਟਾ ਹੈ,
ਸੁਗਾਤਾਂ ਅਤੇ ਭੇਟਾਂ ਦੇ ਸੰਸਾਰ ਲਈ ਉਹ ਇਕ ਪ੍ਰਬੰਧ ਹੈ।

ਮਹੀਤਿ ਫ਼ਯੂਜ਼ਾਤੋ ਬਹਿਰਿ ਫ਼ਜ਼ਾਲ
ਸਹਾਬਿ ਅਨਾਯਾਤੋ ਅਬਰਿ ਨਵਾਲ ॥੯੭॥

ਉਹ ਬਖ਼ਸ਼ਿਸ਼ਾਂ ਦਾ ਸਮੁੰਦਰ ਅਤੇ ਮਿਹਰਾਂ ਦਾ ਸਾਗਰ ਹੈ,
ਉਹ ਬਖ਼ਸ਼ਿਸ਼ਾਂ ਦਾ ਬੱਦਲ ਅਤੇ ਸਖ਼ਾਵਤਾਂ ਦਾ ਮੀਂਹ ਹੈ।

ਜਹਾਂ ਖ਼ੁੱਰਮੋ ਆਲਮ ਆਬਾਦ ਅਜ਼ੋ
ਰਅੱਯਤ ਖ਼ੁਸ਼ੋ ਮਮਲਕਤ ਸ਼ਾਦ ਅਜ਼ੋ ॥੯੮॥

ਇਹ ਦੁਨੀਆਂ ਉਸ ਦੇ ਕਾਰਣ ਖ਼ੁਸ਼ ਹੈ ਅਤੇ ਸੰਸਾਰ ਆਬਾਦ ਹੈ,
ਇਹ ਪਰਜਾ ਉਸ ਸਦਕਾ ਪ੍ਰਸੰਨ ਹੈ ਅਤੇ ਦੇਸ਼ ਸੁਖੀ ਹੈ।

ਪਜ਼ੀਰਾਇ ਹੁਕਮਸ਼ ਬ-ਨੇਕ ਅਖ਼ਤਰੀ
ਹਮਾ ਆਲਮ ਅਜ਼ ਸ਼ਹਿਰੀ ਓ ਲਸ਼ਕਰੀ ॥੯੯॥

ਇਕ ਸ਼ਹਿਰੀ ਤੋਂ ਲੈ ਕੇ ਫ਼ੌਜ ਤੱਕ, ਸਾਰਾ ਸੰਸਾਰ ਹੀ
ਉਸ ਨੇਕ ਸਿਤਾਰੇ ਵਾਲੇ ਦੇ ਹੁਕਮ ਨੂੰ ਮੰਨਣ ਵਾਲਾ ਹੈ।

ਜਹਾਨੇ ਜ਼ਿ ਫੈਜ਼ਸ਼ ਹਮ ਆਗ਼ੋਸ਼ਿ ਕਾਮ
ਦੋ ਆਲਮ ਅਜ਼ੋ ਯਾਫ਼ਤ ਨਸਕੋ ਨਿਜ਼ਾਮ ॥੧੦੦॥

ਉਸ ਦੇ ਮਿਹਰ ਸਦਕਾ ਇਸ ਜਹਾਨ ਦੀ ਕਾਮਨਾ ਪੂਰੀ ਹੁੰਦੀ ਹੈ,
ਦੋਵੇਂ ਜਹਾਨ ਉਸ ਸਦਕਾ ਕਿਸੇ ਪ੍ਰਬੰਧ ਅਤੇ ਨਿਯਮ ਵਿਚ ਹਨ।

ਹੱਕਸ਼ ਦਾਦ ਮਿਫ਼ਤਾਹਿ ਹਰ ਮੁਸ਼ਕਲੇ
ਨਸ਼ਾਂਦਸ਼ ਜ਼ਬਰਦਸਤ ਹਰ ਮੁਕਬਲੇ ॥੧੦੧॥

ਰੱਬ ਨੇ ਉਸ ਨੂੰ ਹਰ ਮੁਸ਼ਕਲ ਦੀ ਕੁੰਜੀ ਬਖ਼ਸ਼ੀ ਹੈ,
ਉਸ ਦੇ ਹਰ ਮਨਜ਼ੂਰ ਪੁਰਖ ਨੇ ਵੱਡੇ ਜਾਬਰ ਨੂੰ ਬਿਠਾ ਦਿੱਤਾ।

ਸ਼ਹਿਨਸ਼ਾਹਿ ਅਕਲੀਮਿ ਤਜਲੀਲ ਰਾ
ਖ਼ੁਦਾਵੰਦਿ ਦੀਵਾਨਿ ਤਜਜ਼ੀਲ ਰਾ ॥੧੦੨॥

ਉਹ ਜਾਹ ਜਲਾਲ ਦੇ ਰਾਜ ਦਾ ਬਾਦਸ਼ਾਹ ਹੈ,
ਉਹ ਬਜ਼ੁਰਗੀ ਦੇ ਦੀਵਾਨ ਦਾ ਮਾਲਕ ਹੈ।

ਗੁਹਰ ਤਾਜਿ ਇਹਜਾਜ਼ੋ ਤੌਕੀਰ ਰਾ
ਜ਼ਿਆ-ਬਖ਼ਸ਼ ਅਸਫ਼ਾ ਓ ਤਨਵੀਰ ਰਾ ॥੧੦੩॥

ਉਹ ਕਰਾਮਾਤ ਅਤੇ ਵਕਾਰ ਦੇ ਤੇਜ ਦਾ ਮੋਤੀ ਹੈ,
ਉਹ ਰੋਸ਼ਨੀ ਅਤੇ ਪਵਿੱਤਰਤਾ ਨੂੰ ਰੋਸ਼ਨੀ ਬਖ਼ਸ਼ਣ ਵਾਲਾ ਹੈ।

ਜਿਲਾ ਲਲੂਇ ਇੱਜ਼ੋ ਤਾਅਜ਼ੀਮ ਰਾ
ਸਨੀ ਨਈਯਰਿ ਫ਼ਖ਼ਰੋ ਤਫ਼ਖੀਮ ਰਾ ॥੧੦੪॥

ਉਹ ਇੱਜ਼ਤ ਅਤੇ ਸਤਿਕਾਰ ਦੇ ਮੋਤੀਆਂ ਦੀ ਚਮਕ ਹੈ,
ਉਹ ਬਜ਼ੁਰਗੀ ਅਤੇ ਮਾਨ ਦੇ ਸੂਰਜ ਦੀ ਰੋਸ਼ਨੀ ਹੈ।

ਰੁਖ਼ਿ ਇੱਜ਼ਤੋ ਜਾਹ ਰਾ ਇੰਜਲਾ
ਲਵਾਇ ਤਬਾਜੀਲ ਰਾ ਇਅਤਲਾ ॥੧੦੫॥

ਉਹ ਇੱਜ਼ਤ ਸਤਿਕਾਰ ਅਤੇ ਮਰਤਬੇ ਦੇ ਮੁਖੜੇ ਨੂੰ ਰੌਣਕ ਬਖ਼ਸ਼ਣ ਵਾਲਾ ਹੈ,
ਉਹ ਮਾਨ ਅਤੇ ਬਜ਼ੁਰਗੀ ਦੇ ਝੰਡੇ ਨੂੰ ਉੱਚਾ ਕਰਨ ਵਾਲਾ ਹੈ।

ਮਹੀਤਿ ਸਖ਼ਾ ਓ ਕਰਮ ਰਾ ਗੁਹਰ
ਸਪਹਿਰਿ ਸਖ਼ਾ ਓ ਅਤਾ ਰਾ ਕਮਰ ॥੧੦੬॥

ਉਹ ਬਖ਼ਸ਼ਿਸ਼ ਅਤੇ ਸਖ਼ਾਵਤ ਦੇ ਸਮੁੰਦਰ ਦਾ ਮੋਤੀ ਹੈ,
ਉਹ ਭੇਟਾਂ ਅਤੇ ਬਖ਼ਸ਼ਿਸ਼ਾਂ ਦੇ ਆਸਮਾਨ ਦਾ ਚੰਦਰਮਾ ਹੈ।

ਜਹਾਂਬਾਨਿ ਮੁਲਕਿ ਫ਼ਜ਼ਾਲੋ ਕਰਾਮ
ਮੁਹਿੰਮਾਤਿ ਦਾਰੈਨ ਰਾ ਇੰਤਜ਼ਾਮ ॥੧੦੭॥

ਉਹ ਮਿਹਰ ਅਤੇ ਕਰਮ ਦੇ ਮੁਲਕ ਦਾ ਨਿਗਾਹਬਾਨ ਹੈ,
ਉਹ ਦੋਹਾਂ ਜਹਾਨਾਂ ਦੇ ਕੰਮਾਂ ਦਾ ਪ੍ਰਬੰਧ-ਕਰਤਾ ਹੈ।

ਮਿਸੇ ਸ਼ਖ਼ਸਿ ਆਫ਼ਾਕ ਰਾ ਕੀਮੀਆ
ਰੁਖ਼ਿ ਮਿਹਰੋ ਇਨਸਾਫ਼ ਰਾ ਇੰਜਲਾ ॥੧੦੮॥

ਆਸਮਾਨਾਂ ਦੀ ਜ਼ਾਤ ਦੇ ਤਾਂਬੇ ਲਈ ਉਹ (ਸੋਨਾ ਬਣਾਉਣ ਵਾਲੀ) ਰਸਾਇਣ ਹੈ।
ਉਹ ਇਨਸਾਫ਼ ਅਤੇ ਮੁਹੱਬਤ ਦੇ ਮੁਖੜੇ ਦੀ ਰੌਣਕ ਹੈ।

ਕਬਾ ਕਾਮਤਿ ਦੌਲਤੋ ਕਦਰ ਰਾ
ਬਸਰ ਦੀਦਾਇ ਅਜ਼ਮਤੋ ਸਦਰ ਰਾ ॥੧੦੯॥

ਉਹ ਇੱਜ਼ਤ ਅਤੇ ਧਨ ਦੌਲਤ ਦੇ ਕੱਦ ਲਈ ਚੋਗ਼ਾ ਹੈ,
ਉਹ ਹੁਕਮ ਅਤੇ ਵਡਿਆਈ ਦੀਆਂ ਅੱਖਾਂ ਦੀ ਰੋਸ਼ਨਾਈ ਹੈ।

ਰਿਆਜ਼ਿ ਜਿਨਾਂ ਰਾ ਨਸੀਮਿ ਸਹਰ
ਦ੍ਰਖ਼ਤਿ ਕਰਨ ਰਾ ਨੌ ਆਈਨਿ ਸਮਰ ॥੧੧੦॥

ਉਹ ਸੁਰਗ ਦੇ ਬਾਗ਼ ਲਈ ਸੁਗੰਧ ਸ਼ਮੀਰ ਹੈ,
ਉਹ ਸਖ਼ਾਵਤ ਦੇ ਬਿਰ਼ਛ ਦਾ ਨਵਾਂ ਫਲ ਹੈ।

ਤਰਾਜ਼ਿ ਆਸਤੀਨੋ ਮਾਹੋ ਸਾਲ ਰਾ
ਫ਼ਲਕ ਰਿਫ਼ਅਤਿ ਇੱਜ਼ੋ ਇਕਬਾਲ ਰਾ ॥੧੧੧॥

ਉਹ ਸਾਲਾਂ ਅਤੇ ਮਹੀਨਿਆਂ ਦੇ ਕਫ਼ਾਂ ਦੀ ਕੋਰ ਹੈ,
ਉਹ ਇੱਜ਼ਤ ਅਤੇ ਸ਼ਾਨ ਸ਼ੌਕਤ ਦੀ ਉਚਿਆਈ ਦਾ ਆਸਮਾਨ ਹੈ।

ਦਲੇਰੋ ਤਨੋਮੰਦੋ ਫ਼ੀਰੋਜ਼ ਜੰਗ
ਗੁਲਿ ਅਦਲੋ ਦਿਨਸਾਫ਼ ਰਾ ਬੂ ਓ ਰੰਗ ॥੧੧੨॥

ਉਹ ਦਲੇਰ, ਤਾਕਤਵਰ ਅਤੇ ਵਿਜਈ ਜੋਧਾ ਹੈ,
ਉਹ ਅਦਲ ਇਨਸਾਫ਼ ਦੇ ਫੁੱਲ ਦੀ ਸੁਗੰਧੀ ਅਤੇ ਖ਼ੁਸ਼ਬੋ ਹੈ।

ਜਹਾਨਿ ਸਖ਼ਾ ਆਲਮਿ ਮਕਰਮਤ
ਮਹੀਤਿ ਅਤਾ ਕੁਲਜ਼ਮਿ ਆਤਫ਼ਤ ॥੧੧੩॥

ਉਹ ਸਖ਼ਾਵਤ ਦਾ ਜਹਾਨ ਅਤੇ ਬਖ਼ਸ਼ਿਸ਼ ਦੀ ਦੁਨੀਆਂ ਹੈ,
ਉਹ ਬਖ਼ਸ਼ਿਸ਼ਾਂ ਦਾ ਸਮੁੰਦਰ ਹੈ, ਮੇਹਰਬਾਨੀਆਂ ਦਾ ਡੂੰਘਾ ਸਾਗਰ ਹੈ।

ਹਪਹਿਰਿ ਅਲਾ ਸਾਹਿਬ ਅਜਤਬਾ
ਸਹਾਬਿ ਕਰਮ ਆਫ਼ਤਾਬਿ ਹੁਦਾ ॥੧੧੪॥

ਉਹ ਉਚਿਆਈ ਦਾ ਆਸਮਾਨ ਅਤੇ ਚੁਣਿਆਂ ਹੋਇਆਂ ਦਾ ਸਰਦਾਰ ਹੈ,
ਉਹ ਬਖ਼ਸ਼ਿਸ਼ ਦਾ ਬੱਦਲ ਅਤੇ ਸਿੱਖਿਆ ਦਾ ਸੂਰਜ ਹੈ।

ਫ਼ਰੋਗ਼ਿ ਜਬੀਨਿ ਰਸੂਖੋ ਸਦਾਦ
ਜਮਾਲਿ ਰੁਖ਼ਿ ਅਦਲੋ ਇਨਸਾਫ਼ ਦਾਦ ॥੧੧੫॥

ਉਹ ਸੱਚੀ ਬੋਲ-ਚਾਲ ਦੇ ਮੱਥੇ ਦੀ ਚਮਕ ਹੈ,
ਉਹ ਅਦਲ ਇਨਸਾਫ਼ ਦੇ ਮੁਖੜੇ ਦੀ ਰੌਣਕ ਹੈ।

ਚਰਾਗ਼ਿ ਸ਼ਬਿਸ਼ਤਾਨੀ ਮਜਦੋ ਬਹਾ
ਬਹਾਰਿ ਗੁਲਿਸਤਾਨਿ ਇੱਜ਼ੋ ਅਲਾ ॥੧੧੬॥

ਉਹ ਵਡੇਰੀ ਅਤੇ ਕੀਮਤੀ ਸੰਜੋਗੀ ਰਾਤ ਦਾ ਚਮਕਦਾ ਦੀਵਾ ਹੈ,
ਉਹ ਉਚਿਆਈ ਅਤੇ ਮਾਨ ਆਬਰੂ ਦੇ ਬਾਗ਼ ਦੀ ਬਹਾਰ ਹੈ।

ਨਗੀਂ ਖ਼ਾਤਮਿ ਨਿਸਫ਼ਤੋ ਅਦਲ ਰਾ
ਸਮਰਿ ਸ਼ਜਰਾਇ ਰਹਿਮਤੋ ਫ਼ਜ਼ਲ ਰਾ ॥੧੧੭॥

ਉਹ ਇਨਸਾਫ਼ ਅਤੇ ਨਿਆਇ ਦੀ ਅੰਗੂਠੀ ਦਾ ਨਗੀਨਾ ਹੈ,
ਉਹ ਰਹਿਮਤ ਅਤੇ ਫ਼ਜ਼ਲ ਦੇ ਬਿਰਛ ਦਾ ਫਲ ਹੈ।

ਗਹੁਰਿ ਮਾਅਦਨਿ ਫ਼ਜ਼ਲੋ ਅਕਰਾਮ ਰਾ
ਜ਼ਿਆ ਬਖ਼ਸ਼ਿ ਇਹਸਾਨੋ ਇਨਆਮ ਰਾ ॥੧੧੮॥

ਉਹ ਕਰਮ ਅਤੇ ਬਖ਼ਸ਼ਿਸ਼ ਦੀ ਖਾਣ ਦਾ ਮੋਤੀ ਹੈ,
ਉਹ ਨਿਆਮਤਾਂ ਅਤੇ ਅਹਿਸਾਨਾਂ ਨੂੰ ਬਖ਼ਸ਼ਣ ਵਾਲੀ ਰੋਸ਼ਨੀ ਹੈ।

ਤਰਾਵਤ ਰਯਾਹੀਨਿ ਤੌਹੀਦ ਰਾ
ਨਜ਼ਾਰਤ ਬੁਸਾਤੀਨਿ ਤਜਰੀਦ ਰਾ ॥੧੧੯॥

ਉਹ ਇਕ-ਰੱਬ ਦੀਆਂ ਵੇਲਾਂ ਦੀ ਤਰਾਵਤ ਹੈ,
ਉਹ ਇਕ ਉਂਅਕਾਰ ਦੇ ਬਾਗਾਂ ਦੀ ਸੁਗੰਧੀ ਹੈ।

ਬ-ਰਜ਼ਮ ਅੰਦਰੂੰ ਨੱਰਾਇ ਸ਼ੇਰਿ ਦਮਾਂ
ਬ-ਬਜ਼ਮ ਅੰਦਰੂੰ ਅਬਰਿ ਗਹੁਰ ਫ਼ਿਸ਼ਾਂ ॥੧੨੦॥

ਜੰਗ ਦੇ ਮੈਦਾਨ ਵਿਚ ਉਹ ਚੰਘਾੜਦਾ ਹੋਇਆ ਬੱਬਰ ਸ਼ੇਰ ਹੈ,
ਮਹਿਫ਼ਲ ਵਿਚ ਉਹ ਮੋਤੀ ਵਰਸਾਉਣ ਵਾਲਾ ਬੱਦਲ ਹੈ।

ਬ-ਮੈਦਾਨਿ ਜੰਗ ਆਵਰੀ ਸ਼ਹਿਸਵਾਰ
ਬ-ਜੌਲਾਨਿ ਖ਼ਸਮ ਅਫ਼ਗਨੀ ਨਾਮਦਾਰ ॥੧੨੧॥

ਜੰਗਾਂ ਜੁੱਧਾਂ ਦੇ ਮੈਦਾਨ ਵਿਚ ਉਹ ਸ਼ਾਹਸਵਾਰ ਹੈ,
ਉਹ ਸ਼ਤਰੂਆਂ ਨੂੰ ਡੇਗਣ ਵਾਲੀ ਦੌੜ ਲਈ ਪ੍ਰਸਿੱਧ ਹੈ।

ਬ ਬਹਿਰਿ ਤਹਾਰਬ ਦਮਿੰਦਾ ਨਿਹੰਗ
ਦਿਲਿ ਖ਼ਸਮ ਦੋਜ਼ਾਂ ਬ ਤੀਰੋ ਖ਼ਦੰਗ ॥੧੨੨॥

ਉਹ ਜੰਗਾਂ ਦੇ ਸਮੁੰਦਰ ਦਾ ਫੁੰਕਾਰਦਾ ਹੋਇਆ ਮਗਰਮੱਛ ਹੈ।
ਉਹ ਆਪਣੇ ਤੀਰਾਂ ਤੁਫੰਗਾਂ ਨਾਲ ਦੁਸ਼ਮਨ ਦੇ ਦਿਲ ਨੂੰ ਪਰੋ ਦੇਣ ਵਾਲਾ ਹੈ।

ਫ਼ਿਰੋਜ਼ਿੰਦਾ ਮਿਹਰੇ ਬ ਐਵਾਨਿ ਬਜ਼ਮ
ਦਮਾਂ ਅਜ਼ਦਹਾਇ ਬ ਮੈਦਾਨਿ ਰਜ਼ਮ ॥੧੨੩॥

ਉਹ ਮਹਿਫ਼ਲ ਦੇ ਮਹਿਲਾਂ ਦਾ ਚਮਕਦਾ ਸੂਰਜ ਹੈ,
ਉਹ ਜੰਗ ਦੇ ਮੈਦਾਨ ਦਾ ਸ਼ੂਕਦਾ ਨਾਗ ਹੈ।

ਹਮਾਯੂੰ ਹੁਮਾ ਔਜਿ ਤਕਮੀਲ ਰਾ
ਦਰਖ਼ਸ਼ਿੰਦਾ ਮਹਿ ਔਜਿ ਤਫ਼ਜ਼ੀਲ ਰਾ ॥੧੨੪॥

ਨਿਪੁੰਨਤਾ ਦੀ ਉਚਿਆਈ ਦਾ ਉਹ ਮੁਬਾਰਕ ਹੁਮਾ ਹੈ,
ਵਡਿਆਈ ਦੀ ਬੁਲੰਦੀ ਦਾ ਉਹ ਚਮਕਦਾ ਚੰਦਰਮਾ ਹੈ।

ਗੁਲ ਆਰਾਇ ਬਾਗ਼ਿ ਜਹਾਂ ਪਰਵਰੀ
ਫ਼ਰੋਗ਼ਿ ਦਿਲੋ ਦੀਦਾਇ ਸਰਵਰੀ ॥੧੨੫॥

ਉਹ ਜਹਾਨ ਦੀ ਪ੍ਰਿਤਪਾਲਣਾ ਦੇ ਬਾਗ਼ ਦੇ ਫੁੱਲਾਂ ਨੂੰ ਸਜਾਉਣ ਵਾਲਾ ਹੈ,
ਉਹ ਸਰਦਾਰੀ ਦੇ ਦਿਲ ਅਤੇ ਨੇਤਰਾਂ ਦੀ ਰੌਸ਼ਨੀ ਹੈ।

ਨੇ ਆਈਨ ਗੁਲਿ ਗੁਲਸ਼ਨਿ ਫ਼ੱਰੋ ਜ਼ੇਬ
ਬੁਲੰਦ ਅਜ਼ ਸ਼ੁਮਾਰਿ ਫ਼ਰਾਜ਼ੋ ਨਸ਼ੇਬ ॥੧੨੬॥

ਸ਼ਾਨ ਸ਼ੌਕਤ ਅਤੇ ਸਜਾਵਟ ਦੇ ਬਾਗ਼ ਦਾ ਉਹ ਤਾਜ਼ਾ ਫੁੱਲ ਹੈ,
ਉਹ ਉਤਾਰ ਚੜ੍ਹਾਓ ਦੇ ਹਿਸਾਬ ਤੋਂ ਬਾਹਰ ਹੈ।

ਜਹਾਂਬਾਨਿ ਮੁਲਕਿ ਦਵਾਮੋ ਅਬਦ
ਬ-ਇਲਮੁਲ ਯਕੀਂ ਦਰ ਦੋ ਆਲਮ ਅਹਦ ॥੧੨੭॥

ਉਹ ਸਦੀਵੀ ਮੁਲਕ ਅਤੇ ਅਮਰ ਦੇਸ਼ ਦਾ ਨਿਗਾਹਬਾਨ ਹੈ,
ਗਿਆਨ ਦੇ ਵਿਸ਼ਵਾਸ ਰਾਹੀਂ ਉਹ ਦੋਹਾਂ ਜਹਾਨਾਂ ਵਿਚ ਇਕੋ ਇਕ ਵਿਅਕਤੀ ਹੈ।

ਹਮਾ ਔਲੀਆ ਓ ਹਮਾ ਅੰਬੀਆ
ਹਮਾ ਅਸਫ਼ੀਆ ਓ ਹਮਾ ਅਤਕੀਆ ॥੧੨੮॥

ਸਾਰੇ ਵਲੀਆਂ ਅਤੇ ਸਾਰੇ ਨਬੀਆਂ ਨੇ
ਸਾਰੇ ਸੂਫ਼ੀਆਂ ਅਤੇ ਸਾਰੇ ਪਰਹੇਜ਼ਗਾਰਾਂ ਨੇ

ਬਖ਼ਾਕਿ ਦਰਸ਼ ਸਰ ਨਿਹਾਦਾ ਬ-ਇਜਜ਼
ਬਪਾ ਅੰਦਰਸ਼ ਓਫ਼ਤਾਦਾ ਬ-ਇਜਜ਼ ॥੧੨੯॥

ਉਸ ਦੇ ਦਰਵਾਜ਼ੇ ਦੀ ਖ਼ਾਕ ਉੱਤੇ ਨਿਮਰਤਾ ਸਹਿਤ ਸਿਰ ਝੁਕਾ ਰਖਿਆ ਹੈ,
ਉਹ ਸਨਿਮਰ ਉਸ ਦੇ ਚਰਨਾਂ ਵਿਚ ਡਿੱਗੇ ਹੋਏ ਹਨ।

ਚਿ ਔਤਾਦ ਹਾ ਓ ਚਿ ਅਬਦਾਲ ਹਾ
ਚਿ ਅਕਤਾਬ ਫ਼ਰਖ਼ੰਦਾ ਇਕਬਾਲ ਹਾ ॥੧੩੦॥

ਕੀ ਬਜ਼ੁਰਗ ਅਤੇ ਕੀ ਅਬਦਾਲ ਮਸਤ ਕਲੰਦਰ,
ਕੀ ਕੁਤਬ ਅਤੇ ਕੀ ਨੇਕ ਸ਼ਗਨਾਂ ਵਾਲੇ ਪਰਵਾਣ ਪਿਆਰੇ,

ਚਿ ਸ਼ਿੱਧੋ ਚਿ ਨਾਥੋ ਚਿ ਗ਼ੌਸੋ ਚਿ ਪੀਰ
ਚਿ ਸੁਰ-ਜਨ ਚਿ ਮੁਨਿ-ਜਨ ਚਿ ਸ਼ਾਹ ਚਿ ਫ਼ਕੀਰ ॥੧੩੧॥

ਕੀ ਸਿੱਧ ਅਤੇ ਕੀ ਨਾਥ, ਕੀ ਗ਼ੌਸ ਅਤੇ ਕੀ ਪੀਰ,
ਕੀ ਸੁਰਜਨ, ਮੁਨਜਨ ਅਤੇ ਕੀ ਬਾਦਸ਼ਾਹ ਅਤੇ ਕੀ ਫ਼ਕੀਰ।

ਹਮਾ ਬੰਦਾ ਓ ਫ਼ਿਦਵੀਇ ਨਾਮਿ ਊ
ਹਮਾ ਖ਼ਾਸਤਗਾਰਿੰਦਾਇ ਕਾਮਿ ਊ ॥੧੩੨॥

ਸਾਰੇ ਹੀ ਉਸ ਦੇ ਨਾਮ ਦੇ ਗ਼ੁਲਾਮ ਅਤੇ ਸੇਵਕ ਹਨ,
ਸਾਰੇ ਹੀ ਉਸ ਦੀ ਕਾਮਨਾ ਦੀ ਚੇਸ਼ਟਾ ਕਰਨ ਵਾਲੇ ਹਨ।

ਕਜ਼ਾ ਓ ਕਦਰ ਹਰ ਦੋ ਦਰ ਤਾਇਤਸ਼
ਸ-ਪਹਿਰੋ ਜ਼ਮੀਂ ਹਰ ਦੋ ਦਰ ਖ਼ਿਦਮਤਸ਼ ॥੧੩੩॥

ਹੋਣੀ ਅਤੇ ਪ੍ਰਕ੍ਰਿਤੀ ਦੋਵੇਂ ਉਸ ਦੀ ਤਾਬਿਆ ਹਨ,
ਆਸਮਾਨ ਅਤੇ ਧਰਤ ਦੋਵੇਂ ਉਸ ਦੀ ਸੇਵਾ ਵਿਚ ਹਨ।

ਖ਼ੁੱਰੋ ਮਾਹ ਹਰ ਦੋ ਗਦਾਇ ਦਰਸ਼
ਬੱਰੋ ਬਹਿਰ ਹਰ ਦੋ ਸਨਾ ਗੁਸਤਰਸ਼ ॥੧੩੪॥

ਸੂਰਜ ਚੰਦ ਦੋਵੇਂ ਉਸ ਦੇ ਦਵਾਰੇ ਦੇ ਮੰਗਤੇ ਹਨ,
ਜਲ ਥਲ ਦੋਵੇਂ ਹੀ ਉਸ ਦੀ ਸਿਫ਼ਤ ਸਨਾ ਦਾ ਪ੍ਰਸਾਰ ਕਰਨ ਵਾਲੇ ਹਨ।

ਤਵਾਲੀ ਤਫ਼ੱਜ਼ੁਲ ਤਵਾਤਰ ਕਰਮ
ਤਵਾਫ਼ਰ ਤਰਾਹਮ ਤਕਾਸਰ ਨਅਮ ॥੧੩੫॥

ਉਹ ਮਿਹਰਾਂ ਅਤੇ ਬਖ਼ਸ਼ਿਸ਼ਾਂ ਪਿੱਛੇ ਜਾਣ ਵਾਲਾ ਹੈ,
ਉਹ ਰਹਿਮਤਾਂ ਦੀ ਬਹੁਤਾਤ ਹੈ ਅਤੇ ਨਿਆਮਤਾਂ ਦਾ ਅਤਿਅੰਤ ਹੈ।

ਮਕਾਲਿਸ਼ ਰਿਆਹੁਲ-ਅਜਮ ਵਲ-ਅਰਬ
ਜ਼ਿ ਨੂਰਸ਼ ਫ਼ਰੋਜ਼ਾਂ ਸ਼ਰਕੁਲ ਗ਼ਰਬ ॥੧੩੬॥

ਉਸ ਦੇ ਬੋਲ ਅਰਬ ਅਤੇ ਈਰਾਨ ਲਈ ਸੁਗੰਧ ਸ਼ਮੀਰ ਹਨ,
ਉਸ ਦੇ ਨੂਰ ਤੋਂ ਪੂਰਬ ਅਤੇ ਪੱਛਮ ਰੋਸ਼ਨ ਹਨ।

ਹਰ ਆਂ ਕਸ ਕਿ ਅਜ਼ ਰਹਿ ਸਿਦਕ ਇਅਤਕਾਦ
ਬਪਾਇ ਹਮਾਯੂਨਿ ਊ ਸਰ ਨਿਹਾਦ ॥੧੩੭॥

ਹਰ ਉਸ ਪੁਰਸ਼ ਨੇ ਜਿਸ ਨੇ ਸੱਚੇ ਦਿਲ ਅਤੇ ਵਿਸ਼ਵਾਸ ਨਾਲ,
ਉਸ ਦੇ ਮੁਬਾਰਕ ਚਰਨਾਂ ਵਿਚ ਆਪਣਾ ਸਿਰ ਰੱਖ ਦਿੱਤਾ।

ਸਰ ਅਫ਼ਰਾਖ਼ਤਸ਼ ਹੱਕ ਜ਼ਿ ਹਰ ਸਰਬੁਲੰਦ
ਅਗਰ ਸ਼ਰ-ਨਿਗੂੰ ਬਖ਼ਤੋ ਅਖ਼ਤਰ ਨਜ਼ੰਦ ॥੧੩੮॥

ਰੱਬ ਨੇ ਉਸ ਨੂੰ ਹਰ ਉੱਚੇ ਪੁਰਸ਼ ਤੋਂ ਵੀ ਉਚੇਰਾ ਮਾਨ ਬਖ਼ਸ਼ਿਆ,
ਭਾਵੇਂ ਉਸ ਦੀ ਤਕਦੀਰ ਮਾੜੀ ਸੀ ਅਤੇ ਉਸ ਦਾ ਸਿਤਾਰਾ ਕਮਜ਼ੋਰ ਸੀ।

ਹਰ ਆਂ ਕਸ ਕਿ ਊ ਖ਼ਾਂਦ ਨਾਮਸ਼ ਬਸਿਦਕ
ਰਵਾ ਸ਼ੁਦ ਹਰ ਉਮੀਦੋ ਕਾਮਸ਼ ਬਸਿਦਕ ॥੧੩੯॥

ਹਰ ਉਸ ਬੰਦੇ ਨੇ ਜਿਸ ਨੇ ਉਸ ਦਾ ਨਾਮ ਸੱਚੇ ਦਿਲੋਂ ਲਿਆ,
ਨਿਰਸੰਦੇਹ ਉਸ ਦੀ ਹਰ ਮੁਰਾਦ ਅਤੇ ਕਾਮਨਾ ਪੂਰੀ ਹੋ ਗਈ।

ਹਰ ਆਂ ਕਸ ਕਿ ਊ ਨਾਮਿ ਊ ਰਾ ਸ਼ਨੀਦ
ਜ਼ਿ ਪਾਦਾਸ਼ਿ ਹਰ ਮਾਅਸੀਅਤ ਵਾ ਰਹੀਦ ॥੧੪੦॥

ਹਰ ਉਸ ਬੰਦੇ ਨੇ ਜਿਸ ਨੇ ਉਸ ਦਾ ਪਵਿੱਤਰ ਨਾਮ ਸੁਣਿਆ,
ਉਹ ਹਰ ਗੁਨਾਹ ਦੀ ਸਜ਼ਾ ਤੋਂ ਮੁਕਤ ਹੋ ਗਿਆ।

ਹਰ ਆਂ ਕਸ ਕਿ ਦੀਦਾਰਿ ਪਾਕਿਸ਼ ਬਦੀਦ
ਬਚਸ਼ਮ ਅੰਦਰਸ਼ ਨੂਰਿ ਹੱਕ ਸ਼ੁਦ ਪਦੀਦ ॥੧੪੧॥

ਹਰ ਉਸ ਬੰਦੇ ਨੇ ਜਿਸ ਨੇ ਉਸ ਦੇ ਪਵਿੱਤਰ ਦਰਸ਼ਨ ਕੀਤੇ,
ਉਸ ਦੇ ਨੇਤਰਾਂ ਵਿਚ ਰੱਬ ਦਾ ਨੂਰ ਜਗਮਗਾ ਉੱਠਿਆ।

ਹਰ ਆਂ ਕਸ ਕਿ ਊ ਗਸ਼ਤ ਮਨਜ਼ੂਰਿ ਊ
ਬ-ਵਸਲਿ ਖ਼ੁਦਸ਼ ਹੱਕ ਫ਼ਜ਼ੂਦ ਆਬਰੂ ॥੧੪੨॥

ਜੋ ਕੋਈ ਵੀ ਉਸ ਦੀਆਂ ਨਜ਼ਰਾਂ ਨੂੰ ਭਾ ਗਿਆ,
ਰੱਬ ਨੇ ਆਪਣੇ ਮਿਲਾਪ ਨਾਲ ਉਸ ਦਾ ਮਾਨ ਸਤਿਕਾਰ ਵਧਾ ਦਿੱਤਾ।

ਤੁਫ਼ੈਲਸ਼ ਹਮਾ ਮੁਜਰਮਾਂ ਰਾ ਨਜਾਤ
ਜ਼ਿ ਪਾ-ਸ਼ੁਇ ਊ ਮੁਰਦਗਾਂ ਰਾ ਹਯਾਤ ॥੧੪੩॥

ਉਸ ਦੀ ਮਿਹਰ ਸਦਕਾ ਸਾਰੇ ਗੁਨਾਹਗਾਰਾਂ ਨੂੰ ਮੁਕਤੀ ਪ੍ਰਾਪਤ ਹੋ ਗਈ,
ਉਸ ਦੇ ਚਰਨ ਧੋਣ ਕਰਕੇ ਮੁਰਦੇ ਵੀ ਜੀ ਪੈਂਦੇ ਹਨ।

ਚਿ ਹੈਵਾਂ ਮੁਕਾਬਿਲ ਬ-ਪਾਸ਼ੁਇ ਊ
ਕਿ ਆਂ ਨੀਜ਼ ਸ਼ੁਦ ਬੰਦਾਇ ਕੂਇ ਊ ॥੧੪੪॥

ਉਸ ਦੇ ਚਰਨ ਧੋਣ ਦੇ ਸਾਹਮਣੇ ਅੰਮ੍ਰਿਤ ਕੀ ਚੀਜ਼ ਹੈ।
ਕਿਉਂ ਜੋ ਉਹ ਵੀ ਉਸ ਦੀ ਗਲੀ ਦਾ ਗੁਲਾਮ ਹੋ ਜਾਂਦਾ ਹੈ।

ਜ਼ਿ ਹੈਵਾਂ ਅਗਰ ਮੁਰਦਾ ਗਿਲ ਹਾ ਜੀਅੰਦ
ਅਜ਼ੀਂ ਆਬ ਜਾਂ-ਹਾ ਓ ਦਿਲ ਹਾ ਜ਼ੀਅੰਦ ॥੧੪੫॥

ਜੇਕਰ ਅਬਿ-ਹਯਾਤ ਤੋਂ ਮੁਰਦਾ ਮਿੱਟੀ ਵਿਚ ਜਾਨ ਪੈ ਜਾਂਦੀ ਹੈ,
ਤਾਂ ਇਸ ਅੰਮ੍ਰਿਤ ਤੋਂ ਜਾਨ ਅਤੇ ਦਿਲ ਸੁਰਜੀਤ ਹੋ ਜਾਂਦੇ ਹਨ।

ਜ਼ਲਾਲਿ ਮਕਾਲਿਸ਼ ਚੁਨਾਂ ਆਮਦਾ
ਕਿ ਸਦ ਆਬਿ ਹੈ ਵਾਂ ਦਰਾਂ ਆਮਦਾ ॥੧੪੬॥

ਉਸ ਦੇ ਬੋਲਾਂ ਦਾ ਰੂਪ ਕੁਝ ਇਹੋ ਜਿਹਾ ਹੈ।
ਕਿ ਉਸ ਵਿਚ ਸੈਂਕੜੇ ਆਬਿ-ਹਯਾਤ ਸਮਾ ਜਾਂਦੇ ਹਨ।

ਜਹਾਂ ਦਰ ਜਹਾਂ ਮੁਰਦਾ ਰਾ ਜ਼ਿੰਦਾ ਕਰਦ
ਹਜ਼ਾਰਾਂ ਦਿਲਿ ਜ਼ਿੰਦਾ ਰਾ ਬੰਦਾ ਕਰਦ ॥੧੪੭॥

ਕਈਆਂ ਮੁਰਦਿਆਂ ਦੀਆਂ ਦੁਨੀਆਂ ਨੂੰ ਉਸ ਨੇ ਸੁਰਜੀਤ ਕਰ ਦਿੱਤਾ,
ਹਜ਼ਾਰਾਂ ਜ਼ਿੰਦਾ ਦਿਲਾਂ ਨੂੰ ਉਸ ਨੇ ਆਪਣਾ ਬੰਦਾ ਬਣਾ ਲਿਆ।

ਚਿ ਗੰਗਾ ਮੁਕਾਬਿਲ ਬ ਅੰਮ੍ਰਿਤਸਰਸ਼
ਕਿ ਹਰ ਹਸ਼ਤੋ ਸ਼ਸਤ ਆਮਦਾ ਚਾਕਰਸ਼ ॥੧੪੮॥

ਉਸ ਦੇ ਅੰਮ੍ਰਿਤ ਸਰੋਵਰ (ਅੰਮ੍ਰਿਤਸਰ) ਦੇ ਮੁਕਾਬਲੇ ਤੇ ਗੰਗਾ ਕੀ ਹੈ,
ਕਿਉਂ ਜੋ ਅਠਸੱਠ ਤੀਰਥਾਂ 'ਚੋਂ ਹਰ ਇਕ ਉਸ ਦਾ ਚਾਕਰ ਹੈ।

ਵਜੂਦਸ਼ ਬਹੱਕ ਪਾਇਦਾਰੋ ਮੁਦਾਮ
ਦਿਲਸ਼ ਰੋਸ਼ਨ ਅਜ ਨੂਰਿ ਹੱਕੁਲ-ਕਰਾਮ ॥੧੪੯॥

ਉਸ ਦਾ ਵਜੂਦ ਸੱਚ ਸਦਕਾ ਸਦੀਵੀ ਅਤੇ ਅਮਰ ਹੈ,
ਰੱਬ ਦੀ ਬਖ਼ਸ਼ਿਸ਼ ਦੇ ਨੂਰ ਸਦਕਾ ਉਸ ਦਾ ਦਿਲ ਸਦਾ ਰੌਸ਼ਨ ਹੈ।

ਬਹੱਕ ਦਾਨੀ ਅਜ਼ ਜ਼ੁਮਲਾ ਵਾਲਾ ਨਜ਼ਰ
ਬਹੱਕ ਬੀਨੀ ਅਜ਼ ਜੁਮਲਾ ਰੋਸ਼ਨ ਬਸਰ ॥੧੫੦॥

ਸੱਚ ਦੇ ਜਾਣਨ ਵਿਚ ਉਸ ਦੀ ਸਭ ਨਾਲੋਂ ਉਚੇਰੀ ਦਿਬ-ਦ੍ਰਿਸ਼ਟੀ ਹੈ,
ਸੱਚ ਦੇ ਵੇਖਣ ਵਿਚ ਉਹ ਸਭ ਨਾਲੋਂ ਰੋਸ਼ਨ ਨਿਗਾਹ ਰੱਖਦਾ ਹੈ।

ਬ-ਆਗਾਹੀ ਅਜ਼ ਜੁਮਲਾ ਆਗਾਹ ਤਰ
ਦਰ ਅਕਲੀਮ ਦਾਨਿਸ਼ ਸ਼ਹਿਨਸ਼ਾਹ ਤਰ ॥੧੫੧॥

ਸੱਚ ਦੇ ਗਿਆਨ ਤੋਂ ਉਹ ਸਭਨਾਂ ਨਾਲੋਂ ਵਧੇਰੇ ਵਾਕਫ਼ਕਾਰ ਹੈ,
ਅਕਲ ਅਤੇ ਸੂਝ ਦਾ ਉਹ ਸ਼ਹਿਨਸ਼ਾਹ ਹੈ।

ਜਬੀਨਿ ਮਤੀਨਸ਼ ਫ਼ਰੋਜ਼ਿੰਦਾ ਨੂਰ
ਜ਼ਮੀਰਿ ਮੁਨੀਰਸ਼ ਦਰਖ਼ਸ਼ਿੰਦਾ ਹੂਰ ॥੧੫੨॥

ਉਸ ਦਾ ਫ਼ੌਲਾਦੀ ਮੱਥਾ ਰੱਬੀ ਨੂਰ ਨਾਲ ਚਮਕਦਾ ਹੈ,
ਉਸ ਦੀ ਨੂਰਾਨੀ ਆਤਮਾ ਇਕ ਚਮਕਦਾ ਸੂਰਜ ਹੈ।

ਬ-ਫ਼ਜ਼ਲੋ ਤਰਾਹਮ ਸਰਾਸਰ ਫ਼ਜ਼ਾਲ
ਬ-ਜ਼ੇਬੋ ਤਜ਼ੱਈਅਨ ਸਰਾਪਾ ਜਮਾਲ ॥੧੫੩॥

ਰਹਿਮ ਕਰਮ ਵਿਚ ਉਹ ਸਰਾਸਰ ਬਖ਼ਸ਼ਿੰਦਾ ਹੈ,
ਸੁਹਜ ਸ਼ਿੰਗਾਰ ਵਿਚ ਉਹ ਸਿਰ ਤੋਂ ਪੈਰ ਤੱਕ ਹੁਸਨ ਹੀ ਹੁਸਨ ਹੈ।

ਬ-ਹਿੰਮਤ ਬੁਲੰਦੀ ਬੁਲੰਦ ਅਜ਼ ਹਮਾ
ਬ ਇਕਬਾਲ ਫ਼ੀਰੋਜ਼ਮੰਦ ਅਜ਼ ਹਮਾ ॥੧੫੪॥

ਹੌਸਲੇ ਵਿਚ ਉਹ ਸਭ ਨਾਲੋਂ ਉਚੇਰੇ ਹੌਸਲੇ ਦਾ ਮਾਲਕ ਹੈ,
ਇਕਬਾਲ, ਮਰਤਬੇ ਵਿਚ ਉਹ ਸਭ ਨਾਲੋਂ ਵਧੇਰੇ ਸੁਭਾਗਾ ਹੈ।

ਅਗਰਚਿ ਬ-ਤਸਖ਼ੀਰਿ ਹਰ ਦੋ ਜਹਾਂ
ਨਿਆਜ਼ਸ਼ ਨਾ ਬਾਸ਼ਦ ਬ ਤੇਗ਼ੋ ਸਨਾਂ ॥੧੫੫॥
ਵਲੇ ਜੋਹਰਿ ਤੇਗ਼ ਅਫ਼ਰੋਖ਼ਤਾ
ਜ਼ਿ ਬਰਕਸ਼ ਦਿਲਿ ਦੁਸ਼ਮਨਾਂ ਸੋਖ਼ਤਾ ॥੧੫੬॥

ਭਾਵੇਂ ਦੋਹਾਂ ਜਹਾਨਾਂ ਦੀ ਫ਼ਤਹਿ ਲਈ ਉਸ ਨੂੰ
ਤਲਵਾਰਾਂ ਅਤੇ ਭਾਲੇ ਦੀ ਲੋੜ ਨਹੀਂ,
ਪਰ ਉਸ ਦੀ ਤਲਵਾਰ ਦਾ ਜੋਹਰ ਜਦ ਰੋਸ਼ਨ ਹੁੰਦਾ ਹੈ,
ਤਾਂ ਉਸ ਦੀ ਬਿਜਲੀ ਨਾਲ ਦੁਸ਼ਮਨਾਂ ਦਾ ਦਿਲ ਬਲ ਉੱਠਦਾ ਹੈ।

ਜ਼ਿ ਜ਼ੋਪੀਨਿ ਊ ਪੀਲ ਰਾ ਖ਼ੂੰ ਜਿਗਰ
ਜ਼ਿ ਤੀਰਸ਼ ਜਿਗਰ ਸੋਖ਼ਤਾ ਸ਼ੇਰਿ ਨਰ ॥੧੫੭॥

ਉਸ ਦੇ ਨੇਜ਼ੇ ਤੋਂ ਹਾਥੀ ਦੇ ਜਿਗਰ ਦਾ ਖ਼ੂਨ ਹੋ ਜਾਂਦਾ ਹੈ,
ਉਸ ਦੇ ਤੀਰ ਤੋਂ ਬੱਬਰ ਸ਼ੇਰ ਦਾ ਜਿਗਰ ਵੀ ਸੜ ਜਾਂਦਾ ਹੈ।

ਕਮੰਦਸ਼ ਦਦੋ ਦਾਮ ਦਰ ਬੰਦ ਕਰਦ
ਸਿਨਾਨਸ਼ ਜ਼ਿ ਦੇਵਾਂ ਬਰ ਆਵੁਰਦ ਗਰਦ ॥੧੫੮॥

ਉਸ ਦੀ ਕਮੰਦ ਨੇ ਜਾਨਵਰਾਂ ਅਤੇ ਦਰਿੰਦਿਆਂ ਨੂੰ ਆਪਣੇ ਫ਼ੰਦੇ ਵਿਚ ਫਸਾ ਲਿਆ ਹੈ।
ਉਸ ਦੇ ਭਾਲੇ ਨੇ ਦੈਂਤਾਂ ਦੀ ਧੂੜ ਉੜਾ ਦਿੱਤੀ ਹੈ।

ਚੁਨਾਂ ਨਾਵਕਸ਼ ਹਲਕਾ ਦਰ ਕੋਹ ਕਰਦ
ਕਿ ਅਰਜਨ ਨ ਕਰਦਾ ਬਰੂਜ਼ਿ ਨਬੁੱਰਦ ॥੧੫੯॥

ਉਸ ਦੇ ਤਿੱਖੇ ਤੀਰ ਨੇ ਪਹਾੜ ਨੂੰ ਇਸ ਤਰ੍ਹਾਂ ਵਿੰਨ੍ਹ ਦਿੱਤਾ,
ਕਿ ਅਰਜੁਨ ਵੀ ਜੰਗ ਦੇ ਦਿਨ ਅਜਿਹਾ ਨਹੀਂ ਕਰ ਸਕਿਆ।

ਚਿ ਅਰਜੁਨ ਚਿ ਭੀਮੋ ਚਿ ਰੁਸਤਮ ਚਿ ਸਾਮ
ਚਿ ਅਸਫ਼ੰਦਯਾਰੋ ਚਿ ਲਛਮਨ ਚਿ ਰਾਮ ॥੧੬੦॥

ਅਰਜੁਨ ਜਾਂ ਭੀਮ ਅਤੇ ਰੁਸਤਮ ਜਾਂ ਸਾਮ ਕੀ ਹਨ?
ਅਸਫ਼ੰ ਦਯਾਰ ਜਾਂ ਰਾਮ ਅਤੇ ਲਛਮਣ ਕੀ ਹਨ?

ਹਜ਼ਾਰਾਂ ਮਹੇਸ਼ੋ ਹਜ਼ਾਰਾਂ ਗਨੇਸ਼
ਬਪਾਇਸ਼ ਨਿਹਾਦਾ ਸਰਿ ਇਜਜ਼ਿ ਖੇਸ਼ ॥੧੬੧॥

ਹਜ਼ਾਰਾਂ ਮਹੇਸ਼ ਅਤੇ ਹਜ਼ਾਰਾਂ ਗਣੇਸ਼
ਨਿਮਰਤਾ ਨਾਲ ਆਪਣੇ ਸੀਸ ਉਸ ਦੇ ਚਰਨਾਂ ਤੇ ਝੁਕਾਉਂਦੇ ਹਨ।

ਹਮਾ ਬੰਦਾਇ ਊ ਸ਼ਾਹਿ ਫ਼ੀਰੋਜ਼-ਜੰਗ
ਦੋ ਆਲਮ ਅਜ਼ੋ ਯਾਫ਼ਤਾ ਬੂ ਓ ਰੰਗ ॥੧੬੨॥

ਉਸ ਜੰਗ ਦੇ ਵਿਜੱਈ ਬਾਦਸ਼ਾਹ ਦੇ ਸਾਰੇ ਹੀ ਗ਼ੁਲਾਮ ਹਨ,
ਦੋਹਾਂ ਜਹਾਨਾਂ ਨੇ ਉਸ ਦੇ ਹੱਥੋਂ ਰੌਣਕ ਪ੍ਰਾਪਤ ਕੀਤੀ ਹੈ।

ਹਜ਼ਾਰਾਂ ਅਲੀ ਓ ਹਜ਼ਾਰਾਂ ਵਲੀ
ਬਪਾਇਸ਼ ਨਿਹਾਦਾ ਸਰਿ ਸਰਵਰੀ ॥੧੬੩॥

ਹਜ਼ਾਰਾਂ ਅਲੀ ਅਤੇ ਹਜ਼ਾਰਾਂ ਵਲੀ,
ਆਪਣੀ ਸਰਦਾਰੀ ਦਾ ਸਿਰ ਉਸ ਦੇ ਕਦਮਾਂ ਵਿਚ ਰੱਖਦੇ ਹਨ।

ਚੂੰ ਤੀਰਸ਼ ਜਿਹਦ ਅਜ਼ ਕਮਾਂ ਤੇਜ਼ ਤਰ
ਹਮਾ ਦੁਸ਼ਮਨਾਂ ਰਾ ਸ਼ਿਗਾਫ਼ਦ ਜਿਗਰ ॥੧੬੪॥

ਜਦ ਉਸ ਦਾ ਤੀਰ ਕਮਾਨ ਵਿਚੋਂ ਤੇਜ਼ੀ ਨਾਲ ਛੁੱਟਦਾ ਹੈ,
ਤਾਂ ਸਾਰੇ ਦੁਸ਼ਮਨਾਂ ਦੇ ਜਿਗਰ ਚੀਰ ਦਿੰਦਾ ਹੈ।

ਖ਼ਦੰਗਸ਼ ਚੁਨਾਂ ਸੰਗਿ ਖ਼ਾਰਹ ਦਰਦ
ਕਿ ਸ਼ਮਸ਼ੀਰਿ ਹਿੰਦੀ ਗਿਆਹ ਰਾ ਬਰਦ ॥੧੬੫॥

ਉਸ ਦਾ ਤੀਰ ਸਖ਼ਤ ਪੱਥਰ ਨੂੰ ਇਸ ਤਰ੍ਹਾਂ ਕੱਟ ਦਿੰਦਾ ਹੈ,
ਜਿਵੇਂ ਹਿੰਦੀ ਤਲਵਾਰ ਘਾਹ ਨੂੰ ਕੱਟ ਦਿੰਦੀ ਹੈ।

ਚਿ ਸੰਗੋ ਚਿ ਆਹਨ ਬਰਿ ਤੀਰਿ ਊ
ਚਿ ਫ਼ਰਜ਼ਾਨਗਾਂ ਪੇਸ਼ਿ ਤਦਬੀਰਿ ਊ ॥੧੬੬॥

ਉਸ ਦੇ ਤੀਰ ਦੇ ਸਾਹਮਣੇ ਪੱਥਰ ਜਾਂ ਲੋਹਾ ਕੀ ਹਨ?
ਉਸ ਦੀ ਵਿਉਂਤਬੰਦੀ ਦੇ ਸਾਹਮਣੇ ਅਕਲਮੰਦਾਂ ਦੀ ਅਕਲ ਵੀ ਕੰਮ ਨਹੀਂ ਕਰਦੀ।

ਅਮੂਦਸ਼ ਚੂੰ ਬਰ ਫ਼ਰਕਿ ਪੀਲਾਂ ਰਸਦ
ਅਗਰ ਕੋਹ ਬਾਸ਼ਦ ਬਖ਼ਾਕ ਅਫ਼ਗਨਦ ॥੧੬੭॥

ਜਿਸ ਵਕਤ ਉਸ ਦਾ ਗੁਰਜ ਹਾਥੀਆਂ ਦੇ ਸਿਰ ਤੇ ਪੈਂਦਾ ਹੈ,
ਤਾਂ ਚਾਹੇ ਪਹਾੜ ਵੀ ਕਿਉਂ ਨਾ ਹੋਵੇ, ਉਹ ਮਿੱਟੀ ਨਾਲ ਮਿਲ ਜਾਂਦਾ ਹੈ।

ਸਨਾਇਸ਼ ਜ਼ਿ ਨਕਦਿ ਹਸਾਇਰ ਬਿਰੂੰ
ਉਲੂਅਸ਼ ਜ਼ਿ ਫ਼ਹਿਮਿ ਮਲਾਇਕ ਫਜ਼ੂੰ ॥੧੬੮॥

ਉਸ ਦੀ ਸਿਫ਼ਤ ਸਨਾ ਕਿਸੇ ਘੇਰੇ ਵਿਚ ਨਹੀਂ ਆਉਂਦੀ,
ਉਸ ਦੀ ਉਚਿਆਈ ਫ਼ਰਿਸ਼ਤਿਆਂ ਦੀ ਸਮਝ ਤੋਂ ਬਾਹਰ ਹੈ।

ਅਜ਼ਾਂ ਬਰਤਰੀਂ ਤਰ ਕਿ ਆਇਦ ਗੁਮਾਂ
ਅਜ਼ਾਂ ਬਰ ਤਰੀਂ ਤਰ ਕਿ ਗੋਇਦ ਜ਼ੁਬਾਂ ॥੧੬੯॥

ਉਹ ਸਾਡੀ ਸਮਝ ਜਾਂ ਅਕਲ ਤੋਂ ਬਹੁਤ ਉਚੇਰਾ ਹੈ,
ਉਸ ਦੀ ਵਡਿਆਈ ਸਾਡੀ ਜੀਭਾ ਦੇ ਕਥਨ ਤੋਂ ਬਾਹਰ ਹੈ।

ਵਜੂਦਸ਼ ਸਤੂੰ ਸਕਫ਼ਿ ਤਹਿਕੀਕ ਰਾ
ਰੁਖ਼ਸ਼ ਰੋਸ਼ਨ ਅਜ ਰਹਿਮਤਿ ਕਿਬਰੀਆ ॥੧੭੦॥

ਉਸ ਦਾ ਵਜੂਦ ਰੱਬ ਦੀ ਤਲਾਸ਼ ਦੀ ਛੱਤ ਦਾ ਥੰਮ ਹੈ,
ਉਸ ਦਾ ਮੁਖੜਾ ਰੱਬ ਦੀ ਰਹਿਮਤ ਸਦਕਾ ਸਦਾ ਰੋਸ਼ਨ ਹੈ।

ਦਿਲਸ਼ ਮਿਹਰਿ ਰਖ਼ਸ਼ਾਂ ਜ਼ਿ ਅਤਵਾਰਿ ਹੱਕ
ਬ ਸਿਦਕ ਅਜ਼ ਹਮਾ ਸਾਦਿਕਾਨਿਸ਼ ਸਬਕ ॥੧੭੧॥

ਉਸ ਦਾ ਦਿਲ ਰੱਬ ਦੇ ਨੂਰ ਨਾਲ ਚਮਕਦਾ ਪਿਆ ਸੂਰਜ ਹੈ,
ਭਰੋਸੇ ਵਿਚ ਉਹ ਸਾਰੇ ਸਿਦਕਵਾਨਾਂ ਸਚਿਆਰਿਆਂ ਨਾਲੋਂ ਅਗੇਰੇ ਹੈ।

ਅਜ਼ਾਂ ਬਰਤਰ ਆਮਦ ਕਿ ਦਾਨਦ ਕਸੇ
ਅਜ਼ਾਂ ਬਰਗੁਜ਼ੀਦਾ ਕਿਹ ਖ਼ਾਨਦ ਕਸੇ ॥੧੭੨॥

ਉਹ ਉਸ ਦੀ ਪਦਵੀ ਨਾਲੋਂ ਵਧ ਕੇ ਹੈ ਜਿਸ ਨੂੰ ਕਿ ਕੋਈ ਜਾਣ ਸਕੇ,
ਉਹ ਕਿਸੇ ਬਿਆਨ ਕਰਨ ਨਾਲੋਂ ਵੱਧ ਸਤਿਕਾਰ ਯੋਗ ਹੈ।

ਜਹਾਂ ਦਰ ਜਹਾਂ ਮਕਰਮਤ ਜ਼ਾਤਿ ਊ
ਜ਼ਿ ਹੱਦ ਬਰਤਰ ਆਮਦ ਕਮਲਾਤਿ ਊ ॥੧੭੩॥

ਉਸ ਦੀ ਜ਼ਾਤ ਦੀ ਬਖ਼ਸ਼ਿਸ਼ ਨਾਲ ਸੰਸਾਰ ਭਰਿਆ ਪਿਆ ਹੈ,
ਉਸ ਦੇ ਕਮਾਲ ਕਿਸੇ ਵੀ ਹੱਦ ਬੰਨੇ ਵਿਚ ਨਹੀਂ ਆ ਸਕਦੇ।

ਚੂ ਤੌਸੀਫ਼ਸ਼ ਆਮਦ ਫ਼ਜ਼ੂੰ ਅਜ਼ ਹਿਸਾਬ
ਕੁਜਾ ਗੁੰਜਦ ਅੰਦਰ ਹਜਾਬਿ ਕਿਤਾਬ ॥੧੭੪॥

ਜਦ ਉਸ ਦੀ ਸਿਫ਼ਤ ਸਨਾ ਹਿਸਾਬੋਂ ਬਾਹਰ ਹੈ,
ਤਾਂ ਉਹ ਇਸ ਕਿਤਾਬ ਦੇ ਪਰਦੇ ਵਿਚ ਕਿਵੇਂ ਸਮਾ ਸਕਦੀ ਹੈ।

ਸਰਿ ਲਾਲ ਬਾਦਾ ਬਪਾਇਸ਼ ਫ਼ਿਦਾ
ਅਜ਼ੋ ਬਾਦ ਜਾਨੋ ਦਿਲਸ਼ ਰਾ ਨਵਾ ॥੧੭੫॥

ਰੱਬ ਕਰੇ, [ਨੰਦ] ਲਾਲ ਦਾ ਸਿਰ ਉਸ ਵਾਹਿਗੁਰੂ ਦੇ ਨਾਮ ਤੋਂ ਕੁਰਬਾਨ ਹੋ ਜਾਵੇ,
ਰੱਬ ਕਰੇ, [ਨੰਦ ਲਾਲ ਦੇ] ਦਿਲ ਅਤੇ ਜਾਨ ਉਸ ਦੀ ਭੇਟਾ ਹੋ ਜਾਣ।

ਤਮਾਮ ਸ਼ੁਦ ਜੋਤਿ ਬਿਗਾਸ ਮਿਨ-ਤਸਨੀਫ਼ ਭਾਈ ਨੰਦ ਲਾਲ ਗੋਯਾ।
ਭਾਈ ਨੰਦ ਲਾਲ ਗੋਯਾ ਰਚਿਤ ਜੋਤਿ ਬਿਗਾਸ ਸਮਾਪਤ ਹੋਇਆ।

ਵਾਹੁ ਵਾਹੁ ਗੁਰ ਪਤਿਤ ਉਧਾਰਨੰ
ਵਾਹੁ ਵਾਹੁ ਗੁਰ ਸੰਤ ਉਬਾਰਨੰ ॥੧॥
ਵਾਹੁ ਵਾਹੁ ਗੁਰ ਪਾਰ ਉਤਾਰਨੰ
ਵਾਹੁ ਵਾਹੁ ਗੁਰ ਅਗਮ ਅਪਾਰਨੰ ॥੨॥
ਵਾਹੁ ਵਾਹੁ ਗੁਰ ਹਰਿ ਆਰਾਧਨੰ
ਵਾਹੁ ਵਾਹੁ ਗੁਰ ਅਪਰ ਅਪਾਰਨੰ ॥੩॥
ਵਾਹੁ ਵਾਹੁ ਗੁਰ ਅਸੁਰ ਸੰਘਾਰਨੰ
ਵਾਹੁ ਵਾਹੁ ਗੁਰ ਦੈਤ ਪਿਛਾਰਨੰ ॥੪॥
ਵਾਹੁ ਵਾਹੁ ਗੁਰ ਦੁਸ਼ਟ ਬਿਦਾਰਨੰ
ਵਾਹੁ ਵਾਹੁ ਗੁਰ ਕਰੁਣਾ ਧਾਰਨੰ ॥੫॥
ਵਾਹੁ ਵਾਹੁ ਗੁਰ ਆਦਿ ਜੁਗਾਦਨੰ
ਵਾਹੁ ਵਾਹੁ ਗੁਰ ਅਗੰਮ ਅਗਾਧਨੰ ॥੬॥
ਵਾਹੁ ਵਾਹੁ ਗੁਰ ਸੱਚ ਆਰਾਧਨੰ
ਵਾਹੁ ਵਾਹੁ ਗੁਰ ਪੂਰਨ ਸਾਧਨੰ ॥੭॥
ਵਾਹੁ ਵਾਹੁ ਗੁਰ ਤਖ਼ਤ ਨਿਵਾਸਨੰ
ਵਾਹੁ ਵਾਹੁ ਗੁਰ ਨਿਹਚਲ ਆਸਨੰ ॥੮॥
ਵਾਹੁ ਵਾਹੁ ਗੁਰ ਭੈ ਬਿਨਾਸਨੰ
ਵਾਹੁ ਵਾਹੁ ਗੁਰ ਸੱਚੀ ਰਾਸਨੰ ॥੯॥
ਵਾਹੁ ਵਾਹੁ ਗੁਰ ਮੁਕਤਿ ਸਾਧਾਰਨੰ
ਵਾਹੁ ਵਾਹੁ ਗੁਰ ਸੰਗਤ ਤਾਰਨੰ ॥੧੦॥
ਵਾਹੁ ਵਾਹੁ ਗੁਰ ਇੱਛ ਪੁਜਾਵਨੰ
ਵਾਹੁ ਵਾਹੁ ਗੁਰ ਨਾਮ ਜਪਾਵਨੰ ॥੧੧॥
ਵਾਹੁ ਵਾਹੁ ਗੁਰ ਧਰਮ ਦ੍ਰਿੜ੍ਹਾਵਨੰ
ਵਾਹੁ ਵਾਹੁ ਗੁਰ ਪਤਿਤ ਪਾਵਨੰ ॥੧੨॥
ਵਾਹੁ ਵਾਹੁ ਗੁਰ ਨਾਇਕ ਸੱਚ ਗੰਧਨੰ
ਵਾਹੁ ਵਾਹੁ ਗੁਰ ਅਛੱਲ ਅਗੰਧਨੰ ॥੧੩॥

ਵਾਹੁ ਵਾਹੁ ਗੁਰ ਰੂਪ ਨਿਰੰਜਨੰ
ਵਾਹੁ ਵਾਹੁ ਗੁਰ ਭਰਮ ਭੈ ਭੰਜਨੰ ॥੧੪॥
ਵਾਹੁ ਵਾਹੁ ਗੁਰ ਅਛੱਲ ਅਛੇਦਨੰ
ਵਾਹੁ ਵਾਹੁ ਗੁਰ ਪੂਰਨ ਵੇਦਨੰ ॥੧੫॥
ਵਾਹੁ ਵਾਹੁ ਗੁਰ ਕੰਟਕ ਛੇਦਨੰ
ਵਾਹੁ ਵਾਹੁ ਗੁਰ ਅਲੱਖ ਅਭੇਦਨੰ ॥੧੬॥
ਵਾਹੁ ਵਾਹੁ ਗੁਰ ਅਚਿੰਤ ਦਿਆਲਨੰ
ਵਾਹੁ ਵਾਹੁ ਗੁਰ ਸਦਾ ਕਿਰਪਾਲਨੰ ॥੧੭॥
ਵਾਹੁ ਵਾਹੁ ਗੁਰ ਸਰਬ ਪ੍ਰਿਤਪਾਲਨੰ
ਵਾਹੁ ਵਾਹੁ ਗੁਰ ਪੁਰਖ ਅਕਾਲਨੰ ॥੧੮॥
ਵਾਹੁ ਵਾਹੁ ਗੁਰ ਨੌ ਨਿੱਧ ਦੇਵਨੰ
ਵਾਹੁ ਵਾਹੁ ਗੁਰ ਸਦਾ ਸਦੇਵਨੰ ॥੧੯॥
ਵਾਹੁ ਵਾਹੁ ਗੁਰ ਏਕੋ ਸੇਵਨੰ
ਵਾਹੁ ਵਾਹੁ ਗੁਰ ਅਲੱਖ ਅਭੇਵਨੰ ॥੨੦॥
ਵਾਹੁ ਵਾਹੁ ਗੁਰ ਸੱਚ ਸਚੀਰਨੰ
ਵਾਹੁ ਵਾਹੁ ਗੁਰ ਮੁਕਤ ਮੁਕਤੀਰਨੰ ॥੨੧॥
ਵਾਹੁ ਵਾਹੁ ਗੁਰ ਪੂਰਨ ਈਸ਼ਵਰੰ
ਵਾਹੁ ਵਾਹੁ ਗੁਰ ਸੁੱਚ ਸੁਚੀਸਰੰ ॥੨੨॥
ਵਾਹੁ ਵਾਹੁ ਗੁਰ ਘਟਿ ਘਟਿ ਬਿਆਪਨੰ
ਵਾਹੁ ਵਾਹੁ ਗੁਰ ਨਾਥ ਅਨਾਥਨੰ ॥੨੩॥
ਵਾਹੁ ਵਾਹੁ ਗੁਰ ਥਾਪ ਅਥਾਪਨੰ
ਵਾਹੁ ਵਾਹੁ ਗੁਰ ਹਰਿ ਹਰਿ ਜਾਪਨੰ ॥੨੪॥
ਵਾਹੁ ਵਾਹੁ ਗੁਰ ਸਮਰਥ ਪੂਰਨੰ
ਵਾਹੁ ਵਾਹੁ ਗੁਰ ਸੱਚਾ ਸੂਰਨੰ ॥੨੫॥
ਵਾਹੁ ਵਾਹੁ ਗੁਰ ਕਬੂ ਨਾ ਝੂਰਨੰ
ਵਾਹੁ ਵਾਹੁ ਗੁਰ ਕਲਾ ਸੰਪੂਰਨੰ ॥੨੬॥
ਨਾਨਕ ਸੋ ਅੰਗਦ ਗੁਰ ਦੇਵਨਾ
ਸੋ ਅਮਰ ਦਾਸ ਹਰਿ ਸੇਵਨਾ ॥੨੭॥
ਸੋ ਰਾਮ ਦਾਸ ਸੋ ਅਰਜਨਾ
ਸੋ ਹਰਿ ਗੋਬਿੰਦ ਹਰਿ ਪਰਸਨਾ ॥੨੮॥
ਸੋ ਕਰਤਾ ਹਰਿ ਰਾਇ ਦਾਤਾਰਨੰ
ਸੋ ਹਰਿ ਕ੍ਰਿਸ਼ਨ ਅਗੰਮ ਅਪਾਰਨੰ ॥੨੯॥
ਸੋ ਤੇਗ ਬਹਾਦੁਰ ਸਤਿ ਸਰੂਪਨਾ
ਸੋ ਗੁਰ ਗੋਬਿੰਦ ਸਿੰਘ ਹਰਿ ਕਾ ਰੂਪਨਾ ॥੩੦॥

ਸਭ ਏਕੋ ਏਕੋ ਏਕਨਾ
ਨਹੀਂ ਭੇਦ ਨਾ ਕਛੂ ਭੀ ਪੇਖਨਾ ॥੩੧॥
ਅਨਕ ਬ੍ਰਹਮਾ ਬਿਸ਼ਨ ਮਹੇਸ਼ਨੰ
ਅਨਕ ਦੇਵੀ ਦੁਰਗਾ ਵੈਸ਼ਨੰ ॥੩੨॥
ਅਨਕ ਰਾਮ ਕਿਸ਼ਨ ਅਵਤਾਰਨੰ
ਅਨਕ ਨਰਸਿੰਘ ਹਰਨਾਕਸ਼ ਮਾਰਨੰ ॥੩੩॥
ਅਨਕ ਧਰੂਹ ਪ੍ਰਹਿਲਾਦਨੰ
ਅਨਕ ਗੋਰਖ ਸਿੱਧ ਸਾਧਨੰ ॥੩੪॥
ਅਨਕ ਅਕਾਸ਼ ਪਾਤਾਲਨੰ
ਅਨਕ ਇੰਦਰ ਧਰਮ ਰਾਇ ਜਮਕਾਲਨੰ ॥੩੫॥
ਅਨਕ ਸਿੱਧ ਨਾਥ ਤਪੀਸਰੰ
ਅਨਕ ਜੋਗੀ ਜੋਗ ਜੋਗੀਸਰ ॥੩੬॥
ਅਨਕ ਅਨਹਦ ਧੁਨ ਨਾਦਨੰ
ਅਨਕ ਬੈਕੁੰਠ ਸਿੱਧ ਸਮਾਧਨੰ ॥੩੭॥
ਅਨਕ ਖਾਣੀ ਬਾਣੀ ਬ੍ਰਹਿਮੰਡਨੰ
ਅਨਕ ਦੀਪ ਲੋ ਨਵ ਖੰਡਨੰ ॥੩੮॥
ਅਨਕ ਸੂਰ ਅਰ ਬੀਰਨੰ
ਅਨਕ ਪੈਗੰਬਰ ਅਰ ਪੀਰਨੰ ॥੩੯॥
ਅਨਕ ਤੇਤੀਸ ਕਰੋੜਨੰ
ਅਨਕ ਚੰਦ ਅਰ ਸੂਰਨੰ ॥੪੦॥
ਸਭ ਦੀਨ ਗੁਰੂ ਘਰ ਵਾਰਨੰ
ਸਭਨ ਸਿਰ ਗੁਰ ਅਵਤਾਰਨੰ ॥੪੧॥
ਜਨ ਲਾਲ ਦਾਸਨ ਦਾਸਨੰ
ਸਰਨ ਆਇਓ ਸਤਿਗੁਰ ਪਾਸਨੰ ॥੪੨॥
ਸਦਕਾ ਸਰਬੱਤ ਸਾਧ ਸੰਗਤਾ
ਸਤਿਗੁਰ ਤੇ ਹਰਿਨਾਮ ਮੰਗਤਾ ॥੪੩॥

ਵਾਹਿਗੁਰੂ ਜੀ ਸਤਿ ॥

**ਜੋਤਿ ਬਿਗਾਸ ਸੰਪੂਰਣ ਹੋਇਆ ਰਚਿਤ ਮੁਨਸ਼ੀ ਨੰਦ ਲਾਲ ਜੀ ਮੁਲਤਾਨੀ। ਭੁੱਲ ਚੁੱਕ ਬਖ਼ਸ਼ਣੀ ਸਦਕਾ ਸਰਬਤ ਸਤਿ ਸੰਗਤਿ ਜਿਊ ਕਾ ਬਿਰਦ ਆਪਣੇ ਕੀ ਪੈਜ ਰਖਣੀ। ਸਰਬਤ ਸਤਿ ਸੰਗਤਿ ਸਦਕਾ ਨਿਹਾਲ ਕਰਨਾ। ਵਾਹੁ ਵਾਹੁ ਵਾਹੁ।**

ੴ ਸਤਿਗੁਰ ਪ੍ਰਸਾਦਿ

# ਰਹਿਤ ਨਾਮਾ

## ਸ੍ਰੀ ਗੁਰੂ ਵਾਚ

### ਚੌਪਈ

ਗੁਰ ਸਿਖ ਰਹਿਤ ਸੁਣਹੁ ਮੇਰੇ ਮੀਤ
ਉਠਿ ਪ੍ਰਭਾਤਿ ਕਰੇ ਹਿਤ ਚੀਤ ॥੧॥
ਵਾਹਿਗੁਰੂ ਪੁਨ ਮੰਤਰਹ ਜਾਪ
ਕਰਿ ਇਸ਼ਨਾਨ ਪੜ੍ਹੇ ਜਪੁ ਜਾਪ ॥੨॥
ਦਰਸਨ ਕਰੇ ਮੇਰਾ ਪੁਨ ਆਏ
ਅਦਬ ਸਿਉਂ ਬੈਠ ਗੁਰ ਹਿਤ ਚਿਤ ਲਾਏ ॥੩॥
ਤੀਨ ਪਹਿਰ ਜਬ ਬੀਤੇ ਜਾਣ
ਕਥਾ ਸੁਣੇ ਗੁਰ ਹਿਤ ਚਿਤ ਲਾਣ ॥੪॥
ਸੰਧਿਆ ਸਮੇ ਸੁਣੇ ਰਹਿਰਾਸ
ਕੀਰਤਨ ਕਥਾ ਸੁਣੇ ਹਰਿ ਜਾਸ ॥੫॥
ਇਨ ਮੇਂ ਨੇਮ ਜੋ ਏਕ ਕਰਾਏ
ਸੋ ਸਿਖ ਅਮਰ ਪੁਰੀ ਮੇਂ ਜਾਏ ॥੬॥
ਪਾਂਚ ਨੇਮ ਪੁਰ ਸਿੱਖ ਜੋ ਧਾਰੈ
ਇਕੀਸ ਕੁਲ ਕੁਟੰਬ ਕੋ ਤਾਰੈ ॥੭॥
ਤਾਰੇ ਕੁਟੰਬ ਮੁਕਤ ਸੋ ਹੋਏ
ਜਨਮ ਮਰਨ ਨਾ ਪਾਵੇ ਸੋਏ ॥੮॥

## ਨੰਦ ਲਾਲ ਵਾਚ

### ਦੋਹਾ

ਤੁਮ ਜੁ ਕਹਾ ਗੁਰ ਦੇਵ ਜੀ ਦਰਸਨ ਕਰ ਮੋਹਿ ਆਇ
ਲਖੀਏ ਤੁਮਰਾ ਦਰਸ ਕਹਾਂ ਕਹੋ ਮੋਹਿ ਸਮਝਾਇ ॥੯॥

## ਸ੍ਰੀ ਗੁਰੂ ਵਾਚ

### ਦੋਹਾ

ਤੀਨ ਰੂਪ ਹੈ ਮੋਹਿ ਕੇ ਸੁਣਹੁ ਨੰਦ ਚਿੱਤ ਲਾਇ
ਨਿਰਗੁਣ ਸਰਗੁਣ ਗੁਰਸ਼ਬਦ ਹੈਂ ਕਹੇ ਤੋਹਿ ਸਮਝਾਇ ॥੧੦॥

ਚੌਪਈ

ਏਕ ਰੂਪ ਤਿਹ ਗੁਣ ਤੇ ਪਰੇ
ਨੇਤ ਨੇਤ ਜਿਹ ਨਿਗਮ ਉਚਰੇ ॥੧੧॥
ਘਟਿ ਘਟਿ ਬਿਆਪਕ ਅੰਤਰ ਜਾਮੀ
ਪੂਰ ਰਹਿਓ ਜਿਉਂ ਜਲ ਘਟ ਭਾਨੀ ॥੧੨॥
ਰੋਮ ਰੋਮ ਅਛੱਰ ਸੋ ਲਹੋ
ਜਦਾਰਥ ਬਾਤ ਤੁਮ ਸੋਂ ਸਤਿ ਕਹੋਂ ॥੧੩॥
ਜੋ ਸਿੱਖ ਗੁਰ ਦਰਸਨ ਕੀ ਚਾਹਿ
ਦਰਸਨ ਕਰੇ ਗ੍ਰੰਥ ਜੀ ਆਹਿ ॥੧੪॥
ਪਰਭਾਤ ਸਮੇਂ ਕਰਕੇ ਇਸਨਾਨ
ਤੀਨ ਪਰਦਛਣਾਂ ਕਰੇ ਸੁਜਾਨ ॥੧੫॥

ਦੋਹਰਾ

ਹਾਥ ਜੋੜ ਕਰ ਅਦਬ ਸੋਂ ਬੈਠੇ ਮੋਹਿ ਹਜ਼ੂਰ
ਸੀਸ ਟੇਕ ਗੁਰ ਗ੍ਰੰਥ ਜੀ ਬਚਨ ਸੁਣੋ ਸੋ ਹਜ਼ੂਰ ॥੧੬॥

ਚੌਪਈ

ਸ਼ਬਦ ਸੁਣੇ ਗੁਰ ਹਿਤ ਚਿਤ ਲਾਇ
ਗਿਆਨ ਸ਼ਬਦ ਗੁਰ ਸੁਣੇ ਸੁਣਾਇ ॥੧੭॥
ਜੋ ਮਮ ਸਾਥ ਚਾਹੇ ਕਰ ਬਾਤ
ਗ੍ਰੰਥ ਜੀ ਪੜ੍ਹੇ ਸੁਣੇ ਬਿਚਾਰੇ ਸਾਥ ॥੧੮॥
ਜੋ ਮੁਝ ਬਚਨ ਸੁਣਨ ਕੀ ਚਾਇ
ਗ੍ਰੰਥ ਜੀ ਪੜ੍ਹੇ ਸੁਣੇ ਚਿੱਤ ਲਾਇ ॥੧੯॥
ਮੇਰਾ ਰੂਪ ਗ੍ਰੰਥ ਜੀ ਜਾਣ
ਇਸ ਮੇਂ ਭੇਦ ਨਹੀਂ ਕੁਝ ਮਾਨ ॥੨੦॥
ਤੀਸਰ ਰੂਪ ਸਿੱਖ ਹੈਂ ਮੋਰ
ਗੁਰਬਾਣੀ ਰੱਤ ਜਿਹ ਨਿਸ ਭੋਰ ॥੨੧॥
ਵਿਸਾਹ ਪ੍ਰੀਤ ਗੁਰ ਸ਼ਬਦ ਜੋ ਧਰੇ
ਗੁਰ ਕਾ ਦਰਸ ਨਿਤ ਉੱਠ ਕਰੇ ॥੨੨॥
ਗਿਆਨ ਸ਼ਬਦ ਗੁਰੂ ਸੁਣੇ ਸੁਣਾਇ
ਜਪੁ ਜੀ ਜਾਪੁ ਪੜ੍ਹੇ ਚਿੱਤ ਲਾਇ ॥੨੩॥
ਗੁਰਦਵਾਰ ਕਾ ਦਰਸ਼ਨ ਕਰੈ
ਪਰ-ਦਾਰਾ ਕਾ ਤਿਆਗ ਜੋ ਕਰੈ ॥੨੪॥
ਗੁਰ ਸਿਖ ਸੇਵਾ ਕਰੇ ਚਿਤ ਲਾਇ
ਆਪਾ ਮਨ ਕਾ ਸਗਲ ਮਿਟਾਇ ॥੨੫॥
ਇਨ ਕਰਮਨ ਮੇਂ ਜੋ ਪਰਧਾਨ
ਸੋ ਸਿਖ ਰੂਪ ਮੇਰਾ ਪਹਿਚਾਨ ॥੨੬॥

ਦੋਹਰਾ

ਐਸੇ ਗੁਰਸਿਖ ਮਾਨ ਹੈ ਸੇਵਾ ਕਰੇ ਜੋ ਕੋਇ
ਤਨ ਮਨ ਧਨ ਪੁੰਨ ਅਰਪ ਕੇ ਸੋ ਮੁਝ ਸੇਵਾ ਹੋਇ ॥੨੭॥
ਐਸੋ ਗੁਰਸਿਖ ਸੇਵ ਕੀ ਮੋਹਿ ਪਹੁਚੇ ਆਇ
ਸੁਣਹੁ ਨੰਦ ਚਿਤ ਦੇਇ ਕਰ ਮੁਕਤਿ ਬੈਕੁੰਠੇ ਜਾਇ ॥੨੮॥

## ਨੰਦ ਲਾਲ ਵਾਚ

ਨਿਰਗੁਣ ਸਰਗੁਣ ਗੁਰਸ਼ਬਦ ਜੀ ਕਹੇ ਰੂਪ ਤੁਮ ਤੀਨ
ਨਿਰਗੁਣ ਰੂਪ ਨਹੀਂ ਦੇਖੀਏ ਸਰਗੁਣ ਸਿੱਖ ਅਧੀਨ ॥੨੯॥

ਚੋਪਈ

ਤੁਮਰਾ ਨਿਰਗੁਣ ਰੂਪ ਅਪਾਰਾ
ਸੋ ਕਿਸ ਦੇਖੈ ਦੀਨ ਦਿਆਰਾ ॥੩੦॥
ਜਗਤ ਗੁਰੂ ਤੁਮ ਕਹੋ ਸਵਾਮੀ
ਘਟਿ ਘਟਿ ਵਾਸੀ ਅੰਤਰ ਜਾਮੀ ॥੩੧॥

## ਸ੍ਰੀ ਗੁਰੂ ਵਾਚ

ਸੁਣ ਸਿਖ ਭਾਈ ਨੰਦ ਸੋ ਲਾਲ
ਤੁਮ ਸੁਣ ਹਮਰੇ ਬਚਨ ਰੁਸਾਲ ॥੩੨॥
ਗੁਰ ਸਿਖ ਸਰਗੁਣ ਰੂਪ ਸੁਜਾਨ
ਪ੍ਰਿਥਮ ਸੇਵ ਗੁਰ ਹਿਤ ਚਿਤ ਕਾਨ ॥੩੩॥
ਗੁਰ ਸਿਖ ਸੇਵ ਸ਼ਬਦ ਜੋ ਗਹੇ
ਸ਼ਬਦ ਸਰੂਪ ਸੋ ਇਹ ਬਿਧ ਲਹੇ ॥੩੪॥
ਸ਼ਬਦ ਸਰੂਪ ਵਾਕ ਜੋ ਧਾਰੇ
ਤਿਸ ਤੇ ਲਖੈਂ ਅਪਰ ਅਪਾਰੇ ॥੩੫॥
ਤੇ ਮੈਂ ਗੋਸ਼ਟ ਕਹੀ ਸੋ ਭਾਈ
ਪੜ੍ਹੇ ਸੁਣੇ ਜੋ ਚਿਤ ਹਿਤ ਲਾਈ ॥੩੬॥
ਤਿਸ ਕੀ ਮਹਿਮਾ ਕਹੁੰ ਬਖਾਣ
ਜੋਤੀ ਜੋਤਿ ਮਿਲੇ ਮੋਹਿ ਮਾਨ ॥੩੭॥
ਸੰਮਤ ਸਤਰਾ ਸਹਿਸ ਸੋ ਬਾਵਣ
ਮੱਘਰ ਸੁਦੀ ਨੌਮੀ ਸੁਖ ਦਾਵਣ ॥੩੮॥
ਸੁਰ ਗੁਰ ਵਾਰ ਸਤੱਦਰੂ ਤੀਰ
ਬਚਨ ਕਹੇ ਨੰਦ ਲਾਲ ਸੋ ਬੀਰ ॥੩੯॥

ਦੋਹਰਾ

ਵਾਹਿਗੁਰੂ ਗੁਰ ਜਾਪਏ ਵਾਹਿਗੁਰੂ ਕਰ ਧਿਆਨ
ਮੁਕਤ ਲਾਭ ਸੋ ਹੋਇ ਹੈਂ ਗੁਰ ਸਿਖ ਰਿਦਿ ਮਹਿ ਮਾਨ ॥੪੦॥

ੴ ਸਤਿਗੁਰ ਪ੍ਰਸਾਦਿ

# ਤਨਖ਼ਾਹ ਨਾਮਾ

ਪ੍ਰਸ਼ਨ ਭਾਈ ਨੰਦ ਲਾਲ ਜੀ
ਵਾਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੋਹਰਾ

ਪ੍ਰਸ਼ਨ ਕੀਆ ਨੰਦ ਲਾਲ ਜੀ ਗੁਰੂ ਬਤਾਈਏ ਮੋਹਿ
ਕੌਣ ਕਰਮ ਇਨ ਜੋਗ ਹੈਂ ਕੌਣ ਕਰਮ ਨਹੀਂ ਸੋਹਿ ॥੧॥

ਦੋਹਰਾ

ਨੰਦ ਲਾਲ ਤੁਮ ਬਚਨ ਸੁਣਹੁ ਸਿਖ ਕਰਮ ਹੈ ਏਹੁ
ਨਾਮੁ ਦਾਨੁ ਇਸਨਾਨ ਬਿਨ ਕਰੇ ਨਾ ਅੰਨ ਸਿਉਂ ਨੇਹੁ ॥੨॥

ਚੌਪਈ

ਪ੍ਰਾਤਾਕਾਲ ਸਤਿਸੰਗ ਨਾ ਜਾਵੈ। ਤਨਖ਼ਾਹਦਾਰ ਬਹੁ ਵੱਡਾ ਕਹਾਵੈ ॥੩॥
ਸਤਿਸੰਗ ਜਾਇ ਕਰ ਚਿੱਤ ਡੁਲਾਵੈ। ਈਹਾਂ ਊਹਾਂ ਠੌਰ ਨਾ ਪਾਵੈ ॥੪॥
ਹਰਿ ਜਸ ਸੁਣਤੇ ਬਾਤ ਚਲਾਵੈ। ਕਹੇ ਗੋਬਿੰਦ ਸਿੰਘ ਵੋਹ ਜਮ ਪੁਰ ਜਾਵੇ ॥੫॥
ਨਿਰਧਨ ਦੇਖ ਨਾ ਪਾਸ ਬਹਾਵੈ। ਸੋ ਤਨਖ਼ਾਹੀ ਮੂਲ ਕਹਾਵੈ ॥੬॥
ਸ਼ਬਦ ਗਿਆਨ ਬਿਨ ਕਰੇ ਜੋ ਬਾਤ। ਤਾ ਕੈ ਕਛੂ ਨਾ ਆਵੈ ਹਾਥ ॥੭॥
ਸ਼ਬਦ ਭੋਗ ਨਾ ਨਿਵਾਵੇ ਸੀਸ। ਤਾਂ ਕੋ ਮਿਲੇ ਨਾ ਪਰਮ ਜਗਦੀਸ ॥੮॥

ਦੋਹਰਾ

ਜ ਪ੍ਰਸਾਦਿ ਕੋ ਬਾਂਟ ਹੈ ਮਨ ਮੇਂ ਧਾਰੇ ਲੋਭ
ਕਿਸੇ ਥੋੜਾ ਕਿਸੇ ਅਗਲਾ ਸਦਾ ਰਹੇ ਤਿਸ ਸੋਗ ॥੯॥

ਚੌਪਈ

ਕੜਾਹ ਪ੍ਰਸਾਦਿ ਕੀ ਬਿੱਧ ਸੁਣ ਲੀਜੈ
ਤੀਨ ਭਾਂਤ ਕੋ ਸਮਸਰ ਕੀਜੈ ॥੧੦॥
ਲੇਪਣ ਆਗੇ ਬਹੁਕਰ ਦੀਜੈ
ਮਾਂਜਣ ਧਰ ਭਾਂਜਣ ਧੋਵੀਜੈ ॥੧੧॥
ਕਰਿ ਇਸ਼ਨਾਨ ਪਵਿਤ੍ਰ ਹੋਇ ਬਹੇ
ਵਾਹਿਗੁਰੂ ਬਿਨ ਅਵਰ ਨਾ ਕਹੇ ॥੧੨॥

ਨਵਤਨ ਕੁੰਭ ਪੂਰ ਜਲ ਲੇਹ
ਗੋਬਿੰਦ ਸਿੰਘ ਸਫਲ ਤਿਨ ਦੇਹ ॥੧੩॥
ਕਰਿ ਤਿਆਰ ਚੋਕੀ ਪਰ ਧਰੇ
ਚਾਰ ਓਰ ਕੀਰਤਨ ਬਹਿ ਕਰੇ ॥੧੪॥

ਦੋਹਰਾ

ਮੋਹਰ ਤੁਰਕ ਕੀ ਸਿਰ ਧਰੇ ਲੋਹ ਲਗਾਵੈ ਚਰਨ
ਕਹੈ ਗੋਬਿੰਦ ਸਿੰਘ ਸੁਣੋ ਲਾਲ ਜੀ ਫਿਰ ਫਿਰ ਹੋਏ ਤਿਸ ਮਰਨ ॥੧੫॥

ਚੋਪਈ

ਲਗੈ ਦੀਵਾਨ ਸੁਣ ਮੂਲ ਨਾ ਜਾਵੈ
ਰਹਿਤ ਬਿਨਾ ਪ੍ਰਸਾਦਿ ਵਰਤਾਵੈ ॥੧੬॥
ਸੂਹਾ ਪਹਿਣ ਲਏ ਨਸਵਾਰ
ਕਹੇ ਗੋਬਿੰਦ ਸਿੰਘ ਜਮ ਕਰੇ ਖਵਾਰ ॥੧੭॥
ਮਾਇ ਭੈਣ ਜੋ ਆਵੈ ਸੰਗਤਿ
ਦ੍ਰਿਸ਼ਟ ਬੁਰੀ ਦੇਖੈ ਤਿਸ ਪੰਗਤਿ ॥੧੮॥
ਸਿਖ ਹੋਇ ਜੇ ਕਰਤ ਕਰੋਧ
ਕੰਨਿਆ ਮੂਲ ਨਾ ਦੇਵੇ ਸੋਧ ॥੧੯॥
ਧੀ ਭੈਣ ਕਾ ਪੈਸਾ ਖਾਇ
ਕਹੇ ਗੋਬਿੰਦ ਸਿੰਘ ਧੱਕੇ ਜਮ ਖਾਇ ॥੨੦॥
ਸਿਖ ਹੋਏ ਬਿਨ ਲੋਹ ਜੋ ਫਿਰੈ
ਆਵਤ ਜਾਵਤ ਜਨਮੇ ਮਰੈ ॥੨੧॥
ਮਾਲ ਅਤਿਥਿ ਕਾ ਬਲ ਕਰੇ ਛਲੈ
ਜਪੁ ਤਪੁ ਤਾਂ ਕੋ ਸਭ ਨਿਹਫਲੈ ॥੨੨॥

ਸੋਰਠਾ

ਕੰਘਾ ਦੋਵੇਂ ਵਕਤ ਕਰ ਪੱਗ ਚੁਣੈ ਕਰ ਬਾਂਧਈ
ਦਾਤਨ ਕਰੇ ਨਿਤ ਨੀਤ ਨਾ ਦੁਖ ਪਾਵੈ ਲਾਲ ਜੀ ॥੨੩॥

ਦੋਹਰਾ

ਦਸਵੰਧ ਗੁਰੂ ਨਹਿ ਦੇਵੈ ਝੂਠ ਬੋਲ ਜੋ ਖਾਇ
ਕਹੇ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੂ ਨਾ ਬਿਸਾਹਿ ॥੨੪॥

ਚੋਪਈ

ਠੰਡੇ ਪਾਣੀ ਜੋ ਨਹੀਂ ਨਹਾਵੈ
ਬਿਨ ਜਪੁ ਪੜ੍ਹੇ ਪ੍ਰਸਾਦਿ ਜੋ ਪਾਵੈ ॥੨੫॥
ਬਿਨ ਰਹਿਰਾਸ ਸੰਧਿਆ ਜੋ ਖੋਵੈ
ਕੀਰਤਨ ਪੜ੍ਹੇ ਬਿਨ ਰੈਣ ਜੋ ਸੋਵੈ ॥੨੬॥
ਚੁਗਲੀ ਕਰ ਜੋ ਕਾਜ ਬਿਗਾਰੈ

ਧ੍ਰਿਗ ਤਿਸ ਜਨਮ ਜੋ ਧਰਮ ਬਿਸਾਰੈ ॥੨੭॥
ਕਰੇ ਬਚਨ ਜੋ ਪਾਲੈ ਨਾਹੀਂ
ਕਰੇ ਗੋਬਿੰਦ ਸਿੰਘ ਤਿਸ ਠੌਰ ਕਤ ਨਾਹੀਂ ॥੨੮॥
ਲੈ ਤੁਰਕਨ ਤੇ ਮਾਸ ਜੋ ਖਾਵੈ
ਬਿਨ ਗੁਰ ਸ਼ਬਦ ਬਚਨ ਜੋ ਗਾਵੈ ॥੨੯॥
ਤ੍ਰਿਯ ਰਾਗ ਸੁਣਿ ਚਿਤ ਲਾਏ
ਸੁਣਹੁ ਲਾਲ ਸੋ ਜਮ ਪੁਰ ਜਾਏ ॥੩੦॥

ਚੌਪਈ

ਅਰਦਾਸਿ ਬਿਨਾ ਜੋ ਕਾਜ ਸਿਧਾਵੈ
ਭੇਟ ਕੀਏ ਬਿਨ ਕੁਛ ਮੁਖ ਪਾਵੈ ॥੩੧॥
ਤਿਆਗੀ ਬਸਤ ਗਹਿਣ ਜੋ ਕਰੈ
ਬਿਨ ਤ੍ਰਿਯਾ ਆਪਣੀ ਸੇਜ ਜੋ ਧਰੈ ॥੩੨॥
ਅਤਿਥਿ ਵੇਖ ਨਹੀਂ ਦੇਵੈ ਦਾਨ
ਸੋ ਨਹੀਂ ਪਾਵੈ ਦਰਗਹਿ ਮਾਨ ॥੩੩॥
ਕੀਰਤਨ ਕਥਾ ਸਿਉਂ ਮਨ ਨਹੀਂ ਲਾਵੈ
ਸੰਤ ਸਿਖ ਕੋ ਬੁਰਾ ਅਲਾਵੈ ॥੩੪॥
ਨਿੰਦਾ ਜੂਆ ਹਰੇ ਜੋ ਮਾਲ
ਮਹਾਂ ਦੁੱਖ ਪਾਵੈ ਤਿਸ ਕੋ ਕਾਲ ॥੩੫॥
ਗੁਰ ਕੀ ਨਿੰਦਾ ਸੁਣੇ ਨਾ ਕਾਨ
ਭੇਟ ਕਰੇ ਤਿਸ ਸੰਗ ਕਿਰਪਾਨ ॥੩੬॥

ਦੋਹਰਾ

ਗੋਲਕ ਰਾਖੇ ਨਾਹਿ ਜੋ ਛਲ ਕਾ ਕਰੈ ਵਪਾਰ
ਕਹੇ ਗੋਬਿੰਦ ਸਿੰਘ ਲਾਲ ਜੀ ਭੋਗੇ ਨਰਕ ਹਜ਼ਾਰ ॥੩੭॥

ਚੌਪਈ

ਵਾਹਿਗੁਰੂ ਬਿਨ ਕਹੇ ਜੋ ਖਾਵੈ
ਵੇਸਵਾ ਦਵਾਰੇ ਸਿਖ ਜੋ ਜਾਵੈ ॥੩੮॥
ਪਰ ਇਸਤ੍ਰੀ ਸਿਉਂ ਨਹੁੰ ਲਗਾਵੈ
ਕਹੇ ਗੋਬਿੰਦ ਸਿੰਘ ਵੁਹ ਸਿਖ ਨਾ ਭਾਵੈ ॥੩੯॥
ਗੁਰ ਤਲਪੀ ਕਪਟੀ ਹੈ ਜੋਇ
ਬਡੋ ਤਨਖਾਹੀ ਜਾਣੋ ਸੋਇ ॥੪੦॥
ਗੁਰ ਕੋ ਛੋਡ ਅਵਰ ਸਿਉਂ ਮਾਂਗੇ
ਰਾਤਰੀ ਸੋਏ ਤੇੜ ਹੋਇ ਨਾਂਗੇ ॥੪੧॥
ਨਗਨ ਹੋਇ ਕਰ ਭੋਗ ਜੋ ਕਰੈ
ਨਗਨ ਹੋਇ ਜਲ ਮੱਜਣ ਕਰੈ ॥੪੨॥

ਦੋਹਰਾ

ਨਗਨ ਹੋਇ ਬਾਹਰ ਫਿਰੈ ਨਗਨ ਸੀਸ ਜੋ ਖਾਇ
ਨਗਨ ਪ੍ਰਸਾਦਿ ਜੋ ਬਾਂਟਈ ਤਨਖ਼ਾਹੀ ਬਡਾ ਕਹਾਇ ॥੪੩॥

ਚੌਪਈ

ਖਾਲਸਾ ਸੋਇ ਜੋ ਨਿੰਦਾ ਤਿਆਗੇ
ਖਾਲਸਾ ਸੋਇ ਲੜੇ ਹੋਇ ਆਗੈ ॥੪੪॥
ਖਾਲਸਾ ਸੋਇ ਜੋ ਪੰਚ ਕੋ ਮਾਰੈ
ਖਾਲਸਾ ਸੋਇ ਕਰਮ ਕੋ ਸਾੜੈ ॥੪੫॥
ਖਾਲਸਾ ਸੋਇ ਮਾਨ ਜੋ ਤਿਆਗੈ
ਖਾਲਸਾ ਸੋਇ ਜੋ ਪਰਤ੍ਰੀਆ ਤੇ ਭਾਗੈ ॥੪੬॥
ਖਾਲਸਾ ਸੋਇ ਪਰਦ੍ਰਿਸ਼ਟਿ ਕੋ ਤਿਆਗੈ
ਖਾਲਸਾ ਸੋਇ ਨਾਮ ਰਤ ਲਾਗੈ ॥੪੭॥
ਖਾਲਸਾ ਸੋਇ ਗੁਰਬਾਣੀ ਹਿਤ ਲਾਇ
ਖਾਲਸਾ ਸੋਇ ਸਾਰ ਮੁੰਹਿ ਖਾਇ ॥੪੮॥

ਦੋਹਰਾ

ਖ਼ਲਕ ਖ਼ਾਲਿਕ ਕੀ ਜਾਣ ਕੇ ਖ਼ਲਕ ਦੁਖਾਵੈ ਨਾਹਿ
ਖ਼ਲਕ ਦੁਖੈ ਨੰਦ ਲਾਲ ਜੀ ਖ਼ਾਲਿਕ ਕੋਪੈ ਤਾਹਿ ॥੪੯॥

ਚੌਪਈ

ਖਾਲਸਾ ਸੋਇ ਨਿਰਧਨ ਕੋ ਪਾਲੈ
ਖਾਲਸਾ ਸੋਇ ਦੁਸ਼ਟ ਕੋ ਗਾਲੈ ॥੫੦॥
ਖਾਲਸਾ ਸੋਇ ਨਾਮ ਜਪ ਕਰੈ
ਖਾਲਸਾ ਸੋਇ ਮਲੇਛ ਪਰ ਚੜ੍ਹੈ ॥੫੧॥
ਖਾਲਸਾ ਸੋਇ ਨਾਮ ਸਿਉਂ ਜੋੜੇ
ਖਾਲਸਾ ਸੋਇ ਬੰਧਨ ਕੋ ਤੋੜੇ ॥੫੨॥
ਖਾਲਸਾ ਸੋਇ ਜੋ ਚੜ੍ਹੇ ਤੁਰੰਗ
ਖਾਲਸਾ ਸੋਇ ਜੋ ਕਰੇ ਨਿਤ ਜੰਗ ॥੫੩॥
ਖਾਲਸਾ ਸੋਇ ਸ਼ਸਤਰ ਕੋ ਧਾਰੈ
ਖਾਲਸਾ ਸੋਇ ਦੁਸ਼ਟ ਕੋ ਮਾਰੈ ॥੫੪॥

ਦੋਹਰਾ

ਦੋਹੀ ਫਿਰੇ ਅਕਾਲ ਕੀ ਨਿੰਦਾ ਕਰੈ ਨਾ ਕੋਇ
ਬਨ ਪਰਬਤ ਸਭ ਭਜੇਂਗੇ ਤ੍ਰਿਹ ਜਗਤ ਮੇਂ ਸੋਇ ॥੫੫॥

ਚੌਪਈ

ਸੁਣੋ ਨੰਦ ਲਾਲ ਏਹੋ ਸਾਚ
ਪਰਗਟ ਕਰਾਊਂ ਆਪਣੇ ਰਾਜ ॥੫੬॥

ਚਾਰ ਬਰਨ ਇਕ ਬਰਨ ਕਰਾਊਂ
ਵਾਹਿਗੁਰੂ ਕਾ ਜਾਪ ਜਪਾਊਂ ॥੫੭॥
ਚੜ੍ਹੈਂ ਤੁਰੰਗ ਉਡਾਵੈਂ ਬਾਜ
ਤੁਰਕ ਦੇਖ ਕਰ ਜਾਵੈਂ ਭਾਜ ॥੫੮॥
ਸਵਾ ਲਾਖ ਸੇ ਏਕ ਲੜਾਊਂ
ਚੜ੍ਹੇ ਸਿੰਘ ਤਿਸ ਮੁਕਤ ਕਰਾਊਂ ॥੫੯॥
ਝੂਲਣ ਨੇਜ਼ੇ ਹਸਤੀ ਸਾਜੇ
ਦੁਆਰ ਦੁਆਰ ਪਰ ਨੌਬਤ ਬਾਜੇ ॥੬੦॥
ਸਵਾ ਲਾਖ ਜਬ ਧੁਖੈ ਪਲੀਤਾ
ਤਬ ਖਾਲਸੇ ਊਦੈ ਅਸਤ ਲੋ ਜੀਤਾ ॥੬੧॥

ਦੋਹਰਾ

ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ
ਖੁਆਰ ਹੋਇ ਸਭ ਮਿਲੇਂਗੇ ਬਚੇ ਸਰਨ ਜੋ ਹੋਇ ॥੬੨॥

ਬਚਨ ਹੈ ਸ੍ਰੀ ਗੁਰੂ ਜੀ ਕਾ ਕਿ ਜੋ ਕੋਈ ਸਿੱਖ ਦਾ ਬੇਟਾ ਹੋਏ ਔਰ ਮੋਨਾ ਹੋਇ ਜਾਵੈ ਤਿਸ ਕੀ ਜੜ੍ਹ ਸੁੱਕੀ, ਔਰ ਜੋ ਮੋਨਾ ਸਿੱਖ ਹੋਇ ਜਾਵੇ ਤਿਸ ਕੀ ਜੜ੍ਹ ਹਰੀ।

ਇਤਿ ਸ੍ਰੀ ਤਨਖ਼ਾਹ ਨਾਮਾ ਸੰਪੂਰਨ

## ਸਾਹਿਤ ਰਚਨਾ ਦਾ ਨਮੂਨਾ

...........ਇਸ ਸਰਕਾਰ ਉੱਤੇ ਭਰੋਸਾ ਕਰਨਾ ਉਚਿਤ ਨਹੀਂ। ਹਜ਼ੂਰੀ ਪੇਸ਼ਕਾਰ ਮਹਿਤਾ ਪ੍ਰਾਣ ਨਾਥ ਨਾਲ, ਜਿਸ ਨੇ ਧੰਨਵਾਦ-ਪੱਤਰ ਲਿਖਿਆ ਸੀ, ਬੇਸਲੂਕੀ ਕਰਨਾ ਠੀਕ ਨਹੀਂ। ਮੁਨਸ਼ੀਆਂ ਨੇ ਪਰਵਾਨੇ ਦੇ ਹਰ ਇਕ ਵਾਕ ਵਿਚ ਅਲਕਾਬ ਲਿਖਿਆ ਸੀ ਪਰ ਹਜ਼ੂਰ ਨਵਾਬ ਸਾਹਿਬ ਨੇ ਆਪਣੇ ਕਰ ਕਮਲਾਂ ਨਾਲ ਇਸ ਉੱਤੇ ਲਕੀਰ ਫੇਰ ਦਿੱਤੀ। ਇਸ ਲਈ ਮੁਨਸ਼ੀਆਂ ਦਾ ਕੋਈ ਦੋਸ਼ ਨਹੀਂ। ਮਹਿਤਾ ਵੱਲੂ ਮੱਲ ਨੂੰ ਪੁਸ਼ਾਕਾਂ ਪ੍ਰਦਾਨ ਕਰਨ ਦਾ ਹੁਕਮ ਹੋਇਆ ਹੈ। ਪਰ ਇਸ ਸਰਕਾਰ ਵੱਲੋਂ ਪੁਸ਼ਾਕੇ ਦੀ ਬਖ਼ਸ਼ਿਸ਼ ਵੀ ਹਾਥੀ ਦੀ ਬਖ਼ਸ਼ਿਸ਼ ਤੋਂ ਘੱਟ ਨਹੀਂ। ਫਿਰ ਵੀ ਪੂਰਾ ਯਤਨ ਕੀਤਾ ਜਾਵੇਗਾ। ਬਹੁਤ ਸਾਰੇ ਲੋਕ ਫ਼ੌਜਦਾਰੀ ਨਿਆਬਤ ਦਾ ਠੇਕਾ ਲੈਣ ਦੀ ਕੋਸ਼ਿਸ਼ ਵਿਚ ਹਨ। ਇਸ ਲਈ ਕਾਮਗਾਰ (ਸਥਾਨਿਕ ਹਾਕਮ) ਹਾਲਾਤ ਦਾ ਪੂਰਾ ਪਤਾ ਕਰ ਕੇ ਲਿਖੇ ਕਿ ਜੇ ਠੇਕੇ ਦੀ ਪਰਵਾਨਗੀ ਦੇ ਦਿੱਤੀ ਜਾਵੇ ਤਾਂ ਕਿੰਨੀ ਰਕਮ ਕਬੂਲ ਕੀਤੀ ਜਾਵੇ। ਜੇ ਹਜ਼ੂਰ ਦੀ ਮਰਜ਼ੀ ਇਕ ਮੁੱਠ ਠੇਕਾ ਦੇਣ ਦੀ ਹੋਵੇ ਅਤੇ ਜੇ ਕਾਮਗਾਰ (ਸਥਾਨਿਕ ਹਾਕਮ) ਵੀ ਰਜ਼ਾਮੰਦ ਹੋਵੇ ਤਾਂ ਅਜਿਹਾ ਹੀ ਕਰ ਲਿਆ ਜਾਵੇ।...........ਜਮਾਦੀ-ਉ-ਸਾਨੀ ਦੀ ਲਿਖੀ ਚਿੱਠੀ ਭੇਜ ਕੇ ਉਸ ਵਿਚ ਪੁੱਛੀਆਂ ਗੱਲਾਂ ਦਾ ਉੱਤਰ ਵੀ ਵਿਸਥਾਰ ਪੂਰਵਕ ਦਿੱਤਾ ਜਾਵੇ। ਸਨ ਸਦਰ ਦੀ 23 ਜਮਾਦੀ-ਉਲ-ਅੱਵਲ ਦੀ ਖ਼ੁਸ਼ੀ ਭਰੀ ਚਿੱਠੀ ਨੇ ਬਹੁਤ ਹੁਲਾਸ ਦਿੱਤਾ। ਆਸ ਹੈ ਕਿ ਫ਼ੌਜਦਾਰੀ ਨਾਇਬ ਦੇ ਕਰਤੱਵਾਂ ਦੀ ਪਾਲਣਾ ਕਰ ਕੇ ਕੁਲ ਹਾਲ ਵਿਸਥਾਰ ਨਾਲ ਲਿਖੋਗੇ। ਪਿਛਲੀਆਂ ਦਰਖ਼ਾਸਤਾ ਬਾਰੇ ਹਜ਼ੂਰ ਵਲੋਂ ਜਾਰੀ ਕੀਤਾ ਗਿਆ ਹੁਕਮ ਮਿਲਿਆ। ਸਿਹ-ਬੰਦੀ (ਮਾਮਲਾ ਇਕੱਠਾ ਕਰਨ ਲਈ ਨਿਯੁਕਤ ਕੀਤਾ ਸਿਪਾਹੀ-ਪਿਆਦਾ) ਦਾ ਹਾਲ ਪੂਰੀ ਤਰ੍ਹਾਂ ਅਤੇ ਵਿਸਥਾਰ ਨਾਲ ਲਿਖਣਾ, ਤਾਂ ਜੋ ਮਾਮਲੇ ਦੀ ਵਸੂਲੀ ਬਾਰੇ ਪੂਰੀ ਪੂਰੀ ਜਾਣਕਾਰੀ ਹੋ ਜਾਵੇ। ਅਮੀਰ ਬਾਕਰ ਅਲੀ ਖ਼ਾਂ ਦੀ ਜਾਗੀਰ ਦੇ ਪ੍ਰਬੰਧਕ ਪਾਸੋਂ ਰਜ਼ਾਨਾਮਾ ਲੈ ਕੇ ਭੇਜਣ ਦੀ ਖੇਚਲ ਕਰਨਾ ਤਾਂ ਜੋ ਖ਼ਾਨ ਸਾਹਿਬ ਦੇ ਦਿਲ ਨੂੰ ਧਰਵਾਸ ਹੋਵੇ। ਇਸ ਤੋਂ ਪਹਿਲਾਂ ਰਾਏਜ਼ਾਦਾ ਫ਼ਤਿਹ ਚੰਦ ਦੇ ਸਲਾਹ ਮਸ਼ਵਰੇ ਨਾਲ ਲਿਖਿਆ ਸੀ ਕਿ ਦਰਬਾਰ ਦੇ ਹਾਲਾਤ ਦੀ ਦੇਖ ਭਾਲ ਲਈ ਮਹਿਤਾ ਵੱਲੂ ਮੱਲ ਦੀ ਇੱਛਿਆ ਅਨੁਸਾਰ ਉਸ ਦੇ ਮਦਦਗਾਰ ਵਾਸਤੇ ਪੰਦਰਾਂ ਰੁਪਏ ਮਹੀਨਾ ਮੁਕੱਰਰ ਕੀਤਾ ਜਾਵੇ। ਜੇ ਉਸ ਨੂੰ ਲੋੜ ਪਵੇ ਤਾਂ ਉਸ ਦਾ ਮਦਦਗਾਰ ਆਪ ਦਰਬਾਰ ਵਿਚ ਹਾਜ਼ਰ ਹੋਵੇ। ਦੂਜੇ ਧੜੇ ਦਾ, ਜਿਹੜਾ ਹਰ ਵੇਲੇ ਦਰਬਾਰ ਵਿਚ ਆਉਂਦਾ ਜਾਂਦਾ ਹੈ, ਚੰਗੀ ਤਰ੍ਹਾਂ ਧਿਆਨ ਰਖਿਆ ਜਾਵੇ ਅਤੇ ਅਜਿਹਾ ਕਰ ਕੇ ਛੇਤੀ ਪਤਾ ਦੇਣਾ ਤਾਂ ਜੋ ਉਨ੍ਹਾਂ ਦੇ ਦਿਲ ਨੂੰ ਹੌਸਲਾ ਹੋਵੇ। ਮਹਿਤਾ ਅਜਾਇਬ ਸਿੰਘ ਅਤੇ ਮਹਿਤਾ ਗੁਲਾਬ ਰਾਏ ਵਕੀਲ ਦੀਆਂ ਚਿੱਠੀਆਂ ਮਿਲੀਆਂ। ਅਜੇ ਵਰਤਮਾਨ ਸਮੇਂ ਦਾ ਧਿਆਨ ਹੀ ਰਖਿਆ ਜਾਵੇ। ਇਸ ਤੋਂ ਪਿੱਛੋਂ ਜੋ ਹੋਵੇਗਾ ਉਹ ਕਾਮਗਾਰ (ਸਥਾਨਿਕ ਹਾਕਮ) ਨੂੰ ਦੱਸ ਦਿੱਤਾ ਜਾਵੇਗਾ। ਮੁਜ਼ਾਰਿਆਂ ਨੂੰ ਤਕਾਵੀਆਂ

ਦੇਣ ਬਾਰੇ ਫ਼ੈਸਲਾ ਕਰ ਦਿੱਤਾ ਗਿਆ ਹੈ। ਮਲਕ ਚੂਹੜ ਮੱਲ ਮਿਰਜ਼ਾ ਦੀਨਾ ਬੇਗ਼ ਨੂੰ ਨਾਲ ਲੈ ਕੇ ਸੋ ਕੋਹ ਤੋਂ ਚਲ ਕੇ ਮੁਲਤਾਨ ਆ ਗਿਆ ਹੈ। ਉਪਰੋਕਤ ਮਿਰਜ਼ਾ ਸਲਾਮ ਭੇਜਦਾ ਹੈ। ਮਹਿਤਾ ਰਾਮਜੀ ਨਿਸ਼ਾਵਨ ਵੀ ਮਾਲ ਅਸਬਾਬ ਲੁਟਾ ਕੇ ਆ ਗਿਆ ਹੈ। ਇਕ ਦਸਤਾ ਮੁਹਰਦਾਰ ਅਤੇ ਤਿੰਨ ਦਸਤੇ ਦੀਨਾ-ਪੂਰੀ ਦਫ਼ਤਰੀ ਕਾਗਜ਼ ਭੇਜੇ ਜਾ ਰਹੇ ਹਨ। ਮਿਲਣ ਤੇ ਪਤਾ ਦੇਣਾ।

* * *

18 ਜਮਾਦੀ-ਉਲ-ਅੱਵਲ ਦਾ ਲਿਖਿਆ ਇਕ ਪੱਤਰ, ਭੱਖਰ ਸਰਕਾਰ ਦੀ ਫ਼ੌਜੀ ਸੇਵਾ ਦੀ ਸਨਦ ਅਤੇ ਕੁਝ ਹੋਰ ਚਿੱਠੀਆਂ ਖ਼ਾਸ ਹਰਕਾਰੇ ਦੇ ਹੱਥ ਤੁਰਤ ਭੇਜ ਦਿੱਤੀਆਂ ਹਨ। ਹੁਲਾਸ ਭਰਪੂਰ ਚਿੱਠੀਆਂ ਵਿਚੋਂ ਮਿਤੀ 2, 4 ਅਤੇ 17 ਦੀਆਂ ਚਿੱਠੀਆਂ, ਇਕ ਥੈਲੀ, ਕਈ ਬਿਨੈ ਪੱਤਰ, ਇਸੇ ਮਹੀਨੇ ਦੀ ਮਿਤੀ 3, 18, 20 ਤੇ 26 ਦੀਆਂ ਲਿਖਤਾਂ ਆਦਿ ਸਭ ਮਿਲ ਗਈਆਂ ਹਨ। ਪੜ੍ਹ ਕੇ ਬਹੁਤ ਪ੍ਰਸੰਨਤਾ ਹੋਈ। ਬਰਖ਼ੁਰਦਾਰ ਅੱਖੀਆਂ ਦਾ ਤਾਰਾ ਮੀਆਂ ਮੁਹੰਮਦ ਸਈਦ ਮੁਚਲਕਾ ਭਰਨ, ਜ਼ਮਾਨਤ ਦੇਣ ਅਤੇ ਬਕਾਇਆ ਤਨਖ਼ਾਹ ਲੈਣ ਲਈ 19 ਨੂੰ ਲਸ਼ਕਰ ਵਿਚ ਆ ਗਿਆ ਹੈ। ਪਹਿਲਾ ਪੁੱਜੀਆਂ ਅਰਜ਼ੀਆਂ ਤੇ ਜੋ ਹੁਕਮ ਹੋਇਆ ਸੀ ਉਹ ਇਨ੍ਹਾਂ ਪੱਤਰਾਂ ਉੱਤੇ ਫ਼ਿਰ ਇੱਕਠਾ ਲਿਖ ਦਿੱਤਾ ਜਾਂਦਾ ਹੈ। ਮੁਨਸ਼ੀ ਨੂੰ ਹੁਕਮ ਦੇ ਦਿੱਤਾ ਹੈ ਤਾਂ ਜੋ ਪਰਵਾਨਾ ਤਿਆਰ ਕਰੇ। ਇਹ ਤਾਂ ਆਪ ਜੀ ਨੂੰ ਵੀ ਪਤਾ ਹੈ ਕਿ ਦਰਬਾਰ ਵਿਚ ਇਕ ਦਿਨ ਦੇ ਕੰਮ ਨੂੰ ਦਸ ਦਿਨ ਲੱਗ ਜਾਂਦੇ ਹਨ। ਇਨ੍ਹਾਂ ਦਿਨਾਂ ਵਿਚ ਉਪਰੋਕਤ ਬਰਖ਼ੁਰਦਾਰ ਨੂੰ ਘਰ ਦੇ ਕੰਮਾਂ ਲਈ ਸ਼ਹਿਰ ਵਿਚ ਸੱਦਿਆ ਗਿਆ ਹੈ। ਪਿਆਰ ਦੇ ਜਾਚਕ ਵੱਲੂ ਮੱਲ ਨੂੰ ਉੱਤਰ ਦੇਣ ਲਈ ਨਿਯਤ ਕਰ ਦਿੱਤਾ ਹੈ। ਰੱਬ ਚਾਹੇ ਤਾਂ ਅੱਜ ਜਾਂ ਕਲ੍ਹ ਜਿਸ ਵੇਲੇ ਉੱਤਰ ਤਿਆਰ ਹੋਇਆ, ਖ਼ਾਸ ਹਰਕਾਰੇ ਰਾਹੀਂ ਉਸ ਕਾਮਗਾਰ (ਸਥਾਨਿਕ ਹਾਕਮ) ਨੂੰ ਭੇਜ ਦਿੱਤਾ ਜਾਵੇਗਾ। ਦੋ ਸੌ ਰੁਪੈ ਦੀ ਹੁੰਡੀ ਪੁਰਦਿਲ ਖ਼ਾਨ ਨੂੰ ਭੇਜੀ ਜਾਵੇਗੀ। ਰਕਮ ਵਸੂਲਣ ਤੋਂ ਪਹਿਲਾਂ ਅਗਲੀ ਰਕਮ ਦਾ ਹਿਸਾਬ ਕਿਤਾਬ (ਜਮ੍ਹਾਂ ਖ਼ਰਚ) ਭੇਜਿਆ ਜਾਵੇ। ਖੇਤੀ ਦੀ ਹਾਲਤ ਵੀ ਲਿਖ ਰਿਹਾ ਹਾਂ। ਖ਼ਰਬੂਜ਼ੇ ਦੋ ਵਿਘੇ, ਤਰਬੂਜ਼ ਅੱਧਾ ਵਿਘਾ ਅਤੇ ਇੰਨੇ ਹੀ ਬੈਂਗਣ ਹਨ। ਕੁਲ ਤਿੰਨ ਵਿਘੇ ਬਿਜਾਈ ਹੋਈ ਹੈ। ਥਾਂ ਥਾਂ ਤੇ ਬਹੁਤ ਸਾਰੀਆਂ ਜਗੀਰਾਂ ਵੰਡੀਆਂ ਗਈਆਂ ਹਨ। ਇਹ ਵੰਡ ਅਜਿਹੀ ਸੁਚੱਜੀ ਸੀ ਕਿ ਕਿਸੇ ਨੇ ਵੀ ਅਰਜ਼ੀ ਪੱਤਰ ਸ਼ਕਾਇਤ ਵਜੋਂ ਨਹੀਂ ਕੀਤਾ। ਅੱਖੀਆਂ ਦੇ ਤਾਰੇ, ਸਪੁੱਤਰ, ਮੁਹੰਮਦ ਸਈਦ ਨੂੰ ਪੱਕੀ ਕੀਤੀ ਗਈ ਕਿ ਉਹ ਧਿਆਨ ਰਖੇ ਤਾਂ ਜੋ ਜਾਗੀਰਦਾਰਾਂ ਵਿਚੋਂ ਕਿਸੇ ਨੂੰ ਵੀ ਹਜ਼ੂਰ ਦੇ ਦਰਬਾਰ ਵਿਚ ਗਿਲਾ ਕਰਨ ਦੀ ਲੋੜ ਨ ਪਵੇ। ਸਰਕਾਰ ਵਲੋਂ ਇਸ ਬਾਰੇ ਹਾਕਮ ਦੇ ਨਾਓਂ ਪਰਵਾਨਾ ਵੀ ਜਾਰੀ ਕਰ ਦਿੱਤਾ ਜਾਵੇਗਾ। ਅਜਿਹੀ ਹਾਲਤ ਵਿਚ ਹਰ ਇਕ ਦਾ ਧਿਆਨ ਰਖਣਾ ਉਚਿਤ ਹੈ, ਵਿਸ਼ੇਸ਼ ਕਰ ਕੇ ਉੱਚ-ਪਦਵੀ ਦੇ ਮਾਲਕ ਜ਼ਾਨ ਪੀਰ ਬਾਕਰ ਖ਼ਾਂ ਜੀ ਉੱਤੇ ਬਖ਼ਸ਼ਿਸ਼ ਹੋਣੀ ਚਾਹੀਦੀ ਹੈ। ਉਹ ਧੰਨਵਾਦ ਪੱਤਰ ਲਿਖੇਗਾ ਅਤੇ ਖ਼ਾਨ ਸਾਹਿਬ ਦੇ ਦਿਲ ਵਿਚ ਜੋ ਨਾਰਾਜ਼ਗੀ ਦੀ ਮੈਲ ਹੈ, ਅਤੇ ਜਿਸ ਬਾਰੇ ਉਸ ਨੇ ਕਦੀ ਮੂੰਹੋਂ ਕੋਈ ਗੱਲ ਨਹੀਂ ਕੀਤੀ, ਦੂਰ ਹੋ ਜਾਵੇਗੀ। ਹਜ਼ੂਰ ਦੀਆਂ ਚਿੱਠੀਆਂ ਮਹਿਤਾ ਆਸਾ ਨੰਦ ਰਾਹੀਂ ਭੇਜੀਆਂ ਜਾ ਰਹੀਆਂ ਹਨ। ਅਲਵਾਰ ਦੇ ਜਾਗੀਰਦਾਰ ਮੁਹਿਬ ਨੇ ਫ਼ਰਿਆਦ ਕੀਤੀ ਹੈ ਕਿ ਬਰਖ਼ੁਰਦਾਰ ਨੇ ਪਰਗਨੇ ਦੇ ਸਾਰੇ ਪਿੰਡ ਉਜਾੜ ਦਿੱਤੇ ਹਨ। ਉਸ ਦੀ ਅਰਜ਼ੀ ਰਾਮਜੀ ਨੇ ਬਰਖ਼ੁਰਦਾਰ ਨੂੰ ਵਿਖਾ ਦਿੱਤੀ ਹੈ। ਜੋ ਮੁਨਾਸਬ ਸਮਝੋ ਆਗਿਆ ਦਿਓ। ਉਹ ਅਰਜ਼ੀ ਦੀ ਨਕਲ ਹਵਾਲੇ ਲਈ ਨਾਲ ਹੈ, ਰਾਮਜੀ ਦਾਸ ਦੇ ਸਪੁਰਦ ਕਰ ਦਿਤੀ ਹੈ। ਸਾਹਿਬਜ਼ਾਦੇ ਨੂੰ ਸਖ਼ਤੀ ਤੋਂ ਕੰਮ ਨਹੀਂ ਲੈਣਾ ਚਾਹੀਦਾ, ਤਾਂ ਜੋ ਕਿਸੇ ਦਾ ਦਿਲ ਨਾ ਦੁਖੇ। ਜਨਾਬ ਨਵਾਬ ਸਾਹਿਬ ਦੀ ਸੇਵਾ ਵਿਚ ਲਿਖ ਦਿੱਤਾ ਜਾਵੇ ਕਿ

ਦੀਨਾਰਪੁਰੀ ਅਜ਼ੀਜ਼ਾਂ ਨੂੰ ਨਿਯਤ ਕੀਤੀ ਰਕਮ ਵਿਸਾਖ ਦੇ ਮਹੀਨੇ ਵਿਚ ਭੇਜ ਦਿੱਤੀ ਜਾਵੇਗੀ। ਉਨ੍ਹਾਂ ਨਾਲ ਇਕਰਾਰ ਵੀ ਇਹ ਹੀ ਸੀ। ਫ਼ਿਦਾਤੁਲ ਖ਼ਾਨ ਦੀ ਜਾਗੀਰ ਦੀ ਜ਼ਬਤੀ ਬਾਰੇ, ਜਿਸ ਬਾਰੇ ਅਰਜ਼ੀ ਵਿਚ ਜ਼ਿਕਰ ਸੀ, ਇਹ ਹੈ ਕਿ ਅਰਜ਼ੀ ਦੇਣ ਸਮੇਂ ਉਪਰੋਕਤ ਖ਼ਾਨ ਸਾਹਿਬ ਹਜ਼ੂਰ ਦੇ ਸਾਹਮਣੇ ਹਾਜ਼ਰ ਸਨ। ਖ਼ਾਨ ਸਾਹਿਬ ਨੂੰ ਸੂਚਨਾ ਦੇਣ ਤੋਂ ਪਹਿਲਾਂ ਇਹ ਗੱਲ ਦੱਸ ਦੇਣਾ, ਮਿੱਤਰਤਾ ਹੋਣ ਕਰਕੇ ਹਜ਼ੂਰ ਨੂੰ ਪਸੰਦ ਆਇਆ। ਮਿੱਤਰਾਂ ਦੇ ਮੁਕੱਦਮੇ ਬਾਰੇ ਉਨ੍ਹਾਂ ਨੂੰ ਲਿਖ ਦੇਣਾ ਹੀ ਯੋਗ ਹੈ। ਇਸ ਬਾਰੇ ਹਜ਼ੂਰ ਪਾਸ ਦੋ ਤਿੰਨ ਦਿਨਾਂ ਤਕ ਬੇਨਤੀ ਕੀਤੀ ਜਾਵੇਗੀ ਤਾਂ ਜੋ ਆਪ ਜੀ ਨੂੰ ਪਰੇਸ਼ਾਨੀ ਨਾ ਹੋਵੇ। ਮੁਕੱਦਮਾ ਚੂੰਕਿ ਫ਼ੌਜਦਾਰੀ ਹੈ, ਮਿੱਤਰਾਂ ਅਤੇ ਪ੍ਰੇਮੀਆਂ ਨੂੰ ਮੁਕੱਦਮੇ ਦੇ ਸੁਆਲਾਂ ਤੇ ਜੁਆਬਾਂ ਦੇ ਸਿੱਟਿਆਂ ਬਾਰੇ ਦੱਸ ਦਿੱਤਾ ਜਾਵੇ। ਚੰਗਾ ਹੋਵੇ ਜੇ 18 ਰੁਪਏ ਮਹੀਨਾ ਪਿਆਰੇ ਵੱਲੂ ਮਲ ਅਤੇ ਉਸ ਦੇ ਸਹਾਇਕ ਲਈ ਨਿਯਤ ਹੋ ਜਾਣ ਅਤੇ ਉਸ ਦੀ ਸੂਚਨਾ ਦੇ ਦਿੱਤੀ ਜਾਵੇ ਕਿ ਆਪਣੇ ਦਰਮਾਹੇ ਵਿਚੋਂ ਹੀ ਸਹਾਇਕ ਨਿਯੁਕਤ ਕਰ ਕੇ ਪੂਰੀ ਤਸੱਲੀ ਨਾਲ ਸਪੁਰਦ ਕੀਤੇ ਕੰਮਾਂ ਦੀ ਵਕਾਲਤ ਕਰੇ। ਜੇ ਕਦੀ ਕੋਈ ਅਤਿ ਜ਼ਰੂਰੀ ਕੰਮ ਪੈ ਜਾਏ ਤਾਂ ਉਸ ਦੀ ਗ਼ੈਰ-ਹਾਜ਼ਰੀ ਵਿਚ ਉਸ ਦੀ ਸਹਾਇਤਾ ਦਾ ਕੰਮ ਕਰੇ। ਵੱਲੂ ਮੱਲ ਨੂੰ ਆਗਿਆ ਕੀਤੀ ਜਾਵੇ ਕਿ ਬਰਖ਼ੁਰਦਾਰ ਦੀ ਹਰ ਗੱਲ ਨੂੰ ਮੰਨ ਲਿਆ ਕਰੇ। ਰਾਏ ਹੀਰਾ ਲਾਲ ਜੀ, ਕੁਤਬ ਖ਼ਾਨ ਜੀ ਹਮਾਇਤਲਾ ਬੇਗ ਮੁਖੀ ਜੀਵਨੀ-ਲੇਖਕ, ਜੋ ਹਜ਼ੂਰ ਦੇ ਨਿਕਟੀ ਹਨ ਅਤੇ ਜਿਨ੍ਹਾਂ ਤੇ ਉਨ੍ਹਾਂ ਦੀ ਮਿਹਰ ਦੀ ਨਜ਼ਰ ਹੈ, ਇਨ੍ਹਾਂ ਸਾਰਿਆਂ ਨੂੰ ਯੋਗ ਨਕਦ ਇਨਾਮ ਦਿੱਤੇ ਜਾਣ, ਤਾਂ ਜੋ ਉਸ ਨਾਲ ਜਿਨਸ ਖਰੀਦ ਸਕਣ। ਦਫ਼ਤਰ ਦੇ ਹਰ ਇਕ ਮੁਹੱਰਰ ਨੂੰ ਦੱਸ ਦੱਸ ਰੁਪੈ ਇਨਾਮ ਵਜੋਂ ਦਿੱਤੇ ਜਾਣ ਕਿਉਂ ਜੋ ਉਨ੍ਹਾਂ ਦਾ ਧਿਆਨ ਕਿਸੇ ਨਾ ਕਿਸੇ ਹੋਰ ਚੀਜ਼ ਵਲ ਹੁੰਦਾ ਹੈ। ਕਰਨਾ ਤਾਂ ਤੁਸਾਂ ਵੀ ਇਹ ਹੀ ਸੀ ਭਾਵੇਂ ਮੈਂ ਨਾ ਲਿਖਦਾ। ਬਰਖ਼ੁਰਦਾਰ ਨੂੰ ਲਿਖ ਦਿੱਤਾ ਜਾਵੇਗਾ ਪਰ ਉਹ ਮੰਨਣ ਨਹੀਂ ਲੱਗਾ। ਫਿਰ ਵੀ ਉਸ ਨੂੰ ਚਿੱਠੀ ਲਿਖ ਰਿਹਾ ਹਾਂ। ਇਹ ਉਸ ਨੂੰ ਦੇਣਾ।

* * *

ਪਿਆਰੇ ਬਰਖ਼ੁਰਦਾਰ ਵੱਲੋਂ ਉੱਤਰ ਆਉਣ ਵਿਚ ਕਈ ਦਿਨ ਲੰਘ ਗਏ ਹਨ। ਪਿਆਰੇ ਦੁਲਾਰੇ, ਅੱਖੀਆਂ ਦੇ ਤਾਰੇ, ਸਰਕਾਰੀ ਸੈਨਾ ਵਿਚ ਹੋਣ ਕਰਕੇ ਇੰਨੀ ਦੇਰ ਨਹੀਂ ਹੋਣੀ ਚਾਹੀਦੀ। ਪਿੱਛੋਂ ਤੁਸਾਂ ਇਕ ਮੰਗ ਕੀਤੀ ਸੀ ਕਿਉਂ ਜੋ ਫ਼ੌਜਦਾਰ ਦੀ ਤਨਖ਼ਾਹ ਇਕ ਮਹੀਨੇ ਦੀ ਬਕਾਇਆ ਰਹਿ ਗਈ ਸੀ। ਇਸ ਲਈ ਇਸ ਵੱਲ ਧਿਆਨ ਨਾ ਦੇ ਸਕਿਆ।

* * *

ਦਾਅਵੇਦਾਰਾਂ ਦੀ ਤਲਬੀ ਦਾ ਪਰਵਾਨਾ ਨਵੇਂ ਸਿਰੋਂ ਜਾਰੀ ਕਰਨ ਲਈ ਭੇਜਿਆ ਗਿਆ ਹੈ। ਲੋੜੀਂਦਾ ਵੇਰਵਾ ਪਿਛਲੇ ਪਾਸੇ ਲਿਖਣ ਦੀ ਲੋੜ ਹੈ। ਮੁਹੰਮਦ ਖ਼ਾਨ ਦੀ ਮੌਤ ਦੀ ਖ਼ਬਰ ਅਜੇ ਤਕ ਨਹੀਂ ਸੁਣੀ। ਪਤਾ ਲੱਗਣ ਤੇ ਲਿਖਿਆ ਜਾਵੇਗਾ। ਜ਼ਮੀਨ ਦਾ ਅਸ਼ਟਾਮ ਬਰਖ਼ੁਰਦਾਰ ਨੇ ਲਿਖ ਕੇ ਜੀਵਾ ਮੱਲ ਦੇ ਨੌਕਰ ਨੂੰ ਭਿਜਵਾ ਦਿੱਤਾ ਹੈ। ਮਲਕ ਛੋਟਾ ਮੱਲ ਪੀਰ ਕਾਕੂਨ ਦੇ ਯਾਤਰੀਆਂ ਨਾਲ ਮੁਲਤਾਲ ਵੱਲ ਆ ਰਿਹਾ ਸੀ ਕਿ ਰਾਹ ਵਿਚ ਡਾਕੂਆਂ ਨੇ ਲੁੱਟ ਲਿਆ। ਲਗਭਗ 5 ਲੱਖ ਦੀ ਨਕਦੀ ਅਤੇ ਜਿਣਸ ਲੁੱਟ ਕੇ ਲੈ ਗਏ। ਉਪਰੋਕਤ ਮਲਕ ਨੇ ਮੋਤੀ ਰਾਮ ਨੂੰ ਲਿਖਿਆ ਹੈ। ਰਾਹ ਦੇ ਸੁਰੱਖਿਅਤ ਹੋਣ ਪੁਰ ਫਿਰ ਮੁਲਤਾਨ ਆਵੇਗਾ। ਬਰਖ਼ੁਰਦਾਰ ਮਹਿਤਾ ਗੋਪਾਲ ਸਿੰਘ ਹਜ਼ੂਰੀ ਪੇਸ਼ਕਾਰ ਨੂੰ ਮਿਲੇਗਾ। ਇਸ ਲਈ ਧਿਆਨ ਰੱਖਣਾ ਕਿ ਕੋਈ ਗੱਲ ਅਜਿਹੀ ਨਾ ਹੋਵੇ ਕਿ ਜਿਸ ਕਰਕੇ ਉਸ ਦਾ ਦਿਲ ਦੁਖੀ ਹੋਵੇ ਅਤੇ ਹਜ਼ੂਰ ਨੂੰ ਲਿਖਣਾ ਪਵੇ। ਜੇ ਉਸ ਦਾ ਦਿਲ ਦੁਖੀ ਹੋਇਆ

ਤਾਂ ਰਾਮਜੀ ਵੀ ਚਿੰਤਾਤੁਰ ਹੋਵੇਗਾ। ਇਸ ਤੋਂ ਪਹਿਲਾਂ ਇਕ ਪੱਤਰ, ਜਿਸ ਵਿਚ ਸ਼ਾਹੀ ਦਰਬਾਰ ਦਾ ਪੂਰਾ ਪੂਰਾ ਹਾਲ ਲਿਖਿਆ ਹੋਇਆ ਸੀ ਅਤੇ ਬੇਸਮਝ ਧਨਾਢਾਂ ਦੀ ਨਾ-ਕਦਰਦਾਨੀ ਬਾਰੇ ਵਿਸਥਾਰ ਪੂਰਵਕ ਵੇਰਵਾ ਸੀ, ਭੇਜਿਆ ਗਿਆ ਹੈ। ਆਸ ਹੈ ਸਿਆਣੇ ਅਤੇ ਸੂਝਵਾਨ ਇਸ਼ਾਰਾ ਸਮਝਣ ਵਾਲਿਆਂ ਨੇ ਅਕਲ ਕੀਤੀ ਹੋਵੇਗੀ ਅਤੇ ਦੋਵੇਂ ਧਿਰਾਂ ਦਿਲੋਂ ਕੁਝ ਨੇੜੇ ਹੋ ਗਈਆਂ ਹੋਣਗੀਆਂ। ਮਿਹਰਬਾਨ ਜੀ! ਜੇ ਫ਼ੌਜੀਆਂ ਦੇ ਹਾਲਾਤ ਵਰਨਣ ਕੀਤੇ ਜਾਣ ਤਾਂ ਲਿਖਤਾਂ ਦੇ ਢੇਰ ਲੱਗ ਜਾਣ। ਨਾਉਂ ਮਾਤਰ ਹੀ ਟੁੱਟੀ ਜੀਭ ਵਾਲੀ ਕਲਮ ਨਾਲ ਕਾਗ਼ਜ਼ ਦੇ ਪੁਰਜ਼ੇ ਤੇ ਲਿਖੇ ਹਨ। ਸਰਬ ਸ਼ਕਤੀਮਾਨ ਪਰਮਾਤਮਾ ਦਾ ਸ਼ੁਕਰ ਹੈ ਕਿ ਜਿਸ ਨੇ ਆਪਣੀ ਮਿਹਰ ਅਤੇ ਕਿਰਪਾ ਨਾਲ ਲਸ਼ਕਰ ਵਿਚੋਂ, ਕਿ ਕਿਆਮਤ ਜਿਸ ਦਾ ਨਮੂਨਾ ਹੈ, ਕਿਸੇ ਇਕ ਨੂੰ ਵੀ ਰਹਿਣ ਦਿੱਤਾ ਹੈ। ਕਿਉਂ ਜੋ ਹਰ ਕੰਮ ਦਾ ਕਰਨਹਾਰ ਤਾਂ ਉਹ ਆਪ ਸਿਰਜਣਹਾਰ ਹੀ ਹੈ, ਇਸ ਲਈ ਜਿੱਥੇ ਦਾਣਾ-ਪਾਣੀ ਹੋਵੇ ਆਦਮੀ ਉੱਥੇ ਜ਼ਰੂਰ ਪੁੱਜ ਜਾਂਦਾ ਹੈ। ਜੇ ਪਿਆਰੇ ਮਿੱਤਰ ਦਾ ਇੱਥੇ ਕੁਝ ਰਲਿਆ ਹੈ ਤਾਂ, ਬਿਨਾਂ ਇਸ ਗੱਲ ਦੇ ਕਿ ਇਥੋਂ ਕੁਝ ਹਾਲ ਲਿਖਿਆ ਜਾਵੇ, ਉਹ ਆ ਹੀ ਜਾਵੇਗਾ। ਪਰ ਦਾਸ ਬਹੁਤ ਹੀ ਸੱਚੇ ਦਿਲ ਅਤੇ ਦਿਲੀ ਪਿਆਰ ਨਾਲ ਲਿਖਦਾ ਹੈ ਕਿ ਆਉਣਾ ਬਿਲਕੁੱਲ ਸੰਭਵ ਨਹੀਂ। ਫ਼ੌਜੀ ਨੌਕਰੀ ਤੇ ਨਿਰਭਰ ਹੋਣ ਨਾਲੋਂ ਭੁੱਖ ਨਾਲ ਜਾਨ ਦੇਣਾ ਵਧੇਰੇ ਚੰਗਾ ਹੈ। ਤੁਸੀਂ ਇਸ ਗੱਲ ਨੂੰ ਤਾਂ ਚੰਗੀ ਤਰ੍ਹਾਂ ਜਾਣਦੇ ਹੋ। ਕੁਝ ਲਿਖਣ ਤੇ ਉਪਦੇਸ਼ ਦੇਣ ਦੀ ਕੋਈ ਲੋੜ ਨਹੀਂ। ਆਸ ਹੈ ਖ਼ੁਸ਼ੀਆਂ ਦੇਣ ਵਾਲੇ ਮਿਲਾਪ ਤਕ ਚਿੱਠੀਆਂ ਲਿਖਦੇ ਰਿਹਾ ਕਰੋਗੇ ਅਤੇ ਨਿਰਾਸ਼ ਨਾ ਕਰੋਗੇ।

* * *

ਬਰਖ਼ੁਰਦਾਰ, ਤੇਰਾ ਤੀਰ ਅਤੇ ਕਮਾਨ ਸਲਾਮਤ ਰਹੇ! ਜ਼ਬਾਨੀ ਸੁਨੇਹਾ ਜੋ ਪਿੱਛੇ ਭੇਜਿਆ ਸੀ ਮਿਲ ਗਿਆ ਹੈ। ਚਾਰ ਟਨਕੇ (ਇਕ ਸਿੱਕੇ ਦਾ ਨਾਉਂ) ਕਮਾਨ ਨੂੰ ਚਿੱਲਾ ਬੰਨ੍ਹਣ ਵਾਲੇ ਨੂੰ ਆਪਣੇ ਕੋਲੋਂ ਦਿੱਤੇ ਅਤੇ ਤਿੰਨ ਟਨਕੇ ਦਾ ਜ਼ਾਮਿਲ (ਹੁੱਕੇ ਦੀਆਂ ਦੋ ਨੜੀਆਂ ਨੂੰ ਜੋੜਨ ਵਾਲੀ ਲੱਕੜ) ਮੁੱਲ ਲਿਆ, ਸੱਤ ਟਨਕੇ ਫਿਰ ਮੋੜ ਦੇਣਗੇ। ਬਰਖ਼ੁਰਦਾਰ ਦੇ ਨਾਉਂ ਦੀ ਇਕ ਚਿੱਠੀ ਅਤੇ ਦੋ ਰੁਪਏ ਦਾ ਨਜ਼ਰਾਨਾ ਫਲਾਨੇ ਆਦਮੀ ਦੇ ਹੱਥ ਭੇਜਿਆ ਜਾਵੇਗਾ। ਉਹ ਮਿਲਣ ਤੇ ਪਤਾ ਦੇਣਾ।

ਕੀ ਮਹਿਤਾ ਸਾਹਿਬ ਅਤੇ ਕੀ ਬਰਖ਼ੁਰਦਾਰ ਫਲਾਨੇ ਫਲਾਨੇ, ਸਭ ਬਰਖ਼ੁਰਦਾਰ ਦੀ ਭਲਾਈ ਲੋੜਦੇ ਹਨ। ਵੈਰੀ ਤਾਂ ਸਵਾਰਥ ਜਾਂ ਵਿਰੋਧਤਾ ਜਾਂ ਖਰਲਾ ਦੇ ਵਡਿੱਕਿਆਂ ਦੀ ਬਦਸਲੂਕੀ ਦੇ ਕਾਰਣ ਸਰਕਾਰੀ ਮਾਮਲੇ ਦੀ ਉਗਰਾਹੀ ਵਿਚ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੇ। ਪਰ ਮਿੱਤਰ ਅਤੇ ਸਨੇਹੀ, ਕੀ ਘਰ ਤੇ ਕੀ ਬਾਹਰ ਦੇ, ਸਭ ਥਾਵਾਂ ਤੋਂ ਪੂਰਾ ਪੂਰਾ ਤਾਣ ਲਾ ਰਹੇ ਹਨ। ਮਹਿਤਾ ਜੀ ਨੂੰ ਚਿੱਠੀ ਭਿਜਵਾਉਣੀ ਉਚਿਤ ਹੈ। ਆਗਿਆ ਪੱਤਰ ਫਲਾਣੇ ਦੇ ਘਰ ਜਿੱਥੇ ਕਿ ਫਲਾਣੇ ਬੈਠੇ ਸਨ ਪਹੁੰਚਾ ਦਿੱਤਾ ਹੈ। ਅਗਲੇ ਦਿਨ ਫਲਾਣਾ ਮਹਿਤਾ ਮੇਰੇ ਪਾਸ ਘਰ ਆਇਆ, ਆਗਿਆ ਪੱਤਰ ਬਾਰੇ ਹਰ ਗੱਲ ਦਾ ਭੇਦ ਖੋਲ੍ਹਿਆ ਅਤੇ ਦਾਸ ਅਤੇ ਬਰਖ਼ੁਰਦਾਰ ਬਾਰੇ ਉਸ ਘਰ ਵਿਚ ਕੀਤੀ ਨਿੰਦਿਆ ਦਾ ਖੰਡਨ ਕੀਤਾ। ਉੱਥੇ ਹੋਏ ਸਵਾਲ ਤੇ ਉਨ੍ਹਾਂ ਦੇ ਜੁਆਬ, ਜੋ ਫਲਾਨੇ ਮਹਿਤੇ ਦੇ ਪੱਤਰ ਤੋਂ ਆਪ ਨੂੰ ਪਤਾ ਲੱਗ ਜਾਣਗੇ, ਵੇਰਵੇ ਸਹਿਤ ਮੈਨੂੰ ਦੱਸਿਆ ਅਤੇ ਖ਼ਿਮਾ ਮੰਗੀ। ਖ਼ੈਰ, ਸਭ ਪ੍ਰਬੰਧਕ, ਸਰਦਾਰ ਅਤੇ ਵਿਦਵਾਨ ਧੰਨਵਾਦ ਕਰਦੇ ਹਨ। ਸਤਿਗੁਰੂ ਦਿਆਲ ਪਰ ਭਰੋਸੇ ਯਕੀਨ ਅਤੇ ਵਿਸ਼ਵਾਸ ਦੀ ਪਕਿਆਈ ਅਤੇ ਦ੍ਰਿੜ੍ਹਤਾ ਮੰਨੀ ਪ੍ਰਮੰਨੀ ਅਤੇ ਪ੍ਰਤੱਖ ਹੈ। ਇਸ ਲਈ ਬਰਖ਼ੁਰਦਾਰ ਲਈ, ਲੋਕ ਪ੍ਰਲੋਕ ਦੇ ਸਭ ਖਟਕਿਆਂ ਅਤੇ ਖ਼ਤਰਿਆਂ ਤੋਂ ਬਚਾਉ ਦੀ ਓਟ ਅਤੇ ਓਹਲਾ, ਉਨ੍ਹਾਂ ਦੀ ਸ਼ਰਨ ਹੀ ਹੈ। ਖਰਲਾਂ ਪਾਸੋਂ ਸਰਕਾਰੀ ਕੰਮਾਂ ਲਈ ਮਾਮਲੇ ਦੀ ਮੰਗ ਕਰਨੀ ਲੋੜੀਂਦੀ ਹੈ,

ਸੈਂਕੜਿਆਂ ਬਖ਼ਸ਼ਿਸ਼ਾਂ, ਜਿਨ੍ਹਾਂ ਦਾ ਨਾਂ ਲੈਣ ਦੀ ਲੋੜ ਨਹੀਂ, ਤੋਂ ਨਾਬਰ ਹੋ ਗਿਆ ਹੈ। ਸਤਿਗੁਰੂ ਸਦਾ ਬਰਖ਼ੁਰਦਾਰ ਦੇ ਅੰਗ ਸੰਗ ਸਹਾਈ ਹੋਵੇ ਅਤੇ ਵੱਡੀ ਉਮਰ ਕਰੇ।

ਪਾਕ ਅਤੇ ਪਵਿੱਤਰ ਪਰਮਾਤਮਾ ਮਹਿਤਾ ਚੇਤਨ ਦਾਸ ਜੀ ਕਾਮਗਾਰ ਨੂੰ, ਜੋ ਰਾਜ ਦੀ ਨੀਂਹ, ਅੱਖੀਆਂ ਦੀ ਜੋਤ, ਪ੍ਰਾਨਾਂ ਤੋਂ ਪਿਆਰਾ, ਨੇਕ ਬਖ਼ਤ ਅਤੇ ਵੱਡਭਾਗੀ ਹੈ, ਵੱਡੀ ਆਯੂ ਪ੍ਰਦਾਨ ਕਰੇ, ਉਸ ਦੇ ਰਾਜਸੀ ਕੰਮ ਨੂੰ ਸਦੀਵਤਾ ਬਖ਼ਸ਼ੇ, ਹੋਣੀਆਂ ਅਤੇ ਭਾਵੀਆਂ ਤੋਂ ਸੁਰੱਖਿਅਤ ਰੱਖੇ। ਉਸ ਦੀਆਂ ਲੋਕ ਅਤੇ ਪ੍ਰਲੋਕ ਸੰਬੰਧੀ ਆਸਾਂ ਅਤੇ ਮੁਰਾਦਾਂ ਪੂਰੀਆਂ ਕਰੇ। ਉਹ ਭਗਵਾਨ ਬਰਖ਼ੁਰਦਾਰ ਦੇ ਮੁੱਖ ਤੇ ਅਸ਼ਾਂਤੀ ਅਤੇ ਮਨ ਉੱਤੇ ਕਲੇਸ਼ ਅਤੇ ਦੁੱਖ ਦੀ ਮੈਲ ਨਾ ਲਿਆਵੇ। ਅਨੰਦ ਦਾਇਕ ਦਰਸ਼ਨਾਂ ਦੀ ਇੱਛਿਆ ਦਿਨ ਦੂਣੀ ਅਤੇ ਰਾਤ ਚੌਗੁਣੀ ਹੋਵੇ ਜੋ ਰਾਜ ਦੀ ਨੇਕ ਬਖ਼ਤੀ ਦੇ ਰੰਗ ਵਿਚ ਰੰਗੀ ਹੋਈ ਹੈ। ਆਪ ਵੱਲੋਂ ਨੇਕ ਬਖ਼ਤੀ ਅਤੇ ਧਨ ਦੌਲਤ ਦੇ ਦੋ ਗੁਲਦਸਤਿਆਂ, ਅਰਥਾਤ ਦੋ ਪੱਤਰਾਂ, ਦੇ ਨਾਲ ਛੇ ਰੁਪਏ, ਅਤੇ ਇਕ ਥਾਨ ਵੀ ਮਿਲਿਆ ਜੋ ਕਿਸੇ ਸ਼ੁਭ ਘੜੀ ਹਜ਼ੂਰ ਦੀ ਸੇਵਾ ਵਿਚ ਹਾਜ਼ਰ ਹੋਣ ਬਾਰੇ ਹੈ। ਇਨ੍ਹਾਂ ਨੇ ਮੇਰੇ ਰੀਝਾਂ ਅਤੇ ਸੱਧਰਾਂ ਭਰੇ ਦਿਮਾਗ਼ ਨੂੰ ਸੁਗੰਧਤ ਕੀਤਾ ਹੈ, ਪੜ੍ਹ ਕੇ ਹੱਦੋਂ ਵੱਧ ਖ਼ੁਸ਼ੀ ਤੇ ਪ੍ਰਸੰਨਤਾ ਹੋਈ ਹੈ।

ਸਾਨੂੰ ਖ਼ੁਸ਼ ਕੀਤਾ ਈ ਸਮਿਆ, ਤੂੰ ਭੀ ਮੌਜਾਂ ਮਾਣ ਵੇ।

ਆਪ ਜੀ ਦੀ ਸੁਗੰਧੀ-ਪਰਸਾਰਨੀ ਕਲਮ ਨੇ ਜੋ ਸੁਭਾਵਕ ਭੈ ਪ੍ਰਗਟ ਕੀਤਾ ਹੈ, ਬਰਖ਼ੁਰਦਾਰ! ਉਸ ਦੇ ਸੰਬੰਧ ਵਿਚ ਇਹ ਹੈ ਕਿ ਕਾਮਗਾਰ (ਸਥਾਨਿਕ ਹਾਕਮ) ਦੀ ਨੇਕ ਨੀਅਤੀ ਤੇ ਅਸੀਂ ਇੰਨੇ ਪ੍ਰਸੰਨ ਨਹੀਂ। ਜੇ ਉਹ—ਰੱਬ ਨਾ ਕਰੇ—ਸਾਹਮਣੇ ਬੇਅਦਬੀ ਦੀ ਗੱਲ ਕਰੇ ਜਾਂ ਗੁਸਤਾਖ਼ੀ ਨਾਲ ਪੇਸ਼ ਆਵੇ ਅਤੇ ਤੁਹਾਡੇ ਨਿਰਲੇਪ ਮਨ ਤੇ ਮੈਲ ਦੀ ਤਹਿ ਬੈਠ ਜਾਏ ਤਾਂ ਤੁਰੰਤ ਆਗਿਆ ਕਰਕੇ ਉਸ ਨੂੰ ਬੁਲਵਾ ਲਵੋ। ਦੂਜੀ ਗੱਲ ਇਹ ਹੈ ਕਿ ਪਤਵੰਤਾ ਭਰਾ, ਜੋ ਪ੍ਰਾਣਾਂ ਤੋਂ ਵੀ ਪਿਆਰਾ ਹੈ, ਕਿਸੇ ਗੱਲ ਕਰਕੇ ਰੰਜ ਹੋ ਜਾਵੇ ਤਾਂ ਅਜਿਹੇ ਸਮੇਂ ਅਤਿ ਦਿਆਲਤਾ ਨਾਲ ਮਿਹਰ ਭਰਿਆ ਦੋਸਤੀ ਦਾ ਹੱਥ ਅੱਗੇ ਵਧਾਉਣਾ। ਪਰਮਾਤਮਾ ਛੇਤੀ ਹੀ ਆਪਣੀ ਰਹਿਮਤ ਦੇ ਦਰਵਾਜ਼ੇ ਖੋਲ੍ਹ ਕੇ ਸਾਨੂੰ ਅਤੇ ਤੁਹਾਨੂੰ ਅੰਦਰਲੀ ਅਤੇ ਬਾਹਰਲੀ ਸ਼ਾਂਤੀ ਬਖ਼ਸ਼ੇ। ਕੰਮ ਵੇਲੇ ਸਿਰ ਹੀ ਨੇਪਰੇ ਚੜ੍ਹ ਗਿਆ ਹੈ। ਵਕਤ ਆਉਣ ਤੇ ਅੱਖੀਆਂ ਆਪਣੇ ਆਪ ਖੁਲ੍ਹ ਜਾਣਗੀਆਂ। ਸ੍ਰੀ ਗੰਗਾ ਜੀ ਥੋੜ੍ਹਾ ਜਿੰਨਾਂ ਕੇਸਰ ਈਰਾਨ ਤੋਂ ਲਿਆਏ ਸਨ, ਅੱਧਾ ਆਪ ਲਈ ਸੰਭਾਲ ਰਖਿਆ ਸੀ ਅਤੇ ਅੱਧਾ ਮਿੱਤਰਾਂ ਯਾਰਾਂ ਵਿਚ ਵੰਡ ਦਿੱਤਾ ਸੀ। ਇਹ ਵੱਖੋ ਵੱਖ ਭੇਜਿਆ ਗਿਆ ਸੀ। ਪੁੱਜਣ ਤੇ ਪਤਾ ਦੇਣਾ। ਬਜ਼ੁਰਗ ਭਾਈ ਸਾਹਿਬ ਗੁਰਮੁਖ ਪੁਰਸ਼ ਭਾਈ ਗੁਰਬਖ਼ਸ਼ ਸਿੰਘ ਜੀ ਬਰਖ਼ੁਰਦਾਰ ਦੀ ਸੇਵਾ ਤੇ ਬਹੁਤ ਪ੍ਰਸੰਨ ਹੋਏ ਹਨ ਅਤੇ ਧੰਨਵਾਦ ਕਰਦੇ ਹਨ।

ਪ੍ਰਤੱਖ ਅਤੇ ਅਪ੍ਰਤੱਖ ਦੇ ਜਾਨਣਹਾਰ ਭਾਈ ਸਾਹਿਬ ਠਾਕਰ ਦਾਸ ਜੀ ਵੀ ਉਪਰੋਕਤ ਵਿਚਾਰ ਨਾਲ ਸਹਿਮਤ ਹਨ। ਲੋਕ ਪ੍ਰਲੋਕ ਦੀਆਂ ਖ਼ੁਸ਼ੀਆਂ ਮਾਣੋ। ਬਰਖ਼ੁਰਦਾਰ ਕਾਮਗਾਰ ਨੇ ਇਕ ਘੋੜਾ ਖ਼ਰੀਦਿਆ ਹੈ—ਇਹ ਖ਼ੁਸ਼ਖ਼ਬਰੀ ਸੁਣ ਕੇ ਬਹੁਤ ਹੀ ਪ੍ਰਸੰਨਤਾ ਹੋਈ। ਇਹ ਘੋੜਾ ਉਸ ਨੂੰ ਮੁਬਾਰਕ ਹੋਵੇ ਅਤੇ ਰੱਬ ਹੋਰ ਘੋੜੇ, ਹਾਥੀ ਅਤੇ ਪਾਲਕੀਆਂ ਬਖ਼ਸ਼ੇ।

ਇਸ ਫੁਲਵਾੜੀ ਵਿਚ ਪਤਝੜ ਅਤੇ ਬਸੰਤ ਨੇ ਗੱਲਵਕੜੀ ਪਾਈ ਹੋਈ ਹੈ।

ਇਕ ਪਾਸੇ ਜੇ ਸ਼ਰਾਬ ਦਾ ਦੌਰ ਚਲ ਰਿਹਾ ਹੈ ਅਤੇ ਦੂਜੇ ਪਾਸੇ ਕਿਸੇ ਦੀ ਅਰਥੀ ਨਿਕਲ ਰਹੀ ਹੈ।

ਭਾਵੇਂ ਫਲਾਣੇ ਮਹਿਤੇ ਦੇ ਅਕਾਲ ਚਲਾਣੇ ਦੀ ਦੁਰਘਟਨਾ ਦੇ ਵਾਪਰਨ ਦੇ ਕਾਰਣ ਵੱਡ-ਮੁੱਲੇ

ਦਿਲ ਦੇ ਪਤਰੇ ਉੱਤੇ ਦੁੱਖਾਂ ਅਤੇ ਕਲੇਸ਼ਾਂ ਦੀ ਮੈਲ ਲੱਗ ਗਈ ਹੈ ਅਤੇ ਇਸ ਕਾਰਣ ਉਹ ਅੱਜ ਕਲ੍ਹ ਬਹੁਤ ਚਿੰਤਾਤੁਰ ਅਤੇ ਉਦਾਸ ਹਨ, ਪਰ ਸੱਚ ਨੂੰ ਪਛਾਣਨ ਵਾਲੇ ਸਿਆਣੇ, ਰੱਬ ਨੂੰ ਪੁੱਜੇ ਗਿਆਨੀ, ਮਨੁੱਖ ਦੀ ਥੋੜ੍ਹੀ ਜਿਹੀ ਆਯੂ, ਸੰਸਾਰ ਦੀ ਨਾਸ਼ਮਾਨਤਾ ਅਤੇ ਮਨੁੱਖ ਦੀ ਝਟਪਟਾ ਅਤੇ ਬਦਲਦੇ ਸੰਸਾਰ ਦੀ ਅਵਸਥਾ ਨੂੰ ਜਾਣਦੇ ਹਨ। ਇਸ ਲਈ ਆਸ ਹੈ ਦੂਰ-ਦਰਸ਼ੀ ਸੁਭਾ ਦੀ ਸੁਚੱਜਤਾ ਅਤੇ ਨਿਪੁੰਨਤਾ ਨਾਲ ਭਾਣਾ ਮਿੱਠਾ ਕਰਕੇ ਮੰਨਦਿਆਂ ਹੋਇਆਂ ਉਹ ਸਬਰ ਅਤੇ ਸ਼ਾਂਤੀ ਦਾ ਪੱਲਾ ਫੜ੍ਹਨਗੇ।

ਇਸ ਝੂਠੇ (ਭਾਵ ਲੇਖਕ) ਨੂੰ ਰੱਬ ਬਖ਼ਸ਼ੇ। ਰੱਬ ਤੋਂ ਵਿਛੜੇ ਦੀ ਕੀ ਮਜਾਲ ਹੈ ਕਿ ਸਮੇਂ ਦੇ ਅਫਲਾਤੂਨ, ਸੰਸਾਰ ਦੇ ਗਿਆਤਾ, ਦੂਰ ਦਰਸ਼ੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਗੱਲ ਕਰਨ ਦਾ ਸਾਹਸ ਕਰੇ, ਜਾਂ ਸਰਬ-ਗਿਆਤਾ ਦੇ ਦਰਬਾਰ ਵਿਚ ਲੋਕ ਪ੍ਰਲੋਕ ਸੰਬੰਧੀ ਕੁਝ ਬੋਲ ਸਕੇ ਜਾਂ ਉਪਦੇਸ਼ ਕਰੇ। ਪ੍ਰੰਤੂ ਪ੍ਰਤੱਖ ਅਤੇ ਦ੍ਰਿਸ਼ਟਮਾਨ ਵਸਤੂਆਂ ਨਾਲ ਸੰਬੰਧ ਕਾਇਮ ਕਰਨ ਅਤੇ ਅਦਿੱਖ ਅਤੇ ਅਪ੍ਰਤੱਖ ਨੂੰ ਵਿਸਾਰ ਦੇਣ ਵਿਚ ਸਿਆਣਪ ਨਹੀਂ। ਇਸ ਲਈ ਉਪਰੋਕਤ ਸ਼ਬਦ ਲਿਖੇ ਹਨ।

ਉੱਚਾ ਅਤੇ ਸੁੱਚਾ ਰੱਬ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖ਼ਸ਼ੇ ਅਤੇ ਆਪ ਜੀ ਨੂੰ ਫਿਰ ਕਦੀ ਅਜਿਹਾ ਦੁੱਖ ਨਾ ਪਾਵੇ। ਸੁਰਗਵਾਸੀ ਖ਼ਾਨ ਸਾਹਿਬ ਦੀ ਦਿਲ-ਚੀਰਵੀਂ ਅਤੇ ਜਾਨ ਵਿਨ੍ਹਵੀਂ ਦੁਰਘਟਨਾ ਨੇ, ਜਿਸ ਨਾਲ ਮਿੱਤਰਾਂ ਅਤੇ ਸੱਜਣਾਂ ਦੇ ਦਿਲਾਂ ਉੱਤੇ ਅਸਫ਼ਲਤਾ ਦੇ ਦਾਗ ਪੈ ਗਏ ਹਨ, ਇਸ ਨਾਸ਼ਮਾਨ ਸੰਸਾਰ ਤੋਂ ਉਪਰਾਮ ਕਰ ਦਿੱਤਾ ਹੈ। ਮਨੁੱਖੀ ਸੁਭਾ ਅਤੇ ਪੰਜ ਭੂਤਕ ਸਰੀਰ ਇਸ ਦੁਰਘਟਨਾ ਕਾਰਣ ਇੰਨਾ ਤਪਿਆ ਹੈ ਕਿ ਵਰਣਨ ਦੀ ਸਮਰੱਥਾ ਤੋਂ ਬਾਹਰ ਹੈ। ਹਾਏ! ਦੁੱਖਾਂ ਰੂਪੀ ਨਹਿਰ ਦੇ ਕੰਢੇ ਦਾ ਸਰੂ ਮੌਤ ਦੇ ਤੂਫ਼ਾਨੀ ਝੱਖੜ ਨੇ ਭੰਨ ਤੋੜ ਛੱਡਿਆ। ਲੇਖ ਸੜ ਗਏ ਕਿ ਵਡਿਆਈ ਅਤੇ ਆਨ ਸ਼ਾਨ ਦੀ ਫੁੱਲਵਾੜੀ ਦਾ ਬੂਟਾ ਅਤੇ ਉਸ ਦੇ ਫਲ ਪੱਤੇ ਮੌਤ ਦੀ ਪਤਝੱੜ ਨੇ ਕੇਰ ਕੇਰ ਕੇ ਖੇਰੂੰ ਖੇਰੂੰ ਕਰ ਦਿੱਤੇ। ਭਾਵੇਂ ਇਸ ਜਾਨ-ਵਿਲੁੰਧਰਨੀ, ਸੋਗੀ ਦੁਰਘਟਨਾ ਦਾ ਦੁੱਖ ਅਤੇ ਦਰਦ ਉੱਚੀ ਅਤੇ ਵੱਡੀ ਕੁਲ ਦੇ ਵਿਅਕਤੀਆਂ ਨੂੰ ਵਿਸ਼ੇਸ਼ ਕਰਕੇ ਹੈ ਪਰ ਆਤਮਕ ਏਕਤਾ ਦੇ ਕਾਰਣ ਮਿੱਤਰਾਂ ਅਤੇ ਦੋਸਤਾਂ ਦੀਆਂ ਅੱਖਾਂ ਵਿਚ ਸੰਸਾਰ ਕਾਲਾ ਸਿਆਹ ਹੋ ਗਿਆ ਹੈ। ਹਾਈਂ ਬਲ ਬਲ ਉੱਠਦੀਆਂ ਹਨ। ਪਰ ਕੀਤਾ ਕੀ ਜਾ ਸਕਦਾ ਹੈ। ਇਸ ਬੇ-ਇਲਾਜ ਬੀਮਾਰੀ ਦਾ ਦਾਰੂ ਕੇਵਲ ਰੱਬੀ ਰਜ਼ਾ ਵਿਚ ਰਾਜ਼ੀ ਰਹਿਣਾ ਅਤੇ ਭਾਣਾ ਮਿੱਠਾ ਕਰਕੇ ਮੰਨਣਾ ਹੀ ਹੈ।

ਅਜਿਹੀ ਹਾਲਤ ਵਿਚ ਸਿਆਣੇ ਅਤੇ ਸੂਝਵਾਨ ਇਹ ਹੀ ਯੋਗ ਸਮਝਦੇ ਹਨ ਕਿ ਭਾਵੀ ਸਾਹਮਣੇ ਸਿਰ ਨੀਵਾਂ ਕਰ ਕੇ ਉਸ ਪਵਿੱਤਰ ਲੋਕ (ਪ੍ਰਲੋਕ) ਦੇ ਜੇਤੂ ਯਾਤ੍ਰੀ ਦੀ ਆਤਮਾ ਨੂੰ ਰਿਵਾਜ ਅਨੁਸਾਰ ਫ਼ਾਤਿਹਾ ਪੜ੍ਹ ਕੇ ਪਛਾਣ ਲਈਏ ਅਤੇ ਰੋਣਾ ਧੋਣਾ, ਜੋ ਪੀੜਤਾਂ ਲਈ ਜ਼ਰੂਰੀ ਹੀ ਹੁੰਦਾ ਹੈ, ਬੰਦ ਕਰ ਦੇਈਏ। ਸਭ ਸੰਬੰਧੀ ਅਤੇ ਸਨੇਹੀ ਆਪਣੇ ਦਿਲਾਂ ਨੂੰ ਹੌਸਲੇ, ਢਾਰਸ ਅਤੇ ਧੀਰਜ ਦੇ ਕੇ ਸੰਪੂਰਣ ਕਰ ਦੇਣ।

ਸ਼ਾਹੀ ਦਰਬਾਰ ਵਿਚ ਹਰ ਪੱਖੋਂ, ਜਿਸ ਗੱਲ ਵਿਚ ਉਨ੍ਹਾਂ ਦੀ ਭਲਾਈ ਹੋਵੇਗੀ ਉਹ ਹੀ ਕੀਤੀ ਜਾਵੇਗੀ। ਜੇ ਰੱਬ ਨੂੰ ਮਨਜ਼ੂਰ ਹੋਇਆ ਤਾਂ ਸੁਰਗਵਾਸੀ ਦੌਲਤ ਖ਼ਾਨ ਦੇ ਸਪੁੱਤਰ ਦਾ ਮਾਨ ਸਤਿਕਾਰ ਵਧੇਗਾ, ਪਿਆਰੇ ਮਿੱਤਰ ਅਤੇ ਸਨੇਹੀ ਪ੍ਰਸੰਨ ਹੋਣਗੇ।

* * *

ਖ਼ਾਨ ਸਾਹਿਬ ਨਾਲ ਵਾਪਰੀ ਦਿਲ ਚੀਰਵੀਂ ਦੁਰਘਟਨਾ ਦੇ ਕਾਰਨ—ਰੱਬ ਉਸ ਦੀ ਆਤਮਾ ਨੂੰ ਬਖ਼ਸ਼ ਲਵੇ—ਹਜ਼ੂਰ ਦਾ ਦਿਲ ਬਹੁਤ ਹੀ ਦੁਖੀ ਹੋਇਆ ਪਰ ਸੂਝਵਾਨਾਂ ਦੀ ਦ੍ਰਿਸ਼ਟੀ ਵਿਚ

ਸੰਸਾਰ ਦੀ ਦ੍ਰਿਸ਼ਟੀਮਾਨ ਪ੍ਰਕ੍ਰਿਤੀ ਕੇਵਲ ਨਿਸ਼ਾਨ ਅਤੇ ਖ਼ਿਆਲ ਮਾਤਰ ਹੀ ਹੈ ਅਤੇ ਗਿਆਨਵਾਨ ਅਤੇ ਰੱਬ-ਪੂਜ ਮਹਾਂਪੁਰਖ ਸਮਝਦੇ ਹਨ ਕਿ ਸਦੀਵੀ ਜੀਵਨ ਅਤੇ ਸਥਿਰਤਾ ਤਾਂ ਕੇਵਲ ਅਕਾਲ ਪੁਰਖ ਦੀ ਹੀ ਹੈ, ਸੰਸਾਰੀ ਵਸਤਾਂ ਸ਼ੀਸ਼ੇ ਦੇ ਪ੍ਰਤਿਬਿੰਬ ਵਾਂਗ ਸਦੀਵਤਾ ਅਤੇ ਸਥਿਰਤਾ ਤੋਂ ਵਾਂਝੀਆਂ ਹਨ। ਆਸ ਹੈ ਪਾਰਦਰਸ਼ੀ ਸੂਝ ਦੀ ਅਗਵਾਈ ਨਾਲ ਰੱਬੀ ਰਜ਼ਾ ਵਿਚ ਰਾਜ਼ੀ ਰਹਿ ਕੇ ਅਤੇ ਭਾਣਾ ਮਿੱਠਾ ਮੰਨ ਕੇ ਉਸ ਮਾਲਕ ਦੀ ਆਗਿਆ ਅੱਗੇ ਸਿਰ ਨਿਵਾਇਆ ਹੋਵੇਗਾ। ਸਿਰਜਣਹਾਰ ਨੇ ਕਿੰਨਾਂ ਦਿਲ-ਚੀਰਵਾਂ ਸਦਮਾ, ਕਸ਼ਟ, ਦੁੱਖ ਦਰਦ ਅਤੇ ਕਲੇਸ਼ ਪਿਆਰੇ ਮਿੱਤਰਾਂ ਨੂੰ ਦਿੱਤਾ ਹੈ। ਪਰ ਰੱਬ ਦੇ ਹੁਕਮ ਨੂੰ ਟਾਲਿਆ ਨਹੀਂ ਜਾ ਸਕਦਾ।

ਉੱਚ ਪਦਵੀ ਦੇ ਮਾਲਕ ਨਵਾਬ ਸਾਹਿਬ, ਇਨ੍ਹਾਂ ਥੋੜ੍ਹਿਆਂ ਦਿਨਾਂ ਵਿਚ, ਜਦੋਂ ਕਿ ਸਮੇਂ ਦੇ ਮਿੱਤਰਾਂ ਦੀ ਕਿਰਤ ਅਤੇ ਕਿੱਤੇ ਦੀ ਜਾਣਕਾਰੀ ਸਭ ਨੂੰ ਹੈ, ਸਵਰਗ-ਸਮਾਨ ਭਾਰਤ ਵਿਚੋਂ ਵੱਡੀ ਸ਼ਾਨ ਵਾਲੇ ਨਵਾਬ ਸਾਹਿਬ ਦੀ—ਰੱਬ ਉਸ ਉੱਤੇ ਮਿਹਰ ਕਰੇ—ਕਦਰਦਾਨੀ ਅਤੇ ਇਨਸਾਫ਼ ਦਾ ਚਰਚਾ ਹਰ ਛੋਟੇ ਵੱਡੇ ਦੇ ਮੂੰਹ ਤੇ ਹੈ। ਹੁਣ ਜਦੋਂ ਕਿ ਖ਼ਾਨ ਸਾਹਿਬ ਪ੍ਰਲੋਕ ਸਿਧਾਰ ਗਏ ਹਨ, ਅਜਿਹਾ ਬਜ਼ੁਰਗ ਜਿਸ ਪਾਸੋਂ ਕਿਰਪਾਲਤਾ ਅਤੇ ਮਿਹਰ ਦੀ ਆਸ ਹੋ ਸਕੇ ਅਤੇ ਜਿਸ ਨੂੰ ਨੇਕ ਬਦ ਦੀ ਪਛਾਣ ਹੋ ਸਕੇ ਸਾਡੇ ਵਿਚ ਨਹੀਂ ਰਹੇ। ਆਸ ਹੈ ਕਿ ਰੱਬੀ ਜ਼ਾਤ ਦੀ ਉੱਚੀ ਦਰਗਾਹ ਵਿਚ ਉਸ ਦੀ ਸ਼ੋਭਾ ਅਤੇ ਮਾਨ ਤਾਨ ਵਧੇਗਾ।

* * *

ਅਕਲਾਂ ਦੇ ਕੋਟ, ਖ਼ਿਮਾਂ ਦੇ ਸਮੁੰਦਰ ਨਵਾਬ ਸਾਹਿਬ ਦੀ ਜਾਨ-ਕੱਢੂ ਦੁੱਖ ਭਰੀ ਦੁਰਘਟਨਾ ਕਾਰਣ ਪਏ ਤੜਫਾਟ ਬਾਰੇ ਕੀ ਲਿਖਾਂ। ਇਸ ਘਟਨਾ ਨੇ ਇਕ ਸੰਸਾਰ ਨੂੰ ਗ਼ਮਾਂ ਦੇ ਭਾਰ ਥੱਲੇ ਦੱਬ ਦਿੱਤਾ ਹੈ। ਗੱਲ ਵਿਚ ਗਲੇਡੂ ਨਹੀਂ ਮੁੱਕਦੇ ਅਤੇ ਅੱਖਾਂ ਦੇ ਅੱਥਰੂ ਨਹੀਂ ਮੁੱਕਦੇ। ਕਿੰਨੇ ਦੁੱਖ ਦੀ ਗੱਲ ਹੈ ਕਿ ਰਾਜ ਪਾਟ ਦੀ ਫੁਲਵਾੜੀ ਦੀ ਨਹਰ ਦਾ ਸਰੂ ਜੜ੍ਹ ਤੋਂ ਉਖੜ ਕੇ ਡਿੱਗ ਪਿਆ ਅਤੇ ਠਾਠ ਬਾਠ ਦੇ ਬਾਗ਼ ਦਾ ਸਿਰ ਕੱਢਵਾਂ ਬੂਟਾ ਜ਼ਮੀਨ ਤੇ ਆ ਡਿੱਗਾ ਹੈ।

ਸੰਸਾਰ ਵਿਚ ਅਜਿਹਾ ਕੋਈ ਬੂਟਾ ਹੈ ਨਹੀਂ।
ਮੌਤ ਨੇ ਜਿਸ ਨੂੰ ਮੂੰਹ ਭਾਰ ਸੁੱਟਿਆ ਨਹੀਂ।

ਸਦੀਵੀ ਜੀਵਨ ਤਾਂ ਕੇਵਲ ਰੱਬੀ ਜ਼ਾਤ ਨੂੰ ਹੀ ਪ੍ਰਾਪਤ ਹੈ। ਬਾਕੀ ਹਰ ਚੀਜ਼ ਨਾਸ਼ਮਾਨ ਹੈ।

ਜੋ ਆਇਆ ਸੋ ਚਲਸੀ ਸਭ ਕੋ ਆਈ ਵਾਰੀਐ।

ਸੋ ਇਸ ਲਾ-ਇਲਾਜ ਰੋਗ ਦਾ ਦਾਰੂ ਸਵਾਏ ਰੱਬੀ ਰਜ਼ਾ ਵਿਚ ਰਹਿਣ ਦੇ ਅਤੇ ਉਸ ਦਾ ਭਾਣਾ ਮਿੱਠਾ ਕਰਕੇ ਮੰਨਣ ਦੇ ਹੋਰ ਕੁਝ ਨਹੀਂ। ਰੱਬ ਦਾ ਸ਼ੁਕਰ ਹੈ ਕਿ ਇਸ ਚੜ੍ਹਦੀ ਕਲਾ ਵੱਲ ਜਾਣ ਵਾਲੇ ਖ਼ਾਨਦਾਨ ਦੀ ਨੀਂਹ ਨੇਕ ਅਤੇ ਪ੍ਰਸਿੱਧ ਪੁੱਤਰ ਦੇ ਵਜੂਦ ਨਾਲ ਸਥਿਰ, ਪੱਕੀ ਅਤੇ ਮਜ਼ਬੂਤ ਹੈ। ਸੰਸਾਰ ਭਰ ਵਿਚ ਤਰਥੱਲੀ ਮਚਾ ਦੇਣ ਵਾਲੇ ਭੁਚਾਲ ਆਉਣ ਤੇ ਹੀ ਰਹਿਮਤਾਂ ਦਾ ਸੋਮਾ ਇਸ ਰਾਜ ਦੀ ਨੀਂਹ ਦਾ ਕੋਈ ਪੱਥਰ ਵੀ ਨਹੀਂ ਹਿੱਲਣ ਦੇਵੇਗਾ। ਹੁਣ ਤਾਂ ਇਹ ਹੀ ਯੋਗ ਹੈ ਕਿ ਜਗਤ-ਪਤੀ ਅਤੇ ਰਾਜ ਭਾਗ ਦੇ ਮਾਲਕ ਦੀ ਦੀਰਘ ਆਯੂ ਲਈ ਅਰਦਾਸ ਕੀਤੀ ਜਾਵੇ ਅਤੇ ਪ੍ਰਲੋਕ ਸਿਧਾਰੇ ਜੇਤੂ ਦੀ ਆਤਮਾ ਤੇ ਫ਼ਾਤਿਹਾ ਪੜ੍ਹਿਆ ਜਾਵੇ। ਤਕਦੀਰ ਨਾਲ ਤਾਂ ਲੜਾਈ ਕੀਤੀ ਨਹੀਂ ਜਾ ਸਕਦੀ। ਉਸ ਦੀ ਆਗਿਆ ਨੂੰ ਕੋਈ ਮੋੜ ਨਹੀਂ ਸਕਦਾ।

* * *

ਫਲਾਣੇ ਦੇ ਦੁੱਖ ਭਰੇ ਅਕਾਲ ਚਲਾਣੇ ਦੀ ਖ਼ਬਰ ਸੁਣ ਕੇ—ਰੱਬ ਉਸ ਤੇ ਮਿਹਰ ਕਰੇ—ਦਿਲ

ਬਹੁਤ ਦੁਖੀ ਤੇ ਪੀੜਤ ਹੋਇਆ। ਪਰ ਇਸ ਸੰਸਾਰ ਵਿਚ ਕਿਸੇ ਨੂੰ ਵੀ ਆਪਣੀ ਮਰਜ਼ੀ ਅਨੁਸਾਰ ਰਹਿਣ ਦੀ ਆਗਿਆ ਨਹੀਂ ਅਤੇ ਸਦੀਵੀ ਜੀਵਨ ਕੇਵਲ ਅਕਾਲ ਪੁਰਖ ਦਾ ਹੀ ਹੈ। ਅਜਿਹੀਆਂ ਹੋਣੀਆਂ ਅਤੇ ਭਾਵੀਆਂ ਅਤੇ ਦੁੱਖਾਂ ਅਤੇ ਕਸ਼ਟਾਂ ਨੂੰ ਮਿੱਠਾ ਕਰਕੇ ਮੰਨਣ ਤੋਂ ਬਗ਼ੈਰ ਹੋਰ ਕੋਈ ਚਾਰਾ ਨਹੀਂ। ਇਸ ਪੀੜ ਦਾ ਹੋਰ ਕੋਈ ਦਾਰੂ ਨਹੀਂ। ਪੂਰੀ ਸ਼ਾਨ ਅਤੇ ਮਾਨ ਵਾਲਾ ਰੱਬ ਸਰਦਾਰੀ ਅਤੇ ਵਡਿਆਈ ਵਾਲੀ ਕੁੱਲ ਨੂੰ ਪ੍ਰਾਕ੍ਰਿਤਕ ਆਗੂ ਪ੍ਰਦਾਨ ਕਰੇ। ਮੁੱਖ ਮੰਤਰੀ ਦੇ ਅਕਾਲ ਚਲਾਣੇ ਦੀ ਦੁੱਖ-ਭਰੀ ਖ਼ਬਰ ਸੁਣ ਕੇ ਦੋਸਤਾਂ ਮਿੱਤਰਾਂ ਦੇ ਦਿਲ ਅਤਿ ਦੁਖੀ, ਦਿਲਗੀਰ ਅਤੇ ਚਿੰਤਾਤੁਰ ਹੋਏ। ਸਨੇਹੀਆਂ ਦੇ ਮਨਾਂ ਵਿਚ ਇੰਨੀ ਉਦਾਸੀ, ਚਿੰਤਾ, ਸੋਗ ਅਤੇ ਦਿਲਗੀਰੀ ਆਈ ਕਿ ਕਲਮ ਲਿਖਣ ਤੋਂ ਅਤੇ ਜ਼ਬਾਨ ਦੱਸਣ ਤੋਂ ਅਸਮਰੱਥ ਹੈ।

ਭਾਵੇਂ ਇਸ ਪੀੜਾ-ਵਧਾਊ ਸੋਗ ਦਾ ਦੁੱਖ ਇਸ ਵੱਡੀ ਸ਼ਾਨ ਅਤੇ ਮਾਨ ਵਾਲੀ ਕੁਲ ਦੇ ਬੰਦਿਆਂ ਨੂੰ ਵਧੇਰੇ ਹੈ ਪਰ ਵੱਡੇ ਭਾਗਾਂ ਵਾਲੇ, ਨਿਪੁੰਨਤਾ ਦੇ ਸਵਾਮੀ ਇਸ ਦ੍ਰਿਸ਼ਟਮਾਨ ਸੰਸਾਰ ਵਿਚ ਕਦੇ ਕਦਾਈਂ ਹੀ ਜਨਮ ਲੈ ਕੇ ਰਾਜ ਦੀ ਸ਼ਾਨ ਅਤੇ ਮਾਨ ਵਿਚ ਬ੍ਰਿਧੀ ਕਰਦੇ ਹਨ। ਨਿਪੁੰਨ ਅਤੇ ਪ੍ਰਬੀਨ ਮੰਤਰੀ ਚਿਰ ਕਾਲ ਪਿਛੋਂ ਸਰਦਾਰੀ ਦਾ ਜਾਮਾ ਪਹਿਣ ਕੇ ਸੰਸਾਰੀ ਜੀਵਾਂ ਦਾ ਭਲਾ ਕਰਨ ਆਏ। ਇਸ ਵਾਪਰੀ ਦੁਰਘਟਨਾ ਦਾ ਸ਼ੋਕ ਹਰ ਮਨੁੱਖ ਮਾਤਰ ਨੂੰ ਹੈ। ਮਨੁੱਖੀ ਜਾਮੇ ਦੇ ਮਾਂਗਵੇਂ ਅਤੇ ਸੰਸਾਰ ਦੇ ਨਾਸ਼ਵੰਤ ਹੋਣ ਦੇ ਕਾਰਣ ਵਿਸ਼ਵਾਸ ਹੈ ਕਿ ਵੱਡੀ ਕੁਲ ਦੇ ਸਿਰਮੌਰ ਸਿਰਜਣਹਾਰ ਵਾਂਹਿਗੁਰੂ ਦੀ ਰਜ਼ਾ ਵਿਚ ਰਾਜ਼ੀ ਰਹਿਣਗੇ। ਰਾਜ ਦਰਬਾਰ ਦੇ ਅਧਿਕਾਰੀ, ਸਰਦਾਰੀ ਦੇ ਸੁਆਮੀ ਦੀ ਵੱਡੀ ਉਮਰ ਲਈ ਪ੍ਰਾਰਥਨਾ ਹੈ। ਆਸ ਹੈ ਕਿ ਉਸ ਦੇ ਭਤੀਜਿਆਂ ਦੀ ਦੀਰਘ ਆਯੂ ਲਈ ਅਰਦਾਸ ਕਰਕੇ ਉਸ ਆਤਮਕ ਮੰਡਲ (ਪ੍ਰਲੋਕ) ਦੇ ਯਾਤ੍ਰੂ ਦੀ ਜੇਤੂ ਆਤਮਾ ਲਈ ਫ਼ਾਤਿਹਾ ਪੜ੍ਹੋਗੇ ਅਤੇ ਚਿੰਤਾ ਨੂੰ ਤਿਆਗ ਦਿਉਗੇ। ਇਸ ਲਾ-ਇਲਾਜ ਦੁੱਖ ਦਾ ਦਾਰੂ ਕੇਵਲ ਰਜ਼ਾ ਵਿਚ ਰਾਜ਼ੀ ਰਹਿਣਾ ਹੀ ਹੈ।

ਵਲੀਆਂ ਤੇ ਅਵਤਾਰਾਂ ਦੀ ਸੰਜੀਵਨੀ ਰਜ਼ਾ ਵਿਚ ਰਾਜ਼ੀ ਰਹਿਣਾ ਹੀ ਹੈ।

ਅਣ ਭਾਉਂਦੀਆਂ ਘਟਨਾਵਾਂ ਦੇ ਵਾਪਰਣ ਕਾਰਣ ਮਨ ਨੂੰ ਦੁੱਖ ਅਤੇ ਕਲੇਸ਼ ਹੋਇਆ ਹੈ। ਸਮੇਂ ਦੇ ਗੇੜ ਦਾ ਦ੍ਰਿਸ਼, ਖ਼ਾਸ ਕਰਕੇ ਉਸ ਸਮੇਂ ਜਦੋਂ ਕਿ ਜ਼ਮਾਨਾ ਚੁਹਲ ਅਤੇ ਨਖ਼ਰੇ ਵਿਖਾ ਕੇ ਸਾਹਸ, ਹੌਂਸਲੇ ਅਤੇ ਜੇਰੇ ਦੀ ਪਰਖ ਕਰਨ ਲੱਗ ਪਵੇ, ਕਿਸੇ ਸੰਸਾਰੀ ਜੀਵ ਨੂੰ ਚੰਗਾ ਨਹੀਂ ਲੱਗਦਾ, ਪਰ ਰੱਬੀ ਖੇਡ ਦੇ ਅੰਤਰਜਾਮੀਆਂ ਨੂੰ ਇਸ ਬਗ਼ੀਚੇ ਦੇ ਫੁੱਲ ਅਤੇ ਕੰਡੇ, ਇਸ ਬਾਗ਼ ਦੀ ਪੱਤਝੜ ਅਤੇ ਬਸੰਤ, ਇਕ ਮਿਕ, ਇਕ ਸੁਰ ਅਤੇ ਇਕ ਜੋਤ ਦੋ ਮੂਰਤੀ ਦਿੱਸਦੇ ਹਨ। ਉਹ ਡੂੰਘੀ ਨੀਝ ਨਾਲ ਮਨੁੱਖੀ ਅਸਲੇ ਅਤੇ ਉਸ ਦੇ ਅੰਤ ਵੱਲ ਝਾਤੀ ਮਾਰਦੇ ਹਨ। ਜੋ ਚੀਜ਼ ਓਪਰੀ ਨਜ਼ਰ ਨਾਲ ਕੋਝੀ ਅਤੇ ਕਰੂਪ ਦਿੱਸਦੀ ਹੈ। ਉਹ ਅੰਦਰਲੀ ਅੱਖ ਨਾਲ ਵੇਖਿਆਂ ਸੁਹਣੀ, ਸਰੂਪ, ਸੁੰਦਰ ਅਤੇ ਖੇੜਾ ਦੇਣ ਵਾਲੀ ਲੱਗਦੀ ਹੈ।

ਜੋ ਸ਼ਰਾਬ ਸੁਆਦ ਵਿਚ ਕੌੜੀ ਹੈ,
ਉਹ ਗੁਣਾਂ ਕਰਕੇ ਮਿੱਠੇ ਅਤੇ ਤਰ ਹਲਵੇ ਨਾਲੋਂ ਚੰਗੀ ਹੈ।

* * *

ਪਿਆਰ ਭਰੀ ਅਸ਼ੀਰਵਾਦ ਦੇਣ, ਹੁਲਾਸ ਭਰਪੂਰ ਮਿਲਾਪ ਦੀ ਇੱਛਿਆ ਦੇ ਪ੍ਰਗਟਾਵੇ ਉਪਰੰਤ ਆਪ ਜੀ ਦੇ ਮਿਹਰਾਂ-ਭਰੇ ਮਨ ਦੇ ਹਜ਼ੂਰ ਬੇਨਤੀ ਹੈ ਕਿ ਪਿਆਰ ਭਰਿਆ ਪੱਤਰ ਜਿਸ ਵਿਚ ਨਵਾਬ ਸਾਹਿਬ ਦੀ ਦੁੱਖਭਰੀ ਮ੍ਰਿਤੂ ਦਾ ਜ਼ਿਕਰ ਸੀ, ਮਿਲਿਆ। ਕੀ ਲਿਖੀਏ! ਪੂਜ ਯੋਗ ਮਾਤਾ ਜੀ

ਅਤੇ ਪਿਆਰੇ ਭਤਰੀਏ ਦਾ ਦਿਲ ਇਸ ਅਕਾਲ ਚਲਾਣੇ ਕਰਕੇ ਬਹੁਤ ਹੀ ਦੁਖੀ ਅਤੇ ਚਿੰਤਾਤੁਰ ਹੋਇਆ ਹੈ। ਇਸ ਦਿਲ-ਵਿਨ੍ਹਵੀਂ ਘਟਨਾ ਨੇ ਰੰਜ ਅਤੇ ਕਲੇਸ਼ ਦਿੱਤਾ ਹੈ।

ਕਿੰਨਾ ਚਿਰ ਹੋਰ ਕਿਸਮਤ ਦੇ ਚੱਕਰ ਮੈਨੂੰ ਦੁਖੀ ਕਰਦੇ ਰਹਿਣਗੇ।
ਅਜੇ ਇਕ ਜ਼ਖ਼ਮ ਭਰਿਆ ਨਹੀਂ ਸੀ ਕਿ ਇਕ ਹੋਰ ਆ ਲੱਗਾ।

ਅਜਿਹੇ ਸਮੇਂ ਸਬਰ ਵੀ ਰੱਬ ਦੀ ਹੀ ਦੇਣ ਹੈ, ਅਤੇ ਸੋਗ ਦੀ ਸੱਟ ਦਾ ਇਸ ਤੋਂ ਛੁੱਟ ਹੋਰ ਕੋਈ ਇਲਾਜ ਵੀ ਨਹੀਂ।

ਪਿਆਰੇ ਵੀਰ ਜੀ ਪੱਤਰ ਆਇਆ ਹੈ। ਬੜੇ ਹੀ ਪਿਆਰ ਅਤੇ ਦਰਦ ਨਾਲ ਸਾਡੇ ਦੁਖੀ ਅਤੇ ਰੰਜ ਭਰੇ ਦਿਲਾਂ ਤੇ ਹੌਂਸਲੇ ਦੀ ਮਰਹਮ ਪੱਟੀ ਕਰਕੇ ਦਿਲਦਾਰੀ ਕੀਤੀ ਹੈ। ਪਰਸਪਰ ਪਿਆਰ ਦੀ ਸਾਂਝ ਕਰਕੇ ਉਨ੍ਹਾਂ ਨੇ ਇਹ ਪੱਤਰ ਲਿਖਿਆ ਸੀ। ਆਪਸ ਵਿਚ ਦੇ ਸੱਚੇ ਪਿਆਰ ਹੋਣ ਕਰਕੇ ਸੱਜਣਾਂ, ਮਿੱਤਰਾਂ ਅਤੇ ਦੋਸਤਾਂ ਦੇ ਦਿਲਾਂ ਨੂੰ ਭੀ ਬਹੁਤ ਹੀ ਦੁੱਖ ਹੋਇਆ। ਇਸ ਦੁਰਘਟਨਾ ਕਾਰਣ ਭਾਵੇਂ ਸੀਨਾ ਸੜ ਗਿਆ ਹੈ ਅਤੇ ਜਾਨ ਚਿੰਤਾਤੁਰ ਹੈ, ਪਰ ਸਦੀਵਤਾ ਅਤੇ ਸਥਿਰਤਾ ਚੂੰਕਿ ਕੇਵਲ ਪੁਰਖ ਦੀ ਜ਼ਾਤ ਨੂੰ ਹੀ ਪ੍ਰਾਪਤ ਹੈ, ਇਸ ਲਈ ਸੰਸਾਰੀ ਜੀਵ ਨੇ ਇਸ ਥੋੜ੍ਹ-ਚਿਰੀ ਸੰਸਾਰ ਤੋਂ ਚਲੇ ਹੀ ਜਾਣਾ ਹੈ। ਇਸ ਲਈ ਸਬਰ ਕਰਨ ਅਤੇ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਤੋਂ ਛੁੱਟ ਹੋਰ ਕੋਈ ਦਾਰੂ ਜਾਂ ਚਾਰਾ ਨਹੀਂ।

ਮਹਾਨ ਰੱਬ ਉਸ ਆਤਮਕ ਮੰਡਲ (ਪ੍ਰਲੋਕ) ਦੇ ਯਾਤਰੀ ਉੱਤੇ ਆਪਣੀ ਰਹਿਮਤ ਦੀ ਵਰਖਾ ਕਰੇਗਾ ਅਤੇ ਸਾਨੂੰ ਸਭ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇਗਾ।

ਹੇ ਕ੍ਰਿਪਾਲੂ, ਹੇ ਦਿਆਲੂ, ਹੇ ਰਹਿਮਤਾਂ ਦੇ ਮਾਲਕ.........ਤੇਰੇ ਨਾਉਂ ਅਣਗਿਣਤ ਹਨ। ਤੇਰੀ ਰਹਿਮਤ ਹਰ ਛੋਟੇ ਵੱਡੇ ਉੱਤੇ ਹੈ। ਤੇਰਾ ਨਾਮ ਹਰ ਮਨੁੱਖ ਮਾਤਰ ਦੀ ਜ਼ਬਾਨ ਤੇ ਹੈ। ਤੇਰੀਆਂ ਬਖ਼ਸ਼ਿਸ਼ਾਂ ਹਰ ਕੰਗਲੇ ਨੂੰ ਮਾਣ ਦਿੰਦੀਆਂ ਹਨ। ਹਜ਼ਾਰਾਂ ਜਲਵੇ ਅਤੇ ਲੱਖਾਂ ਦ੍ਰਿਸ਼ ਦਿੱਸਦੇ ਹਨ ਪਰ ਹਰ ਇਕ ਵਿਚ ਕੇਵਲ ਤੇਰੀ ਹੀ ਜੋਤ ਹੈ। ਵੱਡਭਾਗੀਆਂ ਲਈ ਤੂੰ ਇਕੋ ਇਕ ਦਾਤਾ ਹੈਂ। ਬਦਬਖ਼ਤਾਂ ਨੂੰ ਤੇਰੀ ਜ਼ਾਤ ਤੋਂ ਇਨਕਾਰ ਹੈ। ਚੋਹਾਂ ਵੇਦਾਂ ਦਾ ਤੱਤ ਤੇਰਾ ਨਾਮ ਹੀ ਹੈ। ਕੀ ਅਰਬੀ ਤੇ ਕੀ ਈਰਾਨੀ, ਸਭ ਤੇਰੇ ਦਾਸ ਹਨ। ਕੀ ਖ਼ਾਸ ਬੰਦੇ ਅਤੇ ਕੀ ਫ਼ਕੀਰ ਲੋਕ, ਕੀ ਸਿਆਣੇ ਅਤੇ ਕੀ ਪੰਡਤ ਜਾਂ ਗਿਆਨੀ, ਸਭ ਵਿਦਵਾਨਾਂ ਦੀ ਸੋਚ ਦਾ ਤੱਤ ਤੇਰਾ ਨਾਮ ਹੀ ਹੈ। ਤੇਰੀ ਬਖ਼ਸ਼ਿਸ਼ ਹਰ ਚੀਜ਼ ਤੋਂ ਉੱਚੀ ਹੈ। ਭਾਰਤਵਾਸੀ, ਈਰਾਨੀ, ਅਰਬੀ, ਸਭ ਤੇਰੇ ਅਦਵੈਤਵਾਦ ਵਿਚ ਵਿਸ਼ਵਾਸ ਰਖਦੇ ਹਨ। ਸਭ ਤੇਰੀ ਖੋਜ ਵਿਚ ਲੱਗੇ ਹੋਏ ਹਨ। ਕੋਈ ਤੇਰੀ ਉਪਮਾ ਦੇ ਗੀਤ ਗਾਉਂਦਾ ਹੈ ਅਤੇ ਕੋਈ ਤੇਰਾ ਨਾਮ ਜਪਦਾ ਹੈ। ਹਿੰਦੁਸਤਾਨੀ ਅਤੇ ਅਰਬੀ ਭਾਸ਼ਾ ਵਿਚ ਤੇਰੇ ਹਜ਼ਾਰਾਂ ਹੀ ਨਾਉਂ ਹਨ।

ਹਰ ਨਾਉਂ ਦੇ ਅੱਖਰਾਂ ਅਤੇ ਅਰਥਾਂ ਦਾ ਪਰਸਪਰ ਸੁਮੇਲ ਹੈ। ਤੇਰੀ ਉੱਚੀ ਜ਼ਾਤ ਇਨ੍ਹਾਂ ਸਭ ਨਾਵਾਂ ਤੋਂ ਉੱਚੀ ਹੈ। ਹਰ ਰੋਜ਼ ਹਜ਼ਾਰਾਂ ਜੀਭਾਂ ਵਾਲਾ ਨਾਗ, ਜੋ ਨਿੱਤ ਨਵੇਂ ਨਾਉਂ ਨਾਲ ਤੇਰਾ ਨਾਮ ਜਪਦਾ ਹੈ, ਅਜੇ ਹਜ਼ਾਰਾਂ ਵਿਚੋਂ ਕੇਵਲ ਇਕ ਵੀ ਅਤੇ ਅਥਾਹ ਵਿਚ ਨਾਉਂ ਮਾਤਰ ਵੀ, ਨਹੀਂ ਜਾਣਦਾ। ਤੇਰੀ ਕੁਦਰਤ ਦਾ ਜਸ ਹਜ਼ਾਰਾਂ ਜੀਭਾਂ ਵਾਲੇ ਲੱਖਾਂ ਨਾਗ ਕਰ ਰਹੇ ਹਨ। ਤੇਰਾ ਟਿਕਾਣਾ ਬੇ-ਟਿਕਾਣਾ ਅਤੇ ਤੇਰੀ ਨਿਸ਼ਾਨੀ ਬੇ-ਨਿਸ਼ਾਨ ਹੈ। ਤੇਰੀ ਮਿਹਰ ਅਪਰਾਧੀਆਂ ਲਈ ਸ਼ਰਨ ਹੈ, ਤੇਰਾ ਨਾਮ ਉਨ੍ਹਾਂ ਦੀ ਆਸ ਹੈ। ਤੇਰੀ ਜ਼ਾਤ ਅਦਿੱਖ ਹੈ। ਤੇਰੀਆਂ ਸਿਫ਼ਤਾਂ ਅਕਹਿ ਹਨ। ਫ਼ਰਿਸ਼ਤੇ ਅਤੇ ਮਨੁੱਖ ਮਾਤਰ ਸਭ ਤੇਰੀ ਭਾਲ ਵਿਚ ਹਨ। ਸੂਝਵਾਨ ਗਿਆਨੀ ਅਤੇ ਵਿਦਵਾਨ ਤੇਰੀ ਖੋਜ ਵਿਚ ਹਨ। ਤੈਥੋਂ ਆਕੀ ਸਦਾ ਦੁਖੀ ਹਨ। ਤੇਰੇ ਢੂੰਡਾਊ ਸਦਾ ਸੁਖੀ, ਤੇਰੇ ਉਪਾਸ਼ਕ ਤੇਰੀ ਦਰਗਾਹ ਵਿਚ

ਕਬੂਲ। ਤੇਰਾ ਨਾਮ ਜਪਣ ਵਾਲੇ ਸਦਾ ਹੀ ਪ੍ਰਸੰਨ। ਤੇਰੀਆਂ ਸਿਫ਼ਤਾਂ ਸਭ ਤੋਂ ਉੱਚੀਆਂ। ਤੇਰੇ ਇੱਛਿਆਵਾਨ ਸਰਦਾਰੀਆਂ ਮਾਣਦੇ ਹਨ। ਤੂੰ ਆਕੀਆਂ ਨੂੰ ਮਾਰੂ ਦੁੱਖ ਅਤੇ ਨਿਮਾਣਿਆਂ ਨੂੰ ਮਾਣ ਦਿੰਦਾ ਹੈਂ। ਤੇਰੇ ਆਕੀ ਚਿੰਤਾਤੁਰ ਅਤੇ ਤੇਰੇ ਦੀਨ ਤੇਰੀ ਮਿਹਰ ਦਾ ਸਦਕਾ ਸ਼ਾਨ ਮਾਨ ਵਾਲੇ ਹਨ।

ਆਕਾਸ਼ ਵੀ ਤੇਰਾ ਨਾਮ ਜਪਣ ਵਾਲਿਆਂ ਦਾ ਸੇਵਕ ਹੈ।
ਫ਼ਰਿਸ਼ਤੇ ਤੇਰੀ ਸਿਫ਼ਤ ਸਨਾ ਕਰਨ ਵਾਲਿਆਂ ਦੇ ਨੌਕਰ ਹਨ।
ਤੇਰਾ ਜਾਪ ਹਰ ਸ਼ੈ ਤੋਂ ਉੱਚਾ ਹੈ।
ਤੇਰੀ ਸਿਫ਼ਤ ਸਭ ਤੋਂ ਵੱਡੀ ਹੈ।
ਤੇਰੇ ਜਾਪ ਨਾਲੋਂ ਰਿਧੀਆਂ ਸਿਧੀਆਂ ਨੀਵੀਆਂ ਹਨ।
ਤੇਰੀ ਭਗਤੀ ਨਾਲ ਸ਼ਾਨ ਅਤੇ ਮਾਨ ਮਿਲਦੇ ਹਨ।
ਕੀ ਪੰਛੀ ਵਾਂਗ ਲਾ-ਮਕਾਨ ਤੱਕ ਦੀ ਉਡਾਰੀ,
ਕੀ ਫ਼ਰਿਸ਼ਤੇ, ਅਤੇ ਕੀ ਅਰਸ਼ ਨੂੰ ਨੀਵਾਂ ਕਰਨਾ,
ਕੀ ਪ੍ਰਿਥਵੀ ਨੂੰ ਆਕਾਸ਼ ਤਕ ਲੈ ਜਾਣਾ
ਅਤੇ ਆਕਾਸ਼ ਨੂੰ ਪ੍ਰਿਥਵੀ ਤੇ ਲਿਆ ਮਾਰਨਾ,
ਇਹ ਸਭ ਗੱਲਾਂ ਕੁਝ ਵੀ ਨਹੀਂ ਹਨ। ਇਨ੍ਹਾਂ ਤੋਂ ਫ਼ਕੀਰੀ ਉੱਚੀ ਹੈ।
ਇਨ੍ਹਾਂ ਵਿਚੋਂ ਕੋਈ ਚੀਜ਼ ਵੀ ਪਸੰਦ ਨਹੀਂ। ਕੇਵਲ ਤੇਰਾ ਜਾਪ ਹੀ ਪਸੰਦ ਹੈ।
ਤੇਰਾ ਜਾਪ ਕੁਰਾਹੀਆਂ ਲਈ ਰਾਹ ਦਰਸਾਊ ਹੈ।
ਤੇਰਾ ਨਾਮ ਅਗਿਆਨੀਆਂ ਦਾ ਆਗੂ ਹੈ।
ਤੇਰਾ ਪਵਿੱਤਰ ਨਾਉਂ ਹੀ ਸੱਚ ਹੈ,
ਹਜ਼ਾਰਾਂ ਜਪੀਆਂ ਲਈ ਇਕੋ ਸਬਕ ਹੈ।
ਬਹਿਸ਼ਤ ਕੁਝ ਵੀ ਨਹੀਂ, ਹੂਰਾਂ (ਅਪੱਛਰਾਂ) ਕੁਝ ਵੀ ਨਹੀਂ।
ਸੁਰਗ ਲੋਕ ਭੀ ਕੁਝ ਨਹੀਂ।
ਮੁਰਦਿਆਂ ਨੂੰ ਜਿਵਾਲਣਾ ਕੀ ਹੈ?
ਅਤੇ ਸਮੁੰਦਰ ਵਿਚ ਤਿਰਹਾਏ ਰਖਣਾ, ਇਹ ਸਭ ਗੱਲਾਂ ਕੁਝ ਭੀ ਨਹੀਂ।

[ਹੇ ਅਕਾਲਪੁਰਖ ਵਾਹਿਗੁਰੂ] ਆਪਣੀ ਵਡਿਆਈ ਦੀ ਰਹਿਮਤ ਨਾਲ, ਸੱਚ ਨੂੰ ਧਾਰਣ ਕਰਨ ਵਾਲੇ ਫ਼ਕੀਰਾਂ ਦੀ ਸੱਚਾਈ, ਪਵਿੱਤਰ ਜੀਭ ਨਾਲ ਤੇਰਾ ਜਾਪ ਕਰਨ ਵਾਲੇ, ਸ੍ਰਛਤਾ ਭਰੇ ਨੇਕ ਪੁਰਖਾਂ, ਸੱਚ ਨੂੰ ਪਛਾਣ ਕੇ ਮਸਤੀ ਵਿਚ ਆਏ ਸੰਤਾਂ, ਤੇਰੀ ਜ਼ਾਤ ਵਿਚ ਭਰੋਸਾ ਰੱਖਣ ਵਾਲੇ ਸਚਿਆਰਿਆਂ, ਨਿਰਲੇਪ ਅਤੇ ਨਿਰਵੈਰ ਖੋਜੀਆਂ, ਅਤੇ ਸੱਚੇ ਮਾਰਗ ਉੱਤੇ ਚਲਣ ਵਾਲਿਆਂ ਦੇ ਸਦਕੇ ਸਾਨੂੰ ਸਭ ਨੂੰ ਆਪਣੇ ਚਰਨੀ ਲਾ ਲੈ। ਸਾਡੇ ਮਨਾਂ ਨੂੰ ਜਪ ਤਪ ਦੇ ਪ੍ਰਕਾਸ਼ ਨਾਲ ਨਿਰਮਲ ਕਰ ਦੇ। ਕਾਮ ਕਰੋਧ ਦੇ ਵੱਸ ਵਿਚ ਨਾ ਪਾ। ਸਾਡੇ ਮਨਾਂ ਨੂੰ ਆਪਣੇ ਚਰਨਾ ਵਿਚ ਥਾਉਂ ਦੇ। ਸਾਨੂੰ ਆਪਣਾ ਸਿਰ ਮੱਥਾ ਪਵਿੱਤਰ-ਆਤਮਾਵਾਂ ਦੇ ਚਰਨਾਂ ਵਿਚ ਰੱਖਣ ਦੀ ਸਮਰੱਥਾ ਬਖ਼ਸ਼। ਸਾਡੇ ਮਨਾਂ ਦੀ ਮੈਲ ਧੋ ਦੇ ਅਤੇ ਸਾਡੀ ਪ੍ਰਾਰਥਨਾ ਪਰਵਾਨ ਕਰ।

ਸਾਡੀ ਸਾਰੀ ਉਮਰ ਗੁਨਾਹਾਂ ਵਿਚ ਹੀ ਲੰਘ ਗਈ ਹੈ।
ਅਸਾਂ ਤੇਰੀ ਆਗਿਆ ਨਹੀਂ ਮੰਨੀ।
ਅਸੀਂ ਆਪਣੇ ਕੁਕਰਮਾਂ ਕਰਕੇ ਸ਼ਰਮਿੰਦੇ ਹਾਂ।

ਸਾਡੇ ਆਪਣੇ ਬਚਨਾਂ ਕਰਕੇ ਸਾਡਾ ਮੂੰਹ ਕਾਲਾ ਹੈ।
ਜੇ ਤੇਰੀ ਰਹਿਮਤ ਸਾਡੀ ਸਹਾਇਤਾ ਨਾ ਕਰੇਗੀ,
ਤਾਂ ਇਸ ਔਕੜ ਵਿਚ ਹੋਰ ਕੌਣ ਸਾਨੂੰ ਬਖਸ਼ੇਗਾ।
ਪਾਪੀ ਲੋਕ ਤੇਰੀ ਰਹਿਮਤ ਦੀ ਸ਼ਰਨ ਆਉਂਦੇ ਹਨ।
ਤੂੰ ਚੰਗਿਆਂ ਵੱਲ ਵੀ ਮਿਹਰ ਦੀ ਇਕ ਨਜ਼ਰ ਭਰ ਕੇ ਵੇਖ।
ਸਾਡੀ (ਅਮਲਾਂ ਦੀ) ਕਾਲਖ ਤੇਰੀ ਰਹਿਮਤ ਨਾਲ ਸਫ਼ੈਦੀ ਵਿਚ ਬਦਲ ਜਾਏਗੀ।
ਸਭ ਤੇਰੀ ਮਿਹਰ ਅਤੇ ਰਹਿਮਤ ਦੇ ਜਾਚਕ ਅਤੇ ਆਸਵੰਦ ਹਨ।

ਪੋਥੀ 'ਦਸਤੂਰੁਲ-ਇਨਸ਼ਾ' ਸਮਾਪਤ ਹੋਈ ਲਿਖਿਤ ਮੁਨਸ਼ੀ ਨੰਦ ਲਾਲ 'ਗੋਯਾ' ਮੁਲਤਾਨੀ।

# ਅਰਜ਼ੁਲ-ਅਲਫ਼ਾਜ਼

## ਵਿਚੋਂ ਕੁਝ ਆਰੰਭਕ ਅਤੇ ਅੰਤਮ ਬੰਦ

ਹਜ਼ਾਰਾਂ ਸਤਾਇਸ਼ ਹਜ਼ਾਰਾਂ ਸਪਾਸ
ਬਦਰਗਾਹਿ ਦਾਦਾਰਿ ਪਾਕ ਅਜ਼ ਹਰਾਸ ॥੧॥
ਕਿ ਅਲਫ਼ਾਜ਼ ਈਂ ਇਤਮਾਮ ਯਾਫ਼ਤ
ਜ਼ਿ ਰੂਇ ਮਆਨੀ ਚੂ ਖ਼ੁਰਸ਼ੀਦ ਤਾਫ਼ਤ ॥੨॥

ਹਜ਼ਾਰਾਂ ਜਸ ਅਤੇ ਹਜ਼ਾਰਾਂ ਸ਼ੁਕਰ ਹਨ
ਉਸ ਪਾਕ ਪਵਿਤ੍ਰ ਅਤੇ ਨਿਰਭੈ ਮੁਨਸਿਫ਼ ਦੀ ਦਰਗਾਹ ਦੇ,
ਜਿਸ ਨੇ ਇਸ 'ਅਰਜ਼ੁਲ-ਅਲਫ਼ਾਜ਼' ਨੂੰ ਸੰਪੂਰਣ ਕੀਤਾ
ਅਤੇ ਭਾਵਾਂ ਨਾਲ ਇਸ ਦੇ ਮੁਖੜੇ ਨੂੰ ਸੂਰਜ ਵਤ ਚਮਕਾ ਦਿੱਤਾ।

ਜ਼ਿ ਹਰ ਲਫ਼ਜ਼ ਸ਼ੁਦ ਚੰਦ ਮਾਅਨੀ ਪਦੀਦ
ਜ਼ਿ ਕੁਤਬਿ ਲੁਗ਼ਾਤਿ ਕਦੀਮੈ ਜਦੀਦ ॥੩॥
ਜ਼ੁਆਬਤ ਕਿ ਦਰ ਇਲਮ ਸ਼ੁਦ ਮੁੰਤਸ਼ਿਰ
ਜ਼ਿ ਦਾਨਿਸ਼ ਪਜ਼ੋਹਾਨਿ ਵਾਲਾ ਨਜ਼ਰ ॥੪॥

ਹਰ ਸ਼ਬਦ ਅਨੇਕਾਂ ਅਰਥ ਉਤਪੰਨ ਹੋਏ,
ਜਿਹੜੇ ਪੁਰਾਣੇ ਅਤੇ ਨਵੇਂ ਕੋਸ਼ਾਂ ਵਿਚ ਮਿਲਦੇ ਹਨ।
ਇਹ ਅਜਿਹੇ ਜ਼ਾਬਤੇ ਹਨ ਜਿਨ੍ਹਾਂ ਦਾ ਪ੍ਰਸਾਰ
ਦਿੱਬ ਦ੍ਰਿਸ਼ਟੀ ਵਾਲੇ ਵਿਦਵਾਨਾਂ ਦੇ ਮੂੰਹੋਂ ਹੋਇਆ।

ਚਿ ਅਕਸਾਮਿ ਕਾਫ਼ ਵਾ ਚਿ ਅਸਨਾਫ਼ਿ ਯਾ
ਚਿਹ ਅਲਫ਼ਾਜ਼ਿ ਜਾਰਹ ਚਿਹ ਇਸਮਾਇ ਤਾ ॥੫॥

'ਕਾਫ਼' ਦੀਆਂ ਕਿਹੜੀਆਂ ਕਿਹੜੀਆਂ ਕਿਸਮਾਂ ਹਨ, 'ਯੇ' ਕਿੰਨੀ ਪ੍ਰਕਾਰ ਦੀ ਹੁੰਦੀ ਹੈ?
ਜਾਂ 'ਹਰਫ਼ਿ-ਜਾਰ' ਕਿਹੜੇ ਹਨ ਅਤੇ 'ਤੇ' ਦੇ ਨਾਉਂ ਕਿਹੜੇ ਹਨ?

ਦਰੋ ਮੰਦਰਜ ਅਜ਼ ਸਰਿ ਹੋਸ਼ੋ ਰਾਇ
ਇਲਾਹੀ ਰਿਆਜ਼ੀ ਓ ਤਬਈ ਨੁਮਾ ॥੬॥

ਇਸ [ਪੁਸਤਕ] ਵਿਚ ਸਾਵਧਾਨੀ ਨਾਲ ਦੈਵੀ, ਹਿਸਾਬੀ ਅਤੇ
ਭੌਤਕੀ ਅਰਥਾਂ ਵਾਲੇ ਸ਼ਬਦ ਦਰਜ ਕੀਤੇ ਹਨ।

ਚਿ ਸ਼ਸ਼ ਕਿਸਮ ਇਲਮ ਓ ਹਿਕਮਤ ਦੋ ਕਿਸਮ
ਕਿ ਜ਼ਾਂ ਹਰ ਦੋ ਸ਼ੁਦ ਹਰ ਯਕੇ ਰਾ ਸਿਹ ਇਸਮ ॥੭॥

'ਇਲਮ' ਦੀਆਂ ਕਿਹੜੀਆਂ ਛੇ ਕਿਸਮਾਂ ਹਨ ਤੇ 'ਹਿਕਮਤ' ਦੀਆਂ ਕਿਹੜੀਆਂ ਦੋ?
ਫਿਰ ਉਨ੍ਹਾਂ ਦੋਵਾਂ ਵਿਚੋਂ ਹਰ ਇਕ ਦੇ ਤਿੰਨ ਤਿੰਨ ਨਾਉਂ ਹੋ ਗਏ।

**ਕਨੂੰ ਜਮਆ ਅਲਫ਼ਾਜ਼ ਵਾ ਜਮਆ-ਉਲ-ਜਮਆ**
**ਜ਼ਿ ਬਹਿਰਿ ਇਜ਼ਾਫ਼ਤ ਤਹੀ ਅਜ਼ ਤਮਆ ॥੮॥**

ਹੁਣ ਲਫ਼ਜ਼ਾਂ ਦੇ ਬਹੁ-ਵਚਨ ਅਤੇ ਬਹੁਵਚਨੀ ਬਹੁਵਚਨ (ਤਾਂ ਬਥੇਰੇ ਹਨ),
ਇਸ ਪੁਸਤਕ ਦੇ ਆਰੰਭ ਕਰਨ ਲਈ ਇਹ ਤਮਆ ਤੋਂ ਖ਼ਾਲੀ ਹਨ।

**ਬਿਆਂ ਗਰ ਸ਼ਵਦ ਈਂ ਕਿ ਕਾਰਿ ਨਿਕੋਸਤ**
**ਕਿ ਹਰ ਕਾਰੋ ਤੌਫ਼ੀਕ ਹਰ ਕਾਰ ਜ਼ੋਸਤ ॥੯॥**

ਅਜਿਹਾ ਵਰਣਨ ਜੇ ਕੀਤਾ ਜਾਵੇ ਤਾਂ ਇਹ ਨੇਕ ਕੰਮ ਹੈ,
ਕਿਉਂਕਿ ਹਰ ਕੰਮ ਅਤੇ ਹਰ ਕੰਮ ਦੀ ਮਦਦ ਉਸ ਅਕਾਲ ਪੁਰਖ ਵੱਲੋਂ ਹੀ ਹੈ।

**ਹਮਾਂ ਬਿਹ ਕਿ ਆਗ਼ਾਜ਼ਸ਼ ਅਜ਼ ਆਫ਼ਰੀਂ**
**ਸ਼ਵਦ ਬਰ ਖ਼ੁਦਾਇ ਜਹਾਂ ਆਫ਼ਰੀਂ ॥੧੦॥**

ਇਸ ਲਈ ਚੰਗਾ ਇਹੀ ਹੈ ਕਿ ਇਸ ਪੁਸਤਕ ਦਾ ਆਰੰਭ ਸ੍ਰਿਸ਼ਟੀ
ਦੇ ਰਚਣਹਾਰੇ ਰੱਬ ਦੇ ਸ਼ੁਕਰ ਨਾਲ ਕੀਤਾ ਜਾਵੇ।

**ਸਪਾਸਿ ਖ਼ੁਦਾਇ ਕਰੀਮੁਲ ਰਹੀਮ**
**ਕਿ ਜ਼ਾਤਿਸ਼ ਕਦੀਮ ਅਸਤ ਨਾਮਸ਼ ਅਜ਼ੀਮ ॥੧੧॥**

ਸ਼ੁਕਰ ਹੈ ਉਸ ਰੱਬ ਦਾ ਜਿਹੜਾ ਦਿਆਲੂ ਹੈ, ਕ੍ਰਿਪਾਲੂ ਹੈ,
ਸ਼ੁਕਰ ਹੈ ਉਸ ਰੱਬ ਦਾ ਜੋ ਅਤਿ ਪ੍ਰਾਚੀਨ ਹੈ ਅਤੇ ਜਿਸ ਦਾ ਨਾਮ ਉੱਚਾ ਹੈ।

**ਹੂਅਲ-ਵਾਹਿਦੋ ਅਕਦਸੋ ਜ਼ੁਲਜਲਾਲ**
**ਅਮੀਮੁਲ ਫ਼ਜ਼ਾਲੋ ਸ਼ਮੂਲੁਲ-ਨਵਾਲ ॥੧੨॥**

ਸ਼ੁਕਰ ਹੈ ਉਸ ਰੱਬ ਦਾ ਜਿਹੜਾ ਇਕੋ ਇਕ ਹੈ, ਪਵਿੱਤ੍ਰ ਹੈ, ਜਲਾਲ ਵਾਲਾ ਹੈ।
ਸ਼ੁਕਰ ਹੈ ਉਸ ਰੱਬ ਦਾ ਜਿਹੜਾ ਆਮ ਬਖ਼ਸ਼ਿਸ਼ਾਂ ਕਰਨ ਵਾਲਾ ਅਤੇ ਨਿਆਮਤਾਂ ਦੇਣ ਵਾਲਾ ਹੈ।

**ਪਨਾਹਿ ਹਮਾ ਕਾਦਰਿ ਕਿਰਦਗਾਰ**
**ਬਾਬਿ ਫ਼ਰੀਕੈਨ ਪਰਵਰਦਗਾਰ ॥੧੩॥**

ਉਹ ਕਰਤਾ ਕਾਦਰ ਕਰੀਮ ਸਭ ਦੀ ਪਨਾਹ ਹੈ।
ਉਹ ਪਰਵਰਦਗਾਰ ਦੋਹਾਂ ਧਿਰਾਂ ਦਾ ਦਰਵਾਜ਼ਾ ਹੈ।

**ਮੁਅੱਜ਼ੁਲ-ਇਜ਼ੋ ਅਜ਼ੀਜ਼ੁਲ ਅਲੀਮ**
**ਤਆਲਾ ਤਕੁੱਦਸ ਕਦੀਰੁਲ-ਹਲੀਮ ॥੧੪॥**

ਉਹ ਇੱਜ਼ਤਾਂ ਅਤੇ ਸਤਿਕਾਰਾਂ ਯੋਗ ਅਤੇ ਪ੍ਰਿਯ-ਸਿਆਣਾ ਹੈ,
ਉਹ ਪਵਿਤ੍ਰਤਾ ਵਿਚ ਉੱਚਾ ਅਤੇ ਨਿਮਰਤਾ ਸਹਿਤ ਸ਼ਕਤੀਸ਼ਾਲੀ ਹੈ।

**ਖ਼ੁਦਾਵੰਦ ਰੱਜ਼ਾਕ ਰੋਜ਼ੀ ਰਸਾਂ**
**ਪਦੀਦ ਆਵਰੋ ਅੰਜੁਮੋ ਆਸਮਾਂ ॥੧੫॥**

ਉਹ ਰਿਜ਼ਕਾਂ ਦਾ ਮਾਲਕ ਅਤੇ ਰਿਜ਼ਕਾਂ ਦਾ ਦਾਤਾ ਹੈ।
ਉਸ ਨੇ ਤਾਰੇ ਅਤੇ ਆਸਮਾਨ ਜ਼ਾਹਰ (ਪੈਦਾ) ਕੀਤੇ ਹਨ।

ਵਹੀਦੁਲ-ਅਹਦ ਲਾ-ਸ਼ਰੀਕੁਲ ਸਮਦ
ਅਮੀਮੁਲ-ਕਰਮ ਲਮ-ਯਲਦ ਮੁਨਫ਼ਰਦ ॥੧੬॥

ਉਹ ਇੱਕੋ ਇਕ ਹੈ, ਉਸ ਦਾ ਕੋਈ ਸ਼ਰੀਕ ਨਹੀਂ ਹੈ। ਉਹ ਕਿਸੇ ਦਾ ਮੁਥਾਜ ਨਹੀਂ ਹੈ।
ਉਹ ਸਖ਼ਾਵਤ ਵਿਚ ਵੱਡਾ ਹੈ, ਉਸ ਦੇ ਨਾਲ ਦਾ ਹੋਰ ਕੋਈ ਨਹੀਂ।

* * *

ਬਿਨਾ ੳ ਹੂ ਜਾਵੀਦ ਵਲਕਾਯਮਾ
ਵਾ ਹੂ ਮੁਸਤਦਾਮੇ ਹੂਅਲ-ਦਾਇਮਾ ॥੧੩੨੮॥

ਉਹ ਸਦਾ ਕਾਇਮ ਰਹਿਣ ਵਾਲਾ ਅਤੇ ਅਮਰ ਹੈ,
ਉਹ ਹਮੇਸ਼ਾਂ ਸਥਿਰ ਰਹਿਣ ਵਾਲਾ ਅਤੇ ਅਬਿਨਾਸ਼ੀ ਹੈ।

ਹੂ ਅਲ-ਕਾਲੋ ਅਲਹਾਲੋ ਅਲਬਾਲਨਾ
ਹੂ ਅਫ਼ਰਾਹੇ ਅਫਰਾਸੋ ਇਕਬਾਲਨਾ ॥੧੩੨੯॥

ਉਹ ਕਥਨੀ, ਹਾਲਤਾਂ ਅਤੇ ਦਿਲ ਦਾ ਮਾਲਕ ਹੈ,
ਉਹ ਖ਼ੁਸ਼ੀਆਂ, ਅਕਲਾਂ ਅਤੇ ਇੱਜ਼ਤਾਂ ਦਾ ਮਾਲਕ ਹੈ।

ਹੂ ਅਲ-ਸਲਤਨਤੋ ਹੂ ਤਰਵੀਹਨਾ
ਹੂ ਅਲ-ਬਤਨਾ ੳ ਹੂ ਤਫ਼ਰੀਹਨਾ ॥੧੩੩੦॥

ਉਹ ਪਾਤਸ਼ਾਹੀ ਅਤੇ ਖ਼ੁਸ਼ਹਾਲੀ ਦਾ ਮਾਲਕ ਹੈ,
ਉਹ ਖ਼ੁਸ਼ੀ ਅਤੇ ਮਨੋਰੰਜਨ ਦਾ ਮਾਲਕ ਹੈ।

ਹੂ ਅਲ-ਫ਼ਰਦੀਅਤੋ ਹੂ ਤਕਸੀਰਨਾ
ਹੂ ਅਲ-ਤਨਕੀਹੋ ਹੂ ਤਨਵੀਰਨਾ ॥੧੩੩੧॥

ਉਹ ਏਕ ਵੀ ਹੈ ਅਤੇ ਅਨੇਕ ਵੀ,
ਉਹ ਖੋਜ ਦਾ ਵੀ ਮਾਲਕ ਹੈ ਅਤੇ ਨੂਰ ਦਾ ਵੀ।

ਹੂ ਅਲ-ਹਰਫ਼ਨਾ ੳ ਹੂ ਤਫ਼ਸੀਰਨਾ
ਹੂ ਅਲ ਤਸਮੀਅ ਵਾ ਹੂ ਤਬਸੀਰਨਾ ॥੧੩੩੨॥

ਉਹ ਅੱਖਰਾਂ ਦਾ ਵੀ ਮਾਲਕ ਹੈ ਅਤੇ ਵਿਸਥਾਰ ਦਾ ਵੀ,
ਉਹ ਨਾਵਾਂ ਦਾ ਵੀ ਮਾਲਕ ਹੈ ਅਤੇ ਅੱਖਾਂ ਦੀ ਰੋਸ਼ਨੀ ਦਾ ਵੀ।

ਹੂ ਅਲ-ਫ਼ੇਅਲਨਾ ਕੌਲਨਾ ਕੀਲਨਾ
ਹੂ ਅਲ-ਜਮਾਲਨਾ ਵਾ ਹੂ ਤਫ਼ਸੀਲਨਾ ॥੧੩੩੩॥

ਉਹ ਕਰਨੀ, ਕਥਨੀ ਅਤੇ ਕਹਿਣੀ ਦਾ ਵੀ ਮਾਲਕ ਹੈ।
ਉਹ ਸੰਖੇਪ ਦਾ ਵੀ ਅਤੇ ਵਿਸਥਾਰ ਦਾ ਵੀ ਮਾਲਕ ਹੈ।

ਬਿਨਾ ਮਨਾ ਅਰਬਾਅ ਮਦਾਰਜ ਅਤਾ
ਸਮਾਨੋ ਅਸ਼ਰ ਅਨਾ ਤਮਲੀਕਨਾ ॥੧੩੩੪॥

ਉਹ ਚਾਰੇ ਦਰਜੇ ਬਖ਼ਸ਼ਣ ਵਾਲਾ ਹੈ,
ਉਹ ਅਠਾਰਾਂ ਮਿਲਖਾਂ ਦਾ ਮਾਲਕ ਹੈ।

ਹੂ ਅਲ-ਇਸਤਦਾਮਤ ਹੂ ਅਸਬਾਤਨਾ
ਹੂ ਅਲ-ਜਾ ਓ ਦਾਨੀਅਤ ਅਲ-ਜ਼ਾਤਨਾ ॥੧੩੩੫॥

ਉਹ ਸਦਾ ਕਾਇਮ ਅਤੇ ਸਾਬਤ ਰਹਿਣ ਵਾਲਾ ਹੈ,
ਉਹ ਅਮਰ ਜ਼ਾਤ ਦਾ ਮਾਲਕ ਹੈ।

ਹੂ ਅਲ-ਇਅਤਕਾਫ਼ੋ ਹੂ ਅਲ-ਮਸ਼ੀਨਾ
ਅਨਾ ਅਜ਼ਮੋ ਅਲ-ਸ਼ਹਮੋ ਅਲ-ਨਕੀਨਾ ॥੧੩੩੬॥

ਉਹ ਭਗਤੀ ਅਤੇ ਅਰਦਾਸ ਦਾ ਮਾਲਕ ਹੈ,
ਉਹ ਚਰਬੀ, ਹੱਡੀਆਂ ਅਤੇ ਭੇਜੇ ਦਾ ਮਾਲਕ ਹੈ।

ਬਿਨਾ ਓ ਹੂ ਰਜ਼ਾਕੋ ਮੁਤਲਿਕ ਵਕੀਲ
ਬਿਨਾ ਓ ਹੂ ਫ਼ੀ ਕੁੱਲ ਅਮਰਿ ਕਫ਼ੀਲ ॥੧੩੩੭॥

ਉਹ ਰੋਜ਼ੀ ਦੇਣ ਵਾਲਾ ਅਤੇ ਇਕੋ ਇਕ ਵਕੀਲ ਹੈ,
ਉਹ ਸਾਰੇ ਕੰਮਾਂ ਦਾ ਜ਼ਾਮਨ ਹੈ।

ਹੂ ਅਲ-ਵਾਹਿਬੁਲ ਨਿਅਮ ਬਾ ਅਲ-ਅਨਨਾ
ਹੂ ਅਲ-ਮੁਫ਼ਜ਼ਲ ਅਲ-ਇਲਮ ਬਅਲ-ਅਨਨਾ ॥੧੩੩੮॥

ਉਹ ਨਿਆਮਤਾਂ ਅਤੇ ਬਖ਼ਸ਼ਿਸ਼ਾਂ ਦੇਣ ਵਾਲਾ ਹੈ,
ਉਹ ਵਡਿਆਈਆਂ ਅਤੇ ਨੇਕੀਆਂ ਬਖ਼ਸ਼ਣ ਵਾਲਾ ਹੈ।

ਹੂ ਅਲ-ਤਕਵੀਅਤੋ ਹੂ ਅਲ-ਸਫ਼ਾਨਾ
ਹੂ ਅਲ ਕੁੱਲ ਤਹਿਜ਼ੀਬੋ ਤਨਜ਼ੀਹਨਾ ॥੧੩੩੯॥

ਉਹ ਸ਼ਕਤੀ ਅਤੇ ਸਫ਼ਾਈ ਦੇਣ ਵਾਲਾ ਹੈ,
ਉਹ ਸਬ ਸਦਾਚਾਰ ਅਤੇ ਪਵਿਤ੍ਰਤਾ ਦੇਣ ਵਾਲਾ ਹੈ।

ਹੂ ਅਲ-ਮਸ਼ਰਬਤੋ ਹੂ ਮਾਕੀਲਨਾ
ਹੂ ਅਲ-ਹੁਸਨਨਾ ਵਾ ਹੂ ਤਜਮੀਲਨਾ ॥੧੩੪੦॥

ਉਹ ਖਾਣ ਪੀਣ ਦੀਆਂ ਵਸਤੂਆਂ ਦੇਣ ਵਾਲਾ ਹੈ,
ਉਹ ਸੁੰਦਰਤਾ ਅਤੇ ਰੂਪ ਦਾ ਮਾਲਕ ਹੈ।

ਹੂ ਅਲ-ਫ਼ੋਕੀਅਤੋ ਹੂ ਤਰਜੀਹਨਾ
ਹੂ ਅਲ-ਕੁੱਲ ਤੌਸੀਅ ਓ ਤਫ਼ਸੀਹਨਾ ॥੧੩੪੧॥

ਉਹ ਸਰਦਾਰੀ ਅਤੇ ਵਡਿਆਈ ਦਾ ਮਾਲਕ ਹੈ,
ਉਹ ਵਿਸਥਾਰ ਅਤੇ ਪਸਾਰ ਦਾ ਮਾਲਕ ਹੈ।

ਹੂ ਅਲ-ਮੁਫ਼ੱਜ਼ਲੋ ਹੂ ਫ਼ੱਯਾਜ਼ਨਾ
ਹੂ ਅਲ ਹਾਜ਼ਿਕੁਲ ਕੁੱਲ ਅਮਰਾਜ਼ਨਾ ॥੧੩੪੨॥

ਉਹ ਬਖ਼ਸ਼ਿਸ਼ ਅਤੇ ਸਖਾਵਤ ਦਾ ਮਾਲਕ ਹੈ,
ਉਹ ਸਾਰੇ ਰੋਗਾਂ ਦਾ ਹਕੀਮ ਹੈ।

ਹੂ ਅਲ-ਕਸ਼ਕਾ ਓ ਧਰਮੋ ਜ਼ੁੱਨਾਰਨਾ
ਅਜ਼ੋ ਹਮਰਹ ਭਗਤਾਨਿ ਦਸ ਅਵਤਾਰਨਾ ॥੧੩੪੩॥

ਉਹ ਟਿੱਕਾ ਲਾਉਣ ਵਾਲਾ ਧਰਮ ਅਤੇ ਜਨੇਊ ਦਾ ਮਾਲਕ ਹੈ।
ਉਹ ਦਸਾਂ ਅਵਤਾਰਾਂ ਦੇ ਭਗਤਾਂ ਦਾ ਸਾਥੀ ਹੈ।

**ਹੂ ਅਲ-ਰਾਮ ਗੋਬਿੰਦੋ ਗੋਪਾਲਨਾ**
**ਅਕਾਰੋ ਖ਼ੁਦਾਵੰਦ ਫ਼ੱਜ਼ਾਲਨਾ ॥੧੩੪੪॥**

ਉਹ ਰਾਮ ਹੈ, ਗੋਪਾਲ ਹੈ ਅਤੇ ਗੋਬਿੰਦ ਹੈ,
ਉਹ ਅਕਾਲ ਪੁਰਖ ਹੈ ਅਤੇ ਵਡਿਆਈਆਂ ਅਤੇ ਬਖ਼ਸ਼ਿਸ਼ਾਂ ਦਾ ਮਾਲਕ ਹੈ।

**ਹੂ ਅਲ-ਸਤਿਗੁਰੂ ਵਲ-ਨਿਰੰਕਾਰਨਾ**
**ਹੂ ਅਲ-ਸਾਧ ਸੰਗਤ ਹੂ ਅਲ ਯਾਰਨਾ ॥੧੩੪੫॥**

ਉਹ ਸਤਿਗੁਰੂ ਹੈ, ਉਹ ਨਿਰੰਕਾਰ ਹੈ,
ਉਹ ਸਾਧ ਸੰਗਤ ਦਾ ਮਿਤ੍ਰ ਅਤੇ ਯਾਰ ਹੈ।

**ਸਰਿ ਲਾਲ ਬਾਦਾ ਬਪਾਇਸ਼ ਫਿਦਾ**
**ਅਜ਼ੋ ਬਾਦ ਜ਼ਾਨੋ ਦਿਲਸ਼ ਰਾ ਨਵਾ ॥੧੩੪੬॥**

ਰੱਬ ਕਰੇ! ਨੰਦ ਲਾਲ ਦਾ ਸੀਸ ਸਦਾ ਉਸ ਦੇ ਚਰਨਾਂ ਤੋਂ ਵਾਰੀ ਜਾਵੇ,
ਰੱਬ ਕਰੇ! ਉਸ ਨੂੰ ਸਦਾ ਜਾਨ ਅਤੇ ਦਿਲ ਦਾ ਸਰਮਾਇਆ ਮਿਲਦਾ ਰਹੇ।

**ਤਮਾਮ ਸ਼ੁਦ ਕਿਤਾਬ ਅਰਜ਼ੁਲ-ਅਲਫ਼ਾਜ਼ ਮਿਨ ਤਸਨੀਫ਼ ਮੁਨਸ਼ੀ ਨੰਦ ਲਾਲ ਗੋਯਾ ਮੁਲਤਾਨੀ।**

ਸੰਪੂਰਨ ਹੋਈ ਪੁਸਤਕ ਅਰਜ਼ੁਲ-ਅਲਫ਼ਾਜ਼ ਕ੍ਰਿਤ ਮੁਨਸ਼ੀ ਨੰਦ ਲਾਲ ਗੋਯਾ ਮੁਲਤਾਨੀ।

## ਵਾਹਿਗੁਰੂ ਹਾਜ਼ਰ ਨਾਜ਼ਰ

ਪੂਰਨ ਸਤਿਗੁਰੂ ਦੀ ਸਿਫ਼ਤ ਸ਼ਲਾਘਾ ਅਤੇ ਸਰਬ ਵਿਆਪੀ ਮੁਰਸ਼ਦ ਦੀ ਵਡਿਆਈ ਦਾ ਉੱਚਾ ਮਰਤਬਾ ਅਜਿਹਾ ਹੈ ਕਿ ਜਿਹੜਾ ੧ਓ ਦੀ ਏਕਤਾ ਦੇ ਸਿਮਰਨ ਅਤੇ ਵਿੱਦਿਆ ਅਤੇ ਵਿਸ਼ਵਾਸ ਦੀ ਦੁਨੀਆਂ ਦਾ ਆਗੂ ਹੈ। ਉਸ ਦੀ ਪਵਿੱਤਰਤਾ ਇਸ ਹੱਦ ਤਕ ਹੈ ਕਿ ਜੇਕਰ ਪਾਤਾਲ ਤੋਂ ਲੈ ਕੇ ਅਨੰਤ ਦੇ ਮੈਦਾਨਾਂ ਤਕ, ਜਿਸ ਦੇ ਸਾਗਰਾਂ ਵਰਗੇ ਘੇਰੇ ਵਿਚਲੇ ਕੋਹਾਂ ਅਤੇ ਮੀਲਾਂ, ਲੰਬਾਈਆਂ ਅਤੇ ਚੌੜਾਈਆਂ ਅਤੇ ਸਮੁੰਦਰਾਂ ਦੀਆਂ ਡੂੰਘਾਈਆਂ, ਉਚਿਆਈਆਂ ਅਤੇ ਨਿਮਾਣਾਂ, ਛਤਾਂ ਤੇ ਪੜਾਉ ਅਤੇ ਮੰਜ਼ਲਾਂ ਦੇ ਸ਼ੁਮਾਰ, ਜਿਹੜੇ ਸਾਫ਼ ਅਕਲਾਂ ਵਾਲੇ ਹਿਸਾਬਦਾਨ ਅਤੇ ਫ਼ਰਿਸ਼ਤਿਆਂ ਵਰਗੀ ਸਮਝ ਵਾਲੇ ਹਿਸਾਬ-ਦਾਨਾਂ ਦੇ ਹਿਸਾਬ ਸ਼ੁਮਾਰ ਤੋਂ ਬਾਹਰ ਹਨ, ਇਕ ਕਤਰੇ ਵਾਂਗ ਤੁੱਛ ਅਤੇ ਜ਼ੱਰੇ ਵਾਂਗ ਛੋਟੇ ਦਿੱਸਦੇ ਹਨ। ਇਹ ਕੇਵਲ ਰੇਤ ਦੇ ਕਿਣਕੇ ਜਾਪਦੇ ਹਨ। ਉਨ੍ਹਾਂ ਵਿਚੋਂ ਹਰ ਕਿਣਕਾ ਬ੍ਰਹਮਾ ਹੋ ਜਾਂਦਾ ਹੈ ਅਤੇ ਹਰ ਬ੍ਰਹਮਾ ਦੇ ਗੁਣਾਂ ਦੇ ਚਾਨਣ ਦੇ ਹੀਰੇ ਅਤੇ ਸਿਫ਼ਤਾਂ ਅਤੇ ਕਮਾਲ ਦੇ ਚਮਕਦੇ ਮੋਤੀ, ਜਿਹੜੇ ਬਜ਼ੁਰਗੀ ਅਤੇ ਉੱਚਤਾ ਦੀ ਖਾਣ ਵਿਚੋਂ ਅਤੇ ਬਖਸ਼ਿਸ਼ਾਂ ਵਡਿਆਈਆਂ ਦੇ ਸਾਗਰ ਵਿਚੋਂ ਕੱਢੇ ਹੁੰਦੇ ਹਨ; ਅਠਾਰਾਂ ਪੁਰਾਣਾਂ, ਨੌ ਵਿਆਕਰਣਾਂ ਅਤੇ ਚਹੁੰ ਵੇਦਾਂ ਦੇ ਅੱਖਰਾਂ ਅਤੇ ਸ਼ਬਦਾਂ ਤੋਂ ਕਿਧਰੇ ਵਧੇਰੇ ਹਨ। ਉਨ੍ਹਾਂ ਨੂੰ ਉਸ (ਗਿਆਨ) ਪੁਸਤਕ ਦਾ ਇਕ ਅੱਖਰ ਵੀ ਯਾਦ ਨਹੀਂ ਹੋ ਸਕਦਾ ਅਤੇ ਉਸ ਸੂਰਜ ਦੀ ਇਕ ਕਿਰਨ ਵੀ ਪ੍ਰਾਪਤ ਨਹੀਂ ਹੁੰਦੀ ਜੋ ਠਾਠਾਂ ਮਾਰਦੇ ਸਮੁੰਦਰ ਨੂੰ ਕਤਰਾ ਕਤਰਾ ਕਰਕੇ ਵਿਖਾ ਦਿੰਦੇ ਹਨ ਜਿਹੜਾ ਕਿ ਲੋਕ ਤੋਂ ਲੈ ਕੇ ਪਰਲੋਕ ਤਕ ਨੂੰ ਆਪਣੀ ਇਕੋ ਲਹਿਰ ਵਿਚ ਛੁਪਾ ਲੈਂਦਾ ਹੈ, ਉਹ ਇਸ ਤਰ੍ਹਾਂ ਇਸ ਸਮੁੰਦਰ ਦੇ ਹਰ ਕਤਰੇ ਨੂੰ ਨਖੇੜਦੇ ਹਨ ਕਿ ਉਸ ਦੀ ਜੁਜ਼ ਤੋਂ ਹੋਰ ਛੋਟੀ ਜੁਜ਼ ਨਹੀਂ ਬਣ ਸਕਦੀ। ਜੇਕਰ ਅਠਾਰਾਂ ਹਜ਼ਾਰ ਦੁਨੀਆਂ ਵਾਲੀ ਸਾਰੀ ਤ੍ਰੈਲੋਕੀ ਦਾ ਇਕ ਕਤਰਾ ਵੀ ਹੋ ਜਾਵੇ ਅਤੇ ਇਸ ਤ੍ਰੈਭਵਨ ਸੰਸਾਰ ਦਾ ਹਰ ਬੰਦਾ ਹਿੰਦੀ, ਫ਼ਾਰਸੀ ਜਾਂ ਦੂਜੀਆਂ ਵਿਸ਼ਾਲ ਵਿੱਦਿਅਕ ਪੁਸਤਕਾਂ ਦਾ ਆਪਣੇ ਅਨੁਮਾਨ ਅਨੁਸਾਰ ਅਧਿਐਨ ਕਰ ਲਵੇ, ਜਿਹੜੀਆਂ ਉਸ ਸੱਚੇ ਰੱਬ ਦੀ ਸਿਫ਼ਤ ਸਲਾਹ ਵਿਚ ਜਾਂ ਉਸ ਦੀ ਵਡਿਆਈ ਅਤੇ ਬਜ਼ੁਰਗੀ ਨਾਲ ਸ਼ਿੰਗਾਰੀਆਂ ਹੋਈਆਂ ਹਨ, ਤਾਂ ਵੀ ਸਤਿਗੁਰੂ ਦੀ ਸਿਫ਼ਤ ਦੇ ਉਸ ਗ੍ਰੰਥ ਦੀ ਇਕ ਸਤਰ ਨਹੀਂ ਲਿਖ ਸਕਦਾ ਅਤੇ ਉਸ ਦੇ ਮੀਂਹ ਦੀ ਇਕ ਬੂੰਦ ਵੀ ਮੁੱਠੀ ਵਿਚ ਨਹੀਂ ਲੈ ਸਕਦਾ।

*ਜਦ ਉਸ ਦੀ ਸਿਫ਼ਤ ਸਲਾਹ ਕਰਨ ਵਾਲਾ ਰੱਬ ਦਾ ਰੂਪ ਹੋ ਜਾਂਦਾ ਹੈ,*
*ਤਾਂ ਉਸ ਦੀਆਂ ਸਿਫ਼ਤਾਂ ਫਰਿਸ਼ਤਿਆਂ ਤੋਂ ਵੀ ਵੱਧ ਜਾਂਦੀਆਂ ਹਨ।*
*ਉਸ ਦੀਆਂ ਖ਼ੂਬੀਆਂ ਬਿਆਨ ਕਰਨ ਤੋਂ ਦੋਵੇਂ ਜਹਾਨ ਆਤਰ ਹਨ,*
*ਉਸ ਦੀ ਸਿਫ਼ਤ ਦੇ ਸਾਹਮਣੇ ਆਤਮਾ ਦਾ ਵੇਹੜਾ ਵੀ ਸੌੜਾ ਹੈ।*

ਉਹ ਸ਼ਰਧਾ ਅਤੇ ਵਿਸ਼ਵਾਸ ਵਾਲੇ ਗੁਰਮੁਖਾਂ ਦੀ ਪਰਵਰਿਸ਼ ਕਰਨ ਵਾਲਾ ਅਤੇ ਖ਼ੁਸ਼ਕਿਸਮਤੀ ਅਤੇ ਦੌਲਤ ਦੇ ਦਰਵਾਜ਼ੇ ਖੋਲ੍ਹਣ ਵਾਲਾ ਹੈ। ਉਹ ਬਖ਼ਸ਼ਿਸ਼ ਅਤੇ ਈਮਾਨ ਦੇ ਮੀਂਹ ਨੂੰ ਵਰ੍ਹਾਉਣ ਵਾਲਾ ਹੈ ਅਤੇ ਉਸ ਦੀ ਅਮਰ ਦੌਲਤ ਦਾ ਸੂਰਜ ਚਮਕਣ ਵਾਲਾ ਹੈ। ਉਹ ਦਿਲ ਦੇ ਸਾਫ਼ ਮੁਰੀਦਾਂ ਦੀ ਮੈਲ ਨੂੰ ਧੋਣ ਵਾਲਾ ਅਤੇ ਬੇਲਾਗ ਸ਼ਰਧਾਲੂਆਂ ਦੇ ਨੂਰ ਨੂੰ ਵਧਾਉਣ ਵਾਲਾ ਹੈ। ਉਹ ਰੂਹਾਨੀ ਲੋਕਾਂ ਦਾ ਮਾਲ ਮਤਾਅ ਅਤੇ ਫ਼ਰਿਸ਼ਤਿਆਂ ਦਾ ਪੂਜ ਹੈ। ਉਹ ਸੰਸਾਰੀ ਬੰਦਿਆਂ ਦੇ ਰਹਿਣ-ਬਸੇਰੇ ਨੂੰ ਰੋਸ਼ਨ ਕਰਨ ਵਾਲਾ ਅਤੇ ਆਦਮੀਆਂ ਦੇ ਦਿਲ ਦਿਮਾਗ਼ ਦੇ ਗੁਬਾਰ ਦੇ ਅੰਨ੍ਹੇਰੇ ਨੂੰ ਸਾੜ ਦੇਣ ਵਾਲਾ ਹੈ।

* * *

## ਖ਼ਾਤਿਮਾ
### (ਅੰਤ)

**ਹਮਾ ਫ਼ਲਕ ਬੰਦਾਇ ਸੰਗਤਾਨਿਸ਼ ਰਾ**
**ਹਮਾ ਮਲਿਕ ਬੰਦਾਇ ਖ਼ਾਲਿਸਾਨਿਸ਼ ਰਾ ॥੧॥**

ਅਸਮਾਨ ਵੀ ਉਸ ਸਤਿਗੁਰੂ ਦੀਆਂ ਸੰਗਤਾਂ ਦਾ ਗ਼ੁਲਾਮ ਹੈ।
ਦੇਵੀ ਦੇਵਤੇ ਵੀ ਉਸ ਦੇ ਖ਼ਾਲਸੇ ਦੇ ਸੇਵਕ ਹਨ।

**ਲਾ-ਮਕਾਂ ਗੋਸ਼ਾ ਅਜ਼ ਜ਼ਮੀਰਿ ਸ਼ਾਂ**
**ਖ਼ੁਲਦ ਰਾ ਤੋਸ਼ਾ ਅਜ਼ ਖ਼ਮੀਰਿ ਸ਼ਾਂ ॥੨॥**

ਉਸ ਦੀਆਂ ਸੰਗਤਾਂ ਦਾ ਹਿਰਦਾ ਅਨੰਤ ਦਾ ਕੋਨਾ (ਅੰਤ) ਹੈ।
ਉਸ ਦੀਆਂ ਸੰਗਤਾਂ ਦੀ ਮਿੱਟੀ ਸਵਰਗ ਦਾ ਤੋਸ਼ਾ ਹੈ।

**ਮਲਿਕੁਲ ਮੌਤ ਰਾ ਹਰਾਸ ਅਜ਼ ਸ਼ਾਂ**
**ਕੁਰਸੀ ਓ ਅਰਸ਼ ਰਾ ਅਸਾਸ ਅਜ਼ ਸ਼ਾਂ ॥੩॥**

ਜਮਦੂਤ ਉਨ੍ਹਾਂ (ਸੰਗਤਾਂ) ਤੋਂ ਭੈ ਖਾਂਦਾ ਹੈ।
ਉਨ੍ਹਾਂ ਕਰਕੇ ਅਰਸ਼ ਕੁਰਸ ਦੀਆਂ ਨੀਹਾਂ ਪੱਕੀਆਂ ਹਨ।

**ਬਹਿਰੋ ਬਰ ਹਰ ਦੋ ਰਾ ਨਵਾ ਅਜ਼ ਸ਼ਾਂ**
**ਮਿਹਰੋ ਮਹ ਹਰ ਦੋ ਰਾ ਜ਼ਿਆ ਅਜ਼ ਸ਼ਾਂ ॥੪॥**

ਉਨ੍ਹਾਂ ਕਰਕੇ ਜਲ ਥਲ ਨੂੰ ਸਾਜ਼ ਸਾਮਾਨ ਪ੍ਰਾਪਤ ਹੈ।
ਉਨ੍ਹਾਂ ਕਰਕੇ ਹੀ ਸੂਰਜ ਚੰਨ ਨੂੰ ਰੋਸ਼ਨੀ ਹੈ।

**ਸਦ ਹਜ਼ਾਰਾਂ ਬਹਾਰ ਇਲਮ ਹਲਮ**
**ਅਜ਼ ਮਹੀਤਿ ਜ਼ਮੀਰਿ ਸ਼ਾਂ ਯਕ ਨਮ ॥੫॥**

ਗਿਆਨ ਅਤੇ ਨਿਮਰਤਾ ਦੇ ਲੱਖਾਂ ਸਮੁੰਦਰ ਉਨ੍ਹਾਂ ਦੇ ਦਿਲ-ਦਰਿਆ ਤੋਂ ਇਕੋ ਨੁਕਤਾ ਲੈਣ ਵਾਲੇ ਹਨ।

**ਅਸਮਾਨੋ ਜ਼ਮੀਂ ਬਪਾ ਅਜ਼ ਸ਼ਾਂ**
**ਤਹਤ ਤਾਂ ਫ਼ੋਕ ਰਾ ਬਕਾ ਅਜ਼ ਸ਼ਾਂ ॥੬॥**

ਧਰਤ ਆਕਾਸ਼ ਉਨ੍ਹਾਂ ਸਦਕਾ ਕਾਇਮ ਹਨ।
ਪਾਤਾਲ ਤੋਂ ਆਸਮਾਨ ਤਕ (ਦੇ ਜੀਵ) ਉਨ੍ਹਾਂ ਸਦਕਾ ਜੀਊ ਰਹੇ ਹਨ।

ਤੁਹਰਿ ਗੰਗ ਅਜ਼ ਗ਼ੁਬਾਰਿ ਪਾਇ ਸ਼ਾਂ
ਸ਼ਸਤੋ ਹਸ਼ਤ ਅਜ਼ ਨਮ ਹਵਾਇ ਸ਼ਾਂ ॥੭॥

ਗੰਗਾ ਦੀ ਪਵਿੱਤ੍ਰਤਾ ਉਨ੍ਹਾਂ ਦੀ ਚਰਨ-ਧੂੜ ਸਦਕਾ ਹੈ।
ਅਠਾਹਠ ਤੀਰਥ ਉਨ੍ਹਾਂ ਦੇ ਬੋਲਾਂ ਤੋਂ ਪ੍ਰਾਪਤ ਕੀਤੇ ਨੁਕਤਿਆਂ ਸਦਕਾ ਯਾਤਰਾ ਯੋਗ ਹਨ।

ਅਸ਼ਰ ਅਜ਼ ਬਹਿਰਿ ਪਾਰ ਬਾਠੀਇ ਸ਼ਾਂ
ਰੁਬਆ ਸਰਗਰਮ ਵਸਫ਼ ਖ਼ਾੜੀਇ ਸ਼ਾਂ ॥੮॥

ਦਸ ਅਵਤਾਰ ਉਨ੍ਹਾਂ ਦੀ ਰੱਖਿਆ ਕਰਨ ਲਈ ਹਨ,
ਚਾਰੇ ਵੇਦ ਉਨ੍ਹਾਂ ਦੇ ਗੁਣ ਗਾਉਣ ਵਿਚ ਰੁਝੇ ਹੋਏ ਹਨ।

ਸੁਲਸ ਦਰ ਮਦਹਤ ਸਭਾਇ ਸ਼ਾਂ
ਸੁਦਸ ਰਾ ਹਮ ਸਰਿ ਸਨਾਇ ਸ਼ਾਂ ॥੯॥

ਤਿੰਨੇ ਬ੍ਰਹਮਾ, ਬਿਸ਼ਨ, ਮਹੇਸ਼, ਉਨ੍ਹਾਂ ਦਾ ਜਸ ਗਾਉਂਦੇ ਹਨ।
ਛੇ ਸ਼ਾਸਤਰ ਭੀ ਉਨ੍ਹਾਂ ਦੀ ਤਾਰੀਫ਼ ਵਿਚ ਜੁਟੇ ਹੋਏ ਹਨ।

ਤਿਸਆ ਓਲਵੀ ਬ-ਮਦਹਿ ਸ਼ਾਂ ਸਰਗਰਮ
ਚਾਰੋ-ਹਸ਼ਤਾਦ ਰਾ ਅਜ਼ ਸ਼ਾਂ ਆਸ਼ਰਮ ॥੧੦॥

ਨੌ ਨਾਥ ਉਨ੍ਹਾਂ ਦੀ ਸਿਫ਼ਤ ਕਰ ਰਹੇ ਹਨ।
ਚੁਰਾਸੀ ਸਿੱਧ ਉਨ੍ਹਾਂ ਤੋਂ ਵਡਿਆਈ ਪ੍ਰਾਪਤ ਕਰਦੇ ਹਨ।

ਅਸ਼ਰੋ ਦੋ ਕਿੱਸਾ-ਖ਼ਾਨਿ ਦੁਸਰਿ ਸਾਂ
ਚਹਾਰਦਹਾਰਾ ਨਵਾ ਅਜ਼ ਲੁਤਿਫ ਸਾਂ ॥੧੧॥

ਬਾਰਾਂ ਧਰਮ ਉਨ੍ਹਾਂ ਦੀ ਸਿਫ਼ਤ ਸਲਾਹ ਕਰਦੇ ਹਨ।
ਸੰਸਾਰ ਦੇ ਚੌਦਾਂ ਖੰਡਾਂ ਨੂੰ ਉਨ੍ਹਾਂ ਦੀ ਕ੍ਰਿਪਾ ਕਰਕੇ ਰੋਜ਼ਾ ਮਿਲਦਾ ਹੈ।

ਬੀਸਤੋ ਹਫ਼ਤ ਹਮ ਗਦਾਇ ਸ਼ਾਂ
ਅਹਾਰਈਨ ਨੀਜ਼ ਅਜ਼ ਬਰਾਇ ਸ਼ਾਂ ॥੧੨॥

ਸਤਾਈ ਨਛੱਤਰ ਉਨ੍ਹਾਂ ਦੇ ਦਵਾਰੇ ਦੇ ਮਾਂਗਤ ਹਨ।
ਚਾਲੀ ਜੋਗ ਵੀ ਉਨ੍ਹਾਂ ਲਈ ਹੀ ਰਾਖਵੇਂ ਹਨ।

ਹਜ਼ਦਹ ਓ ਖ਼ਮਸੋ ਸਬਆ ਕੁਦਸੀਆ
ਹਮ ਸ਼ਰਾਕੀਆ ਹਮ ਗ਼ਰੂਬੀਆਂ ॥੧੩॥
ਹਮ ਜਨੂਬੀਆ ਹਮ ਸ਼ੁਮਾਲੀਆ
ਹਮ ਸਰਾਈਆ ਹਮ ਸਮਾਈਆ ॥੧੪॥
ਹਮ ਜ਼ਿ ਨਾਸੂਤੀਆਂ ਸਫ਼ਲੀਆ
ਹਮ ਜ਼ਿ ਮਲਕੂਤੀਆਂ ਉਲਵੀਆ ॥੧੫॥
ਹਮ ਜ਼ਿ ਜਬਰੂਤੀਆਂ ਜਬਰੀਆਂ
ਹਮ ਜ਼ਿ ਲਾਹੂਤੀਆਂ ਨਵਰੀਆ ॥੧੬॥

ਹਮ ਜ਼ਿ ਹਾਹੂਤੀਆਂ ਮਰਜ਼ੀਆ
ਹਮ ਜ਼ਿ ਰੂਹਾਨੀਆਂ ਰੂਹੀਆ ॥੧੭॥
ਕਿੱਸਾ ਖ਼੍ਵਾਨਾਨਿ ਮਦਹਿ ਸ਼ਾਂ ਜੁਮਲਾ
ਜ਼ੁੱਰਾ ਖ਼੍ਵਾਰਾਨਿ ਕਦਹਿ ਸ਼ਾਂ ਜੁਮਲਾ ॥੧੮॥

ਅਠਾਰਾਂ ਪਵਿੱਤ੍ਰ ਪੁਰਾਣ, ਪੰਜੇ ਪੀਰ, ਸੱਤੇ ਰਿਸ਼ੀ, ਪੂਰਬ ਅਤੇ ਪੱਛਮ ਦੇ ਸਾਰੇ ਲੋਕ, ਦੱਖਣੀ ਅਤੇ ਉੱਤਰੀ ਵਸਨੀਕ, ਧਰਤ ਅਤੇ ਆਕਾਸ਼ ਦੇ ਵਾਸੀ, ਮਾਤ ਲੋਕ ਅਤੇ ਪਾਤਾਲ ਦੇ ਰਹਿਣ ਵਾਲੇ, ਉੱਚੇ ਆਸਮਾਨਾਂ ਦੇ ਦੇਵੀ ਦੇਵਤੇ, ਮਾਤ-ਲੋਕ ਦੇ ਨਾਸ਼ਵਾਨ ਲੋਕ ਅਤੇ ਬ੍ਰਹਮ-ਲੋਕ ਦੇ ਨੂਰਾਨੀ ਦੇਵਤੇ, ਪਰਵਾਨਤ ਪਤਵੰਤੇ ਅਤੇ ਭਗਤ ਲੋਕ—ਇਹ ਸਾਰੇ ਦੇ ਸਾਰੇ [ਸਤਿਗੁਰੂ ਦੀਆਂ ਸੰਗਤਾਂ ਦੇ] ਸੋਹਲੇ ਗਾਉਣ ਵਾਲੇ ਹਨ ਅਤੇ ਉਨ੍ਹਾਂ ਦੇ ਅੰਮ੍ਰਿਤਭਰੇ ਪਿਆਲੇ 'ਚੋਂ ਘੁੱਟ ਭਰਨ ਵਾਲੇ ਹਨ।

ਸਤਿਗੁਰ ਪਾਕ ਯਾਰੋ ਯਾਵਰਿ ਸ਼ਾਂ
ਦਸਤਿ ਫ਼ਜ਼ਲਸ਼ ਹਮੇਸ਼ਾਂ ਬਰ ਸਰਿ ਸ਼ਾਂ ॥੧੯॥

ਸਤਿਗੁਰੂ ਉਨ੍ਹਾਂ (ਸੰਗਤਾਂ) ਦਾ ਮਿਤ੍ਰ ਅਤੇ ਸਹਾਈ ਹੈ।
ਸਤਿਗੁਰ ਦੀ ਵਡਿਆਈ ਦਾ ਹੱਥ ਹਮੇਸ਼ਾਂ ਉਨ੍ਹਾਂ ਦੇ ਸਿਰ ਤੇ ਹੈ।

ਪਾਇ ਸਤਿਗੁਰ ਮੁਦਾਮ ਦਰ ਦਿਲਿ ਸ਼ਾਂ
ਮੰਜ਼ਲਿ ਪਾਇਦਾਰ ਮੰਜ਼ਲਿ ਸ਼ਾਂ ॥੨੦॥

ਸਤਿਗੁਰ ਦੇ ਚਰਨ ਸਦਾ ਉਨ੍ਹਾਂ ਦੇ ਦਿਲ ਵਿਚ ਵੱਸਦੇ ਹਨ।
ਉਨ੍ਹਾਂ ਦਾ ਟਿਕਾਣਾ ਸਦਾ ਸਥਿਰ ਰਹਿਣ ਵਾਲਾ ਹੈ।

ਲਾਲ ਰਾ ਸਰ ਬ-ਪਾਇ ਸ਼ਾਂ ਸਾਦਾ
ਸਰ ਖ਼ੁਸ਼ ਅੰਦਰ ਸਨਾਇ ਸ਼ਾਂ ਸਾਦਾ ॥੨੧॥

ਵਾਹਿਗੁਰੂ ਕਰੇ, ਨੰਦ ਲਾਲ ਦਾ ਸਿਰ ਸਦਾ ਉਨ੍ਹਾਂ ਦੇ ਚਰਨਾਂ ਤੇ ਚਲਦਾ ਰਹੇ।
ਵਾਹਿਗੁਰੂ ਕਰੇ, ਨੰਦ ਲਾਲ ਸਦਾ ਉਨ੍ਹਾਂ ਦੇ ਗੁਣ ਗਾ ਗਾ ਕੇ ਆਨੰਦ ਪ੍ਰਾਪਤ ਕਰਦਾ ਰਹੇ।

**ਤਮਾਮ ਸ਼ੁਦ ਕਿਤਾਬਿ ਤੌਸੀਫ਼ੋ-ਸਨਾ [ਓ ਖ਼ਾਤਿਮਾ] ਮੁਸੰਨਿਫਾ ਮੁਨਸ਼ੀ ਨੰਦ ਲਾਲ ਗੋਯਾ ਮੁਲਤਾਨੀ।**

ਸਮਾਪਤ ਹੋਈ ਪੁਸਤਕ ਤੌਸੀਫ਼ੋ-ਸਨਾ [ਅਤੇ ਖ਼ਾਤਿਮਾ] ਰਚਿਤ ਮੁਨਸ਼ੀ ਨੰਦ ਲਾਲ ਗੋਯਾ ਮੁਲਤਾਨੀ।

# ਧਰਮ ਅਤੇ ਦਰਸ਼ਨ

| | | | |
|---|---|---|---|
| 1. | *ਗੁਰੂ ਖਾਲਸਾ ਪੰਥ* | : ਗੁਰਨਾਮ ਕੌਰ | 75 ਰੁਪਏ |
| 2. | *ਚੋਣਵੀਂ ਬਾਣੀ ਦਸਮ ਗ੍ਰੰਥ* | : ਬਲਕਾਰ ਸਿੰਘ | 190 ਰੁਪਏ |
| 3. | *ਗੁਰੂ ਗੋਬਿੰਦ ਸਿੰਘ ਜੀ ਰਚਿਤ ਜ਼ਫ਼ਰਨਾਮਾ* | : ਨਿਰੰਜਨ ਸਿੰਘ ਨੂਰ | 105 ਰੁਪਏ |
| 4. | *ਹੁਕਮਨਾਮੇ : ਗੁਰੂ ਸਾਹਿਬਾਨ* | : ਗੰਡਾ ਸਿੰਘ | 140 ਰੁਪਏ |
| 5. | *ਕਰਤਾਰਪੁਰੀ ਬੀੜ ਦੇ ਦਰਸ਼ਨ* | : ਜੋਧ ਸਿੰਘ | 175 ਰੁਪਏ |
| 6. | *ਸਿੱਖੀ ਕੀ ਹੈ ?* | : ਜੋਧ ਸਿੰਘ | 42 ਰੁਪਏ |
| 7. | *ਬਾਣੀ ਭਗਤ ਕਬੀਰ ਸਟੀਕ* | : ਜੋਧ ਸਿੰਘ | 90 ਰੁਪਏ |
| 8. | *ਗੁਰੂ ਗ੍ਰੰਥ ਵਿਚਾਰ ਕੋਸ਼* | : ਪਿਆਰਾ ਸਿੰਘ ਪਦਮ | 175 ਰੁਪਏ |
| 9. | *ਸਿੱਖ ਧਰਮ ਦਰਸ਼ਨ* | : ਸਰਦੂਲ ਸਿੰਘ ਕਵੀਸ਼ਰ | 100 ਰੁਪਏ |
| 10. | *ਸਿੱਖ ਰਹੱਸਵਾਦ* | : ਬਲਕਾਰ ਸਿੰਘ | 90 ਰੁਪਏ |
| 11. | *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* | : ਤਾਰਨ ਸਿੰਘ | 200 ਰੁਪਏ |
| 12. | *ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ* | : ਗੁਰਨਾਮ ਕੌਰ | 75 ਰੁਪਏ |
| 13. | *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ* | : ਦਰਸ਼ਨ ਸਿੰਘ | 160 ਰੁਪਏ |
| 14. | *ਅਰਦਾਸ ਦਾ ਸਿੱਖ ਪ੍ਰਸੰਗ* | : ਬਲਕਾਰ ਸਿੰਘ | 95 ਰੁਪਏ |
| 15. | *ਗੁਰੂ ਨਾਨਕ ਦਾ ਕੁਦਰਤ ਸਿਧਾਂਤ* | : ਹਰਪਾਲ ਸਿੰਘ ਪੰਨੂ | 21-50 ਰੁਪਏ |
| 16. | *ਜਪੁਜੀ (ਵਿਨੋਬਾ ਭਾਵੇ)* | : ਸੀਤਾ ਰਾਮ ਬਾਹਰੀ (ਅਨੁ.) | 45 ਰੁਪਏ |
| 17. | *ਸਿੱਖਾਂ ਦੀ ਭਗਤ ਮਾਲਾ* | : ਤ੍ਰਿਲੋਚਨ ਸਿੰਘ ਬੇਦੀ | 50 ਰੁਪਏ |
| 18. | *ਗੁਰ ਬਿਲਾਸ ਪਾ. ੧੦* | : ਕੁਇਰ ਸਿੰਘ<br>ਗੰਡਾ ਸਿੰਘ (ਸੰਪਾ.) | 180 ਰੁਪਏ |
| 19. | *ਖਾਲਸੇ ਦੀ ਜਨਮਭੂਮੀ ਸ੍ਰੀ ਆਨੰਦਪੁਰ ਸਾਹਿਬ* | : ਸੁਖਦਿਆਲ ਸਿੰਘ | 45 ਰੁਪਏ |
| 20. | *ਗੁਰਬਾਣੀ ਦੀ ਭਾਸ਼ਾ ਅਤੇ ਵਿਆਕਰਣ* | : ਹਰਕੀਰਤ ਸਿੰਘ | 200 ਰੁਪਏ |

*ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :*

ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ-147002